7-AUG-PAGE-1.qxd 8/6/2025 10:38 PM Page 1

ਵੀਰਵਾਰ, 7 ਅਗਸਤ, 2025
23 ਸਾਉਣ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 67

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • THURSDAY, 7 AUGUST, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫੇ : 12



ਦੱਖਣ ਗਾਜ਼ਾਪੱਟੀ 'ਚ ਰਾਫ਼ਾ ਦੇ ਕੋਲ ਮੋਰਾਗ ਲਾਂਘੇ 'ਚ ਇੱਕ ਟਰੱਕ 'ਚੋਂ ਭੋਜਨ ਅਤੇ ਰਾਹਤ ਸਮੱਗਰੀ ਲੈਣ ਲਈ ਸੰਘਰਸ਼ ਕਰਦੇ ਹੋਏ ਫਲਸਤੀਨੀ। ਗਾਜ਼ਾ 'ਚ ਲਗਾਤਾਰ ਮਨੁੱਖੀ ਸੰਕਟ ਗਹਿਰਾਉਂਦਾ ਜਾ ਰਿਹਾ ਹੈ, ਜਿੱਥੇ ਜ਼ਰੂਰਤਮੰਦ ਲੋਕ ਥੋੜ੍ਹੀ ਜਿਹੀ ਰਾਹਤ ਸਮੱਗਰੀ ਲਈ ਵੀ ਜੱਦੋ-ਜਹਿਦ ਕਰ ਰਹੇ ਹਨ। ਇਹ ਦ੍ਰਿਸ਼ ਉਥੋਂ ਦੇ ਮੁਸ਼ਕਲ ਹਾਲਾਤ ਅਤੇ ਮਦਦ ਦੀ ਵੱਡੀ ਕਮੀ ਨੂੰ ਦਰਸਾਉਂਦਾ ਹੈ। ਗਾਜ਼ਾ 'ਚ ਬੱਚੇ ਭੁੱਖ ਨਾਲ ਮਰ ਰਹੇ ਹਨ, ਲੋਕ ਕੂੜੇ 'ਚੋਂ ਭੋਜਨ ਤਲਾਸ਼ਣ ਲਈ ਮਜਬੂਰ ਹਨ ਅਤੇ ਭੋਜਨ ਵੰਡ ਕੇਂਦਰਾਂ 'ਤੇ ਅਫਰਾਤਫਰੀ ਵਰਗੀ ਸਥਿਤੀ ਬਣੀ ਰਹਿੰਦੀ ਹੈ।

## ਟਰੰਪ ਦੀਆਂ ਧਮਕੀਆਂ ਦਰਮਿਆਨ ਮੋਦੀ ਦਾ ਚੀਨ ਜਾਣ ਦਾ ਪ੍ਰੋਗਰਾਮ



**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ 31 ਅਗਸਤ ਤੋਂ ਇੱਕ ਸਤੰਬਰ ਤੱਕ ਹੋਣ ਵਾਲੇ 'ਸ਼ੰਘਾਈ ਕੋਆਪ੍ਰੇਸ਼ਨ ਆਰਗੇਨਾਈਜ਼ੇਸ਼ਨ' ਦੇ ਸਿਖਰ ਸੰਮੇਲਨ ਵਿੱਚ ਸ਼ਾਮਲ ਹੋ ਸਕਦੇ ਹਨ। ਪ੍ਰਧਾਨ ਮੰਤਰੀ ਦੇ ਤੌਰ 'ਤੇ ਮੋਦੀ ਦਾ ਇਹ ਛੇਵਾਂ ਚੀਨ ਦੌਰਾ ਹੋਵੇਗਾ। ਮੋਦੀ 30 ਅਗਸਤ ਨੂੰ ਜਾਪਾਨ ਜਾਣਗੇ ਤੇ ਉੱਥੋਂ ਦੇ ਪ੍ਰਧਾਨ ਮੰਤਰੀ ਨੂੰ ਮਿਲਣਗੇ। 2020 ਵਿੱਚ ਗਲਵਾਨ ਵਿੱਚ ਹੋਈ ਫੌਜੀ ਝੜਪ ਤੋਂ ਬਾਅਦ ਮੋਦੀ ਦਾ ਪਹਿਲਾ ਚੀਨ ਦੌਰਾ ਹੋਵੇਗਾ। ਹਾਲਾਂਕਿ ਅਕਤੂਬਰ 2024 ਵਿੱਚ ਰੂਸ ਦੇ ਕਜ਼ਾਨ 'ਚ ਬ੍ਰਿਕਸ ਸਿਖਰ ਸੰਮੇਲਨ ਵਿੱਚ ਉਨ੍ਹਾ ਦੀ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨਾਲ ਮੁਲਾਕਾਤ ਹੋਈ ਸੀ।

ਸ਼ੰਘਾਈ ਕੋਆਪ੍ਰੇਸ਼ਨ ਆਰਗੇਨਾਈਜ਼ੇਸ਼ਨ ਦੀ ਸਥਾਪਨਾ 2001 ਵਿੱਚ ਚੀਨ, ਰੂਸ, ਕਜ਼ਾਕਿਸਤਾਨ, ਕਿਰਗਿਸਤਾਨ, ਤਾਜ਼ਿਕਸਤਾਨ ਤੇ ਉਜ਼ਬੇਕਿਸਤਾਨ ਨੇ ਮਿਲ ਕੇ ਕੀਤੀ ਸੀ। 2017 ਵਿੱਚ ਪਾਕਿਸਤਾਨ ਤੇ ਭਾਰਤ ਇਸ ਨਾਲ ਜੁੜੇ ਅਤੇ 2023 ਵਿੱਚ ਈਰਾਨ ਵੀ ਸ਼ਾਮਲ ਹੋ ਗਿਆ।

ਅਮਰੀਕੀ ਰਾਸ਼ਟਰਪਤੀ ਟਰੰਪ ਦੀਆਂ ਭਾਰਤੀ ਮਾਲ 'ਤੇ ਟੈਰਿਫ ਵਧਾਉਣ ਦੀਆਂ ਧਮਕੀਆਂ ਦਰਮਿਆਨ ਮੋਦੀ ਦਾ ਚੀਨ ਦੌਰਾ ਅਹਿਮ ਹੋਵੇਗਾ। ਇਸ ਦਰਮਿਆਨ ਟਰੰਪ ਨੇ ਕਿਹਾ ਹੈ ਕਿ ਉਸ ਨੂੰ ਰੂਸ ਤੋਂ ਯੂਰੇਨੀਅਮ, ਖਾਦ ਤੇ ਰਸਾਇਣਾਂ ਦੀ ਦਰਾਮਦ ਕੀਤੇ ਜਾਣ ਬਾਰੇ ਕੋਈ ਜਾਣਕਾਰੀ ਨਹੀਂ। ਟਰੰਪ ਨੇ ਇਨ੍ਹਾਂ ਵਸਤਾਂ ਦੀ ਅਮਰੀਕੀ ਦਰਾਮਦ ਬਾਰੇ ਭਾਰਤ ਦੇ ਬਿਆਨ 'ਤੇ ਇੱਕ ਸਵਾਲ ਦਾ ਜਵਾਬ ਦਿੰਦੇ ਹੋਏ ਕਿਹਾ, 'ਮੈਨੂੰ ਇਸ ਬਾਰੇ ਕੁਝ ਨਹੀਂ ਪਤਾ। ਮੈਨੂੰ ਜਾਂਚ ਕਰਨੀ ਪਵੇਗੀ, ਪਰ ਅਸੀਂ ਇਸ ਬਾਰੇ ਤੁਹਾਡੇ ਨਾਲ ਗੱਲ ਕਰਾਂਗੇ।' ਉਸ ਨੇ ਕਿਹਾ ਕਿ ਉਹ ਜਲਦੀ ਹੀ ਰੂਸੀ ਤੇਲ ਖਰੀਦਣ ਵਾਲੇ ਦੇਸ਼ਾਂ 'ਤੇ ਲਗਾਏ ਜਾਣ ਵਾਲੇ ਟੈਰਿਫਾਂ ਬਾਰੇ ਫੈਸਲਾ ਕਰੇਗਾ।

## ਟਰੰਪ ਨਾਲ ਗੱਲ ਨਹੀਂ ਕਰਨੀ, ਜਿਨਪਿੰਗ ਤੇ ਮੋਦੀ ਨਾਲ ਕਰਾਂਗਾ : ਲੂਲਾ



**ਰੀਓ ਡੀ ਜਨੇਰੀਓ** : ਬ੍ਰਾਜ਼ੀਲ ਦੇ ਰਾਸ਼ਟਰਪਤੀ ਲੁਈਜ਼ ਇਨਾਸੀਓ ਲੂਲਾ ਡੀ ਸਿਲਵਾ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਪੇਸ਼ਕਸ਼ ਨੂੰ ਠੁਕਰਾ ਦਿੱਤਾ ਹੈ, ਜਿਸ ਵਿੱਚ ਟਰੰਪ ਨੇ ਕਿਹਾ ਸੀ ਕਿ ਲੂਲਾ ਟੈਰਿਫ ਦੇ ਮੁੱਦੇ 'ਤੇ ਉਨ੍ਹਾ ਨਾਲ ਕਿਸੇ ਵੀ ਸਮੇਂ ਗੱਲ ਕਰ ਸਕਦੇ ਹਨ। ਲੂਲਾ ਨੇ ਕਿਹਾ ਕਿ ਉਹ ਟਰੰਪ ਨਾਲ ਗੱਲ ਨਹੀਂ ਕਰਨਗੇ, ਪਰ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਚੀਨੀ ਰਾਸ਼ਟਰਪਤੀ ਸ਼ੀ ਜਿਨਪਿੰਗ ਨੂੰ ਫੋਨ ਕਰਨਗੇ। ਇਹ ਤਣਾਅ ਉਦੋਂ ਸ਼ੁਰੂ ਹੋਇਆ, ਜਦੋਂ ਅਮਰੀਕਾ ਨੇ ਬ੍ਰਾਜ਼ੀਲ 'ਤੇ 50 ਪ੍ਰਤੀਸ਼ਤ ਟੈਰਿਫ ਲਗਾਇਆ।

ਲੂਲਾ ਨੇ ਟੈਰਿਫ ਲਾਗੂ ਹੋਣ ਵਾਲੇ ਦਿਨ ਨੂੰ ਦੋਵਾਂ ਦੇਸ਼ਾਂ ਦੇ ਇਤਿਹਾਸ ਦਾ ਸਭ ਤੋਂ ਦੁਖਦਾਈ ਦਿਨ ਦੱਸਿਆ ਸੀ। ਉਨ੍ਹਾ ਕਿਹਾ ਕਿ ਬ੍ਰਾਜ਼ੀਲ ਹੁਣ ਆਪਣੇ ਹਿੱਤਾਂ ਦੀ ਰੱਖਿਆ ਲਈ ਵਿਸ਼ਵ ਵਪਾਰ ਸੰਗਠਨ ਸਮੇਤ ਹਰ ਸੰਭਵ ਤਰੀਕੇ ਅਪਣਾਏਗਾ। ਲੂਲਾ ਨੇ ਇਹ ਵੀ ਕਿਹਾ ਕਿ ਉਨ੍ਹਾ ਦੀ ਸਰਕਾਰ ਨੇ ਪਹਿਲਾਂ ਹੀ ਵਿਦੇਸ਼ੀ ਵਪਾਰ ਨੂੰ ਮਜ਼ਬੂਤ ਕਰਨਾ ਅਤੇ ਬ੍ਰਿਕਸ ਦੇਸ਼ਾਂ ਨਾਲ ਨਵੇਂ ਮੌਕਿਆਂ ਦੀ ਖੋਜ ਕਰਨੀ ਸ਼ੁਰੂ ਕਰ ਦਿੱਤੀ ਹੈ। ਬ੍ਰਿਕਸ ਵਿੱਚ ਭਾਰਤ, ਰੂਸ ਅਤੇ ਚੀਨ ਵਰਗੇ ਦੇਸ਼ ਸ਼ਾਮਲ ਹਨ। ਅਮਰੀਕਾ ਅਕਸਰ ਇਨ੍ਹਾਂ ਦੇਸ਼ਾਂ 'ਤੇ ਡਾਲਰ ਦੇ ਏਕਾਧਿਕਾਰ ਨੂੰ ਕਮਜ਼ੋਰ ਕਰਨ ਦਾ ਦੋਸ਼ ਲਗਾਉਂਦਾ ਹੈ। ਟਰੰਪ ਨੇ ਧਮਕੀ ਦਿੱਤੀ ਹੈ ਕਿ ਬ੍ਰਿਕਸ ਨੀਤੀਆਂ ਦਾ ਸਮਰਥਨ ਕਰਨ ਵਾਲੇ ਦੇਸ਼ਾਂ 'ਤੇ ਵਾਧੂ 10 ਪ੍ਰਤੀਸ਼ਤ ਟੈਰਿਫ ਲਗਾਇਆ ਜਾਵੇਗਾ। ਉਂਜ ਲੂਲਾ ਨੇ ਕਿਹਾ ਕਿ ਬ੍ਰਾਜ਼ੀਲ ਅਮਰੀਕਾ ਨਾਲ ਟੈਰਿਫ 'ਤੇ ਗੱਲਬਾਤ ਕਰਨ ਲਈ ਤਿਆਰ ਹੈ, ਪਰ ਇਹ ਸਮਾਨਤਾ ਅਤੇ ਆਪਸੀ ਸਤਿਕਾਰ ਦੇ ਆਧਾਰ 'ਤੇ ਹੋਣੀ ਚਾਹੀਦੀ ਹੈ।

## ਕੋਈ ਵੀ ਅਕਾਲੀ ਧਿਰ ਅਕਾਲ ਤਖ਼ਤ ਦੀ ਸਰਪ੍ਰਸਤੀ ਹਾਸਲ ਹੋਣ ਦਾ ਦਾਅਵਾ ਨਾ ਕਰੇ : ਸਿੰਘ ਸਾਹਿਬਾਨ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**

ਪੰਜ ਸਿੰਘ ਸਾਹਿਬਾਨ ਦੀ ਬੁੱਧਵਾਰ ਹੋਈ ਇਕੱਤਰਤਾ ਵਿੱਚ ਪਿਛਲੇ ਕੁਝ ਸਮੇਂ ਤੋਂ ਵੱਖ-ਵੱਖ ਸਿੰਘ ਸਭਾਵਾਂ, ਸਿੱਖ ਸਿਆਸੀ ਧਿਰਾਂ ਅਤੇ ਧਾਰਮਕ ਜਥੇਬੰਦੀਆਂ ਵੱਲੋਂ ਪ੍ਰਾਪਤ ਹੋਏ ਪੱਤਰਾਂ ਵਿੱਚ ਪੁੱਜੀਆਂ ਸ਼ਿਕਾਇਤਾਂ ਜਿਵੇਂ ਕਿ 'ਕੁਝ ਧਿਰਾਂ ਆਪਣੇ ਆਪ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਰਪ੍ਰਸਤੀ ਹੋਣ ਦਾ ਦਾਅਵਾ ਕਰਕੇ ਸਿਆਸੀ ਲਾਭ ਲੈਣ ਦੀ ਕੋਸ਼ਿਸ਼ ਕਰ ਰਹੀਆਂ ਹਨ' ਦਾ ਮਾਮਲਾ ਵਿਚਾਰਿਆ ਗਿਆ। ਪੰਜ ਸਿੰਘ ਸਾਹਿਬਾਨ ਵੱਲੋਂ ਕੀਤੇ ਗਏ ਆਦੇਸ਼ ਵਿੱਚ ਅਕਾਲੀ ਦਲ ਦੀਆਂ ਸਮੂਹ ਧਿਰਾਂ ਨੂੰ ਤਾਕੀਦ ਕੀਤੀ ਗਈ ਸੀ ਕਿ ਉਹ ਆਪੋ-ਆਪਣੇ ਵੱਖਰੇ ਚੁੱਲ੍ਹੇ ਸਮੇਟ ਕੇ ਇਕਜੁੱਟ ਹੋਣ। ਇਸ ਸੰਬੰਧੀ ਹੁਣ ਤਕ ਕੋਈ ਸਾਰਥਕ ਨਤੀਜੇ ਸਾਹਮਣੇ ਨਹੀਂ ਆਏ। ਅੱਜ ਸਿੱਖ ਵਿਸ਼ਵ ਭਰ ਅੰਦਰ ਵੱਖ-ਵੱਖ ਦੇਸ਼ਾਂ, ਸਿਆਸੀ ਧਿਰਾਂ ਵਿੱਚ ਰਹਿੰਦਾ ਹੋਇਆ ਵੀ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਤ ਹੈ। ਸ੍ਰੀ ਅਕਾਲ ਤਖਤ ਸਾਹਿਬ ਹਰ ਸਿੱਖ ਮਾਈ ਭਾਈ ਦੇ ਹੱਕ ਹਕੂਕ ਤੇ ਹਿੱਤ ਵਿੱਚ ਖੜ੍ਹਾ ਹੈ। ਜੇਕਰ 2 ਦਸੰਬਰ 2024 ਨੂੰ ਕੀਤੇ ਹੁਕਮਾਂ ਨੂੰ ਕੋਈ ਵੀ ਧਿਰ ਇੰਨ-ਬਿੰਨ ਨਹੀਂ ਮੰਨਣਾ ਚਾਹੁੰਦੀ ਤਾਂ ਉਨ੍ਹਾਂ ਨੂੰ ਆਪੋ-ਆਪਣੀ ਸਿਆਸਤ ਮੁਬਾਰਕ ਹੈ, ਪਰ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਪ੍ਰਸਤੀ ਦਾ ਦਾਅਵਾ ਕਰਕੇ ਸੰਗਤ ਵਿੱਚ ਭਰਮ-ਭੁਲੇਖੇ ਪੈਦਾ ਨਾ ਕੀਤੇ ਜਾਣ। ਕਿਉਂਕਿ ਵੱਖੋ-ਵੱਖਰੇ ਚੁੱਲ੍ਹੇ ਕਾਇਮ ਰੱਖ ਕੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੋਏ ਆਦੇਸ਼ ਦੀ ਭਾਵਨਾ ਸੰਪੂਰਨ ਨਹੀਂ ਕੀਤੀ ਜਾ ਸਕਦੀ। ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਲੰਮੇ ਵਿਚਾਰ ਵਟਾਂਦਰੇ ਮਗਰੋਂ ਆਦੇਸ਼ ਕੀਤਾ ਗਿਆ ਕਿ ਕੋਈ ਵੀ ਧਿਰ ਜਾਂ ਕਮੇਟੀ ਆਪਣੇ ਆਪ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਪ੍ਰਸਤੀ ਹੋਣ ਦਾ ਦਾਅਵਾ ਨਾ ਕਰੇ। ਦੱਸਣਯੋਗ ਹੈ ਕਿ ਪੰਜ ਮੈਂਬਰੀ ਭਰਤੀ ਕਮੇਟੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਦੀ ਚੋਣ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੋਲੋਂ ਤੇਜਾ ਸਿੰਘ ਸਮੁੰਦਰੀ ਹਾਲ ਦੇਣ ਦੀ ਅਪੀਲ ਕੀਤੀ ਗਈ ਸੀ। ਸ਼੍ਰੋਮਣੀ ਕਮੇਟੀ ਵੱਲੋਂ ਇਹ ਪੱਤਰ ਅੱਗੇ ਅਕਾਲ ਤਖਤ ਦੇ ਜਥੇਦਾਰ ਨੂੰ ਭੇਜ ਦਿੱਤਾ ਗਿਆ ਸੀ।

## ਬੈਂਸ ਨੂੰ ਗੁਰਦੁਆਰਾ ਗੁਰੂ ਕੇ ਮਹਿਲ ਤੇ ਕੋਠਾ ਸਾਹਿਬ ਵੱਲਾ ਵੱਲ ਜਾਂਦੀਆਂ ਸੜਕਾਂ ਦੀ ਮੁਰੰਮਤ ਦਾ ਆਦੇਸ਼

**ਅੰਮ੍ਰਿਤਸਰ** : ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਬੁੱਧਵਾਰ ਸ੍ਰੀ ਅਕਾਲ ਤਖਤ ਦੇ ਸਨਮੁੱਖ ਖੜ੍ਹੇ ਹੋ ਕੇ ਆਪਣੇ ਗੁਨਾਹ ਕਬੂਲ ਕੀਤੇ, ਜਿਸ ਤੋਂ ਬਾਅਦ ਉਨ੍ਹਾ ਨੂੰ ਤਨਖਾਹ ਸੁਣਾਈ ਗਈ। ਬੈਂਸ ਸੂਬਾ ਸਰਕਾਰ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਸ਼ਤਾਬਦੀ ਦੇ ਸੰਬੰਧ ਵਿੱਚ ਬੀਤੇ ਦਿਨੀਂ ਸ੍ਰੀਨਗਰ ਵਿੱਚ ਕਰਵਾਏ ਸਮਾਗਮ ਦੌਰਾਨ ਮਰਿਆਦਾ ਦੀ ਉਲੰਘਣਾ ਨੂੰ ਲੈ ਕੇ ਆਪਣਾ ਸਪੱਸ਼ਟੀਕਰਨ ਦੇਣ ਲਈ ਸ੍ਰੀ ਅਕਾਲ ਤਖਤ ਵਿਖੇ ਪੰਜ ਸਿੰਘ ਸਾਹਿਬਾਨ ਅੱਗੇ ਪੇਸ਼ ਹੋਏ ਸਨ।

ਪੰਜ ਸਿੰਘ ਸਾਹਿਬਾਨ ਨੇ ਉਨ੍ਹਾ ਨੂੰ ਆਦੇਸ਼ ਦਿੱਤਾ ਕਿ ਉਹ ਸ੍ਰੀ ਦਰਬਾਰ ਸਾਹਿਬ ਤੋਂ ਗੁਰਦੁਆਰਾ ਗੁਰੂ ਕੇ ਮਹਿਲ, ਜੋ ਕਿ ਗੁਰੂ ਸਾਹਿਬ ਦਾ ਪ੍ਰਕਾਸ਼ ਅਸਥਾਨ ਹੈ, ਵਿਖੇ ਪੈਦਲ ਜਾਣਗੇ। ਇਸ ਰਸਤੇ ਵਿੱਚ ਆਉਂਦੇ ਬਾਜ਼ਾਰ ਅਤੇ ਗਲੀਆਂ ਦੀ ਸਫਾਈ ਅਤੇ ਹੋਰ ਵਿਕਾਸ ਕਾਰਜਾਂ ਨੂੰ ਯਕੀਨੀ ਬਣਾਉਣਗੇ। ਇਸੇ ਤਰ੍ਹਾਂ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਅਤੇ ਇਨ੍ਹਾਂ ਅਸਥਾਨਾਂ 'ਤੇ ਵੀ ਮੁਰੰਮਤ ਅਤੇ ਸਾਫ-ਸਫਾਈ ਨੂੰ ਯਕੀਨੀ ਬਣਾਉਣਗੇ। ਉਨ੍ਹਾ ਨੂੰ ਦਿੱਲੀ ਸਥਿਤ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਨਤਮਸਤਕ ਹੋਣ ਅਤੇ ਉਪਰੰਤ ਸ੍ਰੀ ਅਨੰਦਪੁਰ ਸਾਹਿਬ ਵਿਖੇ ਨਤਮਸਤਕ ਹੋ ਕੇ ਦੋ ਦਿਨ ਗੁਰੂ ਦੀਆਂ ਸੰਗਤਾਂ ਦੇ ਜੋੜੇ ਝਾੜਨ ਦੀ ਸੇਵਾ ਕਰਨ ਦੇ ਆਦੇਸ਼ ਵੀ ਦਿੱਤੇ ਗਏ ਹਨ। ਉਨ੍ਹਾ ਨੂੰ 1100 ਰੁਪਏ ਦੀ ਕੜਾਹ ਪ੍ਰਸ਼ਾਦ ਦੀ ਦੇਗ ਕਰਵਾਉਣ ਵਾਸਤੇ ਕਿਹਾ ਗਿਆ ਹੈ।

ਇੱਕ ਵੱਖਰੇ ਆਦੇਸ਼ ਰਾਹੀਂ ਪੰਜਾਬ ਸਰਕਾਰ ਨੂੰ ਕਿਹਾ ਗਿਆ ਕਿ ਉਹ ਸ਼ਤਾਬਦੀ ਸਮਾਗਮਾਂ ਦੌਰਾਨ ਸੈਮੀਨਾਰ, ਗੋਸ਼ਟੀਆਂ ਤੇ ਹੋਰ ਅਜਿਹੇ ਪ੍ਰੋਗਰਾਮ ਕਰਵਾ ਸਕਦੀ ਹੈ, ਪਰ ਇਨ੍ਹਾਂ ਲਈ ਧਰਮ ਪ੍ਰਚਾਰ ਕਮੇਟੀ ਦਾ ਸਹਿਯੋਗ ਲਿਆ ਜਾਵੇ। ਅਕਾਲ ਤਖਤ ਦੀ ਫਸੀਲ ਤੋਂ ਸਰਕਾਰ ਨੂੰ ਆਦੇਸ਼ ਦਿੱਤਾ ਗਿਆ ਕਿ ਧਾਰਮਕ ਸਮਾਗਮ, ਜਿਨ੍ਹਾਂ ਵਿੱਚ ਨਗਰ ਕੀਰਤਨ ਸਜਾਉਣੇ ਅਤੇ ਗੁਰਮਤਿ ਸਮਾਗਮ ਸ਼ਾਮਲ ਹਨ, ਸਿੱਖ ਸੰਸਥਾਵਾਂ ਦੇ ਕਾਰਜ ਹਨ

• ਬਾਕੀ ਸਫਾ 2 'ਤੇ



ਗੁਰਦੁਆਰਾ ਕੋਠਾ ਸਾਹਿਬ ਵੱਲਾ, ਗੁਰਦੁਆਰਾ ਬਾਬਾ ਬਕਾਲਾ ਸਾਹਿਬ ਵਿਖੇ ਵੀ 100 ਮੀਟਰ ਦੀ ਦੂਰੀ ਤੋਂ ਪੈਦਲ ਜਾਣਗੇ

## ਬਿਜਲੀ ਮੰਤਰੀ ਤੇ ਪਾਵਰ ਮੈਨੇਜਮੈਂਟ ਨਾਲ ਮੀਟਿੰਗ ਰਹੀ ਬੇਸਿੱਟਾ

### 11 ਤੋਂ 13 ਤੱਕ ਬਿਜਲੀ ਕਾਮੇ ਲੈਣਗੇ ਸਮੂਹਿਕ ਛੁੱਟੀ ਤੇ 15 ਨੂੰ ਜ਼ਿਲ੍ਹਾ ਹੈੱਡ ਕੁਆਰਟਰ 'ਤੇ ਕਰਨਗੇ ਰੋਸ ਮਾਰਚ



**ਮੁਹਾਲੀ** : ਬਿਜਲੀ ਕਾਮਿਆਂ ਦੀਆਂ ਪ੍ਰਮੁੱਖ ਮੁਲਾਜ਼ਮ ਅਤੇ ਪੈਨਸ਼ਨਰ ਜਥੇਬੰਦੀਆਂ 'ਤੇ ਅਧਾਰਿਤ ਪੀ ਐੱਸ ਈ ਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ਼, ਗਰਿੱਡ ਸਬ-ਸਟੇਸ਼ਨ ਇੰਪਲਾਈਜ਼ ਯੂਨੀਅਨ (ਰਜਿ. ਨੰ. 24) ਪਾਵਰਕਾਮ / ਟ੍ਰਾਂਸਕੋ ਪੈਨਸ਼ਨਰ ਯੂਨੀਅਨ ਏਟਕ ਪੰਜਾਬ, ਪੈਨਸ਼ਨਰ ਵੈੱਲਫੇਅਰ ਫੈਡਰੇਸ਼ਨ (ਪਹਿਲਵਾਨ) ਪਾਵਰਕਾਮ ਅਤੇ ਟਰਾਂਸਕੋ ਦੇ ਆਗੂਆਂ ਦੀ ਬੁੱਧਵਾਰ ਬਿਜਲੀ ਮੰਤਰੀ ਹਰਭਜਨ ਸਿੰਘ ਈ ਟੀ ਓ ਅਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਨਾਲ ਪੀ ਐੱਸ ਟੀ ਸੀ ਐੱਲ ਗੈਸਟ ਹਾਊਸ ਮੁਹਾਲੀ ਵਿਖੇ ਮੀਟਿੰਗ ਬੇਸਿੱਟਾ ਰਹੀ। ਮੁਲਾਜ਼ਮ ਆਗੂਆਂ ਰਤਨ ਸਿੰਘ ਮਜਾਰੀ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਦੱਸਿਆ ਕਿ ਲੰਘੀ 2 ਜੂਨ ਨੂੰ ਬਿਜਲੀ ਮੰਤਰੀ ਦੀ ਪ੍ਰਧਾਨਗੀ ਹੇਠ ਸਥਾਨਕ ਗੈਸਟ ਹਾਊਸ ਵਿਖੇ ਪਾਵਰ ਮੈਨੇਜਮੈਂਟ ਨਾਲ ਜਥੇਬੰਦੀਆਂ ਦੀ ਹੋਈ ਮੀਟਿੰਗ ਦੀ ਲਗਾਤਾਰਤਾ ਵਿੱਚ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਨੀਆਂ ਹੋਈਆਂ ਵਾਜਿਬ ਮੰਗਾਂ ਲਾਗੂ ਕਰਨ ਸੰਬੰਧੀ ਅੱਜ ਹੋਈ ਮੀਟਿੰਗ ਸਮੇਂ ਅਦਾਰੇ ਦੇ ਸੀ ਐੱਮ ਡੀ ਅਤੇ ਬਿਜਲੀ ਮੰਤਰੀ ਦੇ ਮੰਨੀਆਂ ਮੰਗਾਂ ਲਾਗੂ ਕਰਨ ਸੰਬੰਧੀ ਅਪਣਾਏ ਨਾਂਹ ਪੱਖੀ ਰਵੱਈਏ ਕਾਰਨ ਗੱਲਬਾਤ ਟੁੱਟ ਗਈ ਹੈ। ਆਗੂਆਂ ਨੇ ਗੈਸਟ ਹਾਊਸ ਦੇ ਗੇਟ 'ਤੇ ਸੀ ਐੱਮ ਡੀ ਅਤੇ ਬਿਜਲੀ ਮੰਤਰੀ ਖਿਲਾਫ਼ ਰੋਹ ਭਰਪੂਰ ਨਾਅਰੇਬਾਜ਼ੀ ਕਰਕੇ ਜ਼ੋਰਦਾਰ ਪਿੱਟ-ਸਿਆਪਾ ਕੀਤਾ। ਆਗੂਆਂ ਕਿਹਾ ਕਿ 2 ਜੂਨ ਦੀ ਮੀਟਿੰਗ ਵਿੱਚ ਕਾਫੀ ਮੰਗਾਂ 'ਤੇ ਸਹਿਮਤੀਆਂ ਬਣੀਆਂ ਸਨ, ਜਿਨ੍ਹਾਂ ਨੂੰ ਲਾਗੂ ਕਰਨ ਲਈ ਪਾਵਰ ਮੈਨਜਮੈਂਟ ਨੇ 10 ਦਿਨ ਦਾ ਸਮਾਂ ਤਹਿ ਕੀਤਾ ਸੀ, ਪਰ ਲਗਭਗ 2 ਮਹੀਨੇ ਬੀਤ ਜਾਣ ਦੇ ਬਾਵਜੂਦ ਪਾਵਰ ਮੈਨੇਜਮੈਂਟ ਜਾਣਬੁੱਝ ਕੇ ਮੰਨੀਆਂ ਮੰਗਾਂ ਨੂੰ ਲਾਗੂ ਨਹੀਂ ਕਰ ਰਹੀ। ਆਗੂਆਂ ਅਫਸੋਸ ਜ਼ਾਹਰ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਤੇ ਪਾਵਰ ਮੈਨੇਜਮੈਂਟ ਦੀ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਨੀਤੀ ਖਿਲਾਫ਼ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਆਗੂਆਂ ਕਿਹਾ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੁੱਖ ਮੰਗਾਂ ਜਿਵੇਂ ਮਹਿੰਗਾਈ ਭੱਤਾ 13 ਪ੍ਰਤੀਸ਼ਤ ਬਕਾਇਆ ਹੈ, ਜਾਰੀ ਨਹੀਂ ਕੀਤਾ ਜਾ ਰਿਹਾ। ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ, ਤਨਖਾਹ/ਪੈਨਸ਼ਨ ਸੋਧ ਦੀਆਂ ਤਰੁੱਟੀਆਂ ਦੂਰ ਕਰਨ ਅਤੇ

• ਬਾਕੀ ਸਫਾ 2 'ਤੇ

## ਮਜੀਠੀਆ ਨੂੰ ਰਾਹਤ ਨਹੀਂ

**ਮੁਹਾਲੀ** : ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਕਥਿਤ ਦੋਸ਼ਾਂ ਅਧੀਨ ਨਾਭਾ ਦੀ ਨਿਊ ਜੇਲ੍ਹ ਵਿੱਚ ਬੰਦ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਮੁਹਾਲੀ ਦੀ ਅਦਾਲਤ ਵਿੱਚੋਂ ਬੁੱਧਵਾਰ ਵੀ ਕੋਈ ਰਾਹਤ ਨਹੀਂ ਮਿਲ ਸਕੀ। ਅਦਾਲਤ ਵਿੱਚ ਉਸ ਦੀਆਂ ਦੋ ਪਟੀਸ਼ਨਾਂ ਉੱਤੇ ਸੁਣਵਾਈ ਹੋਈ, ਜਿਸ ਵਿੱਚ ਸਰਕਾਰੀ ਪੱਖ ਅਤੇ ਸਫਾਈ ਧਿਰ ਦੇ ਵਕੀਲਾਂ ਨੇ ਆਪੋ-ਆਪਣੇ ਦਾਅਵੇ ਪੇਸ਼ ਕੀਤੇ।

ਅਦਾਲਤ ਨੇ ਜ਼ਮਾਨਤ ਅਰਜ਼ੀ ਉੱਤੇ ਅਗਲੀ ਸੁਣਵਾਈ 7 ਅਗਸਤ 'ਤੇ ਪਾ ਦਿੱਤੀ ਹੈ, ਜਦੋਂਕਿ ਬੈਰਕ ਬਦਲਣ ਦੇ ਮਾਮਲੇ ਵਿੱਚ ਅਗਲੀ ਸੁਣਵਾਈ 12 ਅਗਸਤ ਨੂੰ ਹੋਵੇਗੀ।

## ਵੋਟਰ ਸੂਚੀਆਂ 'ਤੇ ਬਹਿਸ ਤੋਂ ਇਨਕਾਰ

**ਨਵੀਂ ਦਿੱਲੀ** : ਕੇਂਦਰ ਸਰਕਾਰ ਨੇ ਬਿਹਾਰ ਵਿੱਚ ਵੋਟਰ ਸੂਚੀਆਂ ਦੀ ਸੁਧਾਈ ਦੇ ਮੁੱਦੇ ਉਤੇ ਸੰਸਦ ਵਿੱਚ ਚਰਚਾ ਦੀ ਵਿਰੋਧੀ ਧਿਰ ਦੀ ਮੰਗ ਨੂੰ ਖਾਰਜ ਕਰ ਦਿੱਤਾ ਹੈ। ਇਹ ਮੰਗ ਠੁਕਰਾਉਂਦਿਆਂ ਸਰਕਾਰ ਨੇ ਬੁੱਧਵਾਰ ਲੋਕ ਸਭਾ ਵਿੱਚ ਜ਼ੋਰ ਦੇ ਕੇ ਕਿਹਾ ਕਿ ਨਿਆਂ ਪਾਲਿਕਾ ਦੇ ਸਾਹਮਣੇ ਜ਼ੇਰੇ-ਗੌਰ ਮਾਮਲਿਆਂ ਉਤੇ ਸਦਨ ਵਿਚ ਚਰਚਾ ਨਹੀਂ ਕੀਤੀ ਜਾ ਸਕਦੀ।

## ਆਧਾਰ ਕਾਰਡ ਤੋਂ ਪੰਜਾਬੀ ਹਟਾਉਣ ਦੀ ਨਿੰਦਾ

**ਚੰਡੀਗੜ੍ਹ** : ਕੇਂਦਰੀ ਪੰਜਾਬੀ ਲੇਖਕ ਸਭਾ ਨੇ ਯੂਨੀਕ ਆਈਡੈਂਟੀਫਿਕੇਸ਼ਨ ਅਥਾਰਟੀ ਆਫ ਇੰਡੀਆ ਵੱਲੋਂ ਆਧਾਰ ਕਾਰਡਾਂ ਤੋਂ ਪੰਜਾਬੀ ਭਾਸ਼ਾ ਨੂੰ ਪੂਰੀ ਤਰ੍ਹਾਂ ਹਟਾਉਣ ਦੇ ਫੈਸਲੇ ਦੀ ਸਖਤ ਨਿਖੇਧੀ ਕੀਤੀ ਹੈ ਅਤੇ ਸਭਾ ਇਹ ਸਮਝਦੀ ਹੈ ਕਿ ਇਹ ਕਦਮ ਪੰਜਾਬੀ ਭਾਸ਼ਾ ਅਤੇ ਪੰਜਾਬ ਦੀ ਸੱਭਿਆਚਾਰਕ ਪਛਾਣ 'ਤੇ ਸਿੱਧਾ ਹਮਲਾ ਹੈ। ਸਭਾ ਦੇ ਪ੍ਰਧਾਨ ਦਰਸ਼ਨ ਬੁੱਟਰ, ਜਨਰਲ ਸਕੱਤਰ ਸੁਸ਼ੀਲ ਦੁਸਾਂਝ ਅਤੇ ਸੀਨੀਅਰ ਮੀਤ ਪ੍ਰਧਾਨ ਮੱਖਣ ਸਿੰਘ ਕੁਹਾੜ ਨੇ ਕਿਹਾ ਕਿ ਪੰਜਾਬ ਦੀ ਮਾਂ-ਬੋਲੀ ਨੂੰ ਉਸ ਦੇ ਆਪਣੇ ਘਰ ਵਿੱਚ ਹੀ ਬੇਗਾਨਾ ਕਰਨ ਦੀ ਇਹ ਸਾਜ਼ਿਸ਼ ਨਿੰਦਣਯੋਗ ਹੈ। ਜ਼ਿਕਰਯੋਗ ਹੈ ਕਿ ਨਵੇਂ ਅਤੇ ਸੋਧੇ ਜਾ ਰਹੇ ਆਧਾਰ ਕਾਰਡਾਂ 'ਤੇ ਸਿਰਫ ਅੰਗਰੇਜ਼ੀ ਅਤੇ ਹਿੰਦੀ ਭਾਸ਼ਾ ਦੀ ਵਰਤੋਂ ਕੀਤੀ ਜਾ ਰਹੀ ਹੈ।

## ਅੱਜ-ਨਾਮਾ

ਹੀਰੋਸ਼ੀਮਾ ਦੀ ਫੇਰ ਅੱਜ ਯਾਦ ਆ ਗਈ,
ਉਹਦੀ ਯਾਦ ਨਾਲ ਫੈਲਦਾ ਸਹਿਮ ਬੇਲੀ।
ਐਟਮੀ ਗੋਲੇ ਦੀ ਓਥੇ ਕੋਈ ਪਰਖ ਹੋਈ,
ਗੰਦੀ ਪਰਖ ਨੂੰ ਸਮਝਿਆ ਅਹਿਮ ਬੇਲੀ।
ਲੱਖਾਂ ਲੋਕੀਂ ਤਜਰਬੇ ਦੀ ਭੇਟ ਚੜ੍ਹ ਗਏ,
ਜਦੋਂ ਚੌਧਰ ਦਾ ਪਿਆ ਸੀ ਵਹਿਮ ਬੇਲੀ।
ਕੀਤਾ ਜ਼ੁਲਮ ਸੀ ਬਹੁਤ ਅਮਰੀਕਨਾਂ ਨੇ,
ਕਰਿਆ ਕਦੇ ਨਾ ਭੈੜਿਆਂ ਰਹਿਮ ਬੇਲੀ।
ਹੀਰੋਸ਼ੀਮਾ ਦਾ ਗੂੰਜ ਰਿਹਾ ਸਬਕ ਹਾਲੇ,
ਜੰਗਾਂ ਲੜਨ ਦਾ ਕੰਮ ਦਿਉ ਛੱਡ ਬੇਲੀ।
ਪੁੱਜਾ ਇਨਸਾਨ ਹੈ ਚੰਦ ਦੇ ਤੀਕ ਭਾਵੇਂ,
ਮੂਹਰੇ ਅਕਲਾਂ ਦੇ ਸੱਤਾ ਦੀ ਖੱਡ ਬੇਲੀ।

-ਤੀਸ ਮਾਰ ਖਾਂ

## ਕਿੰਨਰ ਕੈਲਾਸ਼ ਯਾਤਰਾ ਰੁਕੀ

**ਸ਼ਿਮਲਾ** : ਹਿਮਾਚਲ ਵਿੱਚ ਭਾਰੀ ਮੀਂਹ ਕਾਰਨ ਕਿੰਨਰ ਕੈਲਾਸ਼ ਯਾਤਰਾ ਮੁਅੱਤਲ ਕਰ ਦਿੱਤੀ ਗਈ ਹੈ। ਯਾਤਰਾ 15 ਜੁਲਾਈ ਨੂੰ ਸ਼ੁਰੂ ਹੋਈ ਸੀ ਅਤੇ 30 ਅਗਸਤ ਨੂੰ ਸਮਾਪਤ ਹੋਵੇਗੀ। ਯਾਤਰਾ ਰੂਟ 'ਤੇ ਦੋ ਸ਼ਰਧਾਲੂਆਂ ਦੀ ਮੌਤ ਹੋ ਗਈ, ਜਦਕਿ 413 ਨੂੰ ਬਚਾਇਆ ਗਿਆ ਹੈ। ਇਸੇ ਦਰਮਿਆਨ ਹਿਮਾਚਲ ਦੇ ਬਿਲਾਸਪੁਰ, ਸੋਲਨ, ਸ਼ਿਮਲਾ, ਸਿਰਮੌਰ ਅਤੇ ਮੰਡੀ ਜ਼ਿਲ੍ਹਿਆਂ ਵਿੱਚ ਤੇਜ਼ ਤੋਂ ਬਹੁਤ ਤੇਜ਼ ਮੀਂਹ ਦੀ ਭਵਿੱਖਬਾਣੀ ਕੀਤੀ ਗਈ ਹੈ।

## ਸਰਸਾ ਨਦੀ 'ਚ ਹੜ੍ਹ

**ਰੋਪੜ** : ਜ਼ੋਰਦਾਰ ਬਾਰਿਸ਼ ਕਾਰਨ ਰੂਪਨਗਰ ਜ਼ਿਲ੍ਹੇ ਦੇ ਪਿੰਡ ਆਸਪੁਰ ਨੇੜੇ ਸਤਲੁਜ ਦਰਿਆ ਵਿੱਚ ਸਮਾਉਣ ਵਾਲੀ ਸਰਸਾ ਨਦੀ ਵਿੱਚ ਹੜ੍ਹ ਆ ਗਿਆ ਹੈ। ਸਰਸਾ ਨਦੀ ਦੇ ਪਾਣੀ ਦਾ ਵਹਾਅ ਸਿਰਸਾ ਨਦੀ ਅਤੇ ਸਤਲੁਜ ਦਰਿਆ ਦੇ ਬਿਲਕੁਲ ਕੰਢੇ 'ਤੇ ਵਸੇ ਪਿੰਡ ਆਸਪੁਰ ਵੱਲ ਨੂੰ ਹੋ ਗਿਆ ਹੈ। ਹੜ੍ਹ ਦਾ ਪਾਣੀ ਪਿੰਡ ਦੀ ਫਿਰਨੀ ਨਾਲ ਟਕਰਾਉਣ ਤੋਂ ਬਾਅਦ ਖੇਤਾਂ ਵਿੱਚ ਦੀ ਹੁੰਦਾ ਹੋਇਆ ਸ਼ਮਸ਼ਾਨਘਾਟ ਵਾਲੇ ਪਾਸੇ ਨੂੰ ਵਗਣ ਲੱਗ ਪਿਆ ਹੈ। ਪਿੰਡ ਦੇ ਨੇੜੇ 4 ਮਜ਼ਦੂਰ ਹੜ੍ਹ ਦੇ ਪਾਣੀ ਵਿੱਚ ਫਸ ਗਏ ਹਨ, ਜਿਹੜੇ ਕਿ ਇੱਕ ਮੋਟਰ ਦੇ ਕੋਠੇ 'ਤੇ ਚੜ੍ਹ ਕੇ ਬੈਠੇ ਹਨ।

## ਫੈਕਟਰੀ 'ਚ ਧਮਾਕੇ ਨਾਲ ਦੋ ਮੌਤਾਂ

**ਮੁਹਾਲੀ** : ਇੰਡਸਟਰੀਅਲ ਏਰੀਆ, ਫੇਜ਼-9 ਵਿੱਚ ਬੁੱਧਵਾਰ ਸਵੇਰੇ ਫੈਕਟਰੀ ਦੇ ਆਕਸੀਜਨ ਪਲਾਂਟ ਵਿੱਚ ਸਿਲੰਡਰ ਫਟਣ ਨਾਲ ਧਮਾਕੇ ਕਾਰਨ ਦੋ ਵਿਅਕਤੀਆਂ ਦੀ ਮੌਤ ਹੋ ਗਈ ਤੇ ਕਈ ਹੋਰ ਜ਼ਖਮੀ ਹੋ ਗਏ। ਹਾਈਟੈਕ ਕੰਪਨੀ ਵਿੱਚ ਮਰਨ ਵਾਲਿਆਂ ਦੀ ਪਛਾਣ ਦੇਵੇਂਦਰ ਅਤੇ ਆਸਿਫ ਵਜੋਂ ਹੋਈ ਹੈ। ਹਾਦਸੇ ਤੋਂ ਬਾਅਦ ਗੁੱਸੇ ਵਿੱਚ ਆਏ ਲੋਕਾਂ ਨੇ ਪੁਲਸ ਤੇ ਫੈਕਟਰੀ ਮਾਲਕ ਨਾਲ ਝੜਪ ਕੀਤੀ।





30 ਜੂਨ, 2025 ਨੂੰ ਖਤਮ ਹੋਈ ਤਿਮਾਹੀ ਲਈ ਸਟੈਂਡਲੋਨ ਅਣ-ਪੜਤਾਲੇ ਵਿੱਤੀ ਨਤੀਜਿਆਂ ਦਾ ਸਾਰ

(ਰੁਪਏ ਲੱਖਾਂ 'ਚ ਸਿਵਾਏ ਈ ਪੀ ਐੱਸ ਡਾਟਾ)

| ਲੜੀ ਨੰ. | ਵੇਰਵੇ | ਤਿਮਾਹੀ ਖਤਮ | ਤਿਮਾਹੀ ਖਤਮ | ਤਿਮਾਹੀ ਖਤਮ | ਸਾਲ ਖਤਮ |
|---|---|---|---|---|---|
| | | 30.06.2025 | 31.03.2025 | 30.06.2024 | 31.03.2025 |
| | | (ਅਣ-ਪੜਤਾਲੇ) | (ਪੜਤਾਲੇ) | (ਅਣ-ਪੜਤਾਲੇ) | (ਪੜਤਾਲੇ) |
| 1. | ਕਾਰੋਬਾਰਾਂ ਤੋਂ ਕੁੱਲ ਆਮਦਨ (ਸ਼ੁੱਧ) | 30726.53 | 36769.07 | 36284.25 | 149525.58 |
| 2. | ਮਿਆਦ ਲਈ ਸ਼ੁੱਧ ਲਾਭ (ਟੈਕਸ ਤੋਂ ਪਹਿਲਾਂ, ਖਾਸ ਅਤੇ/ਜਾਂ ਅਸਧਾਰਨ ਵਸਤੂਆਂ) | 2875.41 | 3171.40 | 3024.91 | 13636.81 |
| 3. | ਟੈਕਸ ਤੋਂ ਪਹਿਲਾਂ ਮਿਆਦ ਲਈ ਸ਼ੁੱਧ ਲਾਭ (ਖਾਸ ਅਤੇ/ਜਾਂ ਅਸਧਾਰਨ ਵਸਤੂਆਂ ਤੋਂ ਬਾਅਦ) | 2875.41 | 3171.40 | 3024.91 | 13636.81 |
| 4. | ਟੈਕਸ ਤੋਂ ਬਾਅਦ ਮਿਆਦ ਲਈ ਸ਼ੁੱਧ ਲਾਭ/ਖਾਸ ਅਤੇ/ਜਾਂ ਅਸਧਾਰਨ ਵਸਤੂਆਂ ਤੋਂ ਬਾਅਦ। | 2164.48 | 2455.17 | 2262.27 | 10287.96 |
| 5. | ਮਿਆਦ ਲਈ ਕੁੱਲ ਵਿਆਪਕ ਆਮਦਨ | 2164.48 | 2455.17 | 2262.27 | 10287.96 |
| 6. | ਇਕੁਇਟੀ ਸ਼ੇਅਰ ਕੈਪੀਟਲ | 994.52 | 994.52 | 1034.67 | 994.52 |
| 7. | ਰਿਜ਼ਰਵਜ (ਰੀਵੈਲੂਏਸ਼ਨ ਰਿਜ਼ਰਵ ਤੋਂ ਬਗੈਰ ਜਿਵੇਂ ਕਿ ਪਿਛਲੇ ਸਾਲ ਦੀ ਪੜਤਾਲੀ ਬੈਲੇਂਸ ਸ਼ੀਟ 'ਤੇ ਦਰਸਾਇਆ ਗਿਆ) | | | | 72292.53 |
| 8. | ਕਮਾਈ ਪ੍ਰਤੀ ਸ਼ੇਅਰ (ਹਰੇਕ/2 ਰੁਪਏ ਦੀ) (ਚਾਲੂ ਅਤੇ ਬੰਦ ਕਾਰੋਬਾਰਾਂ ਵਾਸਤੇ)* | | | | |
| | ਬੇਸਿਕ | 4.35 | 4.93 | 4.37 | 20.68 |
| | ਡਲਿਊਟਿਡ | 4.35 | 4.93 | 4.37 | 20.68 |
| | ਸਾਲਾਨਾ ਨਹੀਂ | | | | |

ਉਪਰੋਕਤ 30.06.2025 ਨੂੰ ਖਤਮ ਹੋਈ ਤਿਮਾਹੀ ਲਈ ਸਟੈਂਡਲੋਨ ਅਣ-ਪੜਤਾਲੇ ਵਿੱਤੀ ਨਤੀਜਿਆਂ ਦੀ ਸਟੇਟਮੈਂਟ ਦੇ ਵਿਸਥਾਰਤ ਫਾਰਮਟ ਦਾ ਸਾਰ ਹੈ ਜੋ ਸੇਬੀ (ਲਿਸਟਿੰਗ ਆਬਲੀਗੇਸ਼ਨਜ਼ ਅਤੇ ਡਿਸਕਲੋਜ਼ਰ ਇਕੁਆਇਰਮੈਂਟਸ) ਦੇ ਰੈਗੂਲੇਸ਼ਨ 33 ਅਧੀਨ ਸਟਾਕ ਐਕਸਚੇਂਜਿਜ਼ ਕੋਲ ਦਾਖਲ ਕੀਤਾ ਗਿਆ ਹੈ। 30.06.2025 ਨੂੰ ਖਤਮ ਹੋਈ ਤਿਮਾਹੀ ਲਈ ਸਟੈਂਡਲੋਨ ਅਣ-ਪੜਤਾਲੇ ਵਿੱਤੀ ਨਤੀਜਿਆਂ ਦੀ ਸਟੇਟਮੈਂਟ ਦਾ ਮੁਕੰਮਲ ਫਾਰਮਟ ਸਟਾਕ ਐਕਸਚੇਂਜ ਦੀ ਵੈੱਬਸਾਈਟ www.bseindia.com ਅਤੇ www.nseindia.com ਦੇ ਨਾਲ-ਨਾਲ ਕੰਪਨੀ ਦੀ ਵੈੱਬਸਾਈਟ www.clsel.in 'ਤੇ ਉਪਲੱਬਧ ਹੈ।

ਵਾਸਤੇ ਚਮਨ ਲਾਲ ਸੇਤੀਆ ਐਕਸਪੋਰਟਸ ਲਿਮਟਿਡ
(ਰਜੀਵ ਸੇਤੀਆ)
ਜਾਇੰਟ ਮੈਨੇਜਿੰਗ ਡਾਇਰੈਕਟਰ ਅਤੇ ਸੀ ਐੱਫ ਓ
(ਡੀ ਆਈ ਐੱਨ : 01125921)

ਸਥਾਨ : ਗੁਰੂਗ੍ਰਾਮ
ਮਿਤੀ : 05.08.2025

ਚਮਨ ਲਾਲ ਸੇਤੀਆ ਐਕਸਪੋਰਟਸ ਲਿਮਟਿਡ

(ਸਰਕਾਰ ਵੱਲੋਂ ਮਾਨਤਾ ਪ੍ਰਾਪਤ ਸਟਾਰ ਐਕਸਪੋਰਟ ਹਾਊਸ) ਸੀ ਆਈ ਐੱਨ : ਐੱਲ 51909 ਪੀ ਬੀ 1994-ਪੀ ਐੱਲ ਸੀ 015083

Maharani WORLD'S PREFERRED BASMATI RICE | Royal India | ABU | Begum | Mithas Reserve Basmati Rice | GREEN World

Regd Office: Meerankot Road, P.O. Central Jail, Ajnala Road, Amritsar - 143002 (India)
Corporate Office: 472, Udyog Vihar phase 3, Gurugram | Rice Mills: Karnal - Kaithal Road | Mundra - kachchh
Ph: +91124 4745900 | Email: clsetia@rediffmail.in | Website: www.clsel.in, www.maharanirice.in

# ਦਿੱਲੀ ਕਿਸਾਨ ਸੰਘਰਸ਼ ਵੇਲੇ ਕਿਸਾਨਾਂ 'ਤੇ ਦਰਜ ਨਜਾਇਜ਼ ਪਰਚੇ ਅਜੇ ਤੱਕ ਨਹੀਂ ਹੋਏ ਰੱਦ

**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)** ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਪੰਜਾਬ ਦੀਆਂ ਵੱਖ-ਵੱਖ ਥਾਂਵਾਂ ਨਾਲ ਸਬੰਧਤ ਕਿਸਾਨ ਆਗੂ ਦਿੱਲੀ ਦੀ ਤੀਸ ਹਜ਼ਾਰੀ ਅਦਾਲਤ 'ਚ 2020 ਦੇ ਕਿਸਾਨ ਅੰਦੋਲਨ ਸਬੰਧੀ ਦਰਜ ਨਜਾਇਜ਼ ਪਰਚਿਆਂ ਨੂੰ ਲੈ ਕੇ ਪੇਸ਼ ਹੋਏ। ਕਿਸਾਨ ਆਗੂਆਂ ਨੇ ਸ਼ਪੱਸ਼ਟ ਕਿਹਾ ਕਿ ਜੇ ਪਰਚੇ ਤੁਰੰਤ ਰੱਦ ਨਾ ਹੋਏ ਤਾਂ ਉਹ ਮੁੜ ਸੰਘਰਸ਼ ਰਾਹੀਂ ਸਰਕਾਰ ਨੂੰ ਜਵਾਬ ਦੇਣਗੇ।ਭਾਕਿਯੂ ਡਕੌਂਦਾ (ਧਨੇਰ) ਦੇ ਜ਼ਿਲ੍ਹਾ ਆਗੂ ਗੁਰਪ੍ਰੀਤ ਸਿੰਘ ਸਹਿਜੜਾ ਨੇ ਦੱਸਿਆ ਕਿ 27 ਨਵੰਬਰ 2020 ਨੂੰ ਟਿੱਕਰੀ ਬਾਰਡਰ ਵਿਖੇ ਹੋਏ ਅੰਦੋਲਨ ਦੌਰਾਨ ਦਰਜ ਹੋਏ ਪਰਚਿਆਂ ਦੀ ਐਫ.ਆਈ.ਆਰ. ਨੰਬਰ 534 ਰੱਦ ਨਹੀਂ ਕੀਤੀ ਗਈ। ਉਨ੍ਹਾਂ ਆਖਿਆ ਕਿ ਇਹ ਪਰਚੇ ਕਿਸਾਨਾਂ ਨੂੰ ਲੰਮੇ ਸਮੇਂ ਤੋਂ ਖੱਜਲ ਖੁਆਰੀ ਤੇ ਮਾਨਸਿਕ ਪ੍ਰੇਸ਼ਾਨੀ 'ਚ ਪਾਈ ਫਿਰਦੇ ਹਨ।ਦਿੱਲੀ ਦੀ ਇੱਕ ਪੇਸ਼ੀ ਲਈ ਕਿਸਾਨ ਤਿੰਨ-ਤਿੰਨ ਦਿਨ ਬਰਬਾਦ ਕਰਕੇ ਆਉਂਦੇ ਹਨ।ਕਿਸਾਨ ਆਗੂਆਂ ਨੇ ਸਖ਼ਤ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਕਾਲੇ ਕਾਨੂੰਨ ਗ਼ਲਤ ਸਨ ਤਾਂ ਉਨ੍ਹਾਂ ਅਧਾਰਤ ਦਰਜ ਪਰਚੇ ਵੀ ਗ਼ਲਤ ਹਨ। ਨਰਿੰਦਰ ਮੋਦੀ ਵੱਲੋਂ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਕਾਲੇ ਕਾਨੂੰਨ ਵਾਪਸ ਲੈ ਕੇ ਮਾਫੀ ਮੰਗੀ ਸੀ।ਕਿਸਾਨ ਆਗੂ ਸਿਕੰਦਰ ਸਿੰਘ ਰਿਉਂਦ ਨੇ ਦੱਸਿਆ ਕਿ ਸਰਕਾਰ ਨੇ ਖੇਤੀ ਕਾਨੂੰਨਾਂ ਦੀ ਵਾਪਸੀ ਦੇ ਨਾਲ ਕਿਹਾ ਸੀ ਕਿ ਕਿਸਾਨਾਂ 'ਤੇ ਦਰਜ ਸਾਰੇ ਪਰਚੇ ਰੱਦ ਕੀਤੇ ਜਾਣਗੇ, ਪਰ ਅਜੇ ਤੱਕ ਕੇਸ ਵਾਪਸ ਲੈਣ ਬਾਰੇ ਕੋਈ ਕਾਰਵਾਈ ਨਹੀਂ ਹੋਈ।ਕਿਸਾਨ ਖੱਜਲ ਖੁਆਰੀ ਦਾ ਸਾਹਮਣਾ ਕਰ ਰਹੇ ਹਨ। ਇਸ ਮੌਕੇ ਕਿਸਾਨ ਆਗੂ ਅਮਰੀਕ ਸਿੰਘ ਫਫੜੇ ਭਾਈ ਕੇ, ਲਛਮਣ ਸਿੰਘ ਚੱਕ, ਜਸਪਾਲ ਸਿੰਘ ਮੌਜੀਆ, ਰਾਜੂ ਸਿੰਘ ਰਿਉਂਦ, ਹਰਪਾਲ ਦਾਸ ਰੱਲਾ, ਬਲਦੇਵ ਸਿੰਘ ਸਹਿਜੜਾ ਆਦਿ ਕਿਸਾਨ ਆਗੂ ਅਦਾਲਤ ਵਿੱਚ ਹਾਜ਼ਰ ਸਨ।ਇਨ੍ਹਾਂ ਦੀ ਅਗਲੀ ਪੇਸ਼ੀ 9 ਸਤੰਬਰ ਨਿਰਧਾਰਤ ਕੀਤੀ ਗਈ ਹੈ। ਕਿਸਾਨ ਆਗੂਆਂ ਨੇ ਸੂਬਾ ਅਤੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਸਾਰੇ ਪਰਚੇ ਰੱਦ ਕਰਕੇ ਕਿਸਾਨਾਂ ਨੂੰ ਇਨਸਾਫ ਦਿੱਤਾ ਜਾਵੇ, ਨਹੀਂ ਤਾਂ ਕਿਸਾਨ ਸੰਘਰਸ਼ ਦਾ ਰਾਹ ਫ਼ਿਰ ਤੋਂ ਅਪਣਾਉਣ ਲਈ ਮਜ਼ਬੂਰ ਹੋਣਗੇ। ਭਾਰਤੀ ਕਿਸਾਨ ਯੂਨੀਅਨ ਡਕੌਂਦਾ (ਧਨੇਰ) ਦੇ ਸੂਬਾਈ ਪ੍ਰਧਾਨ ਮਨਜੀਤ ਸਿੰਘ ਧਨੇਰ ਨੇ ਮੰਗ ਕੀਤੀ ਕਿ ਦਿੱਲੀ ਕਿਸਾਨ ਸੰਘਰਸ਼ ਦੌਰਾਨ ਕਿਸਾਨਾਂ ਉਪਰ ਦਰਜ ਕੀਤੇ ਨਜਾਇਜ਼ ਪਰਚੇ ਤੁਰੰਤ ਰੱਦ ਕੀਤੇ ਜਾਣ।



- **ਦਰਜ ਨਜਾਇਜ਼ ਪਰਚੇ ਤੁਰੰਤ ਰੱਦ ਕੀਤੇ ਜਾਣ : ਮਨਜੀਤ ਧਨੇਰ**

## ਰੂਪ ਵਾਟੀਕਾ ਸਕੂਲ ਦੀ ਬੱਚੀ ਨੇ ਜਿੱਤਿਆ ਕਿੱਕ ਬਾਕਸਿੰਗ ਮੁਕਾਬਲਾ



**ਜਗਰਾਓਂ (ਅਮਿਤ ਖੰਨਾ)**- ਰੂਪ ਵਾਟਿਕਾ ਸਕੂਲ ਦੀ ਬੱਚੀ ਸ਼ਾਈਨਾ ਜਮਾਤ ਗਿਆਰ੍ਹਵੀਂ ਨੇ ਜ਼ਿਲ੍ਹਾ ਪੱਧਰ 'ਤੇ ਕਿੱਕ ਬਾਕਸਿੰਗ ਦੇ ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਂਅ ਰੋਸ਼ਨ ਕੀਤਾ। ਇਹ ਮੁਕਾਬਲਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁੱਲਾਂਪੁਰ ਦਾਖਾ ਵਿੱਚ ਕਰਵਾਇਆ ਗਿਆ ।ਸ਼ਾਈਨਾ ਨੇ ਕਿੱਕ ਬਾਕਸਿੰਗ ਵਿੱਚ ਵਿਰੋਧੀ ਧਿਰ ਨਾਲ ਮੁਕਾਬਲਾ ਕਰਕੇ ਜਿੱਤ ਪ੍ਰਾਪਤ ਕੀਤੀ ਅਤੇ ਸਟੇਟ ਲੈਵਲ ਦਾ ਮੈਚ ਖੇਡਣ ਦੇ ਯੋਗ ਹੋ ਗਈ। ਸਕੂਲ ਦੇ ਮੁੱਖ ਅਧਿਆਪਕ ਸ੍ਰੀਮਤੀ ਵਿੰਮੀ ਠਾਕੁਰ ਨੇ ਬੱਚੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਕੁੜੀਆਂ ਵੀ ਕਿਸੇ ਖੇਤਰ ਵਿੱਚ ਪਿੱਛੇ ਨਹੀਂ ਹਨ ।ਉਹਨਾਂ ਦਾ ਸਾਨੂੰ ਹੌਸਲਾ ਵਧਾਉਣਾ ਚਾਹੀਦਾ ਹੈ ਅਤੇ ਉਹਨਾਂ ਨੂੰ ਹਰ ਖੇਤਰ ਵਿੱਚ ਅੱਗੇ ਲਿਆਉਣਾ ਚਾਹੀਦਾ ਹੈ।

# ਉਦਯੋਗਿਕ ਨੀਤੀ ਵਧਾਉਣ ਲਈ ਅੰਤਿਮ ਸੈਕਟਰਲ ਕਮੇਟੀਆਂ ਕੀਤੀਆਂ ਨੋਟੀਫਾਈ : ਸੰਜੀਵ ਅਰੋੜਾ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਸੂਬੇ ਦੀ ਉਦਯੋਗਿਕ ਨੀਤੀ ਨੂੰ ਮਜ਼ਬੂਤ ਕਰਨ ਅਤੇ ਕਾਰੋਬਾਰ ਕਰਨ ਦੀ ਸੌਖ ਨੂੰ ਬਿਹਤਰ ਬਣਾਉਣ ਦੇ ਮੱਦੇਨਜ਼ਰ ਉਦਯੋਗ ਮਾਹਿਰਾਂ ਤੋਂ ਸੁਝਾਅ ਇਕੱਠੇ ਕਰਨ ਦੀ ਪੰਜਾਬ ਸਰਕਾਰ ਦੀ ਪਹਿਲਕਦਮੀ ਨੂੰ ਜਾਰੀ ਰੱਖਦੇ ਹੋਏ, ਪੰਜਾਬ ਦੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਪੰਦਰਾਂ ਹੋਰ ਸੈਕਟਰਲ ਕਮੇਟੀਆਂ ਦੇ ਗਠਨ ਦਾ ਐਲਾਨ ਕੀਤਾ, ਜਿਸ ਨਾਲ ਕਮੇਟੀਆਂ ਦੀ ਕੁੱਲ ਗਿਣਤੀ ਹੁਣ 24 ਹੋ ਗਈ ਹੈ। ਅੱਜ ਦੇ ਐਲਾਨ ਤੋਂ ਬਾਅਦ ਮੰਤਰੀ ਵੱਲੋਂ ਐਲਾਨੀਆਂ ਗਈਆਂ ਕਮੇਟੀਆਂ ਦੀ ਇਹ ਅੰਤਿਮ ਸੂਚੀ ਹੈ। ਸ੍ਰੀ ਅਰੋੜਾ ਨੇ ਮੰਗਲਵਾਰ ਨੂੰ ਇੱਥੇ ਪ੍ਰੈਸ ਕਾਨਫਰੰਸ ਵਿੱਚ ਇਹ ਐਲਾਨ ਕੀਤਾ ਅਤੇ ਕਿਹਾ ਕਿ ਨਵੀਆਂ ਬਣੀਆਂ ਕਮੇਟੀਆਂ ਵਿੱਚ ਵਿਭਿੰਨ ਉਦਯੋਗਿਕ ਖੇਤਰਾਂ ਦੇ ਮੈਂਬਰ ਸ਼ਾਮਲ ਹਨ ਅਤੇ ਇਹ ਖੇਤਰ ਵਿਸ਼ੇਸ਼ ਨੀਤੀਗਤ ਉਪਾਵਾਂ ਦੀ ਸਿਫ਼ਾਰਸ਼ ਕਰਨ ਲਈ ਥਿੰਕ ਟੈਂਕ ਵਜੋਂ ਕੰਮ ਕਰਨਗੀਆਂ। ਨਵੀਆਂ ਕਮੇਟੀਆਂ ਆਈ.ਟੀ. ਸੈਕਟਰ, ਸਾਈਕਲ ਉਦਯੋਗ, ਆਟੋ ਅਤੇ ਆਟੋ ਕੰਪੋਨੈਂਟਸ, ਇਲੈਕਟ੍ਰਿਕ ਵਾਹਨ, ਨਵਿਆਉਣਯੋਗ ਊਰਜਾ, ਸਟੀਲ ਅਤੇ ਰੋਲਿੰਗ ਮਿੱਲਾਂ, ਪਲਾਸਟਿਕ ਅਤੇ ਰਸਾਇਣਕ ਉਤਪਾਦ, ਲੌਜਿਸਟਿਕਸ ਅਤੇ ਵੇਅਰਹਾਊਸਿੰਗ, ਫਿਲਮ ਮੀਡੀਆ, ਫਾਰਮਾਸਿਊਟੀਕਲ ਅਤੇ ਬਾਇਓਟੈਕਨਾਲੋਜੀ, ਯੂਨੀਵਰਸਿਟੀਆਂ ਅਤੇ ਕੋਚਿੰਗ ਸੰਸਥਾਵਾਂ, ਹਸਪਤਾਲ ਅਤੇ ਸਿਹਤ ਸੰਭਾਲ, ਸਟਾਰਟਅੱਪ, ਪ੍ਰਚੂਨ ਅਤੇ



ਈ.ਐਸ.ਡੀ.ਐਮ.- ਇਲੈਕਟ੍ਰਾਨਿਕਸ ਸਿਸਟਮ ਡਿਜ਼ਾਈਨ ਅਤੇ ਨਿਰਮਾਣ 'ਤੇ ਕੇਂਦ੍ਰਿਤ ਹਨ। ਨਵੀਆਂ ਗਠਿਤ 15 ਕਮੇਟੀਆਂ ਦੇ ਚੇਅਰਮੈਨ ਹਨ: ਪ੍ਰਤਾਪ ਅਗਰਵਾਲ (ਆਈ ਡੀ ਐੱਸ ਇਨਫੋਟੈਕ, ਮੋਹਾਲੀ)- ਆਈਟੀ ਸੈਕਟਰ, ਓਂਕਾਰ ਸਿੰਘ ਪਾਹਵਾ (ਏਵਨ ਸਾਈਕਲ, ਲੁਧਿਆਣਾ)-ਸਾਈਕਲ ਉਦਯੋਗ, ਪਰਿਤੋਸ਼ ਗਰਗ (ਹੈਪੀ ਫੋਰਜਿੰਗਜ਼, ਲੁਧਿਆਣਾ)-ਆਟੋ ਅਤੇ ਆਟੋ ਕੰਪੋਨੈਂਟਸ, ਇੰਦਰਵੀਰ ਸਿੰਘ (ਈਵੇਜ਼ ਮੋਟਰਜ਼, ਮੋਹਾਲੀ)-ਇਲੈਕਟ੍ਰਿਕ ਵਾਹਨ, ਅਸੀਸ ਕੁਮਾਰ (ਵਰਬੀਓ, ਸੰਗਰੂਰ)-ਨਵਿਆਉਣਯੋਗ ਊਰਜਾ, ਸਚਿਤ ਜੈਨ (ਵਰਧਮਾਨ ਸਟੀਲ, ਲੁਧਿਆਣਾ)-ਸਟੀਲ ਐਂਡ ਰੋਲਿੰਗ ਮਿੱਲਜ਼,ਅਭੀ ਬਾਂਸਲ (ਐਸੋਚੈਮ ਅਤੇ ਐੱਮ.ਡੀ. ਸਰਸਵਤੀ ਐਗਰੋ ਕੈਮੀਕਲਜ਼, ਐੱਸ.ਏ.ਐੱਸ. ਨਗਰ)-ਪਲਾਸਟਿਕ ਅਤੇ ਰਸਾਇਣਕ ਉਤਪਾਦ, ਅਸ਼ਵਨੀ ਨਈਅਰ (ਕੈਪਟਨ) ਅਤੇ (ਹਿੰਦ ਟਰਮੀਨਾ ਲੁਧਿਆਣਾ)- ਲਾਜਿਸਟਿਕਸ ਐਂਡ ਵੇਅਰਹਾਊਸਿੰਗ, ਦਿਨੇਸ਼ ਔਲਕ (ਸਪੀਡ ਰਿਕਾਰਡ)-ਫਿਲਮ ਮੀਡੀਆ, ਵਰਿੰਦਰ ਗੁਪਤਾ (ਆਈ.ਓ.ਐੱਲ. ਕੈਮੀਕਲਜ਼ ਐਂਡ ਫਾਰਮਾਸਿਊਟੀਕਲਜ਼, ਬਰਨਾਲਾ)- ਫਾਰਮਾਸਿਊਟੀਕਲ ਅਤੇ ਬਾਇਓਟੈਕਨਾਲੋਜੀ, ਜਸਪਾਲ ਸਿੰਘ ਸੰਧੂ (ਡਾ.) (ਲਵਲੀ ਪ੍ਰੋਫ਼ੈਸ਼ਨਲ ਯੂਨੀਵਰਸਿਟੀ, ਜਲੰਧਰ)- ਯੂਨੀਵਰਸਿਟੀਆਂ ਅਤੇ ਕੋਚਿੰਗ ਸੰਸਥਾਵਾਂ, ਬਿਸ਼ਵ ਮੋਹਨ (ਡਾ.) (ਡੀ.ਐੱਮ.ਸੀ. ਲੁਧਿਆਣਾ)-ਹਸਪਤਾਲ ਅਤੇ ਸਿਹਤ ਸੰਭਾਲ, ਮਮਤਾ ਭਾਰਦਵਾਜ (ਨਿਊਰੋਨ, ਪੰਜਾਬ ਸਟਾਰਟਅੱਪ ਹੱਬ)- ਸਟਾਰਟਅੱਪ, ਉਮੰਗ ਜਿੰਦਲ (ਹੋਮ ਲੈਂਡ ਗਰੁੱਪ)- ਰਿਟੇਲ, ਕਮਲਜੀਤ ਸਿੰਘ (ਡਾ.) (ਸੈਮੀਕੰਡਕਟਰ ਲੈਬਾਰਟਰੀ ਲਿਮਟਿਡ)- ਈ.ਐੱਸ.ਡੀ.ਐੱਮ.-ਇਲੈਕਟ੍ਰਾਨਿਕਸ ਸਿਸਟਮ ਡਿਜ਼ਾਈਨ ਅਤੇ ਨਿਰਮਾਣ।

## ਗ੍ਰਾਮ ਪੰਚਾਇਤ ਸੈਦੇਵਾਲਾ ਵੱਲੋਂ ਸਰਬਸੰਮਤੀ ਨਾਲ ਮਤਾ ਪਾਸ

**ਬੁਢਲਾਡਾ (ਅਸ਼ੋਕ ਲਾਕੜਾ)** ਸਮੂਹ ਗ੍ਰਾਮ ਪੰਚਾਇਤ ਪਿੰਡ ਸੈਦੇਵਾਲਾ ਬਲਾਕ ਬੁਢਲਾਡਾ ਵੱਲੋਂ ਮਤਾ ਪਾਸ ਕੀਤਾ ਗਿਆ, ਜਿਸ ਤਹਿਤ ਪਿੰਡ ਦੇ ਵਾਸੀਆਂ ਨੂੰ ਮਤੇ ਦੀ ਪਾਲਣਾ ਕਰਨ ਦਾ ਹੁਕਮ ਦਿੱਤਾ ਗਿਆ। ਪਿੰਡ ਸੈਦੇਵਾਲਾ ਦੇ ਸਰਪੰਚ ਸ੍ਰੀਮਤੀ ਅਮਰਜੀਤ ਕੌਰ ਦੇ ਪਤੀ ਨੇ ਦੱਸਿਆ ਕਿ ਇਸ ਮਤੇ ਤਹਿਤ ਪਿੰਡ ਵਿੱਚ ਸਮੂਹ ਗ੍ਰਾਮ ਪੰਚਾਇਤ ਦੀ ਸਰਬਸੰਮਤੀ ਨਾਲ ਕਈ ਅਹਿਮ ਫੈਸਲੇ ਲਏ ਗਏ। ਜਿਨ੍ਹਾਂ ਵਿਚ ਪਿੰਡ ਅੰਦਰ ਸਾਦੇ ਭੋਗ ਪਾਉਣਾ, ਮੌਤ ਤੇ ਭੋਗ ਸਮੇਂ ਕੋਈ ਮਿਠਾਈ ਜਾਂ ਪਕੌੜਿਆਂ ਦਾ ਨਾ ਸੇਵਨ ਕਰਨਾ, ਪਿੰਡ ਦਾ ਲੜਕਾ /ਲੜਕੀ ਦੇ ਆਪਸ ਵਿਚ ਵਿਆਹ ਕਰਾਉਣ 'ਤੇ ਸਮਾਜਿਕ ਬਾਈਕਾਟ ਕਰਨਾ, ਨਸ਼ਾ ਤਸਕਰ/ਚੋਰੀ ਕਰਨ ਵਾਲੇ ਵਿਅਕਤੀ ਆਦਿ ਦੀ ਹਮਾਇਤ ਨਾ ਕਰਨਾ, ਪਿੰਡ ਵਿਚ ਟਰੈਕਟਰ ਆਦਿ ਉੱਪਰ ਕੋਈ ਉੱਚੀ ਅਵਾਜ ਵਿਚ ਗਾਣੇ ਵਜਾਉਣ ਵਾਲੇ ਖਿਲਾਫ ਪੁਲਿਸ ਕਾਰਵਾਈ ਕਰਾਉਣਾ, ਜੋ ਵੀ ਆਪਣੀ ਮਰਜ਼ੀ ਨਾਲ ਆਪਣੇ ਗੇਟ ਦੇ ਅੱਗੇ ਲੋੜ ਤੋਂ ਵੱਧ ਰੈਂਪ ਵਧਾਏਗਾ ਤਾਂ ਉਸ ਉੱਤੇ ਕਾਨੂੰਨੀ ਕਾਰਵਾਈ ਕਰਨਾ, ਪਿੰਡ ਵਿਚ ਖੁਸ਼ੀਆਂ ਨੂੰ ਵਧਾਈ ਦੇਣ ਲਈ ਬੱਚੇ ਦੇ ਜਨਮ ਤੇ ਵਿਆਹ ਦੀ ਖੁਸ਼ੀ ਵਿੱਚ 1100 ਤੋਂ 2100 ਰੁਪਏ ਵੱਧ ਤੋਂ ਵੱਧ ਦੇਣ ਦਾ ਮਤਾ ਪਾਸ ਕਰਕੇ ਫੈਸਲਾ ਲਿਆ ਗਿਆ। ਇਸ ਤੋਂ ਇਲਾਵਾ ਵਿਆਹ ਸਮੇਂ 10:00 ਵਜੇ ਤੋਂ ਬਾਅਦ ਡੀ.ਜੇ. ਬੰਦ ਕਰਨਾ ਅਤੇ ਪਿੰਡ ਦੀ ਸੱਥ ਜਾਂ ਸਾਂਝੀਆਂ ਥਾਵਾਂ ਉੱਤੇ ਰਾਤ 10:00 ਵਜੇ ਤੋਂ ਬਾਅਦ ਨਾ ਬੈਠਣ ਦਾ ਮਤਾ ਪਾਸ ਕੀਤਾ, ਜਿਸ ਨੂੰ ਸਮੂਹ ਗ੍ਰਾਮ ਪੰਚਾਇਤ ਵੱਲੋਂ ਮਨਜ਼ੂਰ ਕੀਤਾ ਗਿਆ।



## ਵਿਜੈ ਕੁਮਾਰ ਕੂਕਾ ਭਾਰਤੀ ਜਨਤਾ ਪਾਰਟੀ ਪਟਿਆਲ਼ਾ (ਸ਼ਹਿਰੀ) ਦੇ ਪ੍ਰਧਾਨ ਬਣੇ

**ਪਟਿਆਲਾ (ਰਾਜਿੰਦਰ ਥਿੰਦ)** ਭਾਰਤੀ ਜਨਤਾ ਪਾਰਟੀ ਵੱਲੋਂ ਪਟਿਆਲਾ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਗਈ, ਜਿਸ ਵਿੱਚ ਜ਼ਿਲ੍ਹਾ ਪ੍ਰਧਾਨ ਵਿਜੇ ਕੂਕਾ ਨੂੰ ਥਾਪਿਆ ਗਿਆ ਤੇ ਜਸਪਾਲ ਸਿੰਘ ਨੂੰ ਪਟਿਆਲਾ ਜ਼ਿਲ੍ਹਾ ਉੱਤਰੀ ਦੇ ਪ੍ਰਧਾਨ ਲਾਇਆ ਗਿਆ।ਇਸ ਮੌਕੇ ਬੀਜੇਪੀ ਦੇ ਸੀਨੀਅਰ ਆਗੂ ਜਰਨੈਲ ਸਿੰਘ ਨੇ ਜਸਪਾਲ ਸਿੰਘ ਨੂੰ ਪਟਿਆਲਾ ਜ਼ਿਲ੍ਹਾ ਉੱਤਰੀ ਦੇ ਪ੍ਰਧਾਨ ਨਿਯੁਕਤ ਕੀਤੇ ਜਾਣ 'ਤੇ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ ਅਤੇ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਯੋਗ ਅਤੇ ਇਮਾਨਦਾਰ ਤਨਦੇਹੀ ਨਾਲ ਕੰਮ ਕਰਨ ਵਾਲੇ ਵਿਅਕਤੀਆਂ ਨੂੰ ਅਹੁਦੇਦਾਰੀਆਂ ਨਵਾਜ ਕੇ ਪਾਰਟੀ ਦੀਆਂ ਵਿਸ਼ੇਸ਼ ਜ਼ਿੰਮੇਵਾਰੀਆਂ ਸੌਂਪੀਆਂ ਹਨ। ਸੀਨੀਅਰ ਆਗੂ ਜਰਨੈਲ ਸਿੰਘ ਨੇ ਕਿਹਾ ਕਿ ਪਾਰਟੀ ਦੇ ਸਾਰੇ ਵਰਕਰ ਥਾਪੇ ਗਏ ਅਹੁਦੇਦਾਰਾਂ ਨਾਲ ਮਿਲ ਕੇ ਕੰਮ ਕਰਨਗੇ ਤੇ ਕੇਂਦਰ ਦੀ ਸਰਕਾਰ ਵੱਲੋਂ ਕੀਤੇ ਹੋਏ ਕੰਮਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਾਉਣਗੇ।ਉਨ੍ਹਾਂ ਕਿਹਾ ਕਿ ੧ਪੰਜਾਬ ਵਿੱਚ ਬੀਜੇਪੀ ਦਾ ਲਗਾਤਾਰ ਆਧਾਰ ਵੱਧ ਰਿਹਾ ਹੈ।ਲੋਕ ਕੇਂਦਰ ਦੀ ਸਰਕਾਰ ਦੇ ਕੰਮਾਂ ਤੋਂ ਪੂਰੀ ਤਰ੍ਹਾਂ ਸੰਤੁਸ਼ਟ ਹਨ ਤੇ ਲਗਾਤਾਰ ਪਾਰਟੀ ਨਾਲ ਜੁੜ ਰਹੇ ਹਨ।ਉਨ੍ਹਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿੱਚ ਪਾਰਟੀ ਦੂਜੀਆਂ ਸਾਰੀਆਂ ਪਾਰਟੀਆਂ ਨੂੰ ਪਿੱਛੇ ਛੱਡ ਕੇ ਵੱਡੇ ਉਭਾਰ ਨਾਲ ਪੰਜਾਬ ਵਿੱਚ ਆਪਣੇ ਪੈਰ ਮਜਬੂਤ ਕਰੇਗੀ ਤੇ 2027 ਵਿੱਚ ਬੀਜੇਪੀ ਆਪਣੇ ਬਲ ਤੇ ਹੀ ਸਰਕਾਰ ਬਣਾਉਣ ਦਾ ਸੁਪਨਾ ਪੂਰਾ ਕਰੇਗੀ।



## ਬਾਬਾ ਮੋਨੀ ਜੀ ਕਾਲਜ 'ਚ ਅੰਗਰੇਜ਼ੀ ਵਿਭਾਗ ਵੱਲੋਂ ਇੱਕ ਰੋਜ਼ਾ ਸੈਮੀਨਾਰ

**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**- ਬਾਬਾ ਮੋਨੀ ਜੀ ਮਹਾਰਾਜ ਡਿਗਰੀ ਕਾਲਜ ਅੰਗਰੇਜ਼ੀ ਵਿਭਾਗ ਵੱਲੋਂ ਵਿਸ਼ਵ ਪ੍ਰਸਿੱਧ ਕਵੀ ਪੀ.ਬੀ. ਸ਼ੈਲੀ ਦੇ ਜੀਵਨ ਤੇ ਸਾਹਿਤਕ ਯੋਗਦਾਨ 'ਤੇ ਆਧਾਰਤ ਇਕਰੋਜ਼ਾ ਸੈਮੀਨਾਰ ਕਾਲਜ ਦੇ ਸੈਮੀਨਾਰ ਹਾਲ ਵਿੱਚ ਆਯੋਜਤ ਕੀਤਾ ਗਿਆ। ਇਸ ਸੈਮੀਨਾਰ ਦਾ ਉਦੇਸ਼ ਵਿਦਿਆਰਥੀਆਂ ਨੂੰ ਸ਼ੈਲੀ ਦੀ ਕਾਵਿ-ਸ਼ੈਲੀ ਤੇ ਵਿਚਾਰਧਾਰਾ ਨਾਲ ਜਾਣੂ ਕਰਾਉਣਾ ਸੀ। ਸਮਾਗਮ ਦੀ ਸ਼ੁਰੂਆਤ ਸਮਾਗਮ ਮੁਖੀ ਮੋਨਿਕਾ ਸ਼ਰਮਾ ਵੱਲੋਂ ਸਵਾਗਤੀ ਭਾਸ਼ਣ ਨਾਲ ਹੋਈ। ਵਿਦਿਆਰਥੀਆਂ ਨੇ 'ਓਡ ਟੂ ਦ ਵੈਸਟ ਵਿੰਡ', 'ਟੂ ਏ ਸਕਾਈਲਾਰਕ' ਆਦਿ ਕਵਿਤਾਵਾਂ ਉੱਤੇ ਵਿਸਥਾਰ ਨਾਲ ਵਿਚਾਰ ਸਾਂਝੇ ਕੀਤੇ। ਵਿਦਿਆਰਥੀਆਂ ਵੱਲੋਂ ਕਵਿਤਾ ਪਾਠ ਅਤੇ ਆਲੋਚਨਾਤਮਕ ਵਿਵੇਚਨਾ ਰਾਹੀਂ ਉਤਸ਼ਾਹਪੂਰਕ ਭਾਗੀਦਾਰੀ ਨਿਭਾਈ ਗਈ। ਇਸ ਦੌਰਾਨ ਇੱਕ ਕੁਇਜ਼ ਮੁਕਾਬਲਾ ਵੀ ਕਰਾਇਆ ਗਿਆ, ਜਿਸ ਰਾਹੀਂ ਵਿਦਿਆਰਥੀਆਂ ਨੇ ਕਵੀ ਪੀ.ਬੀ.ਸ਼ੈਲੀ ਦੀ ਜੀਵਨ ਕਥਾ ਅਤੇ ਰਚਨਾਵਾਂ ਨਾਲ ਜੁੜੇ ਪ੍ਰਸ਼ਨਾਂ ਦੇ ਜਵਾਬ ਦਿੱਤੇ। ਭਾਸ਼ਣ ਮੁਕਾਬਲੇ 'ਚ ਜਸ਼ਨਪ੍ਰੀਤ ਕੌਰ ਨੇ ਪਹਿਲਾ, ਰਮਨਜੋਤ ਕੌਰ ਨੇ ਦੂਜਾ ਤੇ ਜਗਦੀਪ ਕੌਰ ਤੇ ਦਮਨਜੋਤ ਕੌਰ ਨੇ ਤੀਜਾ, ਕਵਿਤਾ ਮੁਕਾਬਲੇ 'ਚ ਸੁਖਦੀਪ ਕੌਰ ਨੇ ਪਹਿਲਾ ਤੇ ਅਨਮੋਲਪ੍ਰੀਤ ਕੌਰ ਨੇ ਦੂਜਾ ਅਤੇ ਪੋਸਟਰ ਮੁਕਾਬਲੇ 'ਚ ਸਹਿਜਦੀਪ ਕੌਰ ਨੇ ਪਹਿਲਾ ਤੇ ਨਵਜੋਤ ਕੌਰ ਨੇ ਦੂਜਾ ਸਥਾਨ ਹਾਸਲ ਕੀਤਾ। ਸਮਾਰੋਹ ਸਮਾਪਤੀ 'ਤੇ ਮੈਨੇਜਮੈਂਟ ਵੱਲੋਂ ਸਾਰੇ ਜੇਤੂ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਰਟੀਫਿਕੇਟ ਵੀ ਦਿੱਤੇ ਗਏ, ਜੋ ਉਨ੍ਹਾਂ ਦੀ ਕਾਬਲੀਅਤ ਤੇ ਵਿੱਦਿਆ ਸਨਮਾਨ ਦਾ ਪ੍ਰਮਾਣ ਹੈ।



## ਡੀਪੂ ਹੋਲਡਰਾਂ ਨੇ ਚੇਅਰਮੈਨ ਢਿੱਲੋਂ ਨੂੰ ਸੌਂਪਿਆ ਮੰਗ ਪੱਤਰ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**- ਰਾਸ਼ਨ ਡੀਪੂ ਹੋਲਡਰ ਫੈਡਰੇਸ਼ਨ ਪੰਜਾਬ ਨੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਕਾਂਝਲਾ ਦੀ ਅਗਵਾਈ ਹੇਠ ਪੰਜਾਬ ਰਾਜ ਲਘੂ ਉਦਯੋਗ ਵਿਕਾਸ ਨਿਗਮ ਦੇ ਚੇਅਰਮੈਨ ਦਲਬੀਰ ਸਿੰਘ ਢਿੱਲੋਂ ਨੂੰ ਮੁੱਖ ਮੰਤਰੀ ਦੇ ਨਾਂਅ ਮੰਗ ਪੱਤਰ ਸੌਂਪਿਆ ਅਤੇ ਮੁੱਖ ਮੰਤਰੀ ਨਾਲ ਮੀਟਿੰਗ ਦੀ ਮੰਗ ਵੀ ਰੱਖੀ। ਮੰਗ ਪੱਤਰ ਵਿੱਚ ਡੀਪੂ ਹੋਲਡਰਾਂ ਲਈ ਮਾਣ ਭੱਤਾ 68000 ਪ੍ਰਤੀ ਮਹੀਨਾ, ਬਿਜਲੀ ਬਿੱਲ, ਦੁਕਾਨ ਕਿਰਾਇਆ, ਘੱਟੋ-ਘੱਟ 500 ਕਾਰਡਾਂ ਦੀ ਅਲਾਟਮੈਂਟ, ਸਪਲਾਈ ਬਹਾਲੀ, ਮਾਫ਼ੀਆ ਚੇਨ ਦੀ ਤੋੜ ਅਤੇ ਗੈਰ ਅਧਿਕਾਰਤ ਦਖਲਅੰਦਾਜ਼ੀ ਖਤਮ ਕਰਨ ਸਮੇਤ ਹੋਰ ਮੰਗਾਂ ਸ਼ਾਮਲ ਹਨ। ਕਾਂਝਲਾ ਨੇ ਕਿਹਾ ਕਿ ਡੀਪੂਆਂ ਨੂੰ ਆਯੁਸ਼ਮਾਨ ਯੋਜਨਾ 'ਚ ਸ਼ਾਮਲ ਕੀਤਾ ਜਾਵੇ, ਕਣਕ ਵਿੱਚ ਨਮੀ ਦੀ ਵੱਧ ਘੱਟ ਜਾਂਚ ਹੋਵੇ, ਈ ਐਸ ਓ ਤੇ ਈ ਕੇ ਵਾਈ ਸੀ ਕੰਮ ਦਾ ਮਿਹਨਤਾਨਾ ਮਿਲੇ ਅਤੇ ਈ-ਪੋਸ਼ ਮਸ਼ੀਨ ਦਾ ਕਿਰਾਇਆ ਵੀ ਦਿੱਤਾ ਜਾਵੇ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਮੰਗਾਂ ਨਾ ਮੰਨੀਆਂ ਗਈਆਂ ਤਾਂ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਚੇਅਰਮੈਨ ਢਿੱਲੋਂ ਨੇ ਮੰਗਾਂ ਨੂੰ ਮੁੱਖ ਮੰਤਰੀ ਤੱਕ ਪਹੁੰਚਾਉਣ ਦਾ ਵਿਸ਼ਵਾਸ ਦਿੱਤਾ।



## ਰਾਮਬਾਗ ਸੇਵਾ ਸਦਨ ਦਾ ਨੀਂਹ ਪੱਥਰ ਅੱਜ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**- ਰਾਮਬਾਗ ਚੈਰੀਟੇਬਲ ਸੁਸਾਇਟੀ ਧੂਰੀ ਵੱਲੋਂ ਉਸਾਰੇ ਜਾਣ ਵਾਲੇ ਰਾਮ ਬਾਗ ਸੇਵਾ ਸਦਨ ਦਾ ਨੀਂਹ ਪੱਥਰ 7 ਅਗਸਤ ਨੂੰ ਰੱਖਿਆ ਜਾਵੇਗਾ। ਰਾਮਬਾਗ ਚੈਰੀਟੇਬਲ ਸੁਸਾਇਟੀ ਦੇ ਪ੍ਰਧਾਨ ਐਡਵੋਕੇਟ ਪਵਨ ਕੁਮਾਰ ਗਰਗ, ਜਨਰਲ ਸਕੱਤਰ ਐਡਵੋਕੇਟ ਰਾਜ ਕੁਮਾਰ ਸਿੰਗਲਾ ਅਤੇ ਪ੍ਰੈੱਸ ਸੈਕਟਰੀ ਹੰਸ ਰਾਜ ਬਜਾਜ ਨੇ ਦੱਸਿਆ ਕਿ ਸ਼ਹਿਰ ਨਿਵਾਸੀਆਂ ਅਤੇ ਸਰਕਾਰ ਦੇ ਸਹਿਯੋਗ ਨਾਲ ਉਸਾਰੇ ਜਾਣ ਵਾਲੇ ਸੇਵਾ ਸਦਨ ਦਾ ਨੀਂਹ ਪੱਥਰ ਧਾਰਮਿਕ ਰਸਮਾਂ ਨਾਲ 7 ਅਗਸਤ ਨੂੰ ਰੱਖਿਆ ਜਾਵੇਗਾ ਅਤੇ ਨੀਂਹ ਪੱਥਰ ਰੱਖਣ ਤੋਂ ਪਹਿਲਾਂ ਸਵੇਰੇ 8 ਵਜੇ ਭੂਮੀ ਪੂਜਨ ਕੀਤਾ ਜਾਵੇਗਾ। ਉਪਰੰਤ ਸ੍ਰੀ ਸ੍ਰੀ 1008 ਸਵਾਮੀ ਅਮ੍ਰਿਤਾ ਨੰਦ ਆਪਣੇ ਕਰ ਕਮਲਾਂ ਨਾਲ ਨੀਂਹ ਪੱਥਰ ਰੱਖਣਗੇ।

# ਵਿੱਤ ਮੰਤਰੀ ਚੀਮਾ ਨੇ 'ਫਰੀਡਮ ਫਾਈਟਰਜ਼ ਉੱਤਰਾਧਿਕਾਰੀ ਸੰਸਥਾ' ਦੀਆਂ ਜਾਇਜ਼ ਮੰਗਾਂ ਨੂੰ ਜਲਦ ਪੂਰਾ ਕਰਨ ਦੇ ਦਿੱਤੇ ਨਿਰਦੇਸ਼

**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਦੇ ਵਿੱਤ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਵੱਲੋਂ ਸੁਤੰਤਰਤਾ ਸੰਗਰਾਮੀ ਵਿਭਾਗ ਨੂੰ 'ਫਰੀਡਮ ਫਾਈਟਰਜ਼, ਉੱਤਰਾਧਿਕਾਰੀ ਸੰਸਥਾ' ਵੱਲੋਂ ਉਠਾਈਆਂ ਗਈਆਂ ਸਾਰੀਆਂ ਜਾਇਜ਼ ਮੰਗਾਂ ਦੇ ਹੱਲ ਵਿੱਚ ਤੇਜ਼ੀ ਲਿਆਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਦੇਸ਼ ਆਜ਼ਾਦੀ ਅੰਦੋਲਨ ਦੌਰਾਨ ਕੀਤੀਆਂ ਗਈਆਂ ਬੇਮਿਸਾਲ ਕੁਰਬਾਨੀਆਂ ਦਾ ਹਮੇਸ਼ਾ ਰਿਣੀ ਅਤੇ ਪੰਜਾਬ ਸਰਕਾਰ ਉਨ੍ਹਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੇ ਨਾਲ-ਨਾਲ ਉਨ੍ਹਾਂ ਦੇ ਵਾਰਸਾਂ ਦੇ ਸਨਮਾਨ ਨੂੰ ਕਾਇਮ ਰੱਖਣ ਪ੍ਰਤੀ ਵਚਨਬੱਧ ਹੈ। 'ਫਰੀਡਮ ਫਾਈਟਰਜ਼, ਉੱਤਰਾਧਿਕਾਰੀ ਸੰਸਥਾ, ਪੰਜਾਬ' ਦੇ ਨੁਮਾਇੰਦਿਆਂ ਨਾਲ ਪੰਜਾਬ ਸਿਵਲ ਸਕੱਤਰੇਤ ਵਿੱਚ ਆਪਣੇ ਦਫਤਰ ਵਿਖੇ ਹੋਈ ਮੀਟਿੰਗ ਦੌਰਾਨ, ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਉਨ੍ਹਾਂ ਵੱਲੋਂ ਉਠਾਏ ਗਏ ਵੱਖ-ਵੱਖ ਮੁੱਦਿਆਂ 'ਤੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ।ਵਿੱਤ ਮੰਤਰੀ ਨੇ ਵਿਸ਼ੇਸ਼ ਮੁੱਖ ਸਕੱਤਰ, ਸੁਤੰਤਰਤਾ ਸੰਗਰਾਮੀ ਵਿਭਾਗ, ਰਾਜੀ ਪੀ. ਸ਼੍ਰੀਵਾਸਤਵ ਨੂੰ ਸੰਸਥਾ ਦੀਆਂ ਸਾਰੀਆਂ ਜਾਇਜ਼ ਮੰਗਾਂ ਦੇ ਸਮੇਂ ਸਿਰ ਅਤੇ ਪਾਰਦਰਸ਼ੀ ਹੱਲ ਨੂੰ ਯਕੀਨੀ ਬਣਾਉਂਦੇ ਹੋਏ ਨਿਵਾਰਣ ਪ੍ਰਕਿਰਿਆ ਨੂੰ ਤੇਜ਼ ਕਰਨ ਦੇ ਨਿਰਦੇਸ਼ ਦਿੱਤੇ। ਮੀਟਿੰਗ ਦੌਰਾਨ 'ਫਰੀਡਮ ਫਾਈਟਰਜ਼, ਉੱਤਰਾਧਿਕਾਰੀ ਸੰਸਥਾ, ਪੰਜਾਬ' ਦੀ ਨੁਮਾਇੰਦਗੀ ਕਰਦਿਆਂ ਸੂਬਾ ਪ੍ਰਧਾਨ ਚਤਿੰਨ ਸਿੰਘ ਸੇਖੋਂ ਮਾਨਸਾ, ਜਨਰਲ ਸਕੱਤਰ ਰਵਿੰਦਰ ਸਿੰਘ ਨੰਗਲਾ ਬਠਿੰਡਾ ਅਤੇ ਸੀਨੀਅਰ ਮੀਤ ਪ੍ਰਧਾਨ ਮੇਜਰ ਸਿੰਘ ਬਰਨਾਲਾ ਵੱਲੋਂ ਸੰਸਥਾ ਦੀਆਂ ਮੰਗਾਂ ਅਤੇ ਮੁੱਦੇ ਪੇਸ਼ ਕੀਤੇ ਗਏ।



## ਸਾਇੰਸ ਮਾਡਲ ਸੰਬੰਧੀ ਵਰਕਸ਼ਾਪ

**ਫਗਵਾੜਾ (ਡਾ. ਰਮਨ)**- ਸਰਕਾਰੀ ਹਾਈ ਸਕੂਲ ਖਲਵਾੜਾ ਵਿਖੇ ਸਕੂਲ ਇੰਚਾਰਜ ਸਤੀਸ਼ ਕੁਮਾਰ ਦੀ ਨਿਗਰਾਨੀ ਹੇਠ ਸਾਇੰਸ ਮਾਡਲ ਸਬੰਧੀ ਵਰਕਸ਼ਾਪ ਲਗਾਈ ਗਈ।




ਪ੍ਰੋਗਰਾਮ ਦੌਰਾਨ ਨੈਸ਼ਨਲ ਐਵਾਰਡੀ ਮਾਸਟਰ ਗੁਰਮੀਤ ਸਿੰਘ ਅਤੇ ਸੇਵਾ ਮੁਕਤ ਹੈਡ ਮਾਸਟਰ ਨਰੇਸ਼ ਕੋਹਲੀ ਨੇ ਮੁੱਖ ਬੁਲਾਰਿਆਂ ਵਜੋਂ ਸ਼ਿਰਕਤ ਕੀਤੀ। ਉਹਨਾਂ ਨੇ ਇਸਤੇਮਾਲ ਕੀਤੇ ਹੋਏ ਉਹਨਾਂ ਪਦਾਰਥਾਂ, ਜਿਹਨਾਂ ਨੂੰ ਆਮ ਤੌਰ ਤੇ ਕੂੜੇਦਾਨ ਵਿੱਚ ਸੁੱਟ ਦਿੱਤਾ ਜਾਂਦਾ ਹੈ, ਰਾਹੀਂ ਵਧੀਆ ਮਾਡਲ ਤਿਆਰ ਕਰਵਾਏ ਅਤੇ ਵਿਦਿਆਰਥੀਆਂ ਨੂੰ ਸਾਇੰਸ ਦੇ ਬਹੁਤ ਸਾਰੇ ਦਿਲਚਸਪ ਪ੍ਰਯੋਗ ਜਿਵੇਂ ਹਵਾ ਥਾਂ ਘੇਰਦੀ ਹੈ, ਦਬਾਅ ਪਾਉਂਦੀ ਹੈ, ਬੋਤਲਾਂ ਦਾ ਕਲਾਕ ਵਾਈਜ਼ ਅਤੇ ਐਂਟੀ ਕਲਾਕ ਵਾਈਜ਼ ਘੁੰਮਣਾ ਆਦਿ ਕਰਕੇ ਦਿਖਾਏ ਅਤੇ ਇਹਨਾਂ ਦੇ ਪਿੱਛੇ ਦੇ ਵਿਗਿਆਨਕ ਕਾਰਨਾਂ ਬਾਰੇ ਚਾਨਣਾ ਪਾਇਆ । ਵਿਦਿਆਰਥੀਆਂ ਨੇ ਇਸ ਵਰਕਸ਼ਾਪ ਰਾਹੀਂ ਅਨੋਖੇ ਮਾਡਲਾਂ ਅਤੇ ਰੋਚਕ ਪ੍ਰਯੋਗਾਂ ਦਾ ਖੂਬ ਆਨੰਦ ਮਾਣਿਆ। ਉਹਨਾਂ ਵਾਅਦਾ ਕੀਤਾ ਕਿ ਵੇਸਟ ਪਦਾਰਥਾਂ ਨੂੰ ਸੁੱਟਣ ਦੀ ਬਜਾਏ ਸਾਇੰਸ ਮਾਡਲ ਤਿਆਰ ਕਰਨਗੇ। ਸਕੂਲ ਇੰਚਾਰਜ ਸਤੀਸ਼ ਕੁਮਾਰ ਵੱਲੋਂ ਅਖੀਰ 'ਚ ਸਮੂਹ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਇਸ ਮੌਕੇ ਸਕੂਲ ਸਟਾਫ ਹਰਸਿਮਰਨ ਸਿੰਘ, ਰਜਿੰਦਰ ਕੌਰ, ਸਵਿਤਾ ਪਵਾਰ, ਅਤਿਕਾ ਧੀਰ, ਪੂਜਾ ਸੂਦ, ਜੋਤੀ ਕੁਮਾਰੀ, ਰਚਨਾ ਦੇਵੀ, ਕਮਲੇਸ਼ ਕੌਰ, ਆਸ਼ਾ ਰਾਣੀ, ਦੀਪਾਵਲੀ, ਸੁਖਵਿੰਦਰ ਕੌਰ ਰਾਣਾ ਸਹਾਇਕ ਅਸਿਸਟੈਂਟ ਆਦਿ ਹਾਜ਼ਰ ਸਨ।

## ਸੜਕ ਹਾਦਸੇ ਦੇ ਮਾਮਲੇ 'ਚ ਅਦਾਲਤ ਨੇ ਸੁਣਾਈ ਕੈਦ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਸੜਕ ਹਾਦਸੇ ਦੇ ਮਾਮਲੇ 'ਚ ਪੁਲਸ ਵੱਲੋਂ ਨਾਮਜ਼ਦ ਕੀਤੇ ਗਏ ਇੱਕ ਵਿਅਕਤੀ ਨੂੰ ਇੱਥੋਂ ਦੀ ਅਦਾਲਤ ਵੱਲੋਂ ਸਜ਼ਾ ਸੁਣਾਏ ਜਾਣ ਦਾ ਸਮਾਚਾਰ ਹੈ। ਮਿਤੀ 8/12/20 ਨੂੰ ਥਾਣਾ ਸਰਹਿੰਦ ਵਿਖੇ ਅ/ਧ 279,338 ਆਈ.ਪੀ.ਸੀ. ਤਹਿਤ ਦਰਜ ਕੀਤੇ ਗਏ ਮੁਕੱਦਮੇ 'ਚ ਪੁਲਸ ਵੱਲੋਂ ਨਿਰਪਜੀਤ ਸਿੰਘ(28) ਵਾਸੀ ਪਿੰਡ ਸਿੱਧਵਾਂ ਨੂੰ ਨਾਮਜ਼ਦ ਕੀਤਾ ਗਿਆ ਸੀ।ਸ਼ਿਕਾਇਤਕਰਤਾ ਧਿਰ ਨੇ ਦੋਸ਼ ਲਾਏ ਸਨ ਕਿ ਪਿੰਡ ਆਦਮਪੁਰ ਵਿਖੇ ਖੇਤ ਮਜ਼ਦੂਰ ਦਾ ਕੰਮ ਕਰਨ ਵਾਲਾ ਫੇਕੂ ਰਾਊਤ ਉਰਫ ਰਾਮੂ ਦੁਪਹਿਰ ਸਮੇਂ ਆਦਮਪੁਰ ਨਜ਼ਦੀਕ ਸੜਕ ਕੰਢੇ ਪੈਦਲ ਤੁਰਿਆ ਜਾ ਰਿਹਾ ਸੀ ਤਾਂ ਪਿੰਡ ਬਧੌਛੀ ਖੁਰਦ ਵਾਲੀ ਲਿੰਕ ਰੋਡ ਨਜ਼ਦੀਕ ਪਹੁੰਚਣ 'ਤੇ ਬੜੀ ਤੇਜ਼ ਰਫ਼ਤਾਰ ਨਾਲ ਹਾਰਲੇ ਡੇਵਿਡਸਨ ਮੋਟਰਸਾਈਕਲ ਲੈ ਕੇ ਆ ਰਹੇ ਨਿਰਪਜੀਤ ਸਿੰਘ ਨੇ ਅਣਗਹਿਲੀ ਨਾਲ ਡਰਾਈਵਿੰਗ ਕਰਦੇ ਹੋਏ ਫੇਕੂ ਰਾਊਤ ਉਰਫ ਰਾਮੂ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਰਾਮੂ 10-12 ਫੁੱਟ ਦੂਰ ਜਾ ਕੇ ਡਿੱਗਾ ਤੇ ਮੋਟਰਸਾਈਕਲ ਚਾਲਕ ਵੀ ਨੇੜਲੇ ਖੇਤਾਂ ਵਿੱਚ ਜਾ ਡਿੱਗਿਆ, ਜਿਸ ਕਾਰਨ ਰਾਮੂ ਗੰਭੀਰ ਜ਼ਖਮੀ ਹੋ ਗਿਆ ਤੇ ਮੋਟਰਸਾਈਕਲ ਚਾਲਕ ਨਿਰਪਜੀਤ ਸਿੰਘ ਦੇ ਵੀ ਸੱਟਾਂ ਵੱਜੀਆਂ।ਉਪਰੋਕਤ ਮੁਕੱਦਮੇ ਦੀ ਸੁਣਵਾਈ ਪੂਰੀ ਹੋਣ 'ਤੇ ਏ.ਸੀ.ਜੀ.ਐਮ. ਦੀ ਅਦਾਲਤ ਨੇ ਨਿਰਪਜੀਤ ਸਿੰਘ ਨੂੰ ਮਾਮਲੇ 'ਚ ਅ/ਧ 338 ਆਈ.ਪੀ.ਸੀ. ਤਹਿਤ ਦੋਸ਼ੀ ਮੰਨਦੇ ਹੋਏ 2 ਸਾਲ ਕੈਦ ਬਾਮੁਸ਼ੱਕਤ ਅਤੇ ਅ/ਧ 279 ਆਈ.ਪੀ.ਸੀ. ਤਹਿਤ ਦੋਸ਼ੀ ਮੰਨਦੇ ਹੋਏ 6 ਮਹੀਨੇ ਕੈਦ ਬਾਮੁਸ਼ੱਕਤ ਸਜ਼ਾ ਸੁਣਾਈ ਹੈ।

## ਸਰਕਾਰੀ ਹਾਈ ਸਕੂਲ ਦੀ ਖੋ-ਖੋ ਮੁਕਾਬਲੇ 'ਚ ਝੰਡੀ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)** ਸਕੂਲ ਖੇਡਾਂ ਦੇ ਜ਼ੋਨ ਪੱਧਰੀ ਮੁਕਾਬਲਿਆਂ ਵਿੱਚ ਸਰਕਾਰੀ ਹਾਈ ਸਕੂਲ ਮਹਿਲ ਖੁਰਦ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ 9 ਹੈੱਡ ਮਾਸਟਰ ਕੁਲਦੀਪ ਸਿੰਘ ਕਮਲ ਨੇ ਦੱਸਿਆ ਕਿ ਜ਼ੋਨ ਪੱਧਰ ਖੇਡਾਂ ਦਾ ਉਦਘਾਟਨ ਸਰਪੰਚ ਹਰਪਾਲ ਸਿੰਘ ਮਹਿਲ ਖੁਰਦ ਅਤੇ ਚੇਅਰਮੈਨ ਰਕੇਸ਼ ਵਰਮਾ ਨੇ ਸਾਂਝੇ ਤੌਰ 'ਤੇ ਕੀਤਾ। ਇਸ ਸਮੇਂ ਸਰਕਾਰੀ ਹਾਈ ਸਕੂਲ ਮਹਿਲ ਖੁਰਦ ਦੀਆਂ ਅੰਡਰ-14 ਤੇ ਅੰਡਰ-17 ਲੜਕੀਆਂ ਨੇ ਪਹਿਲੀਆਂ ਪੁਜ਼ੀਸ਼ਨਾਂ ਹਾਸਲ ਕਰਕੇ ਸਕੂਲ ਤੇ ਮਾਪਿਆਂ ਦਾ ਨਾਂਅ ਰੌਸ਼ਨ ਕੀਤਾ ਹੈ, ਜਿਸ ਦਾ ਸਿਹਰਾ ਡੀ ਪੀ ਈ ਬਾਬੂ ਸਿੰਘ ਦੀ ਸਖ਼ਤ ਮਿਹਨਤ ਨੂੰ ਜਾਂਦਾ ਹੈ। ਅਖੀਰ ਵਿੱਚ ਜਸਵਿੰਦਰਪਾਲ ਸਿੰਘ ਬੁੱਟਰ ਨੇ ਸਾਰੇ ਸਕੂਲਾਂ ਦੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੱਤੀ।



## ਪੰਜਾਬ ਗਤਕਾ ਐਸੋਸੀਏਸ਼ਨ ਨੇ ਗਤਕੇ ਦੇ ਮੈਚ ਕਰਵਾਏ

**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**- ਪੰਜਾਬ ਗਤਕਾ ਐਸੋਸੀਏਸ਼ਨ ਰਜਿ: ਅਤੇ ਜ਼ਿਲ੍ਹਾ ਗਤਕਾ ਐਸੋਸੀਏਸ਼ਨ ਫਿਰੋਜ਼ਪੁਰ ਦੇ ਚੇਅਰਮੈਨ ਦਰਸ਼ਨ ਸਿੰਘ ਮੋਠਾਂਵਾਲਾ ਮੈਂਬਰ ਸ਼੍ਰੋਮਣੀ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਅਗਵਾਈ ਵਿੱਚ ਗਤਕਾ ਐਸੋਸੀਏਸ਼ਨ ਫਿਰੋਜ਼ਪੁਰ ਵੱਲੋਂ ਗਤਕੇ ਦੇ ਮੈਚ ਸੈਂਟ ਰਾਉ ਦਾਸ ਗੁਰੂਕੁਲ ਗੋਲੂ ਕੇ ਵਿਖੇ ਕਰਵਾਏ ਗਏ। ਜਿਸ ਵਿੱਚ ਫਿਰੋਜ਼ਪੁਰ ਜ਼ਿਲ੍ਹੇ ਦੀਆਂ ਨਾਮਵਰ ਟੀਮਾਂ ਨੇ ਭਾਗ ਲਿਆ। ਜਿਸ ਦੀ ਸ਼ੁਰੂਆਤ ਮੁੱਖ ਮਹਿਮਾਨ ਵਜੋਂ ਪਹੁੰਚੇ ਡੇਰਾ ਭਜਨ ਗੜ੍ਹ ਦੇ ਮੁਖੀ ਸੰਤ ਬਾਬਾ ਰਾਜਿੰਦਰ ਸਿੰਘ ਅਤੇ ਸਕੂਲ ਦੇ ਪ੍ਰਿੰਸੀਪਲ ਪ੍ਰਸੰਨਤਾ ਰਾਣੀ ਵਲੋਂ ਕੀਤੀ ਗਈ।ਜਿਸ ਵਿੱਚ ਗਤਕਾ ਕੋਚ ਅਨੋਖ ਸਿੰਘ, ਨਿਸ਼ਾਨ ਸਿੰਘ, ਗੁਰਮੀਤ ਸਿੰਘ, ਕੁਸ਼ਲਦੀਪ ਸਿੰਘ, ਪ੍ਰਭਜੋਤ ਸਿੰਘ, ਜਨਰਲ ਸੈਕਟਰੀ ਸੁਖਚੈਨ ਸਿੰਘ ਹਾਜ਼ਰ ਰਹੇ। ਸਕੂਲ ਦੇ ਕੋਆਡੀਨੇਟਰ ਗੀਤਾ ਮੈਡਮ ਨੇ ਵੀ ਬਹੁਤ ਸਹਿਯੋਗ ਕੀਤਾ। ਸਾਰੇ ਆਏ ਹੋਏ ਟੀਚਰ ਸਾਹਿਬਾਨ ਨੂੰ ਸਨਮਾਨਤ ਕੀਤਾ ਗਿਆ। ਇਸ ਗਤਕਾ ਮੁਕਾਬਲੇ ਵਿੱਚ ਵੱਖ ਵੱਖ ਸਕੂਲ ਅਤੇ ਅਕੈਡਮੀਆਂ ਵੱਲੋਂ ਲਗਭਗ 120 ਖਿਡਾਰੀਆਂ ਨੇ ਹਿੱਸਾ ਲਿਆ। ਡਾਕਟਰ ਸੁਖਚੈਨ ਸਿੰਘ ਨੇ ਬੱਚਿਆਂ ਨੂੰ ਗਤਕਾ ਦੀ ਮਹੱਤਤਾ ਸਮਝਾਉਂਦੇ ਹੋਏ ਆਖਿਆ ਕਿ ਗਤਕਾ ਸਾਡੇ ਵਿਰਸੇ ਦਾ ਅਨਮੋਲ ਹਿੱਸਾ ਹੈ।



## ...ਸਫ਼ਾ 1 ਦੇ ਬਾਕੀ

### ਬਿਜਲੀ ਮੰਤਰੀ ਤੇ ਪਾਵਰ ਮੈਨੇਜਮੈਂਟ...

ਬਕਾਏ ਦੇਣ ਆਦਿ ਮੰਗਾਂ ਵੱਟੇ-ਖਾਤੇ ਪਾਉਣ ਤੋਂ ਇਲਾਵਾ ਪੰਜਾਬ ਸਰਕਾਰ ਅਤੇ ਪਾਵਰ ਮੈਨੇਜਮੈਂਟ ਅਦਾਰੇ ਅੰਦਰ ਨਿੱਜੀਕਰਨ ਦੀ ਲੋਕ ਵਿਰੋਧੀ ਨੀਤੀ ਨੂੰ ਲੁਕਵੇਂ ਤਰੀਕੇ ਨਾਲ ਲਾਗੂ ਕਰਨ ਦੀ ਨੀਤੀ ਤਹਿਤ ਅਦਾਰੇ ਵਿੱਚ ਪੰਜਾਹ ਹਜ਼ਾਰ ਦੇ ਕਰੀਬ ਖਾਲੀ ਪਈਆਂ ਅਸਾਮੀਆਂ ਨੂੰ ਰੈਗੂਲਰ ਭਰਤੀ ਰਾਹੀਂ ਭਰਨ ਦੀ ਬਜਾਏ ਖਤਮ ਕੀਤਾ ਜਾ ਰਿਹਾ ਹੈ, ਪਿਛਲੇ ਪੈਡੀ ਸੀਜ਼ਨ ਦੌਰਾਨ ਡਿਊਟੀ ਕਰਦਿਆਂ ਘਾਤਕ ਹਾਦਸਿਆਂ ਦਾ ਸ਼ਿਕਾਰ ਹੋਏ ਬਿਜਲੀ ਕਾਮਿਆਂ ਦੇ ਪਰਵਾਰਾਂ ਨੂੰ ਵਧੇ ਮੁਆਵਜ਼ੇ ਦੀ ਅਦਾਇਗੀ ਕਰਨ ਤੋਂ ਕੋਰੀ ਨਾਂਹ ਕਰ ਦਿੱਤੀ ਹੈ ਅਤੇ ਜ਼ਖਮੀ ਕਾਮਿਆਂ ਨੂੰ ਕੈਸ਼ਲੈੱਸ ਇਲਾਜ ਦੀ ਸਹੂਲਤ ਨਹੀਂ ਦਿੱਤੀ ਜਾ ਰਹੀ। ਇਸੇ ਤਰ੍ਹਾਂ 17 ਜੁਲਾਈ 2020 ਤੋਂ ਬਾਅਦ ਭਰਤੀ ਕਰਮਚਾਰੀਆਂ ਉਪਰ ਬਿਜਲੀ ਨਿਗਮ ਦੇ ਤਨਖਾਹ ਸਕੇਲ ਲਾਗੂ ਕਰਨ ਦੀ ਜਗ੍ਹਾ ਧੱਕੇ ਨਾਲ ਕੇਂਦਰੀ ਸਕੇਲ ਲਾਗੂ ਕੀਤਾ ਗਿਆ ਹੈ। ਹਰ ਰੋਜ਼ ਵਾਪਰ ਰਹੇ ਹਾਦਸਿਆਂ ਨਾਲ ਕਾਮਿਆਂ ਦੀਆਂ ਹੋ ਰਹੀਆਂ ਮੌਤਾਂ ਤੇ ਗੰਭੀਰਤਾ ਨਾਲ ਵਿਚਾਰ ਨਹੀਂ ਕੀਤਾ ਜਾ ਰਿਹਾ, ਸੋਲੇਸ਼ੀਅਮ ਪਾਲਿਸੀ ਰਾਹੀਂ ਭਰਤੀ ਕਰਮਚਾਰੀਆਂ ਤੋਂ ਮੋੜਨਯੋਗ ਰਕਮ ਉਪਰ 12 ਪ੍ਰਤੀਸ਼ਤ ਵਿਆਜ ਦੀ ਜਬਰੀ ਵਸੂਲੀ ਕਰਨ ਦੇ ਪੱਤਰ ਜਾਰੀ ਕਰਕੇ ਕਾਮਿਆਂ ਨੂੰ ਪਰੇਸ਼ਾਨ ਕੀਤਾ ਜਾ ਰਿਹਾ ਹੈ, ਪਰ ਮੁਲਾਜ਼ਮ ਵਿਰੋਧੀ ਪਾਲਿਸੀ ਵਿੱਚ ਬਣਦੀ ਸੋਧ ਨਹੀਂ ਕੀਤੀ ਜਾ ਰਹੀ, ਇਨ ਹਾਊਸ ਕੰਟ੍ਰੈਕਟ ਕਰਮਚਾਰੀਆਂ ਨੂੰ ਰੈਗੂਲਰ ਕਰਨ ਦੇ ਮਸਲੇ ਨੂੰ ਲਮਕਾ ਅਵਸਥਾ ਵਿੱਚ ਰੱਖ ਕੇ ਉਨ੍ਹਾਂ ਦਾ ਆਰਥਿਕ ਸੋਸ਼ਣ ਕੀਤਾ ਜਾ ਰਿਹਾ ਹੈ, ਸੋਧੇ ਸਕੇਲ ਲਾਗੂ ਹੋਣ ਤੋਂ ਬਾਅਦ ਤਰੱਕੀ ਪਾ ਰਹੇ ਕਾਮਿਆਂ ਨੂੰ ਪੇ ਬੈਂਡ ਤੋਂ ਬਿਨਾਂ ਤਨਖਾਹ ਦਿੱਤੀ ਜਾ ਰਹੀ ਹੈ, ਗਰਿੱਡ ਸਟਾਫ, ਜੇ ਈ ਕੇਡਰ ਅਤੇ ਫੀਲਡ ਸਟਾਫ ਦੀਆਂ ਮੁਸ਼ਕਲਾਂ ਦਾ ਹੱਲ ਜਾਣਬੁੱਝ ਕੇ ਨਹੀਂ ਕੀਤਾ ਜਾ ਰਿਹਾ, ਆਨੇ-ਬਹਾਨੇ ਕਰਮਚਾਰੀਆਂ ਦੀਆਂ ਸਿਆਸੀ ਅਧਾਰ 'ਤੇ ਕੀਤੀਆਂ ਨਜਾਇਜ਼ ਬਦਲੀਆਂ ਰੱਦ ਨਹੀਂ ਕੀਤੀਆ ਗਈਆਂ, ਵੱਖ-ਵੱਖ ਸੀ ਆਰ ਏ ਰਾਹੀਂ ਭਰਤੀ ਲਾਈਨਮੈਨ/ ਐੱਸ ਐੱਸ ਏ ਕਰਮਚਾਰੀਆਂ ਦੇ ਕੰਟਰੈਕਟ ਸਮੇਂ ਦਾ ਲਾਭ ਨਾ ਦੇ ਕੇ ਮੁਲਾਜ਼ਮ ਵਰਗ ਨਾਲ ਧੱਕੇਸ਼ਾਹੀ ਕੀਤੀ ਜਾ ਰਹੀ ਹੈ, ਪੈਨਸ਼ਨਰਾਂ ਦੀ ਵਿਕਾਸ ਟੈਕਸ ਦੇ ਨਾਂਅ 'ਤੇ ਹਰੇਕ ਮਹੀਨੇ ਧੱਕੇ ਨਾਲ 200 ਰੁਪਏ ਦੀ ਕੀਤੀ ਜਾ ਰਹੀ ਕਟੌਤੀ ਬੰਦ ਨਹੀਂ ਕੀਤੀ ਜਾ ਰਹੀ । ਆਗੂਆਂ ਕਿਹਾ ਕਿ ਏ ਈ ਦੀ ਡਿਗਰੀ ਹੋਲਡਰ ਕੋਟੇ ਵਿੱਚ ਵਾਧੇ ਦੀ ਮੰਗ ਲਾਗੂ ਕਰਨ, ਭੱਤਿਆਂ ਵਿੱਚ ਵਾਧਾ ਕਰਨ, ਪਾਵਰਕਾਮ ਅਤੇ ਟ੍ਰਾਂਸਕੋ ਦੀਆਂ ਮਹਿਕਮਾਨਾ ਇਮਾਰਤਾਂ ਦੀ ਤਰਸਯੋਗ ਹਾਲਤ ਵਿੱਚ ਸੁਧਾਰ ਕਰਨ, ਦਫਤਰੀ ਕਰਮਚਾਰੀਆਂ ਲਈ ਵਾਤਾਵਰਨ ਦੇ ਅਨਕੂਲ ਦਫਤਰਾਂ ਵਿੱਚ ਬੈਠਣ ਦਾ, ਪੀਣ ਵਾਲੇ ਪਾਣੀ ਦਾ ਅਤੇ ਮਹਿਲਾ ਕਰਮਚਾਰੀਆਂ ਲਈ ਵੱਖਰੇ ਵਾਸ਼ਰੂਮਾਂ, ਈ ਆਰ ਪੀ ਸਿਸਟਮ ਦੀ ਵਰਤੋਂ ਲਈ ਬਿਜਲੀ ਕਰਮਚਾਰੀਆਂ ਨੂੰ ਲੈਪਟਾਪ ਦਾ ਢੁਕਵਾਂ ਪ੍ਰਬੰਧ ਕਰਨ ਆਦਿ ਮੰਗਾਂ ਵੱਲ ਮੈਨੇਜਮੈਂਟ ਧਿਆਨ ਨਹੀਂ ਦੇ ਰਹੀ, ਜਿਸ ਦੇ ਰੋਸ ਵਜੋਂ ਬਿਜਲੀ ਕਰਮਚਾਰੀਆਂ ਵੱਲੋਂ 25 ਜੂਨ ਤੋਂ ਲਗਾਤਾਰ ਵਰਕ-ਟੂ-ਰੂਲ ਅਨੁਸਾਰ ਸਿਰਫ ਆਪਣੀ ਬਣਦੀ ਡਿਊਟੀ ਕਰਨ ਤੋਂ ਇਲਾਵਾ ਫੀਲਡ ਵਿੱਚ ਰੋਸ ਮੁਜ਼ਾਹਰੇ ਕਰਨ ਦੇ ਬਾਅਦ 27 ਜੁਲਾਈ ਨੂੰ ਬਿਜਲੀ ਮੰਤਰੀ ਦੀ ਰਿਹਾਇਸ਼ ਅੱਗੇ ਵਿਸ਼ਾਲ ਰੋਸ ਧਰਨਾ ਲਗਾਉਣ ਤੋਂ ਬਾਅਦ ਮੈਨੇਜਮੈਂਟ ਵੱਲੋਂ ਦਿੱਤੀ ਮੀਟਿੰਗ ਬੇਸਿੱਟਾ ਰਹਿਣ ਕਰਕੇ ਬਿਜਲੀ ਕਰਮਚਾਰੀ 11 ਅਗਸਤ ਤੋਂ 13 ਅਗਸਤ ਤੱਕ ਸਮੂਹਿਕ ਛੁੱਟੀ ਭਰ ਕੇ ਸਮੁੱਚੇ ਪੰਜਾਬ ਦੇ ਬਿਜਲੀ ਦਫਤਰਾਂ ਸਾਹਮਣੇ ਪ੍ਰਦਰਸ਼ਨ ਕਰਦੇ ਹੋਏ ਮਜਬੂਰਨ ਅਦਾਰੇ ਦਾ ਸਮੁੱਚਾ ਕੰਮਕਾਜ ਠੱਪ ਕਰਨਗੇ ਅਤੇ 15 ਅਗਸਤ ਨੂੰ ਜ਼ਿਲ੍ਹਾ ਹੈੱਡਕੁਆਟਰ ਨੇੜਲੇ ਦਫਤਰ ਵਿੱਚ ਰੋਸ ਰੈਲੀ ਕਰਕੇ ਰੋਸ ਮਾਰਚ ਕੀਤਾ ਜਾਵੇਗਾ, ਜਿਸ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ ਅਤੇ ਬਿਜਲੀ ਨਿਗਮ ਦੀ ਮੈਨੇਜਮੈਂਟ ਦੀ ਹੋਵੇਗੀ।

ਮੁਲਾਜ਼ਮ ਆਗੂ ਹਰਪਾਲ ਸਿੰਘ, ਗੁਰਵੇਲ ਸਿੰਘ ਬੱਲਪੁਰੀਆ, ਗੁਰਭੇਜ ਸਿੰਘ ਢਿੱਲੋਂ, ਰਣਜੀਤ ਸਿੰਘ ਢਿੱਲੋਂ, ਜਸਵੀਰ ਸਿੰਘ ਆਂਡਲੂ, ਰਵੇਲ ਸਿੰਘ ਸਹਾਏਪੁਰ, ਸਰਿੰਦਰਪਾਲ ਲਹੌਰੀਆ , ਦਵਿੰਦਰ ਸਿੰਘ ਪਿਸ਼ੌਰ, ਸੁਖਵਿੰਦਰ ਸਿੰਘ ਚਾਹਲ, ਕਲਵਿੰਦਰ ਸਿੰਘ ਢਿੱਲੋਂ, ਸਰਬਜੀਤ ਸਿੰਘ ਭਾਣਾ, ਸਿਕੰਦਰ ਨਾਥ, ਪਵਨਪ੍ਰੀਤ ਸਿੰਘ, ਦਲੀਪ ਕੁਮਾਰ, ਬਾਬਾ ਅਮਰਜੀਤ ਸਿੰਘ, ਰਾਧੇ ਸ਼ਿਆਮ ਤੇ ਕੌਰ ਸਿੰਘ ਸੋਹੀ ਆਦਿ ਆਗੂ ਮੀਟਿੰਗ ਵਿੱਚ ਹਾਜ਼ਰ ਹੋਏ।

### ਬੈਂਸ ਨੂੰ ਗੁਰਦੁਆਰਾ ਗੁਰੂ ਕੇ ਮਹਿਲ...

ਅਤੇ ਸਰਕਾਰ ਇਨ੍ਹਾਂ ਵਿੱਚ ਸਹਿਯੋਗ ਦੇਵੇ। ਸਿੰਘ ਸਾਹਿਬਾਨ ਨੇ ਸਿੱਖ ਸੰਸਥਾਵਾਂ ਨੂੰ ਵੀ ਆਦੇਸ਼ ਦਿੱਤਾ ਹੈ ਕਿ ਉਹ ਸ਼ਤਾਬਦੀ ਸਮਾਗਮਾਂ ਵਿੱਚ ਸਰਕਾਰ ਦੇ ਪ੍ਰਤੀਨਿਧਾਂ ਨੂੰ ਪੂਰਨ ਮਾਣ-ਸਨਮਾਨ ਦੇਣ।

ਇੱਕ ਹੋਰ ਫੈਸਲੇ ਤਹਿਤ ਜੰਮੂ ਤੋਂ ਆਏ ਤਿੰਨ ਸਿੱਖਾਂ ਰਣਜੀਤ ਸਿੰਘ, ਜਗਪਾਲ ਸਿੰਘ ਅਤੇ ਸੋਮਨਾਥ ਸਿੰਘ ਨੂੰ ਵੀ ਤਨਖਾਹ ਲਾਈ ਗਈ। ਉਨ੍ਹਾਂ ਖਿਲਾਫ ਦੋਸ਼ ਹੈ ਕਿ ਉਨ੍ਹਾਂ ਸਿੱਖ ਪੰਥ ਵਿੱਚੋਂ ਛੇਕੇ ਹੋਏ ਪ੍ਰੋਫੈਸਰ ਦਰਸ਼ਨ ਸਿੰਘ ਦੇ ਹੱਕ ਵਿੱਚ ਸਮਾਗਮ ਕਰਵਾਇਆ।

ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਕੈਬਨਿਟ ਮੰਤਰੀ ਬੈਂਸ ਨੂੰ ਆਪਣਾ ਪੱਖ ਸਪੱਸ਼ਟ ਕਰਨ ਲਈ ਤਲਬ ਕੀਤਾ ਗਿਆ ਸੀ। ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿੱਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਧਨੌਲਾ ਤੇ ਹੋਰ ਸ਼ਾਮਲ ਸਨ।

ਬੈਂਸ ਨੇ ਮੀਡੀਆ ਨਾਲ ਗੱਲ ਕਰਦਿਆਂ ਕਿਹਾ ਕਿ ਸ੍ਰੀ ਅਕਾਲ ਤਖਤ ਵੱਲੋਂ ਜੋ ਵੀ ਆਦੇਸ਼ ਕੀਤੇ ਗਏ ਹਨ, ਉਹ ਇੰਨ-ਬਿੰਨ ਉਨ੍ਹਾਂ ਦੀ ਪਾਲਣਾ ਕਰਨਗੇ। ਉਹ ਅਕਾਲ ਤਖਤ ਨੂੰ ਪੂਰਨ ਰੂਪ ਵਿੱਚ ਸਮਰਪਤ ਹਨ।

## ਚੈਟਬੋਟ ਦੀ ਸ਼ੁਰੂਆਤ ਸਿਹਤ ਖੇਤਰ 'ਚ ਇਤਿਹਾਸਕ ਕਦਮ : ਬਰਸਟ

**ਮੋਹਾਲੀ (ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਨੇ ਇੱਕ ਹੋਰ ਵੱਡਾ ਇਤਿਹਾਸਕ ਕਦਮ ਚੁੱਕਦੇ ਹੋਏ ਆਮ ਆਦਮੀ ਕਲੀਨਿਕਾਂ ਲਈ ਵਟਸਐਪ ਚੈਟਬੋਟ ਦੀ ਸ਼ੁਰੂਆਤ ਕੀਤੀ ਹੈ, ਜੋ ਕਿ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਅਤੇ ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਹਰਚੰਦ ਸਿੰਘ ਬਰਸਟ ਵੱਲੋਂ ਕੀਤਾ ਗਿਆ।ਉਨ੍ਹਾਂ ਕਿਹਾ ਕਿ ਇਹ ਤਕਨੀਕ ਸਿਹਤ ਸੇਵਾਵਾਂ ਨੂੰ ਹੋਰ ਆਸਾਨ, ਤੇਜ਼ ਤੇ ਪ੍ਰਭਾਵਸ਼ਾਲੀ ਬਣਾਏਗੀ। ਉਨ੍ਹਾਂ ਕਿਹਾ ਕਿ ਵਟਸਐਪ ਚੈਟਬੋਟ ਰਾਹੀਂ ਹੁਣ ਫੋਨ 'ਤੇ ਹੀ ਡਾਕਟਰ ਦੀ ਦਵਾਈ ਵਾਲੀ ਪਰਚੀ, ਜਾਂਚ ਰਿਪੋਰਟਾਂ, ਡਾਕਟਰ ਵੱਲੋਂ ਦਿੱਤੀ ਅਗਲੀ ਤਰੀਕ, ਸ਼ੂਗਰ ਅਤੇ ਬਲੱਡ ਪ੍ਰੈਸ਼ਰ ਤੋਂ ਪੀੜਤ ਬਜ਼ੁਰਗਾਂ, ਗਰਭਵਤੀ ਮਹਿਲਾਵਾਂ, ਨਵ-ਜੰਮੇ ਬੱਚਿਆਂ ਦੀ ਸੰਭਾਲ ਬਾਰੇ ਜਾਣਕਾਰੀ ਮਿਲਦੀ ਰਹੇਗੀ। ਬਰਸਟ ਨੇ ਕਿਹਾ ਕਿ ਲੋਕਾਂ ਨੂੰ ਚੰਗੀ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਦੇ ਉਦੇਸ਼ ਨਾਲ ਸੂਬੇ ਵਿੱਚ 881 ਆਮ ਆਦਮੀ ਕਲੀਨਿਕ ਸਥਾਪਤ ਹਨ, ਜਿਹਨਾਂ ਵਿੱਚੋਂ 565 ਆਮ ਆਦਮੀ ਕਲੀਨਿਕ ਪੇਂਡੂ ਇਲਾਕਿਆਂ ਵਿੱਚ ਅਤੇ 316 ਸ਼ਹਿਰੀ ਇਲਾਕਿਆਂ ਵਿੱਚ ਹਨ। ਸੂਬਾ ਸਰਕਾਰ ਵੱਲੋਂ ਜਲਦ ਹੀ 200 ਹੋਰ ਆਮ ਆਦਮੀ ਕਲੀਨਿਕ ਖੋਲ੍ਹੇ ਜਾਣਗੇ। ਇਨ੍ਹਾਂ ਕਲੀਨਿਕਾਂ ਰਾਹੀਂ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨੇੜੇ ਹੀ ਸਿਹਤ ਸੇਵਾਵਾਂ ਮੁਹੱਈਆ ਕਰਵਾਇਆ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਐਂਟੀ-ਰੈਬੀਜ਼ ਟੀਕੇ ਇਨ੍ਹਾਂ ਕਲੀਨਿਕਾਂ ਵਿੱਚ ਹੀ ਉਪਲਬਧ ਹੋਣਗੇ। ਇਸ ਦੇ ਨਾਲ ਹੀ ਦਿਲ ਦੇ ਮਰੀਜ਼ਾਂ ਨੂੰ ਲੱਗਣ ਵਾਲਾ 50 ਹਜ਼ਾਰ ਰੁਪਏ ਵਾਲਾ ਟੀਕਾ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਲੱਗੇਗਾ।ਇਸ ਦੇ ਨਾਲ ਹੀ ਪੰਜਾਬ ਸਰਕਾਰ ਦੀ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਸੂਬੇ ਦੇ 65 ਲੱਖ ਪਰਵਾਰਾਂ ਨੂੰ 10 ਲੱਖ ਰੁਪਏ ਤੱਕ ਦਾ ਮੁਫ਼ਤ ਅਤੇ ਕੈਸ਼ਲੈਸ ਇਲਾਜ ਮਿਲੇਗਾ।



# ਨਸ਼ਿਆਂ ਦੇ ਕੋਹੜ ਨੂੰ ਠੱਲ੍ਹ ਪਾਉਣ ਲਈ ਸਭ ਦੇ ਸਹਿਯੋਗ ਦੀ ਲੋੜ 'ਤੇ ਜ਼ੋਰ

**ਬਲਾਚੌਰ (ਜਸਵਿੰਦਰ ਬੈਂਸ)**- ਪੰਜਾਬ ਸਰਕਾਰ ਦੀ ਪਹਿਲਕਦਮੀ 'ਯੁੱਧ ਨਸ਼ਿਆਂ ਵਿਰੁੱਧ' ਦੇ ਉਦੇਸ਼ ਨਾਲ ਲੈਫ. ਜਨਰਲ ਬਿਕਰਮ ਸਿੰਘ, ਸਬ ਡਵੀਜ਼ਨਲ ਹਸਪਤਾਲ ਬਲਾਚੌਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਕੁਲਵਿੰਦਰ ਮਾਨ ਨੇ ਪਿੰਡ ਜੀਓਵਾਲ ਵਿੱਚ ਸ਼ਿਰਕਤ ਕੀਤੀ। ਇਸ ਮੁਹਿੰਮ ਦੀ ਅਗਵਾਈ ਵਿਧਾਇਕਾ ਸੀਮਤੀ ਸੰਤੋਸ਼ ਕਟਾਰੀਆ ਨੇ ਕੀਤੀ। ਡਾ. ਮਾਨ ਨੇ ਨਸ਼ਿਆਂ ਦੇ ਖਾਤਮੇ ਲਈ ਸਮੂਹਿਕ ਯਤਨਾਂ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ। 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ ਉਦੇਸ਼ ਨਸ਼ੇ ਦੇ ਖਤਰਿਆਂ ਬਾਰੇ ਜਾਗਰੂਕਤਾ ਪੈਦਾ ਕਰਨਾ ਅਤੇ ਇੱਕ ਸਿਹਤਮੰਦ, ਨਸ਼ਾ ਮੁਕਤ ਜੀਵਨ ਸ਼ੈਲੀ ਨੂੰ ਉਤਸਾਹਿਤ ਕਰਨਾ ਸੀ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਇਸ ਨਸ਼ੇ ਦੇ ਖਾਤਮੇ ਲਈ ਨਸ਼ਾ ਮੁਕਤੀ ਕੇਂਦਰਾਂ ਨੂੰ ਬਲਾਚੌਰ ਅਤੇ ਨਵਾਂਸ਼ਹਿਰ ਵਿਖੇ ਸਫ਼ਲਤਾਪੂਰਵਕ ਢੰਗ ਨਾਲ ਚਲਾਇਆ ਜਾ ਰਿਹਾ ਹੈ। ਇਨ੍ਹਾਂ ਕੇਂਦਰਾਂ ਵਿਚ ਇਲਾਜ ਦੇ ਨਾਲ ਨਾਲ ਮਾਹਿਰ ਕਾਊਂਸਲਰਾਂ ਅਤੇ ਮਨੋਰੋਗ ਮਾਹਰਾਂ ਵੱਲੋਂ ਕਾਊਂਸਲਿੰਗ ਕੀਤੀ ਜਾਂਦੀ ਹੈ ਤਾਂ ਜੋ ਮਰੀਜ਼ ਨਸ਼ਾ ਛੱਡਣ ਲਈ ਮਾਨਸਿਕ ਤੌਰ 'ਤੇ ਵੀ ਮਜ਼ਬੂਤ ਹੋ ਸਕਣ। ਇਸ ਦੇ ਨਾਲ ਹੀ ਸੀ ਐਚ ਸੀ ਕਾਠਗੜ੍ਹ ਵਿਖੇ ਨਸ਼ਾ ਮੁਕਤੀ ਦਵਾਈ ਕੇਂਦਰ ਵਿਚ ਮਰੀਜ਼ਾਂ ਨੂੰ ਦਵਾਈ ਦਿੱਤੀ ਜਾਂਦੀ ਹੈ। ਸਿਹਤ ਇੰਸਪੈਕਟਰ ਦਿਲਬਾਗ ਸਿੰਘ ਨੇ ਕਿਹਾ ਕਿ ਨਸ਼ਿਆਂ ਨਾਲ ਪੀੜਤ ਵਿਅਕਤੀ ਇੱਕ ਕਿਸਮ ਦਾ ਮਰੀਜ਼ ਹੁੰਦਾ ਹੈ ਜਿਸ ਨੂੰ ਕਿ ਇਲਾਜ ਦੀ ਸਖਤ ਜ਼ਰੂਰਤ ਹੁੰਦੀ ਹੈ ਅਤੇ ਸਮਾਜ ਦੀ ਵੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਉਸ ਨਾਲ ਵਿਤਕਰੇ ਦੀ ਥਾਂ ਤੇ ਪਿਆਰ ਅਤੇ ਅਪਣੱਤ ਦੀ ਭਾਵਨਾ ਨਾਲ ਉਸ ਨੂੰ ਇਸ ਸਮੱਸਿਆ ਵਿਚੋਂ ਕੱਢਣ ਦਾ ਯਤਨ ਕਰੇ। ਨਸ਼ਾ ਪੀੜਤ ਲੋਕਾਂ ਨੂੰ ਅਕਸਰ ਇੱਕ ਜਾਂ ਇੱਕ ਤੋਂ ਵੱਧ ਸੰਬੰਧਤ ਸਿਹਤ ਨਾਲ ਸਮੱਸਿਆਵਾਂ ਹੁੰਦੀਆਂ ਹਨ, ਜਿਸ ਵਿੱਚ ਫੇਫੜਿਆਂ ਜਾਂ ਦਿਲ ਦੀ ਬਿਮਾਰੀ, ਸਟ੍ਰੋਕ, ਕੈਂਸਰ, ਜਾਂ ਮਾਨਸਿਕ ਸਿਹਤ ਸਥਿਤੀਆਂ ਸ਼ਾਮਲ ਹੋ ਸਕਦੀਆਂ ਹਨ। ਇਸ ਸਮਾਗਮ ਵਿੱਚ ਸਥਾਨਕ ਨਿਵਾਸੀਆਂ ਦੀ ਸਰਗਰਮ ਭਾਗੀਦਾਰੀ ਦੇਖਣ ਨੂੰ ਮਿਲੀ।



## ਵਿਕਾਸ ਕਾਰਜਾਂ 'ਚ ਸਹਿਯੋਗ ਲਈ ਮਨਜਿੰਦਰ ਕੁਮਾਰ ਸਨਮਾਨਤ



**ਫਗਵਾੜਾ (ਡਾ. ਰਮਨ)**- ਪਿੰਡ ਗੰਡਵਾਂ ਦੀ ਗ੍ਰਾਮ ਪੰਚਾਇਤ ਵਲੋਂ ਸਰਪੰਚ ਮਨਜੀਤ ਮਾਨ ਦੀ ਅਗਵਾਈ ਹੇਠ ਪ੍ਰਵਾਸੀ ਭਾਰਤੀਆਂ ਦੇ ਸਹਿਯੋਗ ਨਾਲ ਕਰਵਾਏ ਜਾ ਰਹੇ ਪਿੰਡ ਦੇ ਸਰਬਪੱਖੀ ਵਿਕਾਸ ਅਤੇ ਸਰਕਾਰੀ ਸਕੂਲ ਵਿਖੇ ਇੰਟਰਲੋਕ ਟਾਇਲਾਂ ਨਾਲ ਫਰਸ਼ ਪਾਉਣ ਦੇ ਕੰਮ 'ਚ ਵੱਡਮੁੱਲਾ ਸਹਿਯੋਗ ਦੇਣ ਲਈ ਪ੍ਰਵਾਸੀ ਭਾਰਤੀ ਮਨਜਿੰਦਰ ਕੁਮਾਰ ਸਪੇਨ ਪੁੱਤਰ ਮਦਨ ਲਾਲ ਨੂੰ ਗ੍ਰਾਮ ਪੰਚਾਇਤ ਅਤੇ ਐੱਨ.ਆਰ.ਆਈ. ਕਮੇਟੀ ਵੱਲੋਂ ਸਨਮਾਨਤ ਕੀਤਾ ਗਿਆ। ਸਰਪੰਚ ਮਨਜੀਤ ਮਾਨ ਨੇ ਦੱਸਿਆ ਕਿ ਪ੍ਰਵਾਸੀ ਭਾਰਤੀ ਮਨਜਿੰਦਰ ਕੁਮਾਰ ਸਮੇਤ ਐੱਨ.ਆਰ.ਆਈ. ਵੀਰਾਂ ਦਾ ਪਿੰਡ ਦੇ ਵਿਕਾਸ 'ਚ ਪੰਚਾਇਤ ਨੂੰ ਵੱਡਮੁੱਲਾ ਸਹਿਯੋਗ ਪ੍ਰਾਪਤ ਹੋ ਰਿਹਾ ਹੈ। ਇਸ ਦੌਰਾਨ ਮਨਜਿੰਦਰ ਕੁਮਾਰ ਨੇ ਸਮੂਹ ਪੰਚਾਇਤ ਅਤੇ ਐਨ.ਆਰ.ਆਈ. ਕਮੇਟੀ ਦਾ ਸਨਮਾਨ ਲਈ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਹਰਵਿੰਦਰ ਕੁਮਾਰ ਪੰਚ, ਦਰਸ਼ਨਾ ਪੰਚ, ਰਾਜ ਰਾਣੀ ਪੰਚ ਅਤੇ ਰਾਣੀ ਪੰਚ ਤੋਂ ਇਲਾਵਾ ਇਕਬਾਲ ਸਿੰਘ ਪੰਚ, ਤੀਰਥ ਕੌਰ ਪੰਚ, ਹਰਜੀਤ ਸਿੰਘ ਸਾਬਕਾ ਪੰਚ ਕੁਲਵਿੰਦਰ ਕੌਰ, ਖੇਮਰਾਜ, ਕਾਲਾ ਆਦਿ ਹਾਜ਼ਰ ਸਨ।

# ਕੇਂਦਰੀ ਜੇਲ੍ਹ 'ਚੋਂ 10 ਮੋਬਾਇਲ ਬਰਾਮਦ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚ ਮੋਬਾਇਲ ਫੋਨ ਮਿਲਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਬੀਤੇ ਦਿਨ ਵੀ ਕੇਂਦਰੀ ਜੇਲ੍ਹ ਫਿਰੋਜ਼ਪੁਰ ਵਿੱਚੋਂ ਤਲਾਸ਼ੀ ਦੌਰਾਨ 10 ਮੋਬਾਇਲ ਫੋਨ ਬਰਾਮਦ ਕਰਕੇ 6 ਹਵਾਲਾਤੀਆਂ ਤੇ ਅਣਪਛਾਤੇ ਵਿਅਕਤੀ ਖਿਲਾਫ 52 ਏ ਪਰੀਸੰਨਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸ਼ਰਮਾ ਸਿੰਘ ਨੇ ਦੱਸਿਆ ਕਿ ਸਹਾਇਕ ਸੁਪਰਡੈਂਟ ਕੇਂਦਰੀ ਜੇਲ੍ਹ ਫਿਰੋਜ਼ਪੁਰ ਨੇ ਪੱਤਰ ਨੰਬਰ 5464 ਮਿਤੀ 2 ਅਗਸਤ 2025 ਨੂੰ ਹਵਾਲਾਤੀ ਪ੍ਰੇਮ ਸਿੰਘ ਪੁੱਤਰ ਪੰਜਾ ਸਿੰਘ ਵਾਸੀ ਮੱਬੋ ਕੇ ਚੌਕੀ ਥਾਣਾ ਮਮਦੋਟ ਫਿਰੋਜ਼ਪੁਰ ਕੋਲੋਂ 1 ਉਪੋ ਕੰਪਨੀ ਦਾ ਟੱਚ ਸਕਰੀਨ ਮੋਬਾਇਲ ਫੋਨ ਸਮੇਤ ਏਅਰਟੈਲ ਕੰਪਨੀ ਦੀ ਸਿੰਮ ਬਰਾਮਦ ਹੋਈ। ਪੱਤਰ ਨੰਬਰ 5469 ਮਿਤੀ 2 ਅਗਸਤ 2025 ਨੂੰ ਜੇਲ੍ਹ ਦੇ ਵੱਖ ਵੱਖ ਬਲਾਕਾਂ ਤੇ ਬੈਰਕਾਂ ਦੀ ਤਲਾਸ਼ੀ ਦੌਰਾਨ ਬੰਦੀਆਂ ਹਵਾਲਾਤੀ ਨਿਰਵੈਰ ਸਿੰਘ ਪੁੱਤਰ ਬਖਸ਼ੀਸ਼ ਸਿੰਘ ਵਾਸੀ ਮਸਤੇ ਕੇ, ਹਵਾਲਾਤੀ ਬੋਬੀ ਉਰਫ ਗੁੱਲੀ ਪੁੱਤਰ ਮੰਗਤ ਰਾਮ ਵਾਸੀ ਬਾਨ੍ਹੂੰ ਵਾਲਾ ਵੇਹੜਾ ਬਸਤੀ ਭੱਟੀਆਂ ਵਾਲੀ ਫਿਰੋਜ਼ਪੁਰ, ਹਵਾਲਾਤੀ ਮਿੰਟੂ ਪੁੱਤਰ ਰਾਜ ਕੁਮਾਰ ਵਾਸੀ ਮਾਹਮੂ ਜੋਈਆ ਥਾਣਾ ਅਮੀਰ ਖਾਸ, ਹਵਾਲਾਤੀ ਭੀਮ ਕੁਮਾਰ ਠੁਕਰਾਲ ਪੁੱਤਰ ਰਵਿੰਦਰ ਕੁਮਾਰ ਵਾਸੀ ਵਾਰਡ ਨੰਬਰ 11 ਰੇਲਵੇ ਰੋਡ ਮਖੂ, ਹਵਾਲਾਤੀ ਅੰਗਰੇਜ਼ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਦਾਣਾ ਮੰਡੀ ਫਿਰੋਜ਼ਪੁਰ ਸ਼ਹਿਰ ਤੇ ਅਣਪਛਾਤੇ ਵਿਅਕਤੀ ਪਾਸੋਂ 4 ਮੋਬਾਇਲ ਫੋਨ, ਜਿਨ੍ਹਾਂ ਵਿੱਚ ਇੱਕ ਟੱਚ ਸਕਰੀਨ ਤੇ 3 ਕੀਪੈਡ ਮੋਬਾਇਲ ਫੋਨ ਅਤੇ 5 ਕੀਪੈਡ ਮੋਬਾਇਲ ਫੋਨ ਲਵਾਰਿਸ ਹਾਲਤ ਵਿਚ ਬਰਾਮਦ ਹੋਏ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਉਕਤ ਹਵਾਲਾਤੀਆਂ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨ ਵੀ ਕੇਂਦਰੀ ਜੇਲ੍ਹ ਫਿਰੋਜ਼ਪੁਰ 'ਚੋਂ ਤਲਾਸ਼ੀ ਦੌਰਾਨ 15 ਮੋਬਾਇਲ ਫੋਨ ਬਰਾਮਦ ਹੋਏ ਸਨ। ਇਸ ਸਬੰਧੀ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ 15 ਹਵਾਲਾਤੀਆਂ ਖਿਲਾਫ 52-ਏ ਪਰੀਸੰਨਜ਼ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ ਗੁਰਦਾਸਪੁਰ 'ਚ ਜਸ਼ਨ-ਏ-ਆਜ਼ਾਦੀ : ਡੀ ਸੀ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਜ਼ਿਲ੍ਹਾ ਸਦਰ ਮੁਕਾਮ ਗੁਰਦਾਸਪੁਰ ਵਿਖੇ ਇਸ ਵਾਰ ਵੀ 15 ਅਗਸਤ ਨੂੰ ਕੌਮੀ ਆਜ਼ਾਦੀ ਦਿਹਾੜਾ ਪੂਰੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਸ਼ਹੀਦ ਲੈਫ਼ਟੀਨੈਂਟ ਨਵਦੀਪ ਸਿੰਘ (ਅਸ਼ੋਕ ਚੱਕਰ) ਸਟੇਡੀਅਮ, ਸਰਕਾਰੀ ਕਾਲਜ ਗੁਰਦਾਸਪੁਰ ਵਿਖੇ ਮਨਾਏ ਜਾਣ ਵਾਲੇ ਇਸ ਜ਼ਿਲ੍ਹਾ ਪੱਧਰੀ ਆਜ਼ਾਦੀ ਦਿਵਸ ਸਮਾਗਮ ਨੂੰ ਕਾਮਯਾਬ ਕਰਨ ਲਈ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫ਼ਰੰਸ ਹਾਲ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ ਨੇ ਕਿਹਾ ਕਿ ਗੁਰਦਾਸਪੁਰ ਵਿਖੇ ਜਸ਼ਨ-ਏ-ਆਜ਼ਾਦੀ ਦੀ ਸਮਾਗਮ ਪੂਰੀ ਧੂਮ-ਧਾਮ ਨਾਲ ਮਨਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਵਾਰ ਜ਼ਿਲ੍ਹਾ ਪੱਧਰੀ ਅਜ਼ਾਦੀ ਸਮਾਗਮ ਦੌਰਾਨ ਪੰਜਾਬ ਸਰਕਾਰ ਦੇ ਮਾਲ, ਮੁੜ ਵਸੇਬਾ ਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਤੇ ਸੈਨੀਟੇਸ਼ਨ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਸ. ਹਰਦੀਪ ਸਿੰਘ ਮੁੰਡੀਆਂ ਵੱਲੋਂ ਕੌਮੀ ਝੰਡਾ ਲਹਿਰਾਉਣ ਦੀ ਰਸਮ ਅਦਾ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਆਜ਼ਾਦੀ ਦਿਵਸ ਸਮਾਗਮ ਦੌਰਾਨ ਮੁੱਖ ਮਹਿਮਾਨ ਵੱਲੋਂ ਕੌਮੀ ਝੰਡਾ ਲਹਿਰਾਉਣ ਦੀ ਰਸਮ ਤੋਂ ਬਾਅਦ ਪਰੇਡ ਦਾ ਨਿਰੀਖਣ ਕੀਤਾ ਜਾਵੇਗਾ ਅਤੇ ਉਪਰੰਤ ਪੰਜਾਬ ਪੁਲੀਸ ਦੇ ਜਵਾਨਾਂ, ਮਹਿਲਾ ਪਲਾਟੂਨ, ਪੰਜਾਬ ਹੋਮ ਗਾਰਡ, ਐੱਨਸੀਸੀ ਕੈਡਿਟ ਅਤੇ ਵੱਖ-ਵੱਖ ਸਕੂਲਾਂ ਦੀਆਂ ਪਰੇਡ ਅਤੇ ਬੈਂਡ ਟੀਮਾਂ ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਸਕੂਲੀ ਵਿਦਿਆਰਥੀਆਂ ਵੱਲੋਂ ਦੇਸ਼ ਭਗਤੀ ਅਤੇ ਪੰਜਾਬੀ ਸਭਿਆਚਾਰ ਦੀ ਤਰਜਮਾਨੀ ਕਰਦਾ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਜ਼ਾਦੀ ਦਿਹਾੜੇ ਮੌਕੇ ਸੁਤੰਤਰਤਾ ਸੈਨਾਨੀਆਂ ਦੇ ਪਰਿਵਾਰਾਂ, ਵੀਰ ਨਾਰੀਆਂ ਅਤੇ ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟਣ ਵਾਲੀਆਂ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਹਰ ਵਿਭਾਗ ਆਪਣੀਆਂ ਤਿਆਰੀਆਂ ਨੂੰ ਸਮਾਂ ਰਹਿੰਦਿਆਂ ਪੂਰਾ ਕਰ ਲਵੇ। ਮੀਟਿੰਗ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ, ਐੱਸਡੀਐੱਮ. ਦੀਨਾਨਗਰ ਜਸਪਿੰਦਰ ਸਿੰਘ ਭੁੱਲਰ, ਐੱਸਡੀਐੱਮ ਮਨਜੀਤ ਸਿੰਘ ਰਾਜਲਾ, ਸਹਾਇਕ ਕਮਿਸ਼ਨਰ ਆਦਿੱਤਯ ਗੁਪਤਾ, ਰੁਪਿੰਦਰਪਾਲ ਸਿੰਘ, ਆਰਟੀਏ ਨਵਜੋਤ ਸ਼ਰਮਾ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਡਾ. ਕਿਰਤਪ੍ਰੀਤ ਕੌਰ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਜ਼ਿਲ੍ਹਾ ਮੁਖੀ ਹਾਜ਼ਰ ਸਨ।



# ਕਟਾਰੂਚੱਕ ਨੇ ਝੋਨੇ ਦੀ ਖਰੀਦ ਸੰਬੰਧੀ ਤਿਆਰੀਆਂ ਦਾ ਲਿਆ ਜਾਇਜ਼ਾ

**ਚੰਡੀਗੜ੍ਹ (ਗੁਰਜੀਤ ਬਿੱਲਾ)**

ਸੂਬੇ 'ਚ ਈ-ਕੇਵਾਈਸੀ ਪ੍ਰਕਿਰਿਆ 'ਚ ਨਿਯਮਿਤ ਤੌਰ 'ਤੇ ਤੇਜ਼ੀ ਦੇਖਣ ਨੂੰ ਮਿਲ ਰਹੀ ਹੈ ਅਤੇ ਹੁਣ ਤੱਕ 1,27,84000 (1.27 ਕਰੋੜ) ਲਾਭਪਾਤਰੀਆਂ ਲਈ ਪ੍ਰਕਿਰਿਆ ਮੁਕੰਮਲ ਹੋ ਚੁੱਕੀ ਹੈ। ਇਸ ਸਬੰਧ ਵਿੱਚ ਮਾਨਸਾ, ਸ੍ਰੀ ਫਤਿਹਗੜ੍ਹ ਸਾਹਿਬ ਅਤੇ ਪਟਿਆਲਾ ਜ਼ਿਲ੍ਹੇ ਕ੍ਰਮਵਾਰ ਸਿਖ਼ਰਲੇ 3 ਸਥਾਨਾਂ 'ਤੇ ਹਨ।ਅਨਾਜ ਭਵਨ ਵਿਖੇ ਹੋਈ ਸਮੀਖਿਆ ਮੀਟਿੰਗ ਵਿੱਚ, ਖੁਰਾਕ, ਸਿਵਲ ਸਪਲਾਈ ਅਤੇ ਖ਼ਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਨੂੰ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨੇ ਈ-ਕੇਵਾਈਸੀ ਪ੍ਰਕਿਰਿਆ ਸੰਬੰਧੀ ਨਵੀਨਤਮ ਸਥਿਤੀ ਤੋਂ ਜਾਣੂੰ ਕਰਵਾਇਆ।ਜ਼ਿਕਰਯੋਗ ਹੈ ਕਿ ਈ-ਕੇਵਾਈਸੀ ਇੱਕ ਡਿਜੀਟਲ ਵਿਧੀ ਹੈ, ਜੋ ਲਾਭਪਾਤਰੀ ਦੀ ਪਛਾਣ ਅਤੇ ਸਿਰਨਾਵੇਂ ਦੀ ਪੁਸ਼ਟੀ ਕਰਦੀ ਹੈ , ਜੋ ਮੁੱਖ ਤੌਰ 'ਤੇ ਆਧਾਰ ਕਾਰਡ ਨੰਬਰ ਅਤੇ ਪ੍ਰਮਾਣਿਕਤਾ ਲਈ ਬਾਇਓਮੈਟ੍ਰਿਕਸ ਦੀ ਵਰਤੋਂ ਕਰਦੀ ਹੈ। ਯੋਗ ਲਾਭਪਾਤਰੀਆਂ ਨੂੰ ਕਣਕ ਜਨਤਕ ਵੰਡ ਪ੍ਰਣਾਲੀ (ਪੀ ਡੀ ਐੱਸ) ਅਧੀਨ 2 ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ। ਅੰਤੋਦਿਆ ਅੰਨ ਯੋਜਨਾ (ਏ.ਏ.ਵਾਈ.) ਅਧੀਨ, ਪ੍ਰਤੀ ਪਰਿਵਾਰ ਅਤੇ ਪ੍ਰਤੀ ਮਹੀਨਾ 35 ਕਿਲੋ ਕਣਕ ਦਿੱਤੀ ਜਾਂਦੀ ਹੈ, ਜਦਕਿ ਪ੍ਰਾਇਆਰਿਟੀ ਹਾਊਸਹੋਲਡ (ਪੀ ਐੱਚ ਐੱਚ) ਸ਼੍ਰੇਣੀ ਅਧੀਨ, ਰਾਸ਼ਟਰੀ ਖੁਰਾਕ ਸੁਰੱਖਿਆ ਐਕਟ (ਐੱਨ ਐੱਫ ਐੱਸ ਏ), 2013 ਅਧੀਨ ਪ੍ਰਤੀ ਵਿਅਕਤੀ ਪ੍ਰਤੀ ਮਹੀਨਾ 5 ਕਿਲੋ ਕਣਕ ਮੁਫ਼ਤ ਦਿੱਤੀ ਜਾਂਦੀ ਹੈ।ਝੋਨੇ ਦੇ ਆਗਾਮੀ ਖਰੀਦ ਸੀਜ਼ਨ 2025-26 ਦੀਆਂ ਤਿਆਰੀਆਂ ਸਬੰਧੀ ਤਰਪਾਲਾਂ ਖਰੀਦ ਬਾਰੇ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਗਿਆ ਕਿ ਪਨਗ੍ਰੇਨ, ਜੋ ਕਿ ਤਰਪਾਲਾਂ ਦੀ ਖਰੀਦ ਲਈ ਨੋਡਲ ਏਜੰਸੀ ਹੈ, ਨੇ ਸਾਰੀਆਂ ਰਾਜ ਖਰੀਦ ਏਜੰਸੀਆਂ ਵੱਲੋਂ 47500 ਐੱਲ ਡੀ ਪੀ ਈ ਪੌਲੀਥੀਨ ਤਰਪਾਲਾਂ ਦੀ ਖਰੀਦ ਲਈ ਇੱਕ ਈ-ਟੈਂਡਰ ਜਾਰੀ ਕੀਤਾ ਹੈ। ਇਸ ਤੋਂ ਇਲਾਵਾ ਵਿਭਾਗ ਕੋਲ ਪਹਿਲਾਂ ਹੀ ਪਿਛਲੇ ਸਾਲ ਦੀਆਂ 95000 ਤਰਪਾਲਾਂ ਹਨ।

# ਟਰਾਂਸਪੋਰਟ ਵਿਭਾਗ ਹਰ ਈ-ਰਿਕਸ਼ਾ ਨੂੰ ਯੂਨੀਕ ਆਈ ਡੀ ਦੇ ਸਟਿੱਕਰ ਲਗਾਉਣ ਲੱਗਾ

**ਗੁਰਦਾਸਪੁਰ, (ਜਨਕ ਮਹਾਜਨ)**




ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਵੱਲੋਂ ਈ-ਰਿਕਸ਼ਾ ਵਿਚ ਸਫ਼ਰ ਦੌਰਾਨ ਨਾਗਰਿਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ 'ਇਕ ਕਦਮ ਸੁਰੱਖਿਆ ਵੱਲ' ਪ੍ਰਾਜੈਕਟ ਦੀ ਸ਼ੁਰੂਆਤ ਕੀਤੀ ਗਈ ਹੈ। ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ, ਡਿਪਟੀ ਕਮਿਸ਼ਨਰ ਦਲਵਿੰਦਰਜੀਤ ਸਿੰਘ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ, ਐੱਸਡੀਐੱਮ ਡੇਰਾ ਬਾਬਾ ਨਾਨਕ ਡਾ. ਆਦਿੱਤਯ ਸ਼ਰਮਾ, ਆਰਟੀਓ ਗੁਰਦਾਸਪੁਰ ਨਵਜੋਤ ਸ਼ਰਮਾ ਵੱਲੋਂ 'ਇਕ ਕਦਮ ਸੁਰੱਖਿਆ ਵੱਲ' ਪਾਇਲਟ ਪ੍ਰੋਜੈਕਟ ਦੀ ਸ਼ੁਰੂਆਤ ਪੁਰਾਣੇ ਬੱਸ ਅੱਡੇ ਗੁਰਦਾਸਪੁਰ ਤੋਂ ਕੀਤੀ ਗਈ। ਇਸ ਤਰ੍ਹਾਂ ਈ-ਰਿਕਸ਼ਾ ਵਿਚ ਸਫ਼ਰ ਕਰ ਰਹੀਆਂ ਸਵਾਰੀਆਂ ਨੂੰ ਰਜਿਸਟਰਡ ਈ-ਰਿਕਸ਼ਾ ਚਾਲਕਾਂ ਦੀ ਪਹਿਚਾਣ ਕਰਨੀ ਆਸਾਨ ਹੋਵੇਗੀ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਸਾਰੇ ਈ-ਰਿਕਸ਼ਾ ਚਾਲਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਈ-ਰਿਕਸ਼ਾ ਦੀ ਆਰਸੀ ਬਣਾਉਣ ਤੋਂ ਇਲਾਵਾ ਡਰਾਈਵਿੰਗ ਲਾਇਸੰਸ ਜ਼ਰੂਰ ਬਣਾਉਣ ਅਤੇ ਇਸ ਤੋਂ ਬਾਅਦ ਦਫ਼ਤਰ ਰਿਜਨਲ ਟਰਾਂਸਪੋਰਟ ਅਫ਼ਸਰ-ਕਮ-ਸਕੱਤਰ ਜ਼ਿਲ੍ਹਾ ਰੋਡ ਸੇਫ਼ਟੀ ਕਮੇਟੀ ਗੁਰਦਾਸਪੁਰ ਵੱਲੋਂ ਜਾਰੀ ਕੀਤੇ ਗਏ ਨੰਬਰ ਦਾ ਸਟਿੱਕਰ ਬਿਲਕੁਲ ਮੁਫ਼ਤ ਲਗਾਇਆ ਜਾਵੇਗਾ। ਇਸ ਮੌਕੇ ਆਰਟੀਓ ਨਵਜੋਤ ਸ਼ਰਮਾ ਨੇ ਕਿਹਾ ਕਿ ਜਿਨ੍ਹਾਂ ਈ-ਰਿਕਸ਼ਿਆਂ ਦੀ ਹਾਲੇ ਤੱਕ ਆਰਸੀ ਨਹੀਂ ਬਣੀ ਉਹ ਕੇਵਲ 465 ਰੁਪਏ ਫ਼ੀਸ ਦੇ ਕੇ ਆਰਟੀਓ ਦਫ਼ਤਰ ਤੋਂ ਈ-ਰਿਕਸ਼ਾ ਦੀ ਆਰਸੀ ਬਣਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਆਰਟੀਓ ਦਫ਼ਤਰ ਵੱਲੋਂ ਸਾਰੇ ਆਰਸੀ ਵਾਲੇ ਈ-ਰਿਕਸ਼ਾ ਨੂੰ ਯੂਨੀਕ ਆਈਡੀ ਦਾ ਸਟਿੱਕਰ ਲਗਾਇਆ ਜਾਵੇਗਾ ਜੋ ਕਿ ਬਿਲਕੁਲ ਮੁਫ਼ਤ ਹੋਵੇਗਾ।

# ਸੋਨਾ ਤੇ ਜ਼ਰੂਰੀ ਕਾਗਜ਼ਾਤ ਲੈ ਕੇ ਚੋਰ ਰਫੂ-ਚੱਕਰ

**ਗੁਰਦਾਸਪੁਰ, (ਜਨਕ ਮਹਾਜਨ)**-ਥਾਣਾ ਸਿਟੀ ਗੁਰਦਾਸਪੁਰ ਪੁਲਸ ਨੇ ਸੁਨਿਆਰੇ ਦੀ ਦੁਕਾਨ 'ਚੋਂ 6 ਗਰਾਮ ਸੋਨਾ, ਚਾਂਦੀ ਅਤੇ ਹੋਰ ਜ਼ਰੂਰੀ ਕਾਗਜ਼ਾਤ ਚੋਰੀ ਕਰਨ ਵਾਲੇ ਖ਼ਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿਚ ਵਿਨੇ ਕੁਮਾਰ ਪੁੱਤਰ ਰਕੇਸ਼ ਕੁਮਾਰ ਵਾਸੀ ਜੀਟੀ ਰੋਡ ਬਟਾਲਾ ਨੇ ਦੱਸਿਆ ਕਿ ਉਹ ਮੇਨ ਬਾਜ਼ਾਰ ਗਿਆਨਾ ਹਲਵਾਈ ਵਾਲੀ ਗਲੀ ਵਿਚ ਸੁਨਿਆਰੇ ਦੀ ਦੁਕਾਨ ਕਰਦਾ ਹੈ। 16 ਜੁਲਾਈ ਨੂੰ ਮੈਂ ਆਪਣੀ ਦੁਕਾਨ 'ਤੇ ਆਇਆ ਸੀ ਅਤੇ ਸਵੇਰੇ 11 ਵਜੇ ਆਪਣੀ ਦੁਕਾਨ ਦੇ ਨੇੜੇ ਦੇਵ ਰਾਜ ਸੁਨਿਆਰੇ ਦੀ ਦੁਕਾਨ 'ਤੇ ਗਹਿਣੇ ਤਿਆਰ ਕਰਨ ਲਈ ਸੋਨਾ ਦੇਣ ਗਿਆ ਸੀ ਕਿ ਜਦੋਂ ਵਾਪਸ ਆਪਣੀ ਦੁਕਾਨ 'ਤੇ ਆਇਆ ਤਾਂ ਦੇਖਿਆ ਕਿ ਦੁਕਾਨ 'ਤੇ ਪਿਆ ਬੈਗ ਜਿਸ ਵਿਚ ਚਾਂਦੀ ਦੀਆਂ ਚੇਨਾਂ, 6 ਗਰਾਮ ਸੋਨਾ ਅਤੇ ਜ਼ਰੂਰੀ ਕਾਗਜ਼ਾਤ ਕੋਈ ਅਣਪਛਾਤਾ ਵਿਅਕਤੀ ਚੋਰੀ ਕਰਕੇ ਲੈ ਗਿਆ ਹੈ। ਇਹ ਘਟਨਾ ਸੀਸੀਟੀਵੀ ਕੈਮਰੇ ਵਿਚ ਕੈਦ ਹੋ ਗਈ ਹੈ। ਥਾਣਾ ਸਿਟੀ ਪੁਲਸ ਨੇ ਚੋਰੀ ਕਰਨ ਵਾਲੇ ਅਣਪਛਾਤੇ ਵਿਅਕਤੀ ਖਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

# ਨਸ਼ਾ ਵੇਚਣ ਵਾਲਿਆਂ ਦੀ ਵਾਇਰਲ ਵੀਡੀਓ 'ਤੇ ਤੁਰੰਤ ਕਾਰਵਾਈ ਕੀਤੀ : ਐੱਸ ਐੱਚ ਓ

**ਝਬਾਲ (ਹਰਜਿੰਦਰ ਸਿੰਘ ਸੋਨੀ)**



ਕਾਮਰੇਡ ਮਨਜੀਤ ਸਿੰਘ ਵੱਲੋਂ ਬੀਤੇ ਦਿਨੀਂ ਵਾਇਰਲ ਵੀਡੀਓ 'ਤੇ ਉਸੇ ਦਿਨ ਤੁਰੰਤ ਕਾਰਵਾਈ ਕਰਦਿਆਂ 56 ਗ੍ਰਾਮ ਹੈਰੋਇਨ, ਇਲੈਕਟ੍ਰਾਨਿਕ ਕੰਡਾ ਤੇ ਮੋਟਰਸਾਈਕਲ ਸਮੇਤ ਚਾਰ ਨੌਜਵਾਨਾਂ ਨੂੰ ਕਾਬੂ ਕੀਤਾ ਗਿਆ ਸੀ।ਇਸ ਸੰਬੰਧੀ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਥਾਣਾ ਝਬਾਲ ਦੇ ਮੁਖੀ ਇੰਸਪੈਕਟਰ ਪ੍ਰਮਜੀਤ ਸਿੰਘ ਵਿਰਦੀ ਨੇ ਦੱਸਿਆ ਕਿ 24 ਜੁਲਾਈ ਨੂੰ ਕਾਮਰੇਡ ਮਨਜੀਤ ਸਿੰਘ ਵੱਲੋਂ ਝਬਾਲ ਪੁਖਤਾ ਦੇ ਨੌਜਵਾਨਾਂ ਦੀ ਨਸ਼ਾ ਵੇਚਣ ਦੀ ਕੀਤੀ ਗਈ ਵਾਇਰਲ ਵੀਡੀਓ 'ਤੇ ਤੁਰੰਤ ਕਾਰਵਾਈ ਕਰਦਿਆਂ ਵੀਡੀਓ ਵਿੱਚ ਸ਼ਾਮਿਲ ਨੌਜਵਾਨ ਨੂੰ ਸੁਖਵਿੰਦਰ ਸਿੰਘ ਕਾਲੂ ਪੁੱਤਰ ਸੁਖਦੇਵ ਸਿੰਘ ਵਾਸੀ ਝਬਾਲ ਪੁਖਤਾ, ਬਲਜਿੰਦਰ ਸਿੰਘ ਗਗਨ ਪੁੱਤਰ ਜਗਤਾਰ ਸਿੰਘ ਵਾਸੀ ਕਸੇਲ, ਸਤਨਾਮ ਸਿੰਘ ਸੱਤਾ ਪੁੱਤਰ ਦਿਲਬਾਗ ਸਮੇਤ ਇੱਕ ਹੋਰ ਨੌਜਵਾਨ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ 56 ਗ੍ਰਾਮ ਹੈਰੋਇਨ, ਇੱਕ ਇਲੈਕਟ੍ਰਾਨਿਕ ਕੰਡਾ, 1640 ਰੁਪਏ ਨਗਦੀ ਅਤੇ ਸਪਲੈਂਡਰ ਮੋਟਰਸਾਈਕਲ ਬਰਾਮਦ ਕਰਕੇ ਥਾਣਾ ਝਬਾਲ ਵਿਖੇ ਮੁਕੱਦਮਾ ਨੰਬਰ 125, ਮਿਤੀ 24/7/25 ਦਰਜ ਕਰਕੇ ਮੁਲਜ਼ਮਾਂ ਨੂੰ ਮਾਣਯੋਗ ਅਦਾਲਤ ਵਿੱਚ ਪੇਸ਼ ਕਰਕੇ ਜੇਲ ਭੇਜ ਦਿੱਤਾ ਗਿਆ।ਇਸ ਮੌਕੇ ਐੱਸਐੱਚਓ ਝਬਾਲ ਪ੍ਰਮਜੀਤ ਸਿੰਘ ਵਿਰਦੀ ਨੇ ਦੱਸਿਆ ਕਿ ਐੱਸਐੱਸਪੀ ਦੀਪਕ ਪਰੀਕ ਵੱਲੋਂ ਜ਼ਿਲ੍ਹੇ ਭਰ ਵਿੱਚ ਨਸ਼ਿਆਂ ਵਿਰੁੱਧ ਵਿੱਢੇ ਸੰਘਰਸ਼ ਤਹਿਤ ਐੱਸਪੀ ਅਜੇ ਰਾਜ ਸਿੰਘ ਅਤੇ ਡੀਐੱਸਪੀ ਸਿਟੀ ਡਾ. ਰਿਪੁਤਾਪਨ ਸਿੰਘ ਦੀ ਅਗਵਾਈ ਹੇਠ ਥਾਣਾ ਝਬਾਲ ਅਧੀਨ ਪੈਂਦੇ ਪਿੰਡਾਂ ਵਿੱਚ ਨਸ਼ਾ ਸਪਲਾਈ ਕਰਨ ਅਤੇ ਵੇਚਣ ਵਾਲਿਆਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ।

# ਭਗਤ ਪੂਰਨ ਸਿੰਘ ਦੀ 33ਵੀਂ ਬਰਸੀ ਨੂੰ ਸਮਰਪਿਤ ਪ੍ਰੋਗਰਾਮਾਂ ਦੀ ਲੜੀ ਸਮਾਪਤ

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**

ਆਲ ਇੰਡੀਆ ਪਿੰਗਲਵਾੜਾ ਚੈਰੀਟੇਬਲ ਸੋਸਾਇਟੀ (ਰਜਿ.), ਅੰਮ੍ਰਿਤਸਰ ਦੇ ਵਿਹੜੇ ਵਿੱਚ ਪਿੰਗਲਵਾੜਾ ਸੰਸਥਾ ਦੇ ਬਾਨੀ ਅਤੇ ਸੰਸਥਾਪਕ ਭਗਤ ਪੂਰਨ ਸਿੰਘ ਦੀ 33ਵੀਂ ਬਰਸੀ ਨੂੰ ਸਮਰਪਿਤ ਪ੍ਰੋਗਰਾਮਾਂ ਦੀ ਲੜੀ ਤਹਿਤ ਆਖਰੀ ਪੜਾਅ ਵਿੱਚ ਭਗਤ ਪੂਰਨ ਸਿੰਘ ਦੀ ਯਾਦ ਵਿੱਚ ਰੱਖੇ ਗਏ ਸਹਿਜ ਪਾਠ ਦੇ ਭੋਗ ਪਾਏ ਗਏ।ਇਸ ਮੌਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਾਜ਼ਰੀ ਵਿੱਚ ਪਿੰਗਲਵਾੜਾ ਸੰਸਥਾ ਦੇ ਬੱਚਿਆਂ ਵੱਲੋਂ ਇਲਾਹੀ ਗੁਰਬਾਣੀ ਦਾ ਕੀਰਤਨ ਕੀਤਾ ਗਿਆ।ਇਨ੍ਹਾਂ ਬੱਚਿਆਂ ਤੋਂ ਇਲਾਵਾ ਭਗਤ ਪੂਰਨ ਸਿੰਘ ਗੁਰਮਤਿ ਕਾਲਜ ਰਾਜੇਵਾਲ-ਰੋਹਣੋਂ ਦੇ ਕੀਰਤਨੀ ਜਥੇ, ਸਾਹਿਬਜ਼ਾਦਾ ਜੁਝਾਰ ਸਿੰਘ ਮਿਸ਼ਨਰੀ ਗੁਰਮਤਿ ਕਾਲਜ ਚੌਂਤਾ ਸਾਹਿਬ ਦੇ ਬੱਚਿਆਂ, ਭਾਈ ਜਸਬੀਰ ਸਿੰਘ ਪੰਜਾਬ ਐਂਡ ਸਿੰਧ ਬੈਂਕ ਵਾਲਿਆਂ ਵੱਲੋਂ ਪੰਡਾਲ ਵਿੱਚ ਬੈਠੀਆਂ ਸੰਗਤਾਂ ਨੂੰ ਕੀਰਤਨ ਸਰਵਣ ਕਰਾ ਕੇ ਨਿਹਾਲ ਕੀਤਾ।ਇਸ ਮੌਕੇ ਉਚੇਚੇ ਤੌਰ 'ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਉਚੇਚੇ ਤੌਰ 'ਤੇ ਹਾਜ਼ਰੀ ਭਰੀ। ਇਸ ਮੌਕੇ ਡਾ. ਇੰਦਰਜੀਤ ਕੌਰ ਨੇ ਕਿਹਾ ਕਿ ਭਗਤ ਪੂਰਨ ਸਿੰਘ ਜੀ ਦੀਆਂ ਸਿੱਖਿਆਵਾਂ 'ਤੇ ਚੱਲਣ ਅਤੇ ਉਨ੍ਹਾਂ ਵੱਲੋਂ ਚਲਾਏ ਜਾ ਰਹੇ ਕਾਰਜਾਂ ਨੂੰ ਸਹਿਯੋਗ ਦੇ ਕੇ ਤੋਰਨਾ ਹੀ ਉਨ੍ਹਾਂ ਨੂੰ ਸੱਚੀ-ਸੁੱਚੀ ਸ਼ਰਧਾਂਜਲੀ ਹੈ। ਸਟੇਜ ਦਾ ਸੰਚਾਲਨ ਅਮਰਜੀਤ ਸਿੰਘ ਵੱਲੋਂ ਬਹੁਤ ਵਧੀਆ ਢੰਗ ਨਾਲ ਕੀਤਾ ਗਿਆ।ਇਸ ਮੌਕੇ ਡਾ. ਜਗਦੀਪਕ ਸਿੰਘ ਮੀਤ ਪ੍ਰਧਾਨ ਪਿੰਗਲਵਾੜਾ, ਮੁਖਤਾਰ ਸਿੰਘ ਗੋਰਾਇਆ ਆਨਰੇਰੀ ਸਕੱਤਰ, ਰਾਜਬੀਰ ਸਿੰਘ ਮੈਂਬਰ ਪਿੰਗਲਵਾੜਾ, ਹਰਜੀਤ ਸਿੰਘ ਅਰੋੜਾ ਮੈਂਬਰ ਪਿੰਗਲਵਾੜਾ, ਬੀਬੀ ਪ੍ਰੀਤਇੰਦਰ ਕੌਰ ਮੈਂਬਰ ਪਿੰਗਲਵਾੜਾ, ਯੋਗੇਸ਼ ਸੂਰੀ ਮੁੱਖ ਪ੍ਰਸ਼ਾਸਕ, ਰਜਿੰਦਰ ਸਿੰਘ ਪ੍ਰਸ਼ਾਸਕ ਮਾਨਾਂਵਾਲਾ, ਪਰਮਿੰਦਰਜੀਤ ਸਿੰਘ ਭੱਟੀ, ਤਿਲਕ ਰਾਜ ਜਨਰਲ ਮੈਨੇਜਰ, ਹਰਪਾਲ ਸਿੰਘ ਸੰਧੂ, ਗੁਲਸ਼ਨ ਰੰਜਨ, ਗੁਰਨਾਇਬ ਸਿੰਘ, ਉਘੇ ਲੇਖਿਕਾ ਰੀਮਾ ਆਨੰਦ, ਅਮੀਤੋਜਮਾਨ ਆਦਿ ਹਾਜ਼ਰ ਸਨ।



# ਸ਼ੈਰੀ ਕਲਸੀ ਦੇ ਸੁਹਿਰਦ ਯਤਨਾਂ ਸਦਕਾ ਬਟਾਲਾ ਸ਼ਹਿਰ ਦੀ ਵਿਕਾਸ ਪੱਖੋਂ ਨੁਹਾਰ ਬਦਲੀ : ਮਾਨਿਕ ਮਹਿਤਾ

**ਬਟਾਲਾ, (ਡਾ. ਮਲਵਿੰਦਰ ਸਿੰਘ)**

ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਦੀ ਅਗਵਾਈ ਵਿੱਚ ਬਟਾਲਾ ਸ਼ਹਿਰ ਦੀ ਵਿਕਾਸ ਪੱਖੋਂ ਨੁਹਾਰ ਬਦਲੀ ਜਾ ਰਹੀ ਹੈ ਅਤੇ ਲੋਕਾਂ ਦੀਆਂ ਚਿਰੋਕਣੀਆਂ ਮੁਸ਼ਕਿਲਾਂ ਹੱਲ ਕੀਤੀਆਂ ਜਾ ਰਹੀਆਂ ਹਨ।ਇਹ ਪ੍ਰਗਟਾਵਾ ਮਾਨਿਕ ਮਹਿਤਾ, ਚੇਅਰਮੈਨ ਮਾਰਕਿਟ ਕਮੇਟੀ ਬਟਾਲਾ ਨੇ ਲੋਕਾਂ ਦੀਆਂ ਮੁਸ਼ਕਿਲਾਂ ਸੁਣਨ ਉਪਰੰਤ ਕੀਤਾ।ਚੇਅਰਮੈਨ ਮਾਨਿਕ ਮਹਿਤਾ ਨੇ ਦੱਸਿਆ ਕਿ ਸ਼ੁੱਧ ਸਿੰਘ-ਮਹਿਤਾਬ ਸਿੰਘ ਚੌਂਕ ਵਿਖੇ ਬਰਸਾਤੀ ਮੌਸਮ ਨੂੰ ਧਿਆਨ ਵਿੱਚ ਰੱਖਦਿਆਂ ਪਾਣੀ ਦੀ ਨਿਕਾਸੀ ਲਈ ਵੱਡੀਆਂ ਹੌਦੀਆਂ ਬਣਾਈਆਂ ਜਾ ਰਹੀਆਂ ਹਨ।ਸੀਵਰੇਜ ਦੀ ਸਫਾਈ ਲਈ ਸੀਵਰੇਜ ਵਿਭਾਗ ਵੱਲੋਂ ਦੋ ਵੱਡੀਆਂ ਸੁਪਰ ਸੱਕਰ ਮਸ਼ੀਨਾਂ ਰਾਹੀਂ ਸਫਾਈ ਕੀਤੀ ਜਾ ਰਹੀ ਹੈ।ਜਲਦ ਹੀ ਸ਼ਹਿਰ ਦੀ ਪ੍ਰਮੁੱਖ ਸੜਕਾਂ 'ਤੇ ਵੱਡੀਆਂ ਸਟੀਰਟ ਲਾਈਟਾਂ ਵੀ ਲੱਗ ਰਹੀਆਂ ਹਨ।ਸ਼ਹਿਰ ਵਿਚਲੀ ਟਰੈਫਿਕ ਦੀ ਸਮੱਸਿਆ ਤੋਂ ਲੋਕਾਂ ਨੂੰ ਨਿਜਾਤ ਪਾਉਣ ਦੇ ਮੰਤਵ ਨਾਲ ਸੜਕਾਂ ਨੂੰ ਚੌੜਿਆਂ ਕਰਨ ਦੇ ਨਾਲ ਬਿਜਲੀ ਦੇ ਖੰਭਿਆਂ ਨੂੰ ਸੜਕਾਂ ਦੇ ਕਿਨਾਰਿਆਂ ਤੋਂ ਹਟਾਇਆ ਗਿਆ ਹੈ।ਸ਼ਹਿਰ ਵਿੱਚ ਖੂਬਸੂਰਤ ਪਾਰਕ ਉਸਾਰਨ ਦੇ ਨਾਲ ਚੌਂਕਾਂ ਨੂੰ ਚੌੜਿਆਂ ਕੀਤਾ ਗਿਆ ਹੈ।ਮੁਹੱਲਾ ਕਲੀਨਿਕਾਂ ਰਾਹੀਂ ਮਰੀਜ਼ਾਂ ਦਾ ਮੁਫ਼ਤ ਇਲਾਜ ਚੱਲ ਰਿਹਾ ਹੈ।ਲੋਕਾਂ ਨੂੰ ਇੱਕ ਛੱਤ ਹੇਠਾਂ ਵੱਖ-ਵੱਖ ਸਰਕਾਰੀ ਸੇਵਾਵਾਂ ਦੇਣ ਦੇ ਮੰਤਵ ਨਾਲ ਨਵਾਂ ਤਹਿਸੀਲ ਕੰਪਲੈਕਸ ਉਸਾਰਿਆ ਗਿਆ ਹੈ, ਜਿਸ ਦਾ ਜਲਦ ਉਦਘਾਟਨ ਕੀਤਾ ਜਾ ਰਿਹਾ ਹੈ।ਸ਼ਹਿਰ ਵਿਚਲੀ ਲਾਇਬ੍ਰੇਰੀ ਦੀ ਇਮਾਰਤ ਦਾ ਨਵੀਨੀਕਰਨ ਕੀਤਾ ਗਿਆ ਹੈ।



# ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਿਕ) ਵੱਲੋਂ ਅਰਥੀ ਫੂਕ ਮੁਜ਼ਾਹਰਾ

**ਪੱਟੀ (ਬਲਦੇਵ ਸਿੰਘ ਸੰਧੂ)**



ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੇ ਮਸਲੇ ਉਪਰ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਿਕ ਦੀਆਂ ਜਥੇਬੰਦੀਆਂ ਵੱਲੋਂ ਕੌਮੀ ਇਨਸਾਫ ਮੋਰਚਾ ਮੋਹਾਲੀ ਦੀ ਹਮਾਇਤ ਵਿੱਚ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੁਤਲੇ ਫੂਕ ਕੇ ਡੀਸੀ ਤਰਨ ਤਾਰਨ ਨੂੰ ਮੰਗ ਪੱਤਰ ਦਿੱਤਾ ਗਿਆ। ਇਸ ਦੌਰਾਨ ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ, ਭਾਰਤੀ ਕਿਸਾਨ ਮਜ਼ਦੂਰ ਯੂਨੀਅਨ ਮਝੈਲ ਜਥੇਬੰਦੀ, ਭਾਰਤੀ ਕਿਸਾਨ ਯੂਨੀਅਨ ਖੋਸਾ ਵੱਲੋਂ ਇਹ ਮੰਗ ਕੀਤੀ ਗਈ ਕਿ ਪਿਛਲੇ ਕਰੀਬ 30-40 ਸਾਲ ਤੋਂ ਬੰਦ ਬੰਦੀ ਸਿੰਘ ਜੋ ਕਿ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ ਅਤੇ ਸਜ਼ਾਵਾਂ ਪੂਰੀਆਂ ਕਰਨ ਤੋਂ ਇਲਾਵਾ 2 ਗੁਣਾ ਵੱਧ ਸਮਾਂ ਜ਼ਿੰਦਗੀ ਜੇਲਾਂ ਵਿੱਚ ਬਤੀਤ ਕਰ ਚੁੱਕੇ ਹਨ ਅਤੇ ਬਜ਼ੁਰਗ ਹੋ ਚੁੱਕੇ ਹਨ, ਉਨ੍ਹਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਇਸ ਵਕਤ ਕਿਸਾਨ ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਬਾਕੀ ਸਾਰੇ ਧਰਮਾਂ ਦੇ ਗ੍ਰੰਥਾਂ ਦੀ ਜੇਕਰ ਕੋਈ ਵੀ ਵਿਅਕਤੀ ਬੇਅਦਬੀ ਕਰਦਾ ਹੈ ਤਾਂ ਉਨ੍ਹਾਂ ਨੂੰ ਮਿਸਾਲੀ ਸਜ਼ਾਵਾਂ ਦੇਣ ਲਈ ਸਖ਼ਤ ਕਾਨੂੰਨ ਬਣਾਏ ਜਾਣ ਅਤੇ ਬਹਿਬਲ ਕਲਾਂ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਸਬੰਧੀ ਲੱਗੇ ਮੋਰਚੇ ਦੌਰਾਨ ਹੋਈ ਗੋਲੀਬਾਰੀ ਸਬੰਧੀ ਜੋ ਕੇਸ ਮਾਣਯੋਗ ਅਦਾਲਤ ਵਿੱਚ ਚੱਲ ਰਿਹਾ ਹੈ, ਦਾ ਜਲਦੀ ਤੋਂ ਜਲਦੀ ਚਲਾਨ ਪੇਸ਼ ਕੀਤਾ ਜਾਵੇ। ਇਸ ਵਕਤ ਕਿਸਾਨ ਸੰਘਰਸ਼ ਕਮੇਟੀ ਕੋਟ ਬੁੱਢਾ ਦੇ ਸੁੱਚਾ ਸਿੰਘ ਲੱਧੂ ਸੂਬਾ ਆਗੂ, ਸੁਖਵੰਤ ਸਿੰਘ ਦੁਬਲੀ ਸੂਬਾ ਮੀਤ ਪ੍ਰਧਾਨ, ਬਾਬਾ ਪ੍ਰਗਟ ਸਿੰਘ ਜ਼ਿਲ੍ਹਾ ਪ੍ਰਧਾਨ, ਅਮਰਿੰਦਰ ਸਿੰਘ ਸੰਧੂਰੀਆ ਜ਼ਿਲਾ ਪ੍ਰੈੱਸ ਸਕੱਤਰ, ਬੁੱਧ ਸਿੰਘ ਰੂੜੀਵਾਲਾ, ਕਾਰਜ ਸਿੰਘ ਸਭਰਾ, ਜਗਤਾਰ ਸਿੰਘ ਜ਼ੋਨ ਪ੍ਰਧਾਨ, ਛਿੰਦਰ ਸਿੰਘ ਅਤੇ ਬੀਕੇਯੂ ਖੋਸਾ ਦੇ ਸਿਕੰਦਰਪਾਲ ਸਿੰਘ ਸੂਬਾ ਮੀਤ ਪ੍ਰਧਾਨ, ਜ਼ਿਲ੍ਹਾ ਪ੍ਰਧਾਨ ਪਰਮਜੀਤ ਸਿੰਘ ਗਦਾਈ ਕੇ, ਬਲਾਕ ਪ੍ਰਧਾਨ ਜਸਪਾਲ ਸਿੰਘ ਪੱਟੀ, ਬੀਕੇਯੂ ਮਝੈਲ ਦੇ ਸੂਬਾ ਆਗੂ ਹੀਰਾ ਸਿੰਘ, ਜ਼ਿਲ੍ਹਾ ਪ੍ਰਧਾਨ ਅਮਰਜੀਤ ਸਿੰਘ, ਜ਼ਿਲਾ ਆਗੂ ਭਜਨ ਸਿੰਘ ਰੂੜੀ ਵਾਲਾ, ਬਲਾਕ ਪ੍ਰਧਾਨ ਆਤਮਾ ਸਿੰਘ, ਨਰਵਿੰਦਰ ਸਿੰਘ, ਸੂਬਾ ਪ੍ਰਧਾਨ ਸਤਨਾਮ ਸਿੰਘ ਆਦਿ ਕਿਸਾਨ ਆਗੂਆਂ ਸਮੇਤ ਸੈਂਕੜੇ ਕਿਸਾਨਾਂ ਨੇ ਇਸ ਰੋਸ ਪ੍ਰਦਰਸ਼ਨ ਵਿੱਚ ਹਿੱਸਾ ਲਿਆ।

# ਬੀਐੱਨ ਗਰੁੱਪ ਦੀ ਨਿਊਟ੍ਰਿਕਾ ਵੱਲੋਂ ਦਮਦਾਰ ਬ੍ਰਾਂਡ 'ਨਿਊਟ੍ਰਿਕਾ ਬੀ ਹਨੀ' ਲਾਂਚ

**ਲੁਧਿਆਣਾ:** ਬੀਐੱਨ ਗਰੁੱਪ ਦੀ ਪ੍ਰਮੁੱਖ ਕੰਪਨੀ ਬੀਐੱਨ ਹੋਲਡਿੰਗਜ਼ ਲਿਮਿਟਡ ਦੇ ਤਹਿਤ ਆਉਣ ਵਾਲਾ ਲਾਈਫਸਟਾਈਲ ਅਤੇ ਵੈੱਲਨੈੱਸ ਬ੍ਰਾਂਡ ਨਿਊਟ੍ਰਿਕਾ ਹੁਣ ਸ਼ਹਿਦ ਦੀ ਸ਼੍ਰੇਣੀ 'ਚ ਵੀ ਇੰਟਰੀ ਕਰ ਚੁੱਕਿਆ ਹੈ।ਬ੍ਰਾਂਡ ਦੇ ਨਿਊਟ੍ਰਿਕਾ ਬੀ ਹਨੀ ਦੇ ਰੂਪ 'ਚ ਇਕ ਨਵੀਂ ਰੇਂਜ ਲਾਂਚ ਕੀਤੀ ਹੈ, ਜਿਸ 'ਚ ਊਰਜਾ, ਫਿਟਨੈੱਸ ਅਤੇ ਰੋਗ ਪ੍ਰਤੀਰੋਧਕ ਸਮਰੱਥਾ ਜਿਹੇ ਉਦੇਸ਼ਾਂ ਨੂੰ ਧਿਆਨ 'ਚ ਰੱਖਦੇ ਹੋਏ ਇਸ ਸ਼ਹਿਦ ਨੂੰ ਪੇਸ਼ ਕੀਤਾ ਗਿਆ ਹੈ।ਇਹ ਸ਼ਹਿਦ ਹੁਣ ਦਿੱਲੀ ਐੱਨਸੀਆਰ ਅਤੇ ਮੁੰਬਈ ਦੇ ਜਨਰਲ ਟ੍ਰੇਡ ਸਟੋਰਾਂ 'ਤੇ ਉਪਲਬਧ ਹੈ।ਨਿਊਟ੍ਰਿਕਾ ਐੱਫਐੱਮਸੀਜੀ ਬਿਜ਼ਨੈੱਸ ਹੈੱਡ ਅਤੇ ਡਾਇਰੈਕਟਰ ਸਪਰਸ਼ ਸਾਚਰ ਨੇ ਕਿਹਾ ਕਿ ਨਿਊਟ੍ਰਿਕਾ ਬੀ ਹਨੀ ਨੂੰ ਤਿੰਨ ਉਦੇਸ਼ਪੂਰਨ ਮਾਡਲਾਂ 'ਚ ਲਾਂਚ ਕੀਤਾ ਗਿਆ ਹੈ, ਜਿਹੜੇ ਅਲੱਗ-ਅਲੱਗ ਸਿਹਤ ਜ਼ਰੂਰਤਾਂ ਨੂੰ ਧਿਆਨ 'ਚ ਰੱਖਦੇ ਹੋਏ ਤਿਆਰ ਕੀਤੇ ਗਏ ਹਨ।ਪ੍ਰੋ-ਐਨਰਜੀ ਮਲਟੀਫਲੋਰਾ ਹਨੀ ਨੂੰ ਵੱਖ-ਵੱਖ ਫੁੱਲਾਂ ਦੇ ਰਸਾਂ ਤੋਂ ਤਿਆਰ ਕੀਤਾ ਗਿਆ ਹੈ।

# ਜ਼ਿੰਦਾ ਸ਼ਹੀਦ ਡਾ. ਅਨੁਪਮਾ ਗੁਪਤਾ ਰੋਟਰੀ ਕਲੱਬ ਵੱਲੋਂ ਸਨਮਾਨਿਤ

**ਅੰਮ੍ਰਿਤਸਰ (ਅਰੋੜਾ)**

ਰੋਟੇਰੀਅਨ ਡਾ. ਅਨੁਪਮਾ ਗੁਪਤਾ ਨੇ ਕੁੱਝ ਸਾਲ ਪਹਿਲਾਂ ਕਿਸੇ ਦੁਰਘਟਨਾ ਗ੍ਰਸਤ ਵਿਅਕਤੀ ਦੀ ਜਾਨ ਬਚਾਉਣ ਲਈ ਆਪਣਾ ਧੜ ਗੁਆ ਲਿਆ ਸੀ। ਇਹ ਸਭ ਉਦੋਂ ਹੋਇਆ ਸੀ ਜਦੋਂ ਉਹ ਕਾਰ ਵਿੱਚੋਂ ਨਿਕਲ ਕੇ ਕਿਸੇ ਨੂੰ ਬਚਾਉਣ ਲਈ ਭੱਜੀ ਤਾਂ ਪਿੱਛੇ ਤੋਂ ਇੱਕ ਟਰੱਕ ਨੇ ਉਸ ਨੂੰ ਆਪਣੀ ਲਪੇਟ ਵਿੱਚ ਲੈ ਲਿਆ ਸੀ। ਡਾ. ਅਨੁਪਮਾ ਗੁਪਤਾ ਦੀ ਕੁਰਬਾਨੀ ਨੂੰ ਅੱਜ ਵੀ ਬੜੇ ਹੀ ਸਤਿਕਾਰ ਨਾਲ ਯਾਦ ਕੀਤਾ ਜਾਂਦਾ ਹੈ।ਡਾਕਟਰਾਂ ਦੀ ਅਣਥੱਕ ਕੋਸ਼ਿਸ਼ ਨਾਲ ਡਾ. ਅਨੁਪਮਾ ਗੁਪਤਾ ਦੀ ਜਾਨ ਤਾਂ ਬਚ ਗਈ ਪਰ ਮਜਬੂਰੀ ਕਾਰਨ ਉਨ੍ਹਾਂ ਦੇ ਸਰੀਰ ਦਾ ਥਲੜਾ ਹਿੱਸਾ ਪੂਰੀ ਤਰ੍ਹਾਂ ਨਾਲ ਕੱਟਣਾ ਪਿਆ ਪਰ ਡਾ. ਅਨੁਪਮਾ ਗੁਪਤਾ ਦੇ ਪਤੀ ਰੋਟਰੀ ਪ੍ਰੀਮੀਅਰ ਦੇ ਸੀਨੀਅਰ ਮੈਂਬਰ ਡਾ. ਰਮਨ ਗੁਪਤਾ ਨੇ ਨੀਚੇ ਦਾ ਧੜ ਖੋ ਚੁੱਕੀ ਡਾ. ਗੁਪਤਾ ਦਾ ਹੌਂਸਲਾ ਹਮੇਸ਼ਾ ਬੁਲੰਦ ਰੱਖਿਆ। ਡਾ. ਅਨੁਪਮਾ ਗੁਪਤਾ ਦਾ ਧਿਆਨ ਸਾਰੇ ਡਾਕਟਰਾਂ ਨੇ ਚਿੱਤਰਕਾਰੀ ਅਤੇ ਕਵਿਤਾਵਾਂ ਅਤੇ ਸ਼ਾਇਰੀ ਦੇ ਵੱਲ ਆਕਰਸ਼ਿਤ ਕੀਤਾ। ਡਾ. ਅਨੁਪਮਾ ਗੁਪਤਾ ਦੀ ਕੁਰਬਾਨੀ ਨੂੰ ਅੱਜ ਵੀ ਚਿਕਿਤਸਾ ਜਗਤ ਵਿੱਚ ਬੜੀ ਹੀ ਇੱਜ਼ਤ ਅਤੇ ਮਾਣ ਸਤਿਕਾਰ ਦੇ ਨਾਲ ਜਾਣਿਆ ਜਾਂਦਾ ਹੈ। ਇਸ ਕੁਰਬਾਨੀ ਸਦਕਾ ਉਨ੍ਹਾਂ ਨੂੰ ਖਾਸ ਤੌਰ 'ਤੇ ਸਨਮਾਨਿਤ ਕਰਨ ਲਈ ਰੋਟਰੀ ਵੱਲੋਂ ਸਮਾਗਮ ਦਾ ਆਯੋਜਨ ਕੀਤਾ ਗਿਆ।ਡਾਕਟਰ ਅਨੁਪਤਾ ਗੁਪਤਾ ਨੂੰ ਸਨਮਾਨਿਤ ਕਰਨ ਵਾਲਿਆਂ ਵਿੱਚ ਰੋਟਰ ਪ੍ਰੀਮੀਅਰ ਦੇ ਚਾਰਟਰਡ ਪ੍ਰਧਾਨ ਰਾਜੇਸ਼ ਅਰੋੜਾ, ਡਾ. ਸੋਮਲ ਕਾਂਸਲ, ਡਾ. ਸੂਰਜ ਸੂਰ, ਡਾ. ਗਾਇਤਰੀ ਸੂਰ, ਰੋਟਰੀ ਦੇ ਸਹਾਇਕ ਗਵਰਨਰ ਡਾ. ਜੇ. ਐੱਸ. ਗੁੰਬਰ, ਅਸ਼ਵਨੀ ਅਵਸਥੀ, ਇੰਜੀ. ਅਸ਼ੋਕ ਸ਼ਰਮਾ, ਰੋਟਰੀ ਕਲੱਬ ਮੇਨ ਦੇ ਪ੍ਰਧਾਨ ਮਹਿੰਦਰਪਾਲ ਸ਼ਰਮਾ, ਸਕੱਤਰ ਮਨਜੀਤ ਸਿੰਘ, ਮੁਸਕਾਨ ਅਰੋੜਾ ਅਤੇ ਵੱਖ-ਵੱਖ ਰੋਟਰੀ ਕਲੱਬਾਂ ਦੇ ਸਮੂਹ ਮੈਂਬਰ ਮੌਜੂਦ ਸਨ।



# ਨਾਗ ਕਲਾਂ ਵਿਖੇ 7 ਦਿਨਾ ਮੁਰਗੀ ਪਾਲਣ ਕਿੱਤਾ-ਮੁਖੀ ਸਿਖਲਾਈ ਕੋਰਸ ਸਮਾਪਤ

**ਮਜੀਠਾ ( ਸੋਇਮ ਆਨੰਦ)**-ਕ੍ਰਿਸ਼ੀ ਵਿਗਿਆਨ ਕੇਂਦਰ ਨਾਗ ਕਲਾਂ ਵਿਖੇ ਸਹਿਯੋਗੀ ਨਿਰਦੇਸਕ ਡਾ: ਬਿਕਰਮਜੀਤ ਸਿੰਘ ਦੀ ਅਗਵਾਈ ਵਿਚ 7 ਦਿਨਾ ਮੁਰਗੀ ਪਾਲਣ ਕਿੱਤਾ ਸਿਖਲਾਈ ਕੋਰਸ ਦਾ ਆਯੋਜਨ ਕੀਤਾ ਗਿਆ ਜਿਸ ਵਿਜ ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ ਅਤੇ ਕਪੂਰਥਲਾ ਜ਼ਿਲ੍ਹਿਆਂ ਨਾਲ ਸਬੰਧਤ ਕਰੀਬ 70 ਕਿਸਾਨਾਂ ਨੇ ਭਾਗ ਲਿਆ। ਡਾ: ਬਿਕਰਮਜੀਤ ਸਿੰਘ ਨੇ ਮੁਰਗੀ ਪਾਲਣ ਦੇ ਮਹੱਤਵ ਬਾਰੇ ਚਾਨਣਾ ਪਾਇਆ ਅਤੇ ਸਿਖਿਆਰਥੀਆਂ ਨੂੰ ਆਮਦਨ ਅਤੇ ਰੁਜ਼ਗਾਰ ਪੈਦਾ ਕਰਨ ਲਈ ਮੁਰਗੀ ਪਾਲਣ ਦੇ ਧੰਦੇ ਨੂੰ ਅਪਨਾਉਣ ਲਈ ਪ੍ਰੇਰਿਤ ਕੀਤਾ। ਡਾ. ਕੰਵਰਪਾਲ ਸਿੰਘ ਢਿੱਲੋਂ ਨੇ ਕਿਸਾਨਾਂ ਨੂੰ ਘਰੇਲੂ ਜਾਂ ਵਪਾਰਕ ਪੱਧਰ ਤੇ ਸਫਲ ਵਿਗਿਆਨਕ ਢੰਗ ਨਾਲ ਮੁਰਗੀ ਪਾਲਣ ਕਰਨ ਲਈ ਵੱਖ ਵੱਖ ਵਿਸ਼ਿਆਂ ਬਾਰੇ ਜਾਣਕਾਰੀ ਦਿਤੀ। ਇਸ ਸਿਖਲਾਈ ਕੋਰਸ ਦੌਰਾਨ ਵੱਖ-ਵੱਖ ਮਾਹਿਰਾਂ ਜਿਨ੍ਹਾਂ ਵਿਚ ਡਾ: ਪੁਨੀਤ ਸਿੰਘ ਵੈਟਰਨਰੀ ਅਫਸਰ, ਸੁਪ੍ਰਿਆ ਕੰਬੋਜ ਮੱਛੀ ਪਾਲਣ ਅਫਸਰ, ਡਾ: ਜਸਵਿੰਦਰ ਭਾਟੀਆ, ਕਰਮਜੀਤ ਸਿੰਘ, ਅਰਪਣਾ ਸ਼ਰਮਾ ਐੱਲਡੀਐੱਮ ਪੀਐੱਨਬੀ ਨੇ ਮਹੱਤਵਪੂਰਨ ਜਾਣਕਾਰੀ ਸਿਖਿਆਰਥੀਆਂ ਨਾਲ ਸਾਂਝੀ ਕੀਤੀ। ਅਗਾਂਹਵਧੂ ਮੁਰਗੀ ਪਾਲਕਾਂ ਦੇ ਮੁਰਗੀ ਫਾਰਮ 'ਤੇ ਦੋ ਵਿੱਦਿਅਕ ਦੌਰੇ ਵੀ ਕਰਵਾਏ ਗਏ ਜਿਥੇ ਸਿਖਿਆਰਥੀਆਂ ਨੇ ਸਿੱਧੇ ਤੌਰ ਤੇ ਉਨ੍ਹਾਂ ਨਾਲ ਗੱਲਬਾਤ ਕੀਤੀ ਅਤੇ ਆਪਣੇ ਸ਼ੰਕੇ ਦੂਰ ਕੀਤੇ। ਸਮਾਪਤੀ ਸਮਾਰੋਹ ਦੌਰਾਨ ਡਾ: ਢਿੱਲੋਂ ਨੇ ਸਿਖਿਆਰਥੀਆਂ ਨੂੰ ਨਵੇਂ ਉੱਦਮ ਨੂੰ ਬੁਲੰਦੀਆਂ 'ਤ ਲਿਜਾਣ ਲਈ ਪ੍ਰੇਰਿਤ ਕੀਤਾ। ਮੁਰਗੀ ਪਾਲਣ ਸਬੰਧੀ ਕਿਤਾਬਾਂ ਵੀ ਪ੍ਰਦਾਨ ਕੀਤੀਆਂ।



# ਮੇਹਰ ਚੰਦ ਪਾਲੀਟੈਕਨਿਕ ਕਾਲਜ ਨੇ ਵਣ ਮਹੋਤਸਵ ਮਨਾਇਆ

**ਜਲੰਧਰ (ਸ਼ੈਲੀ ਐਲਬਰਟ)**

ਮੇਹਰ ਚੰਦ ਪਾਲੀਟੈਕਨਿਕ ਕਾਲਜ ਵੱਲੋਂ ਵਣ ਮਹੋਤਸਵ ਮਨਾਇਆ ਗਿਆ ਮੇਹਰ ਚੰਦ ਪਾਲੀਟੈਕਨਿਕ ਕਾਲਜ ਵੱਲੋਂ ਪ੍ਰਿੰਸੀਪਲ ਡਾ. ਜਗਰੂਪ ਸਿੰਘ ਦੀ ਅਗਵਾਈ ਹੇਠ ਪੂਰੇ ਉਤਸ਼ਾਹ ਅਤੇ ਜੋਸ਼ ਨਾਲ ਵਣ ਮਹੋਤਸਵ ਮਨਾਇਆ ਗਿਆ। ਇਹ ਕਾਰਜਕ੍ਰਮ 2 ਪੰਜਾਬ ਬਟਾਲੀਅਨ ਐੱਨ.ਸੀ.ਸੀ. ਜਲੰਧਰ ਦੇ ਕਮਾਂਡਿੰਗ ਅਫਸਰ ਕਰਨਲ ਵਿਨੋਦ ਜੋਸ਼ੀ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਆਯੋਜਿਤ ਕੀਤਾ ਗਿਆ।ਕਾਲਜ ਦੇ ਐੱਨ ਸੀ ਸੀ ਅਧਿਕਾਰੀ ਮੇਜਰ ਪੰਕਜ ਗੁਪਤਾ ਨੇ ਐੱਨ ਸੀ ਸੀ ਕੈਡਟਾਂ ਨੂੰ ਔਸ਼ਧੀ ਪੌਦਿਆਂ ਦੇ ਲਾਭਾਂ ਬਾਰੇ ਜਾਣਕਾਰੀ ਦਿੱਤੀ।ਕਾਰਜਕ੍ਰਮ ਦੇ ਅੰਤ 'ਚ ਐੱਨ ਸੀ ਸੀ ਕੈਡਟਾਂ ਲਈ ਰਿਫ੍ਰੈਸ਼ਮੈਂਟ ਦਾ ਇੰਤਜ਼ਾਮ ਕੀਤਾ ਗਿਆ। ਪ੍ਰੋ. ਸੰਦੀਪ ਸ਼ਰਮਾ ਨੇ ਵਿਸ਼ੇਸ਼ ਤੌਰ ਤੇ ਸਮਾਗਮ ਵਿੱਚ ਸ਼ਿਰਕਤ ਕੀਤੀ। 2 ਪੰਜਾਬ ਬਟਾਲੀਅਨ ਐਨ.ਸੀ.ਸੀ. ਜਲੰਧਰ ਦੇ ਜੇ.ਸੀ.ਓ.ਜ਼ ਅਤੇ ਐਨ.ਸੀ.ਸੀ. ਕੈਡਟਾਂ ਨੇ ਬੂਟੇ ਲਗਾਉਣ ਦੌਰਾਨ ਭਰਪੂਰ ਉਤਸ਼ਾਹ ਅਤੇ ਜੋਸ਼ ਵਿਖਾਇਆ।



# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ 'ਵਰਸਿਟੀ ਦੇ ਵਿਦਿਆਰਥੀਆਂ ਨੇ ਦਿਖਾਏ ਗਤਕੇ ਦੇ ਜੰਗਜੂ ਕਰਤੱਬ




**ਰਮਦਾਸ (ਰਤਨ ਸਿੰਘ ਪੱਡਾ)**

ਕੌਰਤ ਫੋਕਲੋਰ ਕਲੱਬ ਵੱਲੋਂ ਇੰਟਰਨੈਸ਼ਨਲ ਫੋਕਲੋਰ ਫੈਸਟੀਵਲ ਥਾਈਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿੱਚ ਕਰਵਾਇਆ ਗਿਆ। ਇਸ ਸੱਭਿਆਚਾਰਕ ਫੈਸਟੀਵਲ ਵਿੱਚ ਦੁਨੀਆ ਭਰ ਦੇ ਵੱਖ-ਵੱਖ ਦੇਸ਼ਾਂ ਦੀਆਂ 12 ਟੀਮਾਂ ਨੇ ਭਾਗ ਲਿਆ ਅਤੇ ਆਪਣੇ ਆਪਣੇ ਦੇਸ਼ਾਂ ਦਾ ਸੱਭਿਆਚਾਰ ਪੇਸ਼ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੀ ਗਤਕਾ ਟੀਮ ਵੱਲੋ ਯੂਨੀਵਰਸਿਟੀ ਦੇ ਗਤਕਾ ਕੋਚ ਤਲਵਿੰਦਰ ਸਿੰਘ ਤੇ ਟੀਮ ਮੈਨੇਜਰ ਲਵਵੀਰ ਸਿੰਘ ਪੱਡਾ ਦੀ ਯੋਗ ਅਗਵਾਈ ਹੇਠ ਗੱਤਕਾ ਦੇ ਜੌਹਰ ਦਿਖਾਏ। ਇਸ ਸਮੇ ਉਕਤ ਤੋਂ ਇਲਾਵਾ ਯੂਨੀਵਰਸਿਟੀ ਦੇ ਵਿਦਿਆਰਥੀ ਕੰਵਲਜੀਤ ਸਿੰਘ, ਹਰਪ੍ਰੀਤ ਸਿੰਘ, ਬਲਰਾਜ ਕਰਨ ਸਿੰਘ ਅਤੇ ਸਹਿਜ ਕਰਨ ਸਿੰਘ ਨੇ ਭਾਰਤ ਪੰਜਾਬ ਦੇਸ਼ ਦੀ ਨੁਮਾਇੰਦਗੀ ਕਰਦਿਆਂ ਗੁਰੂ ਸਾਹਿਬ ਵੱਲੋਂ ਬਖਸ਼ੀ ਸਿੱਖ ਮਾਰਸ਼ਲ ਆਰਟ ਗਤਕਾ ਖੇਡ ਦਾ ਪ੍ਰਦਰਸ਼ਨ ਕੀਤਾ। ਕੌਰਤ ਫੋਕਲੋਰ ਕਲੱਬ ਦੇ ਪ੍ਰਬੰਧਕ ਜੇਰਾਮ ਵਗਲੇ ਤੇ ਮੈਡਮ ਕਾਂਗ ਵੱਲੋਂ ਯੂਨੀਵਰਸਿਟੀ ਦੇ ਗਤਕਾ ਕੋਚ ਅਤੇ ਟੀਮ ਨੂੰ ਬੈਸਟ ਪ੍ਰਦਰਸ਼ਨੀ ਐਵਾਰਡ ਤੇ ਖਿਡਾਰੀਆ ਨੂੰ ਸਰਟੀਫਿਕੇਟ ਤੇ ਟਰਾਫੀਆਂ ਨਾਲ ਸਨਮਾਨਿਤ ਕੀਤਾ। ਯੂਨੀਵਰਸਿਟੀ ਦੇ ਵਾਈਸ ਚਾਸਲਰ ਪ੍ਰੋ. (ਡਾ.) ਪ੍ਰਿਤਪਾਲ ਸਿੰਘ ਵੱਲੋਂ ਗਤਕਾ ਕੋਚ ਤਲਵਿੰਦਰ ਸਿੰਘ ਤੇ ਯੂਨੀਵਰਸਿਟੀ ਗਤਕਾ ਟੀਮ ਨੂੰ ਮੁਬਾਰਕਬਾਦ ਦਿੱਤੀ। ਇਸ ਤੋਂ ਇਲਾਵਾ ਸਰੀਰਕ ਸਿੱਖਿਆ ਅਤੇ ਖੇਡ ਟੈਕਨੋਲਜੀ ਵਿਭਾਗ ਦੇ ਮੁਖੀ ਪ੍ਰੋ. (ਡਾ.) ਭੁਪਿੰਦਰ ਸਿੰਘ ਨੇ ਦੱਸਿਆ ਕਿ ਯੂਨੀਵਰਸਿਟੀ ਵਿੱਚ 2019 ਤੋਂ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਡਾ. ਸੁਰਿੰਦਰ ਪਾਲ ਸਿੰਘ ਓਬਰਾਏ ਦੇ ਪੂਰਨ ਸਹਿਯੋਗ ਨਾਲ ਗਤਕਾ ਖੇਡ ਦਾ ਇਕ ਸਾਲਾ ਡਿਪਲੋਮਾ ਕੋਰਸ ਚੱਲ ਰਿਹਾ ਹੈ। ਇਸ ਕੋਰਸ ਵਿੱਚ 30 ਸੀਟਾਂ ਹਨ ਅਤੇ ਸੈਸ਼ਨ 2025-26 ਦਾ ਦਾਖਲਾ ਵੀ ਚੱਲ ਰਿਹਾ ਹੈ। ਚਾਹਵਾਨ ਵਿਦਿਆਰਥੀ ਦਾਖਲਾ ਲੈ ਕੇ ਇਸ ਕਲਾਂ ਨੂੰ ਸਿੱਖ ਸਕਦੇ ਹਨ। ਟੀਮ ਦੇ ਵਾਪਿਸ ਪਰਤਨ ਤੇ ਬਾਬਾ ਬੁੱਢਾ ਜੀ ਇੰਟਰਨੈਸ਼ਨਲ ਗਤਕਾ ਅਖਾੜਾ ਰਮਦਾਸ ਦੇ ਸਰਪ੍ਰਸਤ ਰਤਨ ਸਿੰਘ ਪੱਡਾ, ਗੱਤਕਾ ਅਖਾੜਾ ਵਿੱਚ ਸਿੱਖਿਆ ਲੈ ਰਹੇ ਵਿਦਿਆਰਥੀਆਂ ਤੇ ਵੱਖ-ਵੱਖ ਸਮਾਜ ਸੇਵੀ ਜਥੇਬੰਦੀਆ ਨੇ ਟੀਮ ਨੂੰ ਵਧਾਈ ਦਿੱਤੀ ਤੇ ਭਰਵਾਂ ਸਵਾਗਤ ਕੀਤਾ।

# ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ 'ਚ ਸਾਇੰਸ ਪ੍ਰਦਰਸ਼ਨੀ ਆਯੋਜਿਤ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਬਾਬਾ ਬੰਦਾ ਸਿੰਘ ਬਹਾਦਰ ਪਬਲਿਕ ਸਕੂਲ ਵਿਖੇ ਡਾਇਰੈਕਟਰ ਅਮਰਜੀਤ ਸਿੰਘ ਚਾਹਲ, ਸਕੱਤਰ ਪਰਮਿੰਦਰ ਕੌਰ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਸਕੂਲ ਵਿੱਚ ਅਧਿਆਪਕ ਮਾਪੇ ਮਿਲਣੀ ਮੌਕੇ ਸਾਇੰਸ ਪ੍ਰਦਰਸ਼ਨੀ ਲਗਾਈ ਗਈ ਵਿਦਿਆਰਥੀਆਂ ਵਿੱਚ ਵਿਗਿਆਨਿਕ ਅਤੇ ਤਰਕ ਪੂਰਨ ਸੋਚ ਦਾ ਵਿਕਾਸ ਕਰਨ ਲਈ ਸਾਇੰਸ ਅਧਿਆਪਕਾ ਵੱਲੋਂ ਬਹੁਤ ਹੀ ਮਿਹਨਤ ਨਾਲ ਇਸ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ। ਵਿਦਿਆਰਥੀਆਂ ਵੱਲੋਂ ਵੱਖ-ਵੱਖ ਵਿਗਿਆਨਿਕ ਮਾਡਲਾਂ ਦਾ ਪ੍ਰਦਰਸ਼ਨ ਕੀਤਾ ਗਿਆ ਅਤੇ ਬਹੁਤ ਹੀ ਵਧੀਆ ਤਰੀਕੇ ਨਾਲ ਇਹਨਾਂ ਮਾਡਲਾਂ ਬਾਰੇ ਜਾਣਕਾਰੀ ਦਿੱਤੀ ਗਈ।ਵਿਦਿਆਰਥਆਂ ਦੇ ਮਾਪਿਆਂ ਦੁਆਰਾ ਇਨ੍ਹਾਂ ਵਿਦਿਆਰਥੀਆਂ ਦੀ ਬਹੁਤ ਪ੍ਰਸ਼ੰਸਾ ਕੀਤੀ ਗਈ।ਸਕੂਲ ਪ੍ਰਿੰਸੀਪਲ ਕਿਰਨ ਕੇਸਰ ਨੇ ਮਾਪਿਆਂ ਦਾ ਸਕੂਲ ਵਿੱਚ ਆਉਣ ਅਤੇ ਇਸ ਵਾਰਤਾਲਾਪ ਨੂੰ ਪੂਰਨ ਤੌਰ 'ਤੇ ਸਫਲ ਬਣਾਉਣ ਲਈ ਧੰਨਵਾਦ ਕੀਤਾ ਅਤੇ ਅੱਗੇ ਤੋਂ ਵੀ ਇਸੇ ਤਰ੍ਹਾਂ ਹੀ ਅਧਿਆਪਕ ਮਾਪੇ ਮਿਲਣੀ ਨੂੰ ਸਾਰਥਕ ਕਰਨ ਦੀ ਅਪੀਲ ਕੀਤੀ।ਪ੍ਰਿੰਸੀਪਲ ਦੁਆਰਾ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸਾਇੰਸ ਪ੍ਰਦਰਸ਼ਨੀ ਪ੍ਰਤੀ ਕੀਤੀ ਗਈ ਮਿਹਨਤ ਦੀ ਪ੍ਰਸ਼ੰਸਾ ਕੀਤੀ ਗਈ ਅਤੇ ਵਿਦਿਆਰਥੀਆਂ ਨੂੰ ਇਸੇ ਤਰ੍ਹਾਂ ਵਿੱਦਿਆ ਦੇ ਖੇਤਰ ਵਿੱਚ ਵੀ ਅੱਗੇ ਵਧਣ ਲਈ ਪ੍ਰੇਰਿਤ ਕੀਤਾ।



# 'ਵਿਦਿਆਰਥੀਆਂ ਲਈ ਗਣਿਤ ਨੂੰ ਕਿਸ ਤਰ੍ਹਾਂ ਦਿਲਚਸਪ ਬਣਾਇਆ ਜਾਵੇ' ਵਿਸ਼ੇ 'ਤੇ ਰਾਜ ਪੱਧਰੀ ਕਾਨਫਰੰਸ ਹੋਈ

**ਮੋਹਾਲੀ, (ਗੁਰਜੀਤ ਬਿੱਲਾ)**-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ 'ਵਿਦਿਆਰਥੀਆਂ ਲਈ ਗਣਿਤ ਨੂੰ ਕਿਸ ਤਰ੍ਹਾਂ ਦਿਲਚਸਪ ਬਣਾਇਆ ਜਾਵੇ' ਵਿਸ਼ੇ 'ਤੇ ਚੇਅਰਮੈਨ ਡਾ. ਅਮਰਪਾਲ ਸਿੰਘ ਦੀ ਅਗਵਾਈ ਹੇਠ ਇੱਕ ਰਾਜ ਪੱਧਰੀ ਕਾਨਫਰੰਸ ਅਤੇ ਪੈਨਲ ਚਰਚਾ ਦਾ ਆਯੋਜਨ ਕੀਤਾ ਗਿਆ। ਚਰਚਾ ਦੀ ਯੋਜਨਾ ਅਤੇ ਸੰਕਲਪ ਵਿਸ਼ਾ ਮਾਹਿਰਾਂ ਪ੍ਰਿਤਪਾਲ ਸਿੰਘ ਕਥੂਰੀਆ ਅਤੇ ਪ੍ਰੀਤੀ ਪੁਰੀ ਵੱਲੋਂ ਤਿਆਰ ਕੀਤਾ ਗਿਆ ਸੀ, ਜੋ ਇਸ ਸਮਾਗਮ ਦੇ ਸੰਚਾਲਕ ਵੀ ਰਹੇ।ਕਾਨਫਰੰਸ ਦੀ ਸ਼ੁਰੂਆਤ ਕਰਦਿਆਂ ਡਾ. ਅਮਰਪਾਲ ਸਿੰਘ ਨੇ ਗਣਿਤ ਦੀ ਪਾਠਸ਼ਾਲੀ ਢਾਂਚੇ ਤੋਂ ਹਟ ਕੇ ਅਨੁਭਵ ਅਧਾਰਤ ਅਤੇ ਅੰਤਰ ਵਿਸ਼ਾਗਤ ਤਰੀਕਿਆਂ ਨੂੰ ਅਪਨਾਉਣ ਦੀ ਲੋੜ 'ਤੇ ਜ਼ੋਰ ਦਿੱਤਾ, ਤਾਂ ਜੋ ਬੱਚਿਆਂ ਵਿੱਚ ਗਣਿਤ ਪੜ੍ਹਨ ਦੀ ਦਿਲਚਸਪੀ ਪੈਦਾ ਕੀਤੀ ਜਾ ਸਕੇ। ਇਹ ਸਮਾਗਮ ਪੰਜਾਬ ਅਤੇ ਹੋਰ ਰਾਜਾਂ ਦੇ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਦੇ ਗਣਿਤ ਅਧਿਆਪਕਾਂ, ਵਿਦਿਅਕ ਅਤੇ ਸੋਸ਼ਲ ਮੀਡੀਆ 'ਇੰਫਲੂਅੰਸਰਾਂ' ਦੀ ਹਾਜ਼ਰੀ 'ਚ ਹੋਇਆ।ਸਮਾਗਮ ਵਿੱਚ ਇਹ ਵੀ ਵਿਖਾਇਆ ਗਿਆ ਕਿ ਆਰਟੀਫਿਸ਼ੀਅਲ ਇੰਟੈਲੀਜੈਂਸ (19) ਗਣਿਤਕ ਅਧਾਰਾਂ 'ਤੇ ਕੰਮ ਕਰਦੀ ਹੈ ਅਤੇ ਗਣਿਤ ਸਿੱਖਣ ਲਈ ਇੰਟਰਐਕਟਿਵ ਐਪਸ, ਗੇਮਸ ਅਤੇ ਅਨੁਕੂਲ ਟੈਸਟਿੰਗ ਟੂਲ ਉਪਲਬਧ ਕਰਵਾਉਂਦੀ ਹੈ, ਜੋ ਸਿੱਖਣ ਦੀ ਪ੍ਰਕਿਰਿਆ ਨੂੰ ਹੋਰ ਰੁਚਿਕਰ ਬਣਾਉਦੇ ਹਨ।

# ਸ਼੍ਰੋਮਣੀ ਕਮੇਟੀ ਦੇ ਉਚੇਚੇ ਜਨਰਲ ਇਜਲਾਸ 'ਚ ਤਖ਼ਤ ਸਾਹਿਬਾਨ ਦੇ ਸਨਮਾਨ ਸੰਬੰਧੀ ਅਹਿਮ ਮਤਾ ਪਾਸ

**ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਉਚੇਚਾ ਜਨਰਲ ਇਜਲਾਸ ਸ਼੍ਰੋਮਣੀ ਕਮੇਟੀ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਹੋਇਆ, ਜਿਸ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ 100 ਦੇ ਕਰੀਬ ਮੈਂਬਰ ਸ਼ਾਮਲ ਹੋਏ।ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਅੰਦਰ ਹੋਏ ਇਸ ਇਜਲਾਸ ਦੌਰਾਨ ਤਖ਼ਤ ਸਾਹਿਬਾਨ ਦੀ ਮਾਣ-ਮਰਯਾਦਾ ਦੇ ਸਬੰਧ ਵਿਚ ਵਿਚਾਰ-ਵਟਾਂਦਰੇ ਉਪਰੰਤ ਇਕ ਮਤਾ ਪਾਸ ਕੀਤਾ ਗਿਆ, ਜਿਸ ਵਿਚ ਕੌਮ ਦੀਆਂ ਇਨ੍ਹਾਂ ਸਰਵਉਚ ਸੰਸਥਾਵਾਂ ਦੇ ਪੰਥਕ ਜਲੌਅ, ਮਾਨ-ਸਨਮਾਨ ਅਤੇ ਮਹੱਤਵ ਦੇ ਅਸਲ ਰੂਪ ਨੂੰ ਕਾਇਮ ਰੱਖਣ ਪ੍ਰਤੀ ਜਥੇਦਾਰ ਸਾਹਿਬਾਨ ਨੂੰ ਅਪੀਲ ਕੀਤੀ ਗਈ।ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਪੇਸ਼ ਕੀਤੇ ਗਏ ਮਤੇ ਵਿਚ ਕਿਹਾ ਗਿਆ ਕਿ ਸਿੱਖ ਧਰਮ ਆਪਣੇ ਮੌਲਿਕ ਇਤਿਹਾਸ, ਸਿਧਾਂਤਾਂ, ਮਰਿਆਦਾ ਅਤੇ ਵਿਚਾਰਧਾਰਾ ਦੀ ਅਮੀਰੀ ਕਰਕੇ ਦੁਨੀਆ ਦੇ ਧਰਮਾਂ ਅੰਦਰ ਨਿਵੇਕਲਾ ਸਥਾਨ ਰੱਖਦਾ ਹੈ।ਤਖ਼ਤ ਸਾਹਿਬਾਨ ਸਿੱਖ ਪੰਥ ਦੀਆਂ ਸਰਵਉਚ ਸੰਸਥਾਵਾਂ ਹਨ ਜੋ ਸਿੱਖ ਇਤਿਹਾਸ, ਗੁਰਬਾਣੀ ਅਤੇ ਗੁਰਮਤਿ ਪ੍ਰੰਪਰਾਵਾਂ ਅਨੁਸਾਰ ਸਿੱਖ ਕੌਮ ਦੀ ਧਾਰਮਿਕ, ਪੰਥਕ, ਨੈਤਿਕ ਅਤੇ ਰੂਹਾਨੀ ਅਗਵਾਈ ਕਰਦੇ ਹਨ।ਹਰ ਤਖ਼ਤ ਸਾਹਿਬ ਦੀ ਆਪਣੇ ਇਤਿਹਾਸਕ ਪਿਛੋਕੜ ਅਤੇ ਪੰਥਕ ਮਹੱਤਤਾ ਦੇ ਨਾਲ ਨਾਲ ਖੇਤਰੀ ਵਿਸ਼ੇਸ਼ਤਾ ਸਿੱਖ ਮਰਯਾਦਾ ਦਾ ਹਿੱਸਾ ਹੈ, ਪਰ ਮਹੱਤਵਪੂਰਨ ਇਹ ਹੈ ਕਿ ਸਭ ਤਖ਼ਤ ਸਾਹਿਬਾਨ ਇੱਕੋ ਗੁਰਮਰਿਆਦਾ ਅਤੇ ਗੁਰੂ ਮਰਜ਼ੀ ਅਧੀਨ ਹਨ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਵੱਲੋਂ ਸਥਾਪਿਤ ਪ੍ਰਭੁਸੱਤਾ ਸੰਪੰਨ ਹਸਤੀ ਸ੍ਰੀ ਅਕਾਲ ਤਖਤ ਸਾਹਿਬ ਸਿੱਖਾਂ ਵਾਸਤੇ ਇਲਾਹੀ ਆਦੇਸ਼ ਦਾ ਅਸਥਾਨ ਹੈ। ਇਹ ਧਰਮ ਦੇ ਨਾਲ ਨਾਲ ਪੰਥਕ ਤੇ ਰਾਜਨੀਤਕ ਅਗਵਾਈ ਲਈ ਵੀ ਮਾਰਗ ਦਰਸ਼ਨ ਹੈ।ਮਤੇ ਵਿਚ ਅੱਗੇ ਕਿਹਾ ਗਿਆ ਕਿ ਸਿੱਖ ਕੌਮ ਦੇ ਪੰਜ ਤਖ਼ਤ ਸਾਹਿਬਾਨ ਆਪੋ ਆਪਣੀ ਥਾਂ ਵੱਡੀ ਅਹਿਮੀਅਤ ਰੱਖਦੇ ਹਨ, ਲੇਕਿਨ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉੱਚਤਾ ਪੰਥ ਵੱਲੋਂ ਪ੍ਰਵਾਨੀ ਤੇ ਸਨਮਾਨੀ ਜਾਂਦੀ ਹੈ। ਸਿੱਖਾਂ ਦੇ ਕੌਮੀ ਮਸਲੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਪੰਜ ਸਿੰਘ ਸਾਹਿਬਾਨ ਵੱਲੋਂ ਵਿਚਾਰੇ ਜਾਣ ਅਤੇ ਨਿਰਣਾ ਕਰਨ ਦਾ ਸਰਬ ਪ੍ਰਮਾਣਿਤ ਵਿਧਾਨ ਹੈ, ਪਰ ਬਾਕੀ ਤਖ਼ਤ ਸਾਹਿਬਾਨ ਦਾ ਸਥਾਨਕ ਪੱਧਰ 'ਤੇ ਮਾਮਲਿਆਂ ਨੂੰ ਸੰਬੋਧਨ ਹੋਣਾ ਵੀ ਸਿੱਖ ਰਹਿਤ ਮਰਿਆਦਾ ਦੀ ਸੇਧ ਵਿੱਚ ਅਧਿਕਾਰਤ ਹੈ। ਇਸ ਦੇ ਮੱਦੇਨਜ਼ਰ ਜਰਨਲ ਇਜਲਾਸ ਦੌਰਾਨ ਕੌਮੀ ਇਤਿਹਾਸ, ਮਰਿਆਦਾ, ਪ੍ਰੰਪਰਾਵਾਂ ਅਤੇ ਚੱਲਦੇ ਆ ਰਹੇ ਵਿਧੀ ਵਿਧਾਨ ਦੀ ਰੋਸ਼ਨੀ ਵਿੱਚ ਤਖ਼ਤ ਸਾਹਿਬਾਨ ਦੇ ਮਾਣ ਸਤਿਕਾਰ ਅਤੇ ਅਧਿਕਾਰਾਂ ਦਾ ਸਨਮਾਨ ਕਰਦਿਆਂ ਜਥੇਦਾਰ ਸਾਹਿਬਾਨ ਨੂੰ ਅਪੀਲ ਕੀਤੀ ਗਈ ਕਿ ਕਿਸੇ ਵੀ ਮਾਮਲੇ 'ਤੇ ਫੈਸਲਾ ਲੈਣ ਸਮੇਂ ਪੰਥਕ ਰਵਾਇਤਾਂ ਨੂੰ ਨਜ਼ਰ-ਅੰਦਾਜ਼ ਨਾ ਕੀਤਾ ਜਾਵੇ।ਕੌਮੀ ਫੈਸਲੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਲੈਣ ਦੀ ਰਵਾਇਤ ਹੈ ਅਤੇ ਲਏ ਜਾਂਦੇ ਰਹਿਣਗੇ, ਪਰੰਤੂ ਦੂਸਰੇ ਚਾਰ ਤਖ਼ਤ ਸਾਹਿਬਾਨ ਨਾਲ ਸਬੰਧਤ ਸਥਾਨਕ ਮਾਮਲਿਆਂ ਵਿੱਚ ਉਨ੍ਹਾਂ ਦੇ ਸਲਾਹ ਮਸ਼ਵਰੇ ਬਿਨਾਂ ਦਖਲ ਨਾ ਦਿੱਤਾ ਜਾਵੇ। ਜੇਕਰ ਕੋਈ ਅਜਿਹਾ ਮਾਮਲਾ ਵਿਚਾਰ ਅਧੀਨ ਆਵੇ ਤਾਂ ਦੀਰਘ ਵਿਚਾਰ ਵਟਾਂਦਰੇ ਮਗਰੋਂ ਹੀ ਕੋਈ ਫੈਸਲਾ ਕੀਤਾ ਜਾਵੇ। ਇਸ ਵਿਚ ਸਬੰਧਤ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਫੈਸਲੇ ਦਾ ਹਿੱਸਾ ਲਾਜ਼ਮੀ ਬਣਾਇਆ ਜਾਵੇ। ਸਾਂਝੀ ਰਾਏ ਨਾ ਬਣਨ 'ਤੇ ਉਸ ਮਾਮਲੇ ਪ੍ਰਤੀ ਕਾਹਲੀ ਵਿੱਚ ਫੈਸਲਾ ਨਾ ਹੋਵੇ।ਵਿਸ਼ੇਸ਼ ਕਾਰਨਾਂ ਕਰਕੇ ਤੁਰੰਤ ਫੈਸਲਾ ਲਏ ਜਾਣ ਦੇ ਹਾਲਾਤ ਨੂੰ ਛੱਡ ਕੇ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਕੁਝ ਦਿਨ ਪਹਿਲਾਂ ਐਲਾਨ ਕੀਤੀ ਜਾਵੇ। ਜੇਕਰ ਕਿਸੇ ਤਖਤ ਸਾਹਿਬ ਤੋਂ ਜਥੇਦਾਰ ਸਾਹਿਬ ਕਿਸੇ ਕਾਰਨ ਮੀਟਿੰਗ ਵਿੱਚ ਸ਼ਾਮਲ ਨਾ ਹੋ ਸਕਣ ਤਾਂ ਸ੍ਰੀ ਅਕਾਲ ਤਖਤ ਸਾਹਿਬ ਦੇ 19 ਨਵੰਬਰ 2003 ਨੂੰ ਕੀਤੇ ਗਏ ਮਤੇ ਦੀ ਰੋਸ਼ਨੀ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਿੰਘ ਸਾਹਿਬਾਨਾਂ ਵਿੱਚੋਂ ਹੀ ਸ਼ਾਮਲ ਕੀਤੇ ਜਾਣ।ਇਜਲਾਸ ਸਮੇਂ ਇਸ ਤੋਂ ਇਲਾਵਾ ਯੂਨੀਵਰਸਿਟੀਆਂ ਵਿਚ ਆਰਐੱਸਐੱਸ ਦਾ ਦਖ਼ਲ, ਪੰਜਾਬ ਸਰਕਾਰ ਵੱਲੋਂ ਬੇਅਦਬੀਆਂ ਸੰਬੰਧੀ ਲਿਆਂਦੇ ਗਏ ਬਿੱਲ, ਪੰਜਾਬ ਸਰਕਾਰ ਵੱਲੋਂ ਸਰਕਾਰ ਤੌਰ ''ਤੇ ਸਿੱਖ ਸੰਸਥਾਵਾਂ ਦੇ ਮੁਕਾਬਲੇ 'ਤੇ 350 ਸਾਲਾ ਸ਼ਹੀਦੀ ਸ਼ਤਾਬਦੀ ਸਮੇਂ ਗੁਰਮਤਿ ਸਮਾਗਮ ਰੱਖਣ ਦੀ ਜ਼ਿੱਦ ਅਤੇ ਰਾਮ ਰਹੀਮ ਨੂੰ ਬਾਰ-ਬਾਰ ਪੈਰੋਲ ਦੇਣ ਦੀ ਕਰੜੀ ਨਿੰਦਾ ਕੀਤੀ ਗਈ।ਸਮਾਗਮ ਦੌਰਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਇਲਾਵਾ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਭਾਈ ਗੁਰਚਰਨ ਸਿੰਘ ਗਰੇਵਾਲ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਜਸਵੰਤ ਸਿੰਘ ਪੁੜੈਣ, ਬੀਬੀ ਕਿਰਨਜੋਤ ਕੌਰ ਅਤੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਵੀ ਸੰਬੋਧਨ ਕੀਤਾ।ਇਜਲਾਸ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਇਜਲਾਸ ਬਹੁਤ ਹੀ ਮਹੱਤਵਪੂਰਨ ਮੁੱਦੇ 'ਤੇ ਰੱਖਿਆ ਗਿਆ ਸੀ, ਜਿਸ ਪ੍ਰਤੀ ਹਰ ਬੁਲਾਰੇ ਨੇ ਸੰਜੀਦਗੀ ਦਿਖਾਈ ਅਤੇ ਭਾਵਪੂਰਤ ਵਿਚਾਰ ਦਿੱਤੇ।

# ਚਿਲਡਰਨ ਹੋਮ 'ਚ ਰਹਿੰਦੇ ਬੱਚਿਆਂ ਦੀ ਭਲਾਈ ਲਈ ਕੀਤੇ ਜਾ ਰਹੇ ਯਤਨਾਂ ਦੀ ਸਮੀਖਿਆ



**ਗੁਰਦਾਸਪੁਰ, (ਜਨਕ ਮਹਾਜਨ)**-ਚਿਲਡਰਨ ਹੋਮ (ਲੜਕੇ) ਗੁਰਦਾਸਪੁਰ ਵਿਖੇ ਰਹਿ ਰਹੇ ਬੱਚਿਆਂ ਦੀ ਭਲਾਈ ਲਈ ਕੀਤੇ ਜਾ ਰਹੇ ਯਤਨਾਂ ਦੀ ਸਮੀਖਿਆ ਕਰਨ ਲਈ ਜ਼ਿਲ੍ਹਾ ਪੱਧਰੀ ਚਿਲਡਰਨ ਹੋਮ ਮੈਨੇਜਮੈਂਟ ਕਮੇਟੀ ਵੱਲੋਂ ਮੀਟਿੰਗ ਕਰਵਾਈ ਗਈ। ਇਸ ਮੀਟਿੰਗ ਦੀ ਪ੍ਰਧਾਨਗੀ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਜਸਮੀਤ ਕੌਰ ਵੱਲੋਂ ਕੀਤੀ ਗਈ। ਇਸ ਤੋਂ ਇਲਾਵਾ ਮੀਟਿੰਗ ਵਿੱਚ ਬਾਲ ਭਲਾਈ ਕੌਂਸਲ ਦੇ ਚੇਅਰਪਰਸਨ ਐਡਵੋਕੇਟ ਸੁੱਚਾ ਸਿੰਘ ਮੁਲਤਾਨੀ, ਬਾਲ ਭਲਾਈ ਕੌਂਸਲ ਦੇ ਮੈਂਬਰ ਰਜਨੀ ਬਾਲਾ ਮੈਂਬਰ, ਰਤਨ ਲਾਲ ਨੀਤੂ ਸਪੈਸ਼ਲ ਐਜੂਕੇਟਰ, ਸੇਖਾ ਅਤੇ ਹੋਰ ਸਬੰਧਿਤ ਅਧਿਕਾਰੀ ਹਾਜ਼ਰ ਸਨ। ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਜਸਮੀਤ ਕੌਰ ਨੇ ਕਿਹਾ ਕਿ ਚਿਲਡਰਨ ਹੋਮ ਵਿੱਚ ਰਹਿ ਰਹੇ ਸਹਿਵਾਸੀ ਬੱਚਿਆਂ ਦੀ ਸਹੂਲਤ ਦਾ ਪੂਰਾ ਖ਼ਿਆਲ ਰੱਖਿਆ ਜਾਵੇ ਅਤੇ ਉਨ੍ਹਾਂ ਨੂੰ ਇੱਥੇ ਘਰ ਵਰਗਾ ਮਾਹੌਲ ਦਿੱਤਾ ਜਾਵੇ। ਮੀਟਿੰਗ ਦੌਰਾਨ ਚਿਲਡਰਨ ਹੋਮ ਦੀ ਸੁਪਰਡੈਂਟ ਸੰਦੀਪ ਕੌਰ ਨੇ ਅਗਸਤ ਮਹੀਨੇ ਵਿੱਚ ਉਲੀਕੇ ਜਾਣ ਵਾਲੇ ਪ੍ਰੋਗਰਾਮਾਂ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਕਿਹਾ ਕਿ ਬਰਸਾਤ ਦੇ ਮੌਸਮ ਵਿੱਚ ਬੱਚਿਆਂ ਦੀ ਦੇਖ-ਭਾਲ ਵੱਲ ਹੋਰ ਵੀ ਧਿਆਨ ਦਿੱਤਾ ਜਾ ਰਿਹਾ ਹੈ। ਬੱਚਿਆਂ ਨੂੰ ਰੂਹਾਨੀਅਤ ਨਾਲ ਜੋੜਨ ਲਈ ਚਿਲਡਰਨ ਹੋਮ ਵਿੱਚ ਵਿਸ਼ੇਸ਼ ਤੌਰ 'ਤੇ ਕੀਰਤਨ ਵੀ ਕਰਵਾਇਆ ਗਿਆ।

# ਸਰਕਾਰ ਮਨਰੇਗਾ ਵਰਕਰਾਂ ਦਾ ਕੰਮ ਠੱਪ ਕਰਨ 'ਤੇ ਤੁਲੀ ਹੋਈ : ਪੰਡੋਰੀ, ਰਟੋਲ

ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਮਨਰੇਗਾ ਵਰਕਰਾਂ ਦੇ ਬੰਦ ਪਏ ਕੰਮ ਨੂੰ ਚਾਲੂ ਕਰਾਉਣ ਅਤੇ ਮਿਹਨਤਾਨੇ 'ਚ ਵਾਧਾ ਕਰਾਉਣ ਲਈ 12 ਅਗਸਤ ਨੂੰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਤਰਨ ਤਾਰਨ ਦੇ ਦਫਤਰ ਅੱਗੇ ਲਾਏ ਜਾ ਰਹੇ ਧਰਨੇ ਦੀ ਤਿਆਰੀਆਂ ਵਜੋਂ ਮਨਰੇਗਾ ਵਰਕਰਜ਼ ਯੂਨੀਅਨ ਦੀਆਂ ਭਰਵੀਆਂ ਮੀਟਿੰਗਾਂ ਵੱਖ-ਵੱਖ ਪਿੰਡਾਂ ਕੈਰੋਵਾਲ, ਕੋਟਲੀ ਅਤੇ ਪੱਖੋਕੇ 'ਚ ਕੀਤੀਆਂ ਗਈਆਂ।ਇਨ੍ਹਾਂ ਮੀਟਿੰਗਾਂ ਨੂੰ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਬਲਦੇਵ ਸਿੰਘ ਪੰਡੋਰੀ, ਨਰਿੰਦਰ ਸਿੰਘ ਰਟੋਲ, ਕਰਮ ਸਿੰਘ ਪੰਡੋਰੀ ਨੇ ਸੰਬੋਧਨ ਕੀਤਾ ।ਇਨ੍ਹਾਂ ਆਗੂਆਂ ਨੇ ਕਿਹਾ ਕਿ ਭਗਵੰਤ ਮਾਨ ਦੀ ਸਰਕਾਰ ਮਨਰੇਗਾ ਵਰਕਰਾਂ ਦਾ ਕੰਮ ਬੰਦ ਕਰਨ ਤੇ ਤੁਲੀ ਹੋਈ ਹੈ।ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਮਜ਼ਦੂਰ ਮਾਰੂ ਨੀਤੀਆਂ ਕਾਰਨ ਮਜ਼ਦੂਰਾਂ ਨੂੰ ਕੰਮ ਨਹੀਂ ਮਿਲ ਰਿਹਾ।ਸਰਕਾਰਾਂ ਦੀਆਂ ਗਲਤ ਨੀਤੀਆਂ ਕਾਰਨ ਸਰਕਾਰੀ ਅਦਾਰਿਆਂ ਦਾ ਤੇਜ਼ੀ ਨਾਲ ਨਿੱਜੀਕਰਨ ਕਰਕੇ ਕਾਰਪੋਰੇਟ ਘਰਾਣਿਆਂ ਦੇ ਨੂੰ ਕੌਡੀਆਂ ਦੇ ਭਾਅ ਵੇਚਿਆ ਜਾ ਰਿਹਾ ਹੈ।ਦੇਸ਼ ਅੰਦਰ ਕਰੋੜਾਂ ਮਜ਼ਦੂਰ ਬੇਰੁਜ਼ਗਾਰੀ ਦਾ ਸੰਤਾਪ ਭੋਗ ਰਹੇ ਹਨ ।ਇਨ੍ਹਾਂ ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਲਾਰਿਆ ਤੋਂ ਸਵਾਏ ਲੋਕਾਂ ਨੂੰ ਕੱਖ ਨਹੀਂ ਦਿੱਤਾ ।ਉਨ੍ਹਾਂ ਕਿਹਾ ਕਿ ਮਨਰੇਗਾ ਸਕੀਮ ਰਾਜ ਕਰਦੀ ਧਿਰ ਦੀ ਭੇਟ ਚੜ੍ਹਦੀ ਜਾ ਰਹੀ ਹੈ, ਪਾਰਦਰਸ਼ੀ ਢੰਗ ਨਾਲ ਨਹੀਂ ਚੱਲ ਰਹੀ ।ਉਨ੍ਹਾਂ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਬੰਦ ਪਏ ਮਨਰੇਗਾ ਕੰਮ ਨੂੰ ਬਿਨਾਂ ਭੇਦ ਭਾਵ ਫੌਰੀ ਚਾਲੂ ਕੀਤਾ ਜਾਵੇ, ਮਿਹਨਤਾਨਾ ਸਮੇਂ ਸਿਰ ਦਿੱਤਾ ਜਾਵੇ, ਮਨਰੇਗਾ ਕਾਮਿਆਂ ਦੀ ਸਿਹਤ ਦਾ ਧਿਆਨ ਰੱਖਦਿਆਂ ਮੈਡੀਕਲ ਕਿੱਟ, ਫ੍ਰੀ 20 ਲੱਖ ਦਾ ਬੀਮਾ ਕੀਤਾ ਜਾਵੇ ਅਤੇ ਜੌਬ ਕਾਰਡ ਬਣਾਉਣ 'ਚ ਕੀਤੀ ਜਾ ਰਹੀ ਖੱਜਲ ਖੁਆਰੀ ਬੰਦ ਕੀਤੀ ਜਾਵੇ। ਇਸ ਮੌਕੇ ਅਮਰਜੀਤ ਸਿੰਘ ਕੋਟਲੀ, ਹਰਬੰਸ ਸਿੰਘ ਕੈਰੋਵਾਲ, ਗੁਰਮੀਤ ਸਿੰਘ, ਰਛਪਾਲ ਸਿੰਘ, ਪ੍ਰਤਾਪ ਸਿੰਘ, ਰਤਨ ਸਿੰਘ, ਜਸਬੀਰ ਕੌਰ, ਸੁਖਵਿੰਦਰ ਕੌਰ, ਰਾਜ ਕੌਰ, ਕਸ਼ਮੀਰ ਕੌਰ, ਕੁਲਦੀਪ ਕੌਰ ਆਦਿ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ।।



ਨਵਾਂ ਜ਼ਮਾਨਾ
ਵੀਰਵਾਰ, 7 ਅਗਸਤ 2025

# ਜੱਜ ਦੀ ਨਿਯੁਕਤੀ ’ਤੇ ਵਿਵਾਦ

ਮਹਾਰਾਸ਼ਟਰ ਵਿੱਚ ਹੁਕਮਰਾਨ ਭਾਜਪਾ ਦੀ ਤਰਜਮਾਨ ਰਹੀ ਐਡਵੋਕੇਟ ਆਰਤੀ ਅਰੁਣ ਸਾਠੇ ਦੀ ਬੰਬੇ ਹਾਈ ਕੋਰਟ ਦੇ ਜੱਜ ਵਜੋਂ ਨਿਯੁਕਤੀ ਨੇ ਵੱਡਾ ਵਿਵਾਦ ਖੜ੍ਹਾ ਕਰ ਦਿੱਤਾ ਹੈ। ਸੁਪਰੀਮ ਕੋਰਟ ਦੇ ਕਾਲੇਜੀਅਮ ਨੇ 28 ਜੁਲਾਈ ਨੂੰ ਬੰਬੇ ਹਾਈ ਕੋਰਟ ਲਈ ਪੰਜ ਜੱਜਾਂ ਦੀ ਨਿਯੁਕਤੀ ਦਾ ਐਲਾਨ ਕੀਤਾ ਸੀ, ਜਿਨ੍ਹਾਂ ਵਿੱਚ ਆਰਤੀ ਵੀ ਹੈ। ਆਪੋਜ਼ੀਸ਼ਨ ਪਾਰਟੀਆਂ ਨੇ ਕਿਹਾ ਹੈ ਕਿ ਹੁਕਮਰਾਨ ਪਾਰਟੀ ਲਈ ਤਰਜਮਾਨ ਦਾ ਕੰਮ ਕਰਨ ਵਾਲੀ ਨੂੰ ਜੱਜ ਬਣਾਉਣਾ ਨਾ ਸਿਰਫ ਗੈਰ-ਵਾਜਬ ਹੈ, ਸਗੋਂ ਇਹ ਨਿਆਂ ਵਿਵਸਥਾ ਦੀ ਨਿਰਪੱਖਤਾ ’ਤੇ ਵੀ ਅਸਰ ਪਾਏਗਾ। ਸਿਰਫ ਜੱਜ ਬਣਨ ਦੀ ਯੋਗਤਾ ਹੋਣਾ ਤੇ ਸਿਆਸੀ ਪਾਰਟੀ ਨਾਲ ਸਿੱਧੇ ਤੌਰ ’ਤੇ ਜੁੜੇ ਵਿਅਕਤੀ ਨੂੰ ਸਿੱਧਾ ਜੱਜ ਬਣਾ ਦੇਣਾ ਨਿਆਂ ਪਾਲਿਕਾ ਨੂੰ ਸਿਆਸੀ ਅਖਾੜੇ ਵਿੱਚ ਬਦਲਣ ਦੇ ਬਰਾਬਰ ਹੈ। ਸੰਵਿਧਾਨ ਵਿੱਚ ਸ਼ਕਤੀਆਂ ਦੇ ਵਖਰੇਵੇਂ ਦਾ ਸਿਧਾਂਤ ਮੌਜੂਦ ਹੈ, ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਕਿਸੇ ਕੋਲ ਅਨਿਅੰਤਰਿਤ ਸ਼ਕਤੀ ਨਾ ਹੋਵੇ, ਸੱਤਾ ਦਾ ਕੇਂਦਰੀਕਰਨ ਰੋਕਿਆ ਜਾ ਸਕੇ ਅਤੇ ਨਿਅੰਤਰਣ ਤੇ ਸੰਤੁਲਨ ਬਣਾਇਆ ਰੱਖਿਆ ਜਾ ਸਕੇ। ਕਿਸੇ ਸਿਆਸੀ ਤਰਜਮਾਨ ਨੂੰ ਜੱਜ ਬਣਾਉਣਾ ਸ਼ਕਤੀਆਂ ਦੇ ਵਖਰੇਵੇਂ ਦੇ ਸਿਧਾਂਤ ਨੂੰ ਖੋਰਾ ਲਾਉਣਾ ਹੈ। ਕਾਂਗਰਸ ਦੇ ਆਗੂ ਨਾਨਾ ਪਟੋਲੇ ਨੇ ਕਿਹਾ ਹੈ ਕਿ ਇਹ ਨਿਯੁਕਤੀ ਨਾ ਸਿਰਫ ਚਿੰਤਾਜਨਕ, ਸਗੋਂ ਲੋਕਤੰਤਰ ਦਾ ਗਲਾ ਘੁੱਟਣ ਵਾਲੀ ਹੈ, ਇਸ ਲਈ ਭਾਰਤ ਦੇ ਚੀਫ ਜਸਟਿਸ ਨੂੰ ਇਸ ਮੁੱਦੇ ’ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ।

ਆਰਤੀ ਦੇ ਪਿਤਾ ਅਰੁਣ ਸਾਠੇ ਵੀ ਵਕੀਲ ਹਨ ਅਤੇ ਆਰ ਐੱਸ ਐੱਸ ਤੇ ਭਾਜਪਾ ਨਾਲ ਲੰਮੇ ਸਮੇਂ ਤੋਂ ਜੁੜੇ ਹੋਏ ਹਨ। ਉਹ ਭਾਜਪਾ ਦੀ ਕੌਮੀ ਐਗਜ਼ੈਕਟਿਵ ਦੇ ਮੈਂਬਰ ਵੀ ਰਹਿ ਚੁੱਕੇ ਹਨ। ਇਹ ਪਹਿਲੀ ਵਾਰ ਨਹੀਂ, ਜਦ ਬੰਬੇ ਹਾਈ ਕੋਰਟ ਦੇ ਜੱਜਾਂ ਦੀ ਨਿਯੁਕਤੀ ਨੂੰ ਲੈ ਕੇ ਵਿਵਾਦ ਹੋਇਆ ਹੈ। ਪਹਿਲਾਂ ਵੀ ਜੱਜਾਂ ਦੀ ਨਿਯੁਕਤੀ ਨੂੰ ਲੈ ਕੇ ਕਾਲੇਜੀਅਮ ਪ੍ਰਣਾਲੀ ਤੇ ਚੋਣ ਪ੍ਰਕਿਰਿਆ ’ਤੇ ਸਵਾਲ ਉਠਦੇ ਰਹੇ ਹਨ। ਮਾਹਰਾਂ ਦਾ ਕਹਿਣਾ ਹੈ ਕਿ ਕਿਸੇ ਸਿਆਸੀ ਪਾਰਟੀ ਨਾਲ ਜੁੜੇ ਵਿਅਕਤੀ ਦੀ ਹਾਈ ਕੋਰਟ ਵਿੱਚ ਨਿਯੁਕਤੀ ਨਾਲ ਲੋਕਾਂ ਵਿੱਚ ਨਿਆਂ ਪਾਲਿਕਾ ਦੀ ਨਿਰਪੱਖਤਾ ’ਤੇ ਵਿਸ਼ਵਾਸ ਘੱਟ ਹੋ ਸਕਦਾ ਹੈ। ਕਾਨੂੰਨੀ ਮਾਹਰਾਂ ਮੁਤਾਬਕ ਜੱਜਾਂ ਦੀ ਨਿਯੁਕਤੀ ਵਿੱਚ ਪਾਰਦਰਸ਼ਤਾ ਤੇ ਨਿਰਪੱਖਤਾ ਯਕੀਨੀ ਬਣਾਉਣ ਲਈ ਕਾਲੇਜੀਅਮ ਪ੍ਰਣਾਲੀ ਵਿੱਚ ਸੁਧਾਰ ਦੀ ਲੋੜ ਹੈ।

ਆਰਤੀ ਅਰੁਣ ਸਾਠੇ ਵਰਗਿਆਂ ਦੀ ਉੱਚ ਅਦਾਲਤਾਂ ਵਿੱਚ ਨਿਯੁਕਤੀ ਕਾਰਨ ਹੀ ਜੱਜਾਂ ਦੇ ਅਜੀਬੋ-ਗਰੀਬ ਫੈਸਲੇ ਤੇ ਟਿੱਪਣੀਆਂ ਦੇਖਣ ਨੂੰ ਮਿਲ ਰਹੀਆਂ ਹਨ। ਕੋਈ ਜੱਜ ਕਹਿੰਦਾ ਹੈ ਕਿ ਫਲਸਤੀਨ ਦੇ ਹੱਕ ਵਿੱਚ ਹਾਅ ਦਾ ਨਾਅਰਾ ਮਾਰਨ ਲਈ ਰੈਲੀ ਕਰਨ ਦੀ ਕੀ ਲੋੜ ਹੈ? ਕੋਈ ਕਹਿੰਦਾ ਹੈ ਕਿ ਚੀਨ ਵੱਲੋਂ ਭਾਰਤੀ ਜ਼ਮੀਨ ਹੜੱਪਣ ਦਾ ਬਿਆਨ ਦੇਣਾ ਸੱਚੀ ਦੇਸ਼ ਭਗਤੀ ਨਹੀਂ।

# ਨਸ਼ੇ ਅਤੇ ਹੋਰ ਸਮਾਜਿਕ ਚੁਣੌਤੀਆਂ ਦਾ ਸਾਰਥਕ ਹੱਲ : ਗੁਣਾਤਮਕ ਪ੍ਰਾਇਮਰੀ ਸਿੱਖਿਆ

ਚਰਨ ਸਿੰਘ ਸਰਾਭਾ

ਸਾਰੇ ਦੇਸ਼ ਦੇ ਨਾਲ-ਨਾਲ ਕਈ ਸੂਬਿਆਂ ਸਮੇਤ ਪੰਜਾਬ ਵੀ ਕਈ ਗੰਭੀਰ ਚੁਣੌਤੀਆਂ ਜਿਵੇਂ ਨਸ਼ਿਆਂ ਦਾ ਕਰੋਪ, ਅਮਨ-ਕਾਨੂੰਨ ਦੀ ਸਥਿਤੀ, ਬੇਰੁਜ਼ਗਾਰੀ, ਫਿਰੌਤੀਆਂ, ਲੁੱਟਾਂ-ਖੋਹਾਂ, ਜਵਾਨੀ ਦਾ ਪਰਵਾਸ ਅਤੇ ਬੌਧਿਕ ਅਤੇ ਆਰਥਿਕ ਲੁੱਟ, ਧਾਰਮਿਕ ਫਿਰਕੂ ਬੇਅਦਬੀਆਂ ਦੇ ਵਿਵਾਦ ਅਤੇ ਲਗਾਤਾਰ ਖੁਰ ਰਹੇ ਮਨੁੱਖੀ ਪਰਵਾਰਕ ਅਤੇ ਸਮਾਜਿਕ ਰਿਸ਼ਤੇ ਆਦਿ ਦਾ ਸਾਹਮਣਾ ਕਰ ਰਹੇ ਹਨ।

ਇਨ੍ਹਾਂ ਮਸਲਿਆਂ ਦੇ ਹੱਲ ਲਈ ਸਮੇਂ-ਸਮੇਂ ਆਈਆਂ ਸਰਕਾਰਾਂ ਦਾਅਵੇ ਕਰਦੀਆਂ ਰਹੀਆਂ ਹਨ ਅਤੇ ਹੁਣ ਵਾਲੀਆਂ ਸਰਕਾਰਾਂ ਵੀ ਯਤਨਸ਼ੀਲ ਹਨ। ਕਈ ਵਾਰੀ ਕਈ ਸਿਆਸੀ ਆਗੂ ਇਹ ਵੀ ਕਹਿੰਦੇ ਸੁਣੇ ਜਾਂਦੇ ਹਨ ਕਿ ਇਹ ਸਮੱਸਿਆਵਾਂ ਤਾਂ ਸੰਸਾਰ ਪੱਧਰੀ ਵਤੀਰਾ ਹੈ। ਕਈ ਵਾਰੀ ਸਰਕਾਰਾਂ ਇਨ੍ਹਾਂ ਨੂੰ ਰੋਕਣ ਲਈ ਵਿਸ਼ੇਸ਼ ਨਵੇਂ ਸਖ਼ਤ ਕਾਨੂੰਨ ਵੀ ਬਣਾਉਂਦੀਆਂ ਹਨ ਜਾਂ ਤੁਰੰਤ ਪ੍ਰਬੰਧਕੀ ਕਾਰਵਾਈਆਂ ਵੀ ਕੀਤੀਆਂ ਜਾਂਦੀਆਂ ਹਨ। ਕਈ ਵਾਰੀ ਇਸ ’ਤੇ ਸਿਆਸੀ ਵਿਵਾਦ ਵੀ ਚਲਦੇ ਰਹਿੰਦੇ ਹਨ। ਉੱਪਰ ਦੱਸੀਆਂ ਸਾਰੀਆਂ ਹੀ ਚੁਣੌਤੀਆਂ ਗੰਭੀਰ ਹਨ, ਮਾਰੂ ਹਨ, ਜੋ ਸਮਾਜਿਕ ਸਥਿਰਤਾ, ਵਰਤਮਾਨ ਅਤੇ ਭਵਿੱਖੀ ਵਿਕਾਸ ਲਈ ਵੀ ਅੜਿੱਕਾ ਬਣਦੀਆਂ ਹਨ। ਸਾਡੀ ਸਮਝ ਅਨੁਸਾਰ ਇਹ ਦੇਸ਼ ਦੇ ਮਨੁੱਖੀ ਵਿਕਾਸ ਨਾਲ ਨੇੜਿਉਂ ਸੰਬੰਧਤ ਹਨ। ਜਦੋਂ ਅਸੀਂ ਮਨੁੱਖੀ ਵਿਕਾਸ ਦੀ ਗੱਲ ਕਰਾਂਗੇ ਤਾਂ ਸਿੱਧੇ ਤੌਰ ’ਤੇ ਸਾਡੀ ਸਿੱਖਿਆ ਪ੍ਰਣਾਲੀ ਦੀ ਗੱਲ ਵੀ ਹੋਵੇਗੀ, ਜਿਸ ਨੂੰ ਕਿਸੇ ਵੀ ਦੇਸ਼ ਦੇ ਨਿਰਧਾਰਤ ਸਮਾਜਿਕ ਵਿਕਾਸ ਅਤੇ ਮੰਤਵ ਦਾ ਕੇਂਦਰੀ ਬਿੰਦੂ ਮੰਨਿਆ ਜਾਂਦਾ ਹੈ। ਇਸ ਸੰਬੰਧ ਵਿੱਚ ਭਾਰਤ ਦੇ ਇੱਕ ਪ੍ਰਸਿੱਧ ਵਿਦਵਾਨ ਨੇ ਕਿਹਾ ਸੀ ਕਿ ਦੇਸ਼ ਦੀ ਸਿੱਖਿਆ ਨੀਤੀ ਨਿਰਧਾਰਤ ਕਰਨ ਤੋਂ ਪਹਿਲਾਂ ਸਾਨੂੰ ਵਿਚਾਰਨਾ ਹੋਵੇਗਾ ਕਿ ਅਸੀਂ ਦੇਸ਼ ਵਿੱਚ ਕਿਹੋ ਜਿਹਾ ਮਨੁੱਖੀ ਅਤੇ ਸਮਾਜਿਕ ਵਿਕਾਸ ਚਾਹੁੰਦੇ ਹਾਂ। ਸਿੱਖਿਆ ਕੇਂਦਰ ਨੂੰ ਸਮਾਜਿਕ ਵਿਕਾਸ ਦਾ ਕੇਂਦਰੀ ਬਿੰਦੂ ਮੰਨਿਆ ਜਾਂਦਾ ਹੈ ਕਿਉਂਕਿ ਆਮ ਤੌਰ ’ਤੇ ਇਹ ਇਕ ਪਵਿੱਤਰ ਸਰਬਸਾਂਝਾ ਅਤੇ ਪੱਖ-ਪਾਤ ਤੋਂ ਰਹਿਤ ਖੇਤਰ ਮੰਨਿਆ ਜਾਂਦਾ ਹੈ। ਸੰਸਾਰ ਪੱਧਰ ’ਤੇ ਵੀ ਦੇਖਿਆ ਜਾਂਦਾ ਹੈ ਕਿ ਅੱਜ ਉਹੀ ਦੇਸ਼ ਵਿਕਸਤ ਦੇਸ਼ ਹਨ, ਜਿਨ੍ਹਾਂ ਨੇ ਆਪਣੇ ਦੇਸ਼ ਦੇ ਬੱਚਿਆਂ ਦੀ ਮੁਢਲੀ ਸਿੱਖਿਆ ਨੂੰ ਪਹਿਲ ਦਿੱਤੀ ਹੈ ਅਤੇ ਇਸ ਮੰਤਵ ਨੂੰ ਮੰਨ ਕੇ ਸਰਕਾਰੀ ਜ਼ਿੰਮੇਵਾਰੀ ਅਧੀਨ ਗੁਣਾਤਮਕ ਸਿੱਖਿਆ ਪ੍ਰਾਪਤੀ ਦੇ ਬਰਾਬਰਤਾ ਵਾਲੇ ਅਵਸਰ ਪ੍ਰਦਾਨ ਕਰਕੇ ਸਰਬਪੱਖੀ ਮਨੁੱਖੀ ਵਿਕਾਸ ਨੂੰ ਅਧਾਰ ਬਣਾਇਆ ਹੈ। ਸੰਸਾਰ ਪੱਧਰ ’ਤੇ ਅੱਜ ਵੀ ਕਿਸੇ ਦੇਸ਼ ਦਾ ਵਿਕਾਸ ਉਸ ਦੇ ਮਨੁੱਖੀ ਵਿਕਾਸ ਅਤੇ ਉਨ੍ਹਾਂ ਵੱਲੋਂ ਧਾਰਨ ਕੀਤੀਆਂ ਸਮਾਜਿਕ ਅਤੇ ਮਨੁੱਖੀ ਕਦਰਾਂ-ਕੀਮਤਾਂ ਦੇ ਅਧਾਰ ’ਤੇ ਹੀ ਨਿਰਧਾਰਤ ਕੀਤਾ ਜਾਂਦਾ ਹੈ। ਇਸ ਮੰਤਵ ਦੀ ਪ੍ਰਾਪਤੀ ਲਈ ਸਮਾਜ ਦੇ ਸੱਭਿਅਕ ਵਿਕਾਸ ਦੇ ਆਰੰਭ ਤੋਂ ਹੀ ‘ਸਕੂਲ’ ਨੂੰ ਇਸ ਦਾ ਮੁੱਖ ਸੋਮਾ ਮੰਨਿਆ ਜਾਂਦਾ ਹੈ, ਕਿਉਂਕਿ ਮਨੁੱਖੀ ਜੀਵਨ ਦੇ ਆਰੰਭਕ ਵਿਕਾਸ ਦੇ ਪੜਾਅ ਵਜੋਂ ਕੋਈ ਵੀ ਬੱਚਾ ਆਪਣੇ ਪਰਵਾਰ ਤੋਂ ਬਾਹਰ ਪਹਿਲਾਂ ਪ੍ਰਾਇਮਰੀ ਪੱਧਰ ਵਾਲੇ ਸਕੂਲ ਵਿੱਚ ਹੀ ਜਾਂਦਾ ਹੈ। ਬੱਚੇ ਦੇ ਸਕੂਲ ਜਾਣ ਜਾਂ ਭੇਜਣ ਪਿੱਛੋਂ ਇੱਕ ਮੰਤਵ ਅਤੇ ਦ੍ਰਿਸ਼ਟੀਕੋਣ ਹੁੰਦਾ ਹੈ, ਜਿਸ ਸੰਬੰਧੀ ਬੱਚੇ ਦੇ ਹਰ ਰੋਜ਼ ਸਕੂਲ ਜਾਣ ਦੇ ਸਮੇਂ ਤੋਂ ਲੈ ਕੇ ਛੁੱਟੀ ਹੋਣ ਤੱਕ ਦੇ ਸਮੇਂ ਦੇ ਵਿਚਕਾਰ ਉਹ ਸਕੂਲ ਦੇ ਨਿਰਧਾਰਤ ਪ੍ਰਬੰਧ ਅਤੇ ਸਮਾਂ-ਧਾਰਨੀ ਅਨੁਸਾਰ ਵਿਚਰਦਾ ਹੈ। ਅਜਿਹੀ ਨਿਰੰਤਰ ਪ੍ਰਕਿਰਿਆ ਅਸਿੱਧੇ ਤੌਰ ’ਤੇ ਉਸ ਦਾ ਮਾਨਸਿਕ ਵਿਕਾਸ ਕਰਦੀ ਹੈ ਅਤੇ ਸਧਾਰਨ ਪੱਧਰ ਵਾਲੀ ਯੋਜਨਾਬੰਦੀ ਦਾ ਅਨੁਭਵ ਵੀ ਕਰਵਾਉਂਦੀ ਹੈ। ਇਸ ਤੋਂ ਬਿਨਾਂ ਸਕੂਲ ਵਿੱਚ ਹੀ ਬੱਚਾ ਆਪਣੇ ਸਾਥੀ ਵਿਦਿਆਰਥੀਆਂ ਨਾਲ ਸੰਪਰਕ ਵਿੱਚ ਆਉਂਦਾ ਹੈ ਤਾਂ ਉਸ ਦੇ ਵਿਹਾਰ ਵਿੱਚ ਦੂਜਿਆਂ ਨਾਲ ਮਿਲਵਰਤਣ ਕਰਨ, ਆਪ ਦੀ ਗੱਲ ਕਹਿਣ ਅਤੇ ਦੂਜਿਆਂ ਦੀ ਸੁਣਨ ਵਾਲਾ ਵਾਤਾਵਰਣ ਵੀ ਮਿਲਦਾ ਹੈ। ਇਸ ਤੋਂ ਹੀ ਉਸ ਨੂੰ ਆਪਸੀ ਸਹਿਯੋਗ ਦੀ ਪ੍ਰੇਰਨਾ ਵੀ ਮਿਲਦੀ ਹੈ। ਜਦੋਂ ਸੰਬੰਧਤ ਸਕੂਲ ਦੇ ਸਾਰੇ ਬੱਚੇ ਇਕਸਾਰਤਾ ਵਾਲੇ ਮਹੌਲ ਵਿੱਚ ਸਿੱਖਿਆ ਪ੍ਰਾਪਤ ਕਰਦੇ ਹਨ ਤਾਂ ਇੱਥੋਂ ਹੀ ਸਮਾਜ ਦੇ ਬਰਾਬਰਤਾ ਵਾਲੇ ਵਿਕਾਸ ਦਾ ਸੰਦੇਸ਼ ਅਤੇ ਪ੍ਰੇਰਨਾ ਵੀ ਮਿਲਦੀ ਹੈ। ਸਕੂਲ ਵਿੱਚ ਅਧਿਆਪਕ ਚੇਤੰਨ ਤੌਰ ’ਤੇ ਆਪਣੇ ਵਿਦਿਆਰਥੀਆਂ ਨੂੰ ਪਿਆਰ ਰਾਹੀਂ ਸਿੱਖਿਆ ਪ੍ਰਦਾਨ ਕਰਦਾ ਹੈ ਤਾਂ ਬੱਚੇ ਦਾ ਅਧਿਆਪਕ ਪ੍ਰਤੀ ਸਤਿਕਾਰ ਅਤੇ ਵਿਸ਼ਵਾਸ ਵਧਦਾ ਹੈ। ਇਸ ਸਥਿਤੀ ਵਿੱਚ ਜਦੋਂ ਅਧਿਆਪਕ ਵਿਦਿਆਰਥੀ ਨੂੰ ਕੋਈ ਗਲਤ ਕੰਮ ਕਰਨ ਤੋਂ ਸਾਵਧਾਨ ਕਰਦਾ ਹੈ ਅਤੇ ਜੀਵਨ ਵਿੱਚ ਨਿਯਮਾਂ ਅਨੁਸਾਰ ਚੱਲਣ ਲਈ ਕਹਿੰਦਾ ਹੈ ਤਾਂ ਇਹ ਬੱਚੇ ਦੇ ਵਿਅਕਤੀਤਵ ਅਤੇ ਜੀਵਨ ਦੇ ਸੰਕਲਪ ਦਾ ਅਧਾਰ ਬਣਦਾ ਹੈ। ਜਦੋਂ ਬੱਚਾ ਵੱਡਾ ਹੋ ਕੇ ਉਚੇਰੀਆਂ ਜਮਾਤਾਂ ਵਿੱਚ ਜਾਂਦਾ ਹੈ ਅਤੇ ਵਿਦਿਅਕ ਖੇਤਰ ਅਤੇ ਸਮਾਜ ਵਿੱਚ ਉਸ ਦਾ ਦਾਇਰਾ ਵਿਸ਼ਾਲ ਹੁੰਦਾ ਹੈ ਤਾਂ ਉਸ ਅਵਸਥਾ ਵਿੱਚ ਵੀ ਪਹਿਲਾਂ ਤੋਂ ਪ੍ਰਾਇਮਰੀ ਪੱਧਰ ’ਤੇ ਧਾਰਨ ਕੀਤੇ ਸੰਕਲਪ ਉਸ ਨੂੰ ਸੇਧ ਦੇਂਦੇ ਹਨ। ਉਸ ਦੇ ਵਿਅਕਤੀਤਵ ਅਤੇ ਸਵੈ-ਵਿਸ਼ਵਾਸ ਵਿੱਚ ਹਾਂ-ਪੱਖੀ ਸੋਮਾ ਸਾਬਤ ਹੁੰਦੇ ਹਨ, ਕਿਉਂਕਿ ਅਜਿਹਾ ਮਨੁੱਖੀ ਕਦਰਾਂ-ਕੀਮਤਾਂ ਵਾਲਾ ਸਵੈ-ਵਿਸ਼ਵਾਸ ਉਸ ਨੇ ਚੰਗੇ-ਮਾੜੇ ਦੀ ਪਛਾਣ ਕਰ ਸਕਣਯੋਗ ਬਣਾਉਂਦ ਹੈ। ਜਾਪਾਨ ਨੇ ਆਪਣੇ ਦੇਸ਼ ਵਿੱਚ 1868 ਵਿੱਚ ਆਰੰਭੇ ਸੁਧਾਰਾਂ ਵਿੱਚ ਮੁਢਲੀ ਪ੍ਰਾਇਮਰੀ ਸਿੱਖਿਆ ਨੂੰ ਇਨ੍ਹਾਂ ਦਾ ਜ਼ਰੂਰੀ ਅੰਗ ਬਣਾਇਆ ਸੀ। ਉਸ ਸਮੇਂ ਜਾਪਾਨ ਨੇ ਆਪਣੀ ਵਾਰਸ਼ਕ ਜੀ ਡੀ ਪੀ ਦਾ 7 ਫੀਸਦੀ ਸਿੱਖਿਆ ਲਈ ਰਾਖਵਾਂ ਕੀਤਾ ਸੀ ਅਤੇ ਇਸ ਵਿੱਚੋਂ 75 ਫੀਸਦੀ ਤੱਕ ਪ੍ਰਾਇਮਰੀ ਸਿੱਖਿਆ ਵਿੱਚ ਨਿਵੇਸ਼ ਕੀਤਾ ਸੀ, ਜਿੰਨਾ ਚਿਰ ਤੱਕ ਸਾਰੇ ਜਾਪਾਨੀ ਬੱਚਿਆਂ ਨੂੰ ਮੁਢਲੀ ਜ਼ਰੂਰੀ ਸਿੱਖਿਆ ਪ੍ਰਦਾਨ ਕਰਨ ਦਾ ਟੀਚਾ ਪੂਰਾ ਨਹੀਂ ਸੀ ਕਰ ਲਿਆ। ਪ੍ਰਾਇਮਰੀ ਸਿੱਖਿਆ ਦੀ ਗੁਣਾਤਮਕਤਾ ਨੂੰ ਪਹਿਲ ਦਿੰਦਿਆਂ ਇਸ ਪੱਧਰ ’ਤੇ ਅਧਿਆਪਕ ਵਿਦਿਆਰਥੀ ਅਨੁਪਾਤ 1:18 ਰੱਖਿਆ ਗਿਆ ਸੀ। ਜਾਪਾਨ ਦੇ ਸਿੱਖਿਆ ਤੰਤਰ ਵਿੱਚ ਵਿਦਿਆਰਥੀਆਂ ਵਿੱਚ ਆਪਸੀ ਮੁਕਾਬਲੇਬਾਜ਼ੀ ਨਹੀਂ, ਆਪਸੀ ਸਹਿਯੋਗ ਵਾਲੀ ਪਹੁੰਚ ਨੂੰ ਅਧਾਰ ਬਣਾਇਆ ਗਿਆ ਹੈ। ਸਿੱਖਿਆ ਵਿੱਚ ਅਜਿਹੀ ਪਹੁੰਚ ਕਾਰਨ ਹੀ ਜਾਪਾਨ 1911-12 ਤੱਕ ਸੰਸਾਰ ਸ਼ਕਤੀ ਬਣ ਗਿਆ ਸੀ। ਇਸੇ ਤਰ੍ਹਾਂ ਸਾਡੀ ਜਾਣਕਾਰੀ ਅਨੁਸਾਰ ਫਿਨਲੈਂਡ ਦੇ ਸਿੱਖਿਆ ਖੇਤਰ ਵਿੱਚ ਵੀ ਬਰਾਬਰਤਾ ਅਤੇ ਸਹਿਯੋਗ ਨੂੰ ਹੀ ਅਧਾਰ ਮੰਨਿਆ ਜਾਂਦਾ ਹੈ। ਫਿਨਲੈਂਡ ਵਿੱਚ ਮੁੱਖ ਤੌਰ ’ਤੇ ਕੋਈ ਵੀ ਪ੍ਰਾਈਵੇਟ ਸਕੂਲ ਨਹੀਂ ਹੈ। ਵਿਦਵਾਨਾਂ ਦੀਆਂ ਲਿਖਤਾਂ ਦੱਸਦੀਆਂ ਹਨ ਕਿ ਯੂਰਪੀ ਦੇਸ਼ਾਂ ਵਿੱਚ ਵੀ ਸਨਅਤੀ ਇਨਕਲਾਬ ਤੋਂ ਪਿਛੋਂ ਸਾਰੇ ਬੱਚਿਆਂ ਨੂੰ ਇਕਸਾਰਤਾ ਵਾਲੀ ਸਿੱਖਿਆ ਪ੍ਰਦਾਨ ਕਰਨ ਲਈ ਗੰਭੀਰ ਲੰਮੀਆਂ ਵਿਚਾਰਾਂ ਅਤੇ ਜਨਤਕ ਬਹਿਸਾਂ ਉਪਰੰਤ ਇਹ ਫੈਸਲਾ ਕੀਤਾ ਗਿਆ ਸੀ ਕਿ ਸਕੂਲੀ ਸਿੱਖਿਆ ਨੂੰ ਪੂਰਨ ਰੂਪ ਵਿੱਚ ਅਤੇ ਸਰਕਾਰੀ ਜ਼ਿੰਮੇਵਾਰੀ ਅਧੀਨ ਸਰਕਾਰੀ ਖੇਤਰ ਵਿੱਚ ਹੀ ਰੱਖਿਆ ਜਾਵੇ ਅਤੇ ਕਾਮਨ ਸਕੂਲ ਪ੍ਰਣਾਲੀ ਲਾਗੂ ਕੀਤੀ ਜਾਵੇ।

ਸਾਡੇ ਦੇਸ਼ ਵਿੱਚ ਵੀ ਆਜ਼ਾਦੀ ਪ੍ਰਾਪਤੀ ਉਪਰੰਤ ਕਈ ਸਿੱਖਿਆ ਕਮਿਸ਼ਨ ਸਥਾਪਤ ਕੀਤੇ ਗਏ। ਜਿਨ੍ਹਾਂ ਵਿੱਚੋਂ ਕੋਠਾਰੀ ਕਮਿਸ਼ਨ (1964-66) ਦੀਆਂ ਸਿਫ਼ਾਰਸ਼ਾਂ ਨੂੰ ਅਧਾਰ ਬਣਾ ਕੇ 1968 ਵਿੱਚ ਭਾਰਤੀ ਲੋਕ ਸਭਾ ਨੇ ਦੇਸ਼ ਦੀ ਪਹਿਲੀ ਸਿੱਖਿਆ ਨੀਤੀ ਨਿਰਧਾਰਤ ਕੀਤੀ ਸੀ। ਜਿਸ ਅਨੁਸਾਰ ਸਰਕਾਰੀ ਜ਼ਿੰਮੇਵਾਰੀ ਅਧੀਨ ਸਾਰੇ ਭਾਰਤੀ ਬੱਚਿਆਂ ਨੂੰ ਕਾਮਨ ਸਕੂਲ ਪ੍ਰਣਾਲੀ ਰਾਹੀਂ ਸਮਾਜ ਵਿੱਚ ਇਕਸਾਰਤਾ ਪੈਦਾ ਕਰਨ ਵਾਲੀ ਸਿੱਖਿਆ ਪ੍ਰਾਪਤੀ ਦੇ ਅਵਸਰ ਪੈਦਾ ਕਰਨ ਦੀ ਗੱਲ ਕੀਤੀ ਗਈ ਸੀ। ਹੁਣ 1990 ਤੋਂ ਪਿੱਛੋਂ ਤਾਂ ਸਿੱਖਿਆ ਖੇਤਰ ਵਿੱਚ ਵੱਖ-ਵੱਖ ਵੰਨਗੀਆਂ ਦੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੀ ਸਥਾਪਨਾ ਰਾਹੀਂ ਸਿੱਖਿਆ ਖੇਤਰ ਵਿੱਚ ਮੁਕਾਬਲੇਬਾਜ਼ੀ ਦੇ ਨਾਂਅ ’ਤੇ ਭੰਨ-ਤੋੜ ਕੀਤੀ ਜਾ ਰਹੀ ਹੈ। ਜੋ ਸਮਾਜਿਕ ਵੰਡੀਆਂ ਦਾ ਅਧਾਰ ਵੀ ਬਣ ਰਹੀ ਹੈ ਅਤੇ ਹੋਰ ਬਣੇਗੀ। ਜਦੋਂ ਸਮਾਜ ਵਿੱਚ ਸਿੱਖਿਆ ਸੰਬੰਧੀ ਵੱਡੇ ਪਾੜੇ ਅਤੇ ਵਿਤਕਰੇ ਬਣ ਜਾਣ ਤਾਂ ਸਮਾਜ ਵਿੱਚ ਇਕਸਾਰਤਾ ਅਤੇ ਸਥਿਰਤਾ ਵਾਲਾ ਸਮਤੋਲ ਨਹੀਂ ਰਹਿ ਸਕਦਾ, ਕਿਉਂਕਿ ਇਹ ਵਿਤਕਰੇ ਅਤੇ ਪਾੜੇ ਮਨੁੱਖੀ ਸੋਚ ਅਤੇ ਪਹੁੰਚ ਵਿੱਚ ਖੁਦਗਰਜ਼ੀ, ਲਾਲਚ ਅਤੇ ਸਵੈ ਕੇਂਦਰਤ ਉੱਚੀਆਂ ਹਵਾਈ ਆਸ਼ਾਵਾਂ ਦਾ ਅਧਾਰ ਬਣ ਜਾਂਦੇ ਹਨ। ਇਨ੍ਹਾਂ ਕਾਰਨ ਹੀ ਸਮਾਜ ਵਿੱਚ ਕਈ ਪੱਖਾਂ ਵਾਲੀ ਅਫ਼ਰਾ-ਤਫਰੀ, ਖਿੱਚੋਤਾਣ, ਬੇਵਿਸ਼ਵਾਸੀ ਅਤੇ ਮਾਨਸਿਕ ਪ੍ਰੇਸ਼ਾਨੀਆਂ ਹੋ ਜਾਣੀਆਂ ਸੁਭਾਵਕ ਹੋ ਜਾਂਦਾ ਹੈ ਅਤੇ ਅਜਿਹੀਆਂ ਸਥਿਤੀਆਂ ਵਿੱਚੋਂ ਹੀ ਉੱਪਰ ਦੱਸੀਆਂ ਚੁਣੌਤੀਆਂ ਉਤਪੰਨ ਹੁੰਦੀਆਂ ਹਨ, ਜੋ ਸਾਡਾ ਸਮਾਜ ਅੱਜ ਦੇਖ ਰਿਹਾ ਹੈ ਅਤੇ ਹੰਢਾਅ ਰਿਹਾ ਹੈ।

ਸਾਡੀਆਂ ਕੇਂਦਰੀ ਅਤੇ ਸੂਬਾਈ ਸਰਕਾਰਾਂ ਨੂੰ ਸਾਂਝੀ ਅਪੀਲ ਹੈ ਕਿ ਸਾਡੇ ਦੇਸ਼ ਦੀਆਂ ਉਪਰ ਦੱਸੀਆਂ ਚੁਣੌਤੀਆਂ ਦੇ ਸਾਰਥਿਕ ਅਤੇ ਸਦੀਵੀ ਹੱਲ ਲਈ ਸਰਕਾਰੀ ਜ਼ਿੰਮੇਵਾਰੀ ਅਧੀਨ ਸਾਰੇ ਭਾਰਤੀ ਬੱਚਿਆਂ ਦੇ ਸਦਾਚਾਰਕ ਵਿਕਾਸ ਲਈ ਕਾਮਨ ਸਕੂਲ ਪ੍ਰਣਾਲੀ ਰਾਹੀਂ ਗੁਣਾਤਮਕ ਜ਼ਰੂਰੀ ਪ੍ਰਾਇਮਰੀ ਐਲੀਮੈਂਟਰੀ ਸਿੱਖਿਆ ਪ੍ਰਦਾਨ ਕੀਤੀ ਜਾਵੇ। ਇਹ ਸਾਰੇ ਬੱਚਿਆਂ ਵਿੱਚ ਆਪਸੀ ਸਹਿਯੋਗ ਵਾਲੇ ਅਤੇ ਸਮਾਜ ਅਤੇ ਦੇਸ਼ ਪ੍ਰਤੀ ਜ਼ਿੰਮੇਵਾਰੀ ਵਾਲੇ ਨਾਗਰਿਕ ਪੈਦਾ ਕਰੇਗੀ ਅਤੇ ਅਜਿਹੀ ਸਾਂਝੀ ਸੋਚ ਵਾਲਾ ਮਨੁੱਖੀ ਵਿਕਾਸ ਨਿਸ਼ਚੇ ਹੀ ਇਨ੍ਹਾਂ ਚੁਣੌਤੀਆਂ ਦਾ ਖਾਤਮਾ ਕਰ ਸਕੇਗਾ।

**# ਸੰਪਰਕ : 94177-51888**

# ਬੱਚੇ ਹੱਡੀਆਂ ਦੇ ਪਿੰਜਰ ਬਣੇ

ਅਮੀਰ ਸਿੰਘ ਜੋਸਨ

ਗਾਜ਼ਾ ਵਿੱਚ ਇੱਕ ਪੂਰੀ ਆਬਾਦੀ ਭੁੱਖ ਨਾਲ ਮਰ ਰਹੀ ਹੈ। ਹੱਡੀਆਂ ਦਾ ਢਾਂਚੇ ਬਣੇ ਇਨ੍ਹਾਂ ਬੱਚਿਆਂ ਦੀਆਂ ਫੋਟੋਆਂ ਅਸੀਂ ਦੇਖਦੇ ਹਾਂ, ਇਹ ਕੁਦਰਤੀ ਨਹੀਂ ਹੈ। ਇਹ ਕਾਲ ਬੰਦੂਕਾਂ ਦੇ ਜ਼ੋਰ ’ਤੇ ਲਿਆਂਦਾ ਗਿਆ ਹੈ।ਇਹ ਵੀ ਉਨ੍ਹਾਂ ਬੇਕਸੂਰ ਲੋਕਾਂ ਲਈ ਜਿਹੜੇ ਜਿਨ੍ਹਾਂ ਨੇ ਕੋਈ ਗੁਨਾਹ ਨਹੀਂ ਕੀਤਾ, ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਨੇ ਗਾਜ਼ਾ ਪੱਟੀ ਦੇ ਲੋਕ । ਭੁੱਖ ਨਾਲ ਰੋਜ਼ਾਨਾ ਸੈਂਕੜੇ ਲੋਕਾਂ ਦੀ ਜਾਨ ਚਲੀ ਜਾਂਦੀ ਹੈ। ਬੱਚੇ ਹੱਡੀਆਂ ਦਾ ਪਿੰਜਰ ਬਣ ਗਏ ਹਨ, ਮਾਂਵਾਂ ਐਡੀਆਂ ਕਮਜ਼ੋਰ ਹੋਈਆਂ ਪਈਆਂ ਨੇ ਕਿ ਬੱਚੇ ਦੇ ਮੂੰਹ ਤੋਂ ਮੱਖੀਆਂ ਤੱਕ ਨਹੀਂ ਉਡਾ ਸਕਦੀਆਂ । ਬੱਚਿਆਂ ਅਤੇ ਉਨ੍ਹਾਂ ਦੀਆਂ ਮਾਵਾਂ ਨੂੰ ਤੁਰੰਤ ਭੋਜਨ ਜੇ ਨਾ ਮਿਲਿਆ ਤਾਂ ਮਾਂ ਦਾ ਦੁੱਧ ਕਿਥੋਂ ਆਵੇਗਾ, ਇਸ ਲਈ ਤੁਹਾਨੂੰ ਮਾਵਾਂ ਨੂੰ ਖੁਵਾਉਣਾ ਪਵੇਗਾ, ਤਾਂ ਜੋ ਉਹ ਬੱਚੇ ਨੂੰ ਦੁੱਧ ਪਿਆ ਸਕੇ। ਇਹੀ ਅਸਲੀ ਚੁਣੌਤੀ ਹੈ, ਗਾਜ਼ਾ ਵਿੱਚ ਜ਼ਿਆਦਾ ਭੋਜਨ ਭੇਜਿਆ ਜਾਵੇ ।

ਭੁੱਖਮਰੀ ਨਾਲ ਫੇਫੜੇ, ਢਿੱਡ ਅਤੇ ਜਨਨ ਅੰਗ ਸੁੰਗੜਨ ਲਗਦੇ ਹਨ ਅਤੇ ਦਿਮਾਗ਼ ’ਤੇ ਅਸਰ ਪੈਣ ਕਾਰਨ ਭਰਮ, ਨਿਰਾਸ਼ਾ ਅਤੇ ਤਣਾਅ ਮਹਿਸੂਸ ਹੋਣ ਲੱਗਦਾ ਹੈ। ਬਚਪਨ ਵਿੱਚ ਭੋਜਨ ਦੀ ਕਮੀ ਦੇ ਅਸਰ ਸਾਰੀ ਉਮਰ ਲਈ ਰਹਿ ਸਕਦੇ ਹਨ, ਜਿਵੇਂ ਕਮਜ਼ੋਰ ਮਾਨਸਿਕਤਾ ਅਤੇ ਸਰੀਰਕ ਵਿਕਾਸ ।ਭੁੱਖ ਨਾਲ ਚੰਗੇ-ਭਲੇ ਬੰਦੇ ਦਾ ਦਿਮਾਗ਼ ਕੰਮ ਕਰਨਾ ਛੱਡ ਜਾਂਦਾ ਹੈ। ਇਜ਼ਰਾਈਲ ਅਤੇ ਮਿਸਰ ਨੇ ਗਾਜ਼ਾ ਦੇ ਅੰਦਰ-ਬਾਹਰ ਮਾਲ ਅਤੇ ਲੋਕਾਂ ਦੀ ਆਵਾਜਾਈ ’ਤੇ ਪਾਬੰਦੀ ਲਗਾ ਦਿੱਤੀ ਹੈ।ਉਨ੍ਹਾਂ ਦਾ ਕਹਿਣਾ ਹੈ ਕਿ ਸੁਰੱਖਿਆ ਕਾਰਨਾਂ ਕਰਕੇ ਉਨ੍ਹਾਂ ਦੀ ਨਾਕਾਬੰਦੀ ਦੀ ਲੋੜ ਹੈ। ਹਮਾਸ ਦੇ ਹਮਲੇ ਦੇ ਜਵਾਬ ਵਿੱਚ ਹੀ ਇਜ਼ਰਾਈਲ ਦੇ ਰੱਖਿਆ ਮੰਤਰੀ ਨੇ ਗਾਜ਼ਾ ਦੀ ਪੂਰੀ ਤਰ੍ਹਾਂ ਘੇਰਾਬੰਦੀ ਕਰਨ ਦਾ ਹੁਕਮ ਦਿੱਤਾ ਸੀ। ਇਸੇ ਕਰਕੇ ਇੱਥੇ ਕੋਈ ਬਿਜਲੀ ਨਹੀਂ, ਨਾ ਭੋਜਨ, ਕੋਈ ਬਾਲਣ, ਪਾਣੀ ਦੀ ਸਪਲਾਈ ਵੀ ਕੱਟ ਦਿੱਤੀ, ਸਭ ਕੁਝ ਬੰਦ ਹੈ। ਇਸ ਕਦਮ ਨਾਲ ਗਾਜ਼ਾ ਵਿੱਚ ਮਨੁੱਖਤਾਵਾਦੀ ਸਥਿਤੀ ਸੰਬੰਧੀ ਗੰਭੀਰ ਸੰਕਟ ਪੈਦਾ ਹੋ ਗਿਆ ਹੈ। ਇੱਥੇ ਔਸਤਨ ਪ੍ਰਤੀ ਵਰਗ ਕਿਲੋਮੀਟਰ ਵਿੱਚ 7000 ਤੋਂ ਵੱਧ ਲੋਕ ਰਹਿੰਦੇ ਹਨ, ਜਿੱਥੇ 80 ਫੀਸਦੀ ਆਬਾਦੀ ਨੂੰ ਪਹਿਲਾਂ ਹੀ ਅੰਤਰਰਾਸ਼ਟਰੀ ਸਹਾਇਤਾ ਦੀ ਜ਼ਰੂਰਤ ਸੀ । ਉਸ ’ਤੇ ਹੋਰ ਪਾਬੰਦੀਆਂ ਲਾ ਕੇ ਮਰਨ ਲਈ ਛੱਡ ਦਿੱਤਾ ਗਿਆ ਹੈ ।

ਗਾਜ਼ਾ ਪੱਟੀ ਭੂ-ਮੱਧ ਸਾਗਰ ਦੇ ਪੂਰਬੀ ਤੱਟ ਉੱਤੇ ਪੈਂਦਾ ਇੱਕ ਰਾਜ ਖੇਤਰ ਹੈ, ਜਿਸ ਦੀਆਂ ਹੱਦਾਂ ਦੱਖਣ-ਪੱਛਮ ਵੱਲ ਮਿਸਰ ਅਤੇ ਪੂਰਬ ਅਤੇ ਉੱਤਰ ਵੱਲ ਇਜ਼ਰਾਇਲ ਨਾਲ ਲੱਗਦੀਆਂ ਹਨ, ਜਿਸ ’ਤੇ ਇਜ਼ਰਾਇਲ ਦੇ ਨਾਲ ਉਸ ਦੇ ਮਿੱਤਰ ਮਿਸਰ ਦਾ ਪੂਰੀ ਤਰ੍ਹਾਂ ਕਬਜ਼ਾ ਹੈ । ਗਾਜ਼ਾ ਪੱਟੀ ਦੇ ਨਾਲ ਲੱਗਦੇ ਭੂ-ਮੱਧ ਸਾਗਰ ਤੋਂ ਵੀ ਇਜ਼ਰਾਇਲ ਕਿਸੇ ਨੂੰ ਰਸਦ ਨਹੀਂ ਲਿਜਾਣ ਦਿੰਦਾ। ਇਹ 41 ਕਿਲੋਮੀਟਰ ਲੰਮਾ ਅਤੇ 6 ਤੋਂ 12 ਕਿਲੋਮੀਟਰ ਚੌੜਾ ਹੈ । ਇਹਦੀ ਆਬਾਦੀ ਬਹੁਤ ਜ਼ਿਆਦਾ ਹੈ ਲੱਗਭੱਗ 23 ਲੱਖ ਹੈ । ਇੱਥੋਂ ਦੀ ਆਬਾਦੀ ਜ਼ਿਆਦਾਤਰ ਸੁੰਨੀ ਮੁਸਲਮਾਨਾਂ ਦੀ ਹੈ । ਅਬਾਦੀ ਦਾ ਬੋਝ ਜ਼ਿਆਦਾ ਹੈ, ਇਸ ਲਈ ਇੱਥੇ ਸਹੂਲਤਾਂ ਪਹਿਲਾਂ ਹੀ ਨਾ-ਮਾਤਰ ਸਨ, ਪਰ ਖੇਤੀਬਾੜੀ ਵਾਲੀ ਜ਼ਮੀਨ ਅਤੇ ਮੱਛੀ ਫੜਨ ’ਤੇ ਇਜ਼ਰਾਈਲੀ ਪਾਬੰਦੀਆਂ ਕਾਰਨ ਗਾਜ਼ਾ ਦੇ ਲੋਕਾਂ ਲਈ ਆਪਣੇ ਆਪ ਖਾਣੇ ਦਾ ਪ੍ਰਬੰਧ ਕਰਨਾ ਜੰਗ ਤੋਂ ਪਹਿਲਾਂ ਵੀ ਔਖਾ ਸੀ । ਇਜ਼ਰਾਈਲੀ ਘੇਰੇ ਵਾਲੀ ਵਾੜ 60 ਕਿਲੋਮੀਟਰ ਲੰਮੀ ਹੈ। 100 ਮੀਟਰ ਦੇ ਖੇਤਰ ਵਿੱਚ ਕੋਈ ਜਾ ਨਹੀਂ ਸਕਦਾ ਸੀ, ਭਾਵੇਂ ਉਹ ਜ਼ਮੀਨ ਦੇ ਮਾਲਕ ਹੀ ਕਿਉਂ ਨਾ ਹੋਣ । ਕਿਸਾਨ ਉੱਥੇ ਕੁਝ ਵੀ ਨਹੀਂ ਉਗਾ ਸਕਦੇ। ਗਾਜ਼ਾ ਵਿੱਚ ਇੱਕ ਪੂਰੀ ਆਬਾਦੀ ਨੂੰ ਭੁੱਖਾ ਮਾਰਿਆ ਜਾ ਰਿਹਾ ਹੈ, ਜੇ ਕਿਤੇ ਰਾਸ਼ਨ ਮਿਲਣ ਦੀ ਉਮੀਦ ਹੁੰਦੀ ਹੈ ਤਾਂ ਉਥੇ ਲੋਕਾਂ ਦੀ ਭੀੜ ਲੱਗ ਜਾਂਦੀ ਹੈ ਤਾਂ ਫਿਰ ਉੱਤੋਂ ਬੰਬ ਸੁੱਟ ਦਿੱਤੇ ਜਾਂਦੇ ਹਨ । ਲੱਖਾਂ ਲੋਕ ਬੇਘਰ, ਖਾਣੇ ਦੀ ਭਾਰੀ ਕਮੀ ਤੇ ਬਿਜਲੀ-ਪਾਣੀ ਤੋਂ ਸੱਖਣੇ ਗਾਜ਼ਾ ਪੱਟੀ ਦੇ ਲੋਕ ਕਿਵੇਂ ਜੀਅ ਰਹੇ ਹਨ, ਇਹ ਤਾਂ ਫੋਟੋਆਂ ਵਿੱਚ ਹੀ ਵੇਖਿਆ ਜਾ ਸਕਦਾ ਹੈ। ਇਜ਼ਰਾਈਲ ਦੇ ਬੰਬਾਂ ਨੇ ਹਸਪਤਾਲਾਂ ਦੇ ਗੁਦਾਮਾਂ ਨੂੰ ਤਬਾਹ ਕਰ ਦਿੱਤਾ ਹੈ । ਕਈ ਡਾਕਟਰ ਜ਼ਖ਼ਮੀ ਹੋਏ ਗਾਜ਼ਾ ਪੱਟੀ ਦੇ ਲੋਕਾਂ ਦਾ ਇਲਾਜ ਕਰ ਰਹੇ ਨੇ । ਜ਼ਖ਼ਮੀ ਲੋਕਾਂ ਦੇ ਅਪਰੇਸ਼ਨ ਵੇਲੇ ਜ਼ਰੂਰੀ ਸਮਾਨ ਨਾ ਹੋਣ ਕਰਕੇ ਅਪਰੇਸ਼ਨ ਰੁਕ ਜਾਣਾ ਆਮ ਜਿਹੀ ਗੱਲ ਹੈ। ਜ਼ਖ਼ਮੀ ਹੋਏ ਗਾਜ਼ਾ ਦੇ ਲੋਕ ਆਪਣੇ ਜ਼ਖ਼ਮਾਂ ਦੀ ਤਾਬ ਨਾ ਝੱਲਦੇ ਹੋਏ ਤੜਪ-ਤੜਪ ਕੇ ਮਰ ਰਹੇ ਹਨ । ਪਿੱਛੇ ਜਿਹੇ ਇਕ ਰਿਪੋਰਟ ਮੁਤਾਬਕ ਇੱਕ ਡਾਕਟਰ ਨੇ ਇਸ ਖੌਫ਼ਨਾਕ ਸੱਚ ਬਾਰੇ ਕੈਮਰੇ ਮੂਹਰੇ ਲਾਈਵ ਆ ਕੇ ਦੱਸਿਆ ਸੀ ਕਿ ਕਿਵੇਂ ਉਸ ਦੀ ਧੀ ਜੋ ਕਿ 13 ਸਾਲ ਦੀ ਹੀ ਸੀ, ਦੀ ਲੱਤ ਇਜ਼ਰਾਈਲੀ ਮਿਜ਼ਾਈਲ ਹਮਲੇ ਵਿੱਚ ਉੱਡ ਗਈ ਸੀ। ਉਸ ਵੇਲੇ ਤੱਕ ਹਸਪਤਾਲ ਵਿੱਚ ਬੇਹੋਸ਼ ਕਰਨ ਵਾਲੀ ਦਵਾਈ ਮੁੱਕ ਗਈ ਸੀ। ਬਿਨਾਂ ਬੇਹੋਸ਼ ਕਰਨ ਦੀ ਦਵਾਈ ਦੇ, ਬਿਨਾਂ ਸੁੰਨ ਕਰਨ ਵਾਲੀ ਦਵਾਈ ਦੇ ਉਸ ਡਾਕਟਰ ਨੇ ਖੁਦ ਠੰਢਾ ਪਾਣੀ ਪਾ-ਪਾ ਆਪਣੀ ਬੱਚੀ ਦੀ ਲੱਤ ਦਾ ਅਪਰੇਸ਼ਨ ਕੀਤਾ ਸੀ । ਜ਼ਖ਼ਮੀ ਦੀ ਕੀ ਹਾਲਤ ਹੋਵੇਗੀ, ਇਹ ਸੋਚਣ ਤੋਂ ਬਾਹਰ ਦੀ ਗੱਲ ਹੈ। ਜ਼ਖਮੀਆਂ ਦੇ ਅਪਰੇਸ਼ਨ ਕਰਦੇ ਡਾਕਟਰਾਂ ਕੋਲ ਦਵਾਈਆਂ ਦੀ ਭਾਰੀ ਘਾਟ ਹੈ। ਹਸਪਤਾਲਾਂ ਦੀ ਬਿਜਲੀ ਸਪਲਾਈ ਇਜ਼ਰਾਈਲ ਨੇ ਠੱਪ ਕਰ ਦਿੱਤੀ ਹੈ। ਹਸਪਤਾਲਾਂ ਦੇ ਜਨਰੇਟਰਾਂ ਨੂੰ ਅੱਗ ਲਾ-ਲਾ ਕੇ ਤਬਾਹ ਕਰ ਦਿੱਤਾ ਗਿਆ ਹੈ । ਡਾਕਟਰ ਬਿਨਾਂ ਲਾਈਟ ਤੋਂ ਮੋਬਾਇਲ ਦੀ ਅਸਲ ਦੇ ਸਹਾਰੇ ਅਪਰੇਸ਼ਨ ਕਰ ਰਹੇ ਹਨ।

ਦਰਅਸਲ ਜਦੋਂ ਅਸਲ ਹਮਾਸ ਦੱਖਣੀ ਇਜ਼ਰਾਈਲ ’ਤੇ ਇੱਕ ਜ਼ਬਰਦਸਤ ਹਮਲਾ ਸ਼ੁਰੂ ਕੀਤਾ, ਜਿਸ ਵਿੱਚ ਘੱਟੋ-ਘੱਟ 1300 ਇਜ਼ਰਾਈਲ ਦੇ ਲੋਕ ਮਾਰੇ ਗਏ ਅਤੇ ਦਰਜਨਾਂ ਨੂੰ ਬੰਦੀ ਬਣਾ ਕੇ ਗਾਜ਼ਾ ਲਿਜਾਇਆ ਗਿਆ । ਜਦੋਂ ਤੋਂ ਇਸ ਸਮੂਹ ਨੇ ਗਾਜ਼ਾ ’ਤੇ ਆਪਣਾ ਕਬਜ਼ਾ ਕੀਤਾ ਹੈ, ਇਹ ਕਈ ਵਾਰ ਇਜ਼ਰਾਈਲ ਨਾਲ ਯੁੱਧ ਕਰ ਚੁੱਕਾ ਹੈ।ਇਸ ਦੇ ਜਵਾਬ ਵਿੱਚ ਇਜ਼ਰਾਈਲ ਨੇ ਵੀ ਗਾਜ਼ਾ ਉੱਤੇ ਹਵਾਈ ਅਤੇ ਤੋਪਖਾਨੇ ਦੇ ਹਮਲੇ ਕੀਤੇ ਹਨ, ਜਿਸ ਵਿੱਚ ਹਜ਼ਾਰਾਂ ਤੋਂ ਵੱਧ ਗਾਜ਼ਾ ਦੇ ਲੋਕ ਮਾਰ ਦਿੱਤੇ ਗਏ ।ਇਸ ਦੇ ਨਾਲ ਹੀ ਇਜ਼ਰਾਈਲੀ ਫੌਜ ਜ਼ਮੀਨੀ ਪੱਧਰ ’ਤੇ ਕਾਰਵਾਈ ਕਰ ਰਹੀ ਸੀ । ਗਾਜ਼ਾ ਪੱਟੀ ਬਰਬਾਦ ਹੋ ਗਈ ਹੈ, ਪਰ ਕੋਈ ਭਾਈ ਘਨੱਈਆ ਵਾਂਗ ਪਾਣੀ ਪਿਆਉਣ ਵਾਲਾ ਨਹੀਂ । ਇਸ ਲਈ ਅਪੀਲ ਹੈ, ਦੁਨੀਆ ਭਰ ਦੇ ਅਮਨਪਸੰਦ ਸ਼ਹਿਰੀਆਂ ਨੂੰ ਜੇ ਉਹ ਘਰ ਦੀਆਂ ਦਹਿਲੀਜ਼ਾਂ ਪਾਰ ਕਰਕੇ ਜੰਗ ਦੇ ਖਿਲਾਫ ਮਾਹੌਲ ਬਣਾਉਣ ਤਾਂ ਸ਼ਾਇਦ ਇਸ ਵਰ੍ਹੇ ਗਾਜ਼ਾ ਪੱਟੀ ਵਰਗੀ ਤਬਾਹੀ ਦੁਨੀਆ ਦੇ ਕਿਸੇ ਹੋਰ ਕੋਨੇ ਵਿੱਚ ਵੇਖਣ ਨੂੰ ਨਾ ਮਿਲੇ, ਪਰ ਜੇ ਅਮਨਪਸੰਦ ਸ਼ਹਿਰੀ ਘਰਾਂ ਵਿੱਚ ਵੜੇ ਰਹੇ ਤਾਂ ਬੰਬਾਂ ਦਾ ਮੀਂਹ ਦੁਨੀਆ ਦੇ ਕਈ ਦੇਸ਼ਾਂ ਵਿੱਚ ਫੇਲ ਸਕਦਾ ਹੈ।ਇਹ ਤੁਹਾਡੇ ਘਰ ਦੇ ਕੋਨਿਆਂ ਵਿੱਚ ਆ ਸਕਦਾ ਹੈ । ਅਫਸੋਸ ਕਿ ਅਸੀਂ ਅਫਸੋਸਨਾਕ ਚੁੱਪ ਧਾਰੀ ਹੋਈ ਹੈ। ਦੁਨੀਆ ਬਹੁਤ ਭਿਆਨਕ ਸਮੇਂ ਵਿੱਚੋਂ ਗੁਜ਼ਰ ਰਹੀ ਹੈ ।

**# ਸੰਪਰਕ : 94179-15875**

# ਪਾਠਕ-ਸੱਥ

## ਪੇਪਰਾਂ ਦੌਰਾਨ ਹੁੰਦੀਆਂ ਧਾਂਦਲੀਆਂ ਲਈ ਕੌਣ ਜ਼ਿੰਮੇਵਾਰ

ਦੇਸ਼ ਦਾ ਨੌਜਵਾਨ ਵਰਗ ਪੜ੍ਹ-ਲਿਖ ਕੇ ਰੁਜ਼ਗਾਰ ਲਈ ਆਏ ਦਿਨ ਕਿਸੇ ਨਾ ਕਿਸੇ ਵਧੀਕੀ ਦਾ ਅਕਸਰ ਸ਼ਿਕਾਰ ਹੁੰਦਾ ਰਹਿੰਦਾ ਹੈ। ਨਿੱਤ ਹੁੰਦੀਆਂ ਵਧੀਕੀਆਂ ਨੂੰ ਲੈ ਕੇ ਉਹ ਮਾਨਸਿਕ ਪ੍ਰੇਸ਼ਾਨੀਆਂ ਅਤੇ ਕਈ ਵਾਰ ਤਾਂ ਖੁਦਕੁਸ਼ੀਆਂ ਦੇ ਰਾਹ ਵੀ ਪੈ ਜਾਂਦਾ ਹੈ। ਆਏ ਦਿਨ ਕਿਸੇ ਨਾ ਕਿਸੇ ਸੂਬੇ ਅੰਦਰ ਜਾਂ ਕੇਂਦਰ ਸਰਕਾਰ ਵੱਲੋਂ ਕੱਢੀਆਂ ਜਾਂਦੀਆਂ ਨੌਕਰੀਆਂ ਵਿੱਚ ਕੋਈ ਨਾ ਕੋਈ ਊਣਤਾਈ ਸਾਹਮਣੇ ਆਉਂਦੀ ਹੀ ਰਹਿੰਦੀ ਹੈ । ਬੇਰੁਜ਼ਗਾਰ ਨੌਜਵਾਨ ਵਰਗ ਨੂੰ ਕੋਈ ਰਾਹ ਨਜ਼ਰ ਨਹੀਂ ਆਉਂਦਾ ਕਿ ਉਹ ਕਰੇ ਤਾਂ ਕੀ ਕਰੇ। ਸਭ ਤੋਂ ਪਹਿਲਾਂ ਤਾਂ ਉਹ ਪੜ੍ਹ-ਲਿਖ ਕੇ ਡਿਗਰੀਆਂ ਲੈਂਦਾ ਹੈ ਕਿ ਜਦੋਂ ਉਹ ਡਿਗਰੀ ਪੂਰੀ ਕਰ ਲਵੇਗਾ ਤਾਂ ਉਸਨੂੰ ਕੋਈ ਵਧੀਆ ਸਰਕਾਰੀ ਨੌਕਰੀ ਮਿਲੇਗੀ । ਉਸ ਤੋਂ ਬਾਅਦ ਨੌਕਰੀ ਲਈ ਲਏ ਜਾਣ ਵਾਲੇ ਪੇਪਰਾਂ ਦੀ ਤਿਆਰੀ ਲਈ ਪੈਸਾ ਖਰਚ ਕਰਦਾ ਹੈ, ਪਰ ਜਦੋਂ ਪੇਪਰ ਦਾ ਦਿਨ ਆਉਂਦਾ ਹੈ ਤਾਂ ਕਈ ਵਾਰ ਤਾਂ ਉਸ ਨੂੰ ਸੈਂਕੜੇ ਕਿਲੋਮੀਟਰ ਦਾ ਸਫ਼ਰ ਤੈਅ ਕਰਕੇ ਦੂਰ ਪੇਪਰ ਦੇਣ ਲਈ ਜਾਣਾ ਪੈਂਦਾ ਹੈ। ਪੇਪਰ ਵਾਲੇ ਸਥਾਨ ’ਤੇ ਜਾ ਕੇ ਉਸ ਨੂੰ ਕਈ ਵਾਰ ਪਤਾ ਚਲਦਾ ਹੈ ਕਿ ਤਕਨੀਕੀ ਕਾਰਨਾਂ ਕਰਕੇ ਜਾਂ ਪੇਪਰ ਲੈਣ ਵਾਲੀਆਂ ਕੰਪਨੀਆਂ ਦੀ ਨਲਾਇਕੀ ਕਰਕੇ ਪੇਪਰ ਰੱਦ ਹੈ । ਕੇਂਦਰ ਅਤੇ ਸੂਬਾ ਸਰਕਾਰਾਂ ਸਰਕਾਰੀ ਨੌਕਰੀਆਂ ਦੇ ਪੇਪਰ ਲੈਣ ਲਈ ਵਾਅਦੇ ਤਾਂ ਭਾਵੇਂ ਵੱਡੇ-ਵੱਡੇ ਕਰਦੀਆਂ ਹਨ, ਪਰ ਇਹਨਾਂ ਵਾਅਦਿਆਂ ਨੂੰ ਨਿਭਾਉਣ ਵਿੱਚ ਅਕਸਰ ਹੀ ਉਹ ਨਾਕਾਮਯਾਬ ਹੁੰਦੀਆਂ ਦਿਖਾਈ ਦਿੰਦੀਆਂ ਹਨ। ਹੈਰਾਨੀ ਦੀ ਗੱਲ ਤਾਂ ਉਸ ਸਮੇਂ ਹੁੰਦੀ ਹੈ, ਜਦੋਂ ਇਹੋ ਜਿਹੀਆਂ ਕੰਪਨੀਆਂ ਨੂੰ ਪੇਪਰ ਕਰਾਉਣ ਲਈ ਟੈਂਡਰ ਦਿੱਤੇ ਜਾਂਦੇ ਹਨ, ਜਿਨ੍ਹਾਂ ਦੁਆਰਾ ਪਹਿਲਾ ਹੀ ਕਈ ਪੇਪਰਾਂ ਦੌਰਾਨ ਅਣਗਹਿਲੀ ਕੀਤੀ ਗਈ ਹੁੰਦੀ ਹੈ।

ਇਥੇ ਸਵਾਲ ਇਹ ਉਠਦਾ ਹੈ ਕਿ ਅਣਗਹਿਲੀ ਕਰਨ ਵਾਲੀਆਂ ਕੰਪਨੀਆਂ ਨੂੰ ਦੁਬਾਰਾ ਟੈਂਡਰ ਦੇਣ ਪਿੱਛੇ ਸਰਕਾਰ ਦੀ ਕੀ ਮਨਸ਼ਾ ਹੈ। ਕੀ ਇਹਨਾਂ ਕੰਪਨੀਆਂ ਦੇ ਪਿੱਛੇ ਕਿਸੇ ਵੱਡੇ ਕਾਰੋਬਾਰੀ ਜਾਂ ਕਿਸੇ ਰਾਜਨੇਤਾ ਦਾ ਹੱਥ ਹੈ, ਸਵਾਲ ਤਾਂ ਬਣਦਾ ਹੈ, ਪਰ ਬੇਰੁਜ਼ਗਾਰਾਂ ਦੀ ਸੁਣੇ ਕੌਣ? ਜਦੋਂ ਪ੍ਰੀਖਿਆ ਦੇਣ ਵਾਲੇ ਬੇਰੁਜ਼ਗਾਰ ਧਰਨਾ ਲਾਉਣ ਜਾਂ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰਨ ਦੀ ਕੋਸ਼ਿਸ਼ ਕਰਦੇ ਹਨ ਤਾਂ ਉਹਨਾਂ ਨੂੰ ਜੇਲ੍ਹਾਂ ਤੱਕ ਅੰਦਰ ਡੱਕ ਦਿੱਤਾ ਜਾਂਦਾ ਹੈ, ਇਹ ਕਿੱਥੋਂ ਦਾ ਇਨਸਾਫ ਹੈ। ਜੇਕਰ ਉਹਨਾਂ ਦੇ ਨਾਲ ਪ੍ਰੀਖਿਆਰਥੀਆਂ ਨੂੰ ਸਿੱਖਿਆ ਦੇਣ ਵਾਲੇ ਅਧਿਆਪਕ ਵੀ ਨਾਲ ਡਟ ਕੇ ਖੜ੍ਹਦੇ ਹਨ ਤਾਂ ਉਹਨਾਂ ਨੂੰ ਵੀ ਸਰਕਾਰ ਦੀ ਬੇਰੁਖੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਵੋਟ ਲੈਣ ਸਮੇਂ ਤਾਂ ਨੌਕਰੀਆਂ ਦੇਣ ਦੇ ਵੱਡੇ-ਵੱਡੇ ਵਾਅਦੇ ਕੀਤੇ ਜਾਂਦੇ ਹਨ, ਪਰ ਜਦੋਂ ਵਾਅਦੇ ਨਿਭਾਉਣ ਦੀ ਵਾਰੀ ਆਉਂਦੀ ਹੈ ਤਾਂ ਇਹ ਸਰਕਾਰਾਂ ਆਪਣੇ ਫ਼ਰਜ਼ ਕਿਉਂ ਭੁੱਲ ਜਾਂਦੀਆਂ ਹਨ। ਆਖਿਰ ਕਿਉਂ ਬੇਰੁਜ਼ਗਾਰਾਂ ’ਤੇ ਹੀ ਮਾਰ ਪੈਂਦੀ ਹੈ ਤੇ ਉਹਨਾਂ ਨੂੰ ਆਪਣੇ ਬਣਦੇ ਹੱਕ ਨਹੀਂ ਮਿਲਦੇ। ਸਰਕਾਰ ਦੀ ਨੌਜਵਾਨ ਵਰਗ ਨੂੰ ਕੁਚਲਣ ਦੀ ਨੀਤੀ ਵਿੱਚ ਦਿਨੋਂ-ਦਿਨ ਬੇਰੁਜ਼ਗਾਰ ਪਿਸਦੇ ਜਾ ਰਹੇ ਹਨ । ਬੇਰੁਜ਼ਗਾਰਾਂ ਦਾ ਇਹ ਮੁੱਦਾ ਕਾਫੀ ਸੰਵੇਦਨਸ਼ੀਲ ਹੈ ਤੇ ਸਾਨੂੰ ਸਭ ਨੂੰ ਇਸ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਆਮ ਵਰਗ ਅਤੇ ਬੁੱਧੀਜੀਵੀਆਂ ਨੂੰ ਬੇਰੁਜ਼ਗਾਰਾਂ ਦੇ ਨਾਲ ਮੋਢੇ ਨਾਲ ਮੋਢਾ ਲਾ ਕੇ ਖੜ੍ਹਨਾ ਪਵੇਗਾ, ਨਹੀਂ ਤਾਂ ਭਵਿੱਖ ਵਿੱਚ ਇਸ ਦੇ ਨਤੀਜੇ ਬੁਰੇ ਹੋਣਗੇ।

**-ਬਲਜੀਤ ਸਿੰਘ ਕਚੂਰਾ**, 94654-05597

# ਰਾਜਸੀ ਘੁੰਮਣਘੇਰੀ ’ਚ ਫਸੇ ਪ੍ਰਧਾਨ ਸੇਵਕ



ਹਰਜਿੰਦਰ ਸਿੰਘ ਗੁਲਪੁਰ

ਦੋਹਾਂ ਸਦਨਾਂ ਵਿੱਚ ਬਹਿਸ ਹੋਣ ਉਪਰੰਤ ਅਪਰੇਸ਼ਨ ਸੰਧੂਰ ’ਤੇ ਚਰਚਾ ਖਤਮ ਹੋ ਗਈ ਹੈ । ਇਹ ਸਾਫ ਹੋ ਗਿਆ ਹੈ ਕਿ ਇਸ ਅਪਰੇਸ਼ਨ ਦੌਰਾਨ ਰਹੀਆਂ ਖਾਮੀਆਂ ਦਾ ਭਾਰਤ ਸਰਕਾਰ ਦੇ ਬੁਲਾਰਿਆਂ ਵਿਸ਼ੇਸ਼ ਕਰਕੇ ਪੀ ਐੱਮ ਕੋਲ ਕੋਈ ਜਵਾਬ ਨਹੀਂ। ਦੋਹਾਂ ਸਦਨਾਂ ਵਿੱਚ ਸਵਾਲ ਖੜ੍ਹੇ ਦੇ ਖੜ੍ਹੇ ਰਹਿ ਗਏ ਹਨ ਅਤੇ ਜਵਾਬ ਦੇਣ ਵਾਲੇ ਮਹਾਂਰਥੀ ਚੁੱਪ ਕਰਕੇ ਪਤਲੀ ਗਲੀ ’ਚੋਂ ਨਿਕਲ ਗਏ ਹਨ । ਇਹ ਸਵਾਲ ਭਾਜਪਾ ਨੂੰ ਲੰਬੇ ਸਮੇ ਤੱਕ ਪਰੇਸ਼ਾਨ ਕਰਦੇ ਰਹਿਣਗੇ । ਮੌਨਸੂਨ ਸੈਸ਼ਨ ਵਿੱਚ ਅਜੇ ਪੁਰਾਣੇ ਸਵਾਲ ਖਤਮ ਨਹੀਂ ਹੋਏ ਸਨ ਕਿ ਨਵੇਂ ਸਵਾਲ ਖੜ੍ਹੇ ਹੋ ਗਏ ਹਨ। ਇਹ ਸਵਾਲ ਦੇਸ਼ ਦੇ ਅੰਦਰੋਂ ਨਹੀ ਬਾਹਰੋਂ ਖੜ੍ਹੇ ਹੋਏ ਹਨ, ਖਾਸ ਕਰਕੇ ਅਮਰੀਕਾ ਦੇ ‘ਮਿੱਤਰ’ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ। ਟਰੰਪ ਇਸ ਤੋਂ ਪਹਿਲਾਂ ਵੀ ਭਾਰਤ-ਪਾਕਿ ਝਗੜੇ ਨੂੰ ਲੈ ਕੇ ਦਰਜਨਾਂ ਵਾਰ ਅਜਿਹੇ ਬਿਆਨ ਦੇ ਚੁੱਕੇ ਹਨ, ਜਿਹਨਾਂ ਨੂੰ ਭਾਰਤੀ ਵਿਦੇਸ਼ ਨੀਤੀ ਵਿਚ ਦਖਲ-ਅੰਦਾਜ਼ੀ ਮੰਨਿਆ ਜਾ ਰਿਹਾ ਹੈ । ਪੀ ਐੱਮ ਮੋਦੀ ਨੇ ਇਕ ਵਾਰ ਵੀ ਇਸ ਦਾ ਵਿਰੋਧ ਨਹੀ ਕੀਤਾ । ਲਗਦੇ ਹੱਥ ਟਰੰਪ ਨੇ ਭਾਰਤ ਨੂੰ ਲੈ ਕੇ ਇਕ ਹੋਰ ਖਤਰਨਾਕ ਫੈਸਲਾ ਕਰ ਦਿੱਤਾ ਹੈ। ਭਾਰਤ ਤੋਂ ਨਿਰਯਾਤ ਹੋਣ ਵਾਲੀਆਂ ਵਸਤਾਂ ਤੇ 25 ਫੀਸਦੀ ਟੈਕਸ ਲਗਾ ਦਿੱਤਾ ਹੈ। ਇਸ ਨੂੰ ਜੁਰਮਾਨਾ ਕਿਹਾ ਗਿਆ ਹੈ। ਜੁਰਮਾਨਾ ਕਿਸ ’ਤੇ ਲਗਾਇਆ ਜਾਂਦਾ ਹੈ, ਦੱਸਣ ਦੀ ਲੋੜ ਨਹੀ । ਇਹ ਟੈਰਿਫ ਲਗਾਉਂਦੇ ਸਮੇ ਟਰੰਪ ਨੇ ਧਮਕੀ ਦਿੱਤੀ ਹੈ ਕਿ ਅਗਰ ਭਾਰਤ ਨੇ ਰੂਸ ਨਾਲ ਤੇਲ ਜਾਂ ਹੋਰ ਵਸਤਾਂ ਦਾ ਵਪਾਰ ਕੀਤਾ ਤਾਂ ਟੈਰਿਫ ਵਧਾਇਆ ਵੀ ਜਾ ਸਕਦਾ ਹੈ । ਟਰੰਪ ਨੇ ਇਹ ਵੀ ਕਿਹਾ ਹੈ ਕਿ ਭਾਰਤ ਅਤੇ ਰੂਸ ਦੀ ਅਰਥਿਕਤਾ ਮਰ ਚੁੱਕੀ ਹੈ।

ਅਜੇ ਧਮਕੀ ਦੀਆਂ ਖਬਰਾਂ ਦੀ ਸਿਆਹੀ ਵੀ ਨਹੀ ਸੁੱਕੀ ਸੀ ਕਿ ਨਰਿੰਦਰ ਮੋਦੀ ਨੇ ਰੂਸ ਤੋਂ ਤੇਲ ਮੰਗਵਾਉਣਾ ਬੰਦ ਕਰ ਦਿੱਤਾ ਹੈ । ਇਸ ਦਾ ਖੁਲਾਸਾ ਵਿਸ਼ਵ-ਵਿਆਪੀ ਖਬਰ ਏਜੰਸੀ ਰਾਈਟਰ ਨੇ ਕੀਤਾ ਹੈ । ਟਰੰਪ ਦੇ ਇਸ ਖਤਰਨਾਕ ਫੈਸਲੇ ’ਤੇ ਭਾਰਤ ਦਾ ਪੀ ਐੱਮ ਚੁੱਪ ਹੈ ਅਤੇ ਉਸ ਦਾ ਮੀਡੀਆ ਵੀ ਚੁੱਪ ਹੈ । ਅਪਰੇਸ਼ਨ ਸੰਧੂਰ ਦੌਰਾਨ ਭਾਰਤ ਨਾਲ ਪਾਕਿਸਤਾਨ ਇਕੱਲਾ ਨਹੀ ਲੜ ਰਿਹਾ ਸੀ, ਸਗੋਂ ਉਸ ਨਾਲ ਚੀਨ ਅਤੇ ਤੁਰਕੀ ਵੀ ਲੜ ਰਹੇ ਸਨ । ਇਸ ਦਾ ਖੁਲਾਸਾ ਭਾਰਤੀ ਫੌਜ ਦੇ ਉੱਚ ਅਧਿਕਾਰੀ ਕਰ ਚੁੱਕੇ ਹਨ । ਏਨਾ ਹੋਣ ਦੇ ਬਾਵਜੂਦ ਪੀ ਐੱਮ ਵਲੋਂ ਸੰਸਦ ਦੇ ਅੰਦਰ ਅਤੇ ਬਾਹਰ ਚੀਨ ਅਤੇ ਅਮਰੀਕਾ ਦਾ ਨਾਂਅ ਲੈਣ ਤੋਂ ਗੁਰੇਜ਼ ਕੀਤਾ ਜਾ ਰਿਹਾ ਹੈ । ਮੋਦੀ ਦੇ ਟਰੰਪ ਸਾਹਮਣੇ ਇਸ ਹੱਦ ਤੱਕ ਝੁਕਣ ਦਾ ਕਾਰਨ ਲੱਭਣ ਲਈ ਪ੍ਰਸਿੱਧ ਕ੍ਰਾਈਮ ਰਿਪੋਰਟਰ ਦੀਪਕ ਸ਼ਰਮਾ ਨੇ ਹਾਲ ਹੀ ਵਿੱਚ ਆਪਣੇ ਯੂ ਟਿਊਬ ਚੈਨਲ ’ਤੇ ਭਾਰਤ ਦੇ ਸਾਬਕਾ ਵਿਦੇਸ਼ ਮੰਤਰੀ ਜਸਵੰਤ ਸਿਨ੍ਹਾ ਨਾਲ ਇੱਕ ਇੰਟਰਵਿਊ ਕੀਤੀ ਹੈ। ਉਨ੍ਹਾ ਨਰਿੰਦਰ ਮੋਦੀ ਦੀ ਟਰੰਪ ਸਾਹਮਣੇ ਚੁੱਪੀ ਨੂੰ ਲੈ ਕੇ ਇੱਕ ਸਵਾਲ ਦੇ ਜਵਾਬ ਵਿਚ ਦੱਸਿਆ ਕਿ ਕਿਤੇ ਇਜ਼ਰਾਈਲ ਤੋਂ ਜਾਸੂਸੀ ਲਈ ਖਰੀਦਿਆ ਯੰਤਰ ਪੈਗਾਸਸ ਮੋਦੀ ਦੀ ਦੁਖਦੀ ਰਗ ਤਾਂ ਨਹੀ ਬਣ ਗਿਆ? ਸਾਬਕਾ ਵਿਦੇਸ਼ ਮੰਤਰੀ ਅਨੁਸਾਰ ਇਸ ਯੰਤਰ ਦੀ ਡਿਜੀਟਲ ਚਾਬੀ ਇਜ਼ਰਾਈਲ ਦੇ ਕੋਲ ਹੈ, ਜੋ ਅਮਰੀਕਾ ਤੋਂ ਲੁਕੀ ਹੋਈ ਨਹੀਂ। ਉਹਨਾਂ ਨੇ ਸ਼ੱਕ ਪਰਗਟ ਕੀਤਾ ਕਿ ਇਸ ਯੰਤਰ ਜ਼ਰੀਏ ਇਕੱਠੀ ਕੀਤੀ ਜਾਣਕਾਰੀ ਦਾ ਹਿਸਾਬ-ਕਿਤਾਬ ਇਜ਼ਰਾਈਲ ਰਾਹੀਂ ਟਰੰਪ ਕੋਲ ਹੋ ਸਕਦਾ ਹੈ, ਜਿਸ ਦਾ ਖੌਫ ਮੋਦੀ ਨੂੰ ਪਰੇਸ਼ਾਨ ਕਰ ਰਿਹਾ ਹੈ। ਰਾਹੁਲ ਗਾਂਧੀ ਵੱਲੋਂ ਲੋਕ ਸਭਾ ’ਚ ਦਿੱਤੇ ਬਿਆਨ ਨੂੰ ਲੈ ਕੇ ਹੁਣ ਤਾਂ ਸੋਸ਼ਲ ਮੀਡੀਆ ’ਤੇ ਇਹ ਖਬਰਾਂ ਵੀ ਚੱਲਣ ਲੱਗ ਪਈਆਂ ਹਨ ਕਿ ਸੰਧੂਰ ਅਪਰੇਸ਼ਨ ਪੀ ਐੱਮ ਦਾ ਅਕਸ ਚਮਕਾਉਣ ਲਈ ਕੀਤਾ ਗਿਆ ਸੀ । ਅਪਰੇਸ਼ਨ ਸੰਧੂਰ ਦਾ ਮੁੱਦਾ ਲਗਭਗ ਫੇਲ੍ਹ ਹੋ ਗਿਆ, ਜਿਸ ਨੂੰ ਪੀ ਐੱਮ ਨੇ ਬਿਹਾਰ ਚੋਣਾਂ ਵਿੱਚ ਵਰਤਣਾ ਸੀ ।

ਰਾਜ ਸਭਾ ਅਤੇ ਲੋਕ ਸਭਾ ਦਾ ਗਠਨ ਇਸ ਲਈ ਕੀਤਾ ਗਿਆ ਸੀ ਕਿ ਸੱਤਾ ਪੱਖ ਵਿਰੋਧੀ ਧਿਰ ਦੇ ਸਵਾਲਾਂ ਦਾ ਜਵਾਬ ਦੇਵੇ । ਸਰਕਾਰ ਅਜਿਹਾ ਕਰਨ ਵਿਚ ਅਸਫਲ ਰਹੀ ਹੈ । ਇਸ ਤੋਂ ਬਾਅਦ ਇਸ ਸਮੇਂ ਬਿਹਾਰ ’ਚ ਸਪੈਸ਼ਲ ਇੰਟੈਂਸਿਵ ਰਵੀਜ਼ਨ ਦਾ ਮੁੱਦਾ ਭਖਿਆ ਹੋਇਆ ਹੈ । ਇਹ ਮੁੱਦਾ ਇਸ ਸਮੇਂ ਸੁਪਰੀਮ ਕੋਰਟ ਵਿਚ ਸੁਣਵਾਈ ਅਧੀਨ ਚੱਲ ਰਿਹਾ ਹੈ । ਇਸ ਦੀ ਸੁਣਵਾਈ 12 ਅਗਸਤ ਨੂੰ ਕੀਤੀ ਜਾਵੇਗੀ । ਇਸ ਲਈ ਇਸ ਵਾਰੇ ਜ਼ਿਆਦਾ ਕਹਿਣਾ ਠੀਕ ਨਹੀ ਹੋਵੇਗਾ ।

ਚੋਣ ਕਮਿਸ਼ਨ ਨੇ ਬਿਹਾਰ ਅੰਦਰ ਨਵੀਆਂ ਵੋਟਰ ਸੂਚੀਆਂ ਬਣਾਉਣ ਦਾ ਮਾਮਲਾ ਬਹੁਤ ਗੁੰਝਲਦਾਰ ਬਣਾ ਦਿੱਤਾ ਹੈ । ਜਾਰੀ ਕੀਤੀ ਗਈ ਕਚੀ ਸੂਚੀ ਵਿਚੋਂ 65 ਲੱਖ ਵੋਟਰਾਂ ਨੂੰ ਹਟਾ ਦਿੱਤਾ ਹੈ ਜਿਸ ਤੇ ਬਹੁਤ ਸਾਰੇ ਸਵਾਲ ਖੜ੍ਹੇ ਹੋ ਗਏ ਹਨ । ਵਿਰੋਧੀ ਧਿਰ ਇਸ ਨੂੰ ਲੈ ਕੇ ਵੱਡਾ ਅੰਦੋਲਨ ਕਰਨ ਦੇ ਆਹਰ ਵਿੱਚ ਜੁਟੀ ਹੋਈ ਹੈ । ਇਸ ਦੌਰਾਨ ਰਾਹੁਲ ਗਾਂਧੀ ਨੇ ਕਿਹਾ ਹੈ ਕਿ ਉਹ ਵੋਟ ਧਾਂਦਲੀ ਵੱਡਾ ਖੁਲਾਸਾ ਕਰਨਗੇ, ਜਿਹੜੇ ਸਬੂਤ ਉਹ ਪੇਸ਼ ਕਰਨਗੇ, ਉਹਨਾਂ ਦੀ ਜਾਣਕਾਰੀ ਰਵੀਸ਼ ਕੁਮਾਰ ਵਰਗੇ ਖੋਜੀ ਪੱਤਰਕਾਰਾਂ ਨੇ ਨਸ਼ਰ ਕਰ ਦਿੱਤੀ ਹੈ । ਇਨ੍ਹਾਂ ਪੱਤਰਕਾਰਾਂ ਅਨੁਸਾਰ ਚੋਣ ਕਮਿਸ਼ਨ ਤੋਂ ਜਦੋਂ ਡਾਟਾ ਨਹੀ ਮਿਲਿਆ ਤਾਂ ਰਾਹੁਲ ਗਾਂਧੀ ਨੇ ਕਰਨਾਟਕ ਸਰਕਾਰ ਦੀ ਮਦਦ ਨਾਲ 6 ਮਹੀਨੇ ਲਾ ਕੇ ਅਜਿਹੇ ਸਬੂਤ ਇਕੱਠੇ ਕੀਤੇ ਹਨ, ਜਿਹਨਾਂ ਨੂੰ ਰੱਦ ਕਰਨਾ ਬਹੁਤ ਮੁਸ਼ਕਲ ਹੈ । ਜਿਹੜੇ ਵੀ ਅੰਕੜੇ ਪੇਸ਼ ਕੀਤੇ ਜਾਣਗੇ, ਉਹ ਚੋਣ ਕਮਿਸ਼ਨ ਦੇ ਰਿਕਾਰਡ ਵਿਚੋਂ ਹੀ ਪ੍ਰਾਪਤ ਕੀਤੇ ਗਏ ਹਨ । ਰਾਹੁਲ ਗਾਂਧੀ ਦਾ ਦਾਅਵਾ ਹੈ ਕਿ ਅਗਰ ਧਾਂਦਲੀ ਨਾ ਕੀਤੀ ਜਾਂਦੀ ਤਾਂ ਨਰਿੰਦਰ ਮੋਦੀ ਤੀਜੀ ਵਾਰ ਦੇਸ਼ ਦੇ ਪ੍ਰਧਾਨ ਮੰਤਰੀ ਨਹੀ ਬਣ ਸਕਦੇ ਸਨ । ਉਨ੍ਹਾ ਦਾ ਦਾਅਵਾ ਹੈ ਕਿ 70 ਤੋਂ 80 ਸੀਟਾਂ ’ਤੇ ਵੋਟਾਂ ਦੀ ਚੋਰੀ ਕੀਤੀ ਗਈ ਸੀ । ਅਗਰ ਰਾਹੁਲ ਗਾਂਧੀ ਇਸ ਨੂੰ ਸਾਬਤ ਕਰਨ ਵਿੱਚ ਕਮਯਾਬ ਹੋ ਜਾਂਦੇ ਹਨ ਤਾਂ ਮੋਦੀ ਸਰਕਾਰ ਦੀ ਇਹ ਨੈਤਿਕ ਹਾਰ ਮੰਨੀ ਜਾਵੇਗੀ । ਇਸ ਤੋਂ ਇਲਾਵਾ ਤੇਲਗੂ ਦੇਸਮ ਪਾਰਟੀ ਦੇ ਸੁਪਰੀਮੋ ਨਾਇਡੂ ਨੇ ਮੋਦੀ ਸਰਕਾਰ ਦੀ ਲਾਈਨ ਤੋਂ ਬਾਹਰ ਜਾਣਾ ਸ਼ੁਰੂ ਕਰ ਦਿੱਤਾ ਹੈ । ਪਹਿਲਾਂ ਉਹ ਵਕਫ ਬੋਰਡ ਸਬੰਧੀ ਫੈਸਲੇ ਨੂੰ ਔਖੇ-ਸੌਖੇ ਹਜ਼ਮ ਕਰ ਗਏ ਸਨ, ਫੇਰ ਉਹਨਾਂ ਨੇ ਦੋਹਾਂ ਸਦਨਾਂ ਦੀਆਂ ਸੀਟਾਂ ਵਧਾਉਣ ਦਾ ਵਿਰੋਧ ਕੀਤਾ ।

ਇਸ ਵਿਰੋਧ ਕਰਕੇ ਇਹ ਫਾਈਲ ਧਰੀ ਦੀ ਧਰੀ ਰਹਿ ਗਈ ਇਸ ਮਾਮਲੇ ਵਿੱਚ ਚੋਣ ਕਮਿਸ਼ਨ ਨੂੰ ਚਿੱਠੀ ਲਿਖ ਕੇ ਅਤੇ ਚੋਣ ਕਮਿਸ਼ਨ ਕੋਲ ਆਪਣੀ ਪਾਰਟੀ ਦਾ ਵਫਦ ਭੇਜ ਕੇ ਉਨ੍ਹਾ ਨੇ ਆਪਣੇ ਇਰਾਦੇ ਜੱਗ ਜ਼ਾਹਰ ਕਰ ਦਿੱਤੇ ਹਨ । ਜਾਣਕਾਰੀ ਅਨੁਸਾਰ ਨਾਇਡੂ ਬਿਹਾਰ ਦੀਆਂ ਚੋਣਾਂ ਦੇ ਨਤੀਜਿਆਂ ਦੀ ਉਡੀਕ ਕਰ ਰਹੇ ਹਨ । ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਅਗਰ ਬਿਹਾਰ ਦੀ ਚੋਣ ਭਾਜਪਾ ਹਾਰ ਜਾਂਦੀ ਹੈ ਤਾਂ ਉਹ ਮੋਦੀ ਸਰਕਾਰ ਤੋਂ ਸਮਰਥਨ ਵਾਪਸ ਲੈ ਲੈਣਗੇ । ਅਗਰ ਅਜਿਹਾ ਹੁੰਦਾ ਹੈ ਤਾਂ ਮੋਦੀ ਸਰਕਾਰ ਬਹੁਮਤ ਗਵਾ ਸਕਦੀ ਹੈ । ਮੁੱਕਦੀ ਗੱਲ ਇਹ ਹੈ ਕਿ ਨਰਿੰਦਰ ਮੋਦੀ ਦੀ ਸਰਕਾਰ ਇਸ ਸਮੇਂ ਘੁੰਮਣਘੇਰੀ ਵਿਚ ਫਸੀ ਹੋਈ ਹੈ । ਸਰਕਾਰ ਨਾਲੋਂ ਵੀ ਵੱਧ ਖੁਦ ਨਰਿੰਦਰ ਮੋਦੀ ਫਸੇ ਹੋਏ ਹਨ ।

**# ਸੰਪਰਕ : +61482069176,**
**ਮੈਲਬੌਰਨ (ਆਸਟ੍ਰੇਲੀਆ)**

CMYK

7 Aug Page 5.qxd 8/6/2025 10:47 PM Page 1



# ਗਲਾਡਾ ਦਫ਼ਤਰ ਮੂਹਰੇ ਅਣਮਿੱਥੇ ਸਮੇਂ ਦਾ ਧਰਨਾ 17ਵੇਂ ਦਿਨ 'ਚ ਦਾਖ਼ਲ

**ਜਗਰਾਉਂ (ਨਛੱਤਰ ਸੰਧੂ)** ਪੰਜਾਬ ਸਰਕਾਰ ਦੀ ਕਿਸਾਨੀ ਨੂੰ ਤਬਾਹ ਕਰਕੇ ਸੀਮੈਂਟ ਦਾ ਜੰਗਲ ਖੜਾ ਕਰਨ ਦੀ ਨੀਅਤ ਨਾਲ ਅਸਮਾਨ 'ਚ ਪੰਜਾਬ ਸਰਕਾਰ ਵੱਲੋਂ ਕਾਰਪੋਰੇਟਾਂ ਦੀ ਹਿਤਾਂਖਾ ਲਈ ਲੈਂਡ ਬੈਂਕ ਬਣਾਉਣ ਦੀ ਨੀਤੀ ਹੈ। ਸਾਮਰਾਜੀ ਕਾਰਪੋਰੇਟਾਂ ਦੇ ਵੱਖ-ਵੱਖ ਖੇਤਰਾਂ 'ਚ ਪੂੰਜੀ ਨਿਵੇਸ਼ ਲਈ ਕਿਸਾਨਾਂ ਤੋਂ ਜ਼ਮੀਨਾਂ ਹਥਿਆ ਕੇ ਲੈਂਡ ਬੈਂਕ 'ਚ ਰਿਜ਼ਰਵ ਰੱਖਣੀਆਂ ਹਨ।ਇਸ ਲਈ ਇਹ ਲੈਂਡ ਪੂਲਿੰਗ ਪਾਲਿਸੀ ਲਿਆ ਕੇ ਕਿਸਾਨੀ ਦਾ ਉਜਾੜਾ ਕੀਤਾ ਜਾ ਰਿਹਾ ਹੈ।ਇਹ ਵਿਚਾਰ ਗਲਾਡਾ ਦਫ਼ਤਰ ਸਾਹਮਣੇ ਚੱਲ ਰਹੇ ਧਰਨੇ 'ਚ ਇਨਕਲਾਬੀ ਕੇਂਦਰ ਪੰਜਾਬ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਬਿਨਾਂ ਕੋਈ ਮੁਆਵਜ਼ਾ ਦਿੱਤੇ ਉਪਜਾਊ ਜ਼ਮੀਨਾਂ ਦੀ ਤਬਾਹੀ ਪਿੱਛੇ ਕਾਰਪੋਰੇਟ ਜਗਤ ਦੇ ਹਿੱਤ ਤੇ ਲੋਕਲ ਦੇਸੀ ਦਲਾਲਾਂ ਦੀ ਹਿੱਸਾਪੱਤੀ ਤੇ ਕਮਿਸ਼ਨਾਂ ਦੇ ਹਿਤ ਛੁਪੇ ਹੋਏ ਹਨ।ਇਸ ਨੀਤੀ ਰਾਹੀ ਗਰੀਬ ਤੇ ਦਰਮਿਆਨੀ ਕਿਸਾਨੀ ਦਾ ਉਜਾੜਾ ਤਾਂ ਹੋਵੇਗਾ ਹੀ, ਪਰ ਸਭ ਤੋਂ ਵੱਧ ਤਬਾਹੀ ਗਰੀਬ ਦਲਿਤ ਮਜਦੂਰ ਵਰਗ ਦੀ ਹੋਵੇਗੀ।ਪਿੰਡਾਂ ਦੇ ਨਾਲ-ਨਾਲ ਪੇਂਡੂ ਸੱਭਿਆਚਾਰ ਦਾ ਵੀ ਉਜਾੜਾ ਹੋਵਗਾ।ਉਨ੍ਹਾਂ ਕਿਹਾ ਕਿ ਮੋਦੀ ਹਕੂਮਤ ਨੇ ਸੰਸਾਰ ਵਪਾਰ ਸੰਸਥਾ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਪਹਿਲਾਂ ਖੇਤੀ ਕਨੂੰਨ ਖੇਤੀ ਉਪਰ ਸਾਮਰਾਜੀ ਕਬਜ਼ਾ ਕਰਨ ਲਈ ਲਿਆਂਦੇ ਸਨ, ਜੋ ਕਿਸਾਨਾਂ ਨੇ ਜਾਨ ਹੂਲਵਾਂ ਸੰਘਰਸ਼ ਲੜ ਕੇ ਲਾਗੂ ਨਹੀਂ ਹੋਣ ਦਿੱਤੇ।ਹੁਣ ਜ਼ਮੀਨਾਂ ਹਥਿਆਉਣ ਦੀ ਇਹ ਪਾਲਿਸੀ ਵੀ ਮੋਦੀ ਵਾਂਗ ਭਗਵੰਤ ਮਾਨ ਨੂੰ ਵਾਪਸ ਲੈਣੀ ਹੀ ਪਵੇਗੀ। ਇਸ ਸਮੇਂ ਬੀਬਮੀ, ਗਹੌਰ ਪਿੰਡ ਦੇ ਪੀੜਤ ਕਿਸਾਨ ਤੇ ਬੀਬੀਆਂ ਧਰਨੇ 'ਚ ਹਾਜ਼ਰ ਸਨ।ਇਸ ਸਮੇਂ ਇਨਦਰਜੀਤ ਸਿੰਘ ਧਾਲੀਵਾਲ ਜ਼ਿਲ੍ਹਾ ਸਕੱਤਰ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਨੇ ਇੱਕ ਅੱਡ ਬਿਆਨ ਰਾਹੀਂ ਕਿਸਾਨਾਂ ਨੂੰ 24 ਜੁਲਾਈ ਦੀ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਸਮਰਾਲਾ ਵਿਖੇ ਹੋਣ ਜਾ ਰਹੀ ਲੈਂਡ ਪੂਲਿੰਗ ਪਾਲਿਸੀ ਦੇ ਵਿਰੁੱਧ ਮਹਾਂਰੈਲੀ 'ਚ ਪੁੱਜਣ ਦਾ ਸੱਦਾ ਦਿੱਤਾ।



# ਆਕਸਫੋਰਡੀਅਨ ਖਿਡਾਰੀਆਂ ਦੀ 7 ਖੇਡਾਂ 'ਚ ਜਿੱਤ 'ਤੇ 117 ਖਿਡਾਰੀ ਜ਼ਿਲਾ ਪੱਧਰ ਲਈ ਚੁਣੇ

**ਬਠਿੰਡਾ (ਰਾਜੀਵ ਗੋਇਲ)**- 'ਦ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ ਇੱਕ ਅਜਿਹੀ ਮਾਨਤਾਂਤੀ ਸੰਸਥਾ ਹੈ ਜੋ ਵਿੱਦਿਆ ਖੇਤਰ ਦੇ ਨਾਲ-ਨਾਲ ਖੇਡਾਂ ਵਿੱਚ ਵੀ ਮੋਹਰੀ ਹੈ।25 ਜੁਲਾਈ ਤੋਂ 29 ਜੁਲਾਈ ਤੱਕ ਹੋਈਆਂ ਜ਼ੋਨਲ ਖੇਡਾਂ ਵਿੱਚ ਦ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ ਦੇ ਖਿਡਾਰੀਆਂ ਨੇ ਸੋਨ ਤਗਮੇ ਪ੍ਰਾਪਤ ਕਰਕੇ ਇਸ ਸੰਸਥਾ ਅਤੇ ਇਲਾਕੇ ਦਾ ਨਾਂਅ ਰੋਸ਼ਨ ਕੀਤਾ ਹੈ।69ਵੀਆਂ ਜ਼ੋਨਲ ਖੇਡਾਂ ਵਿੱਚ ਆਕਸਫੋਰਡ ਦੇ ਲਗਭੱਗ 313 ਖਿਡਾਰੀਆਂ ਨੇ ਖੋ- ਖੋ, ਫੁੱਟਬਾਲ, ਵਾਲੀਬਾਲ, ਬੈਡਮਿੰਟਨ, ਬਾਸਕਟਬਾਲ, ਹੈਂਡਬਾਲ, ਕਬੱਡੀ, ਕ੍ਰਿਕਟ ਅਤੇ ਜੰਗੀ ਯੁਧ ਗਤਕਾ ਵਿੱਚ ਹਿੱਸਾ ਲਿਆ। ਇਨ੍ਹਾਂ 313 ਖਿਡਾਰੀਆਂ 'ਚੋਂ 117 ਖਿਡਾਰੀਆਂ ਦੀ ਜ਼ਿਲ੍ਹਾ ਖੇਡਾਂ ਲਈ ਚੋਣ ਹੋਈ ਹੈ।ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਭਗਤਾ ਭਾਈ ਕਾ ਵਿਖੇ ਹੋਏ ਇਨ੍ਹਾਂ ਜ਼ੋਨਲ ਮੁਕਾਬਲਿਆਂ ਵਿੱਚ ਆਕਸਫੋਰਡ ਸਕੂਲ ਫੁੱਟਬਾਲ, ਵਾਲੀਬਾਲ, ਬੈਡਮਿੰਟਨ, ਹੈਂਡਵਾਲ, ਕਬੱਡੀ, ਕ੍ਰਿਕਟ, ਗਤਕਾ ਵਿੱਚ ਹਰ ਵਰ੍ਹੇ ਦੀ ਤਰ੍ਹਾਂ ਜੇਤੂ ਰਿਹਾ ਹੈ। ਇਸ ਸੰਸਥਾ ਨੇ ਸਤਰੰਜ ਅੰਡਰ - 19 (ਲੜਕੀਆਂ) ਵਿੱਚ ਦੂਸਰਾ ਸਥਾਨ, ਅੰਡਰ -17 ਲੜਕੇ ਅਤੇ ਲੜਕੀਆਂ ਵਿੱਚ ਤੀਸਰਾ ਸਥਾਨ, ਕ੍ਰਿਕਟ ਅੰਡਰ - 14 ਤੀਸਰਾ ਸਥਾਨ, ਖੋ-ਖੋ ਵਿੱਚ ਤੀਸਰਾ ਸਥਾਨ ਪ੍ਰਾਪਤ ਕੀਤਾ ਹੈ।ਇਸ ਤਰ੍ਹਾਂ ਆਕਸਫੋਰਡ ਦੇ ਖਿਡਾਰੀਆਂ ਨੇ ਜ਼ੋਨਲ ਟੂਰਨਾਮੈਂਟ ਵਿੱਚ ਝੰਡੀ ਗੱਡਦੇ ਹੋਏ ਵਿਸ਼ੇਸ਼ ਮੱਲਾਂ ਮਾਰੀਆਂ ਹਨ। ਇਸ ਸਮੇਂ ਸਕੂਲ ਦੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਸਾਰੇ ਖਿਡਾਰੀਆਂ ਅਤੇ ਖੇਡ ਕੋਚਾਂ ਨੂੰ ਵਧਾਈ ਦਿੱਤੀ ਅਤੇ ਖਿਡਾਰੀਆਂ ਨੂੰ ਹੌਸਲਾ ਦਿੰਦੇ ਹੋਏ ਹਰ ਖੇਤਰ ਵਿੱਚ ਅੱਗੇ ਵਧਣ ਲਈ ਪੁਲਾਂਘਾਂ ਪੁੱਟਣ ਲਈ ਪ੍ਰੇਰਿਤ ਕੀਤਾ ।ਇਸ ਸਮੇਂ ਸਕੂਲ ਦੇ ਪ੍ਰਧਾਨ ਗੁਰਮੀਤ ਸਿੰਘ ਗਿੱਲ ਅਤੇ ਵਾਈਸ ਚੇਅਰਮੈਨ ਪਰਮਪਾਲ ਸਿੰਘ ਸ਼ੈਰੀ ਨੇ ਖਿਡਾਰੀਆਂ ਅਤੇ ਖੇਡ ਕੋਚਾਂ ਨੂੰ ਵਧਾਈ ਦਿੰਦੇ ਹੋਏ ਆਉਣ ਵਾਲੇ ਸਮੇ ਵਿੱਚ ਖੇਡਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ।



# 11 ਦੇ ਮੋਟਰਸਾਈਕਲ ਮਾਰਚ ਸੰਬੰਧੀ ਹੋਈ ਮੀਟਿੰਗ

**ਅਜੀਤਵਾਲ (ਨਛੱਤਰ ਸੰਧੂ)** ਭਾਰਤੀ ਕਿਸਾਨ ਯੂਨੀਅਨ ਏਕਤ ਅਜ਼ਾਦ ਦੀ ਮੀਟਿੰਗ ਬਲਾਕ ਆਗੂ ਗੁਰਪ੍ਰੀਤ ਸਿੰਘ ਦੀ ਅਗਵਾਈ ਹੇਠ ਇਕਾਈ ਦੋਸਾਂਝ ਵਿਖੇ ਹੋਈ, ਜਿਸ ਵਿੱਚ ਸੂਬਾਈ ਆਗੂ ਲਖਵੀਰ ਸਿੰਘ ਜੰਗ ਦੌਧਰ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ। ਉਨ੍ਹਾਂ ਕਿਹਾ ਕੇ ਪੰਜਾਬ ਲੈਂਡ ਪੂਲਿੰਗ ਪਾਲਿਸੀ ਵਿਰੁੱਧ ਤੇ ਹੋਰ ਮੰਗਾਂ ਸਬੰਧੀ ਪੰਜਾਬ ਅੰਦਰ ਵਿਸ਼ਾਲ ਮੋਟਰਸਾਈਕਲ ਮਾਰਚ 11 ਅਗਸਤ ਨੂੰ ਕੱਢਿਆ ਜਾ ਰਿਹਾ ਹੈ।ਇਸ ਦੀ ਤਿਆਰੀ ਲਈ 9 ਅਗਸਤ ਨੂੰ ਜ਼ਿਲ੍ਹੇ ਦੀ ਮੀਟਿੰਗ ਪਿੰਡ ਦੋਸਾਂਝ ਦੇ ਗੁਰੂ ਘਰ ਵੱਡਾ ਗੁਰਦੁਆਰਾ ਸਾਹਿਬ ਵਿੱਚ ਹੋਵੇਗੀ, ਜਿਸ ਵਿੱਚ ਸੂਬਾਈ ਆਗੂ ਜਸਵਿੰਦਰ ਸਿੰਘ ਲੋਹਗੜ੍ਹ, ਦਿਲਬਾਗ ਸਿੰਘ ਹਰੀਗੜ੍ਹ ਹਾਜ਼ਰ ਹੋਣਗੇ। ਉਨ੍ਹਾਂ ਕਿਹਾ ਕਿ ਕਾਰਪੋਰੇਟ ਦੇ ਇਸ਼ਾਰੇ 'ਤੇ ਪੰਜਾਬ ਦੀਆਂ ਬਹੁਫ਼ਸਲੀ ਉਪਜਾਊ ਜ਼ਮੀਨ ਨੂੰ ਲੈਂਡ ਪੂਲਿੰਗ ਨੀਤੀ ਤਹਿਤ ਦੱਬ ਕੇ ਅਰਬਨ ਸਟੇਟ ਬਣਾਉਣ ਦੇ ਨਾਂਅ 'ਤੇ ਲੁੱਟਣ ਲਈ ਉਤਾਵਲੀ ਹੈ, ਜਿਸ ਵਿੱਚ ਪੰਜਾਬ ਦੀ ਔਸਤਨ 65000 ਏਕੜ ਉਪਜਾਊ ਜ਼ਮੀਨ ਨੂੰ ਦੱਬਣ ਜਾ ਰਹੀ ਹੈ।ਇਸ ਨੀਤੀ ਨੂੰ ਕਿਸਾਨ ਜਥੇਬੰਦੀਆਂ ਵੱਲੋਂ ਮੁੱਢੋਂ ਰੱਦ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਲੈਂਡ ਪੂਲਿੰਗ ਨੀਤੀ ਜੇ ਏਨੀ ਹੀ ਚੰਗੀ ਹੈ ਤਾਂ ਆਪ ਦੇ ਲੀਡਰ ਪਹਿਲਾਂ ਆਪਣੀ ਜ਼ਮੀਨਾਂ ਐਕੁਆਇਰ ਕਰਾਉਣ ਤੇ ਇਸ ਤੋਂ ਇਲਾਵਾ ਬਿਜਲੀ ਦੇ ਨਿੱਜੀਕਰਨ ਅਤੇ ਇਸ ਤਹਿਤ ਲਾਏ ਜਾ ਰਹੇ ਪ੍ਰੀਪੇਡ ਮੀਟਰਾਂ ਦੀ ਨੀਤੀ ਰੱਦ ਕਰਵਾਉਣਾ ਅਤੇ ਅਮਰੀਕਾ ਤੇ ਭਾਰਤ ਦਰਮਿਆਨ ਹੋਣ ਜਾ ਰਹੇ ਕਰ ਮੁਕਤ ਸਮਝੌਤਿਆਂ ਨੂੰ ਲਾਗੂ ਹੋਣ ਤੋਂ ਰੋਕਣਾ, ਪੰਜਾਬ ਵਿੱਚ ਪੁਲਿਸ ਜ਼ਬਰ ਰੁਕਵਾਉਣਾ, ਸਾਰੇ ਕਿਸਾਨ ਅੰਦੋਲਨਾਂ ਵਿੱਚ ਕੀਤੇ ਗਏ ਪਰਚੇ ਰੱਦ ਕਰਾਉਣ ਆਦਿ ਮੰਗਾਂ ਨੂੰ ਲੈਕੇ ਮੰਗ ਪੱਤਰ ਦਿੱਤਾ ਗਿਆ। ਸਰਕਾਰ ਆਮ ਲੋਕਾਂ ਨਾਲ ਧੋਖਾ ਕਮਾ ਰਹੀ ਹੈ। ਕਾਰਪੋਰੇਟ ਘਰਾਣਿਆਂ ਨੂੰ ਫ਼ਾਇਦਾ ਪਹੁੰਚਾਉਣ ਲਈ ਨਵੀਂ ਤੋਂ ਨਵੀਂ ਨੀਤੀ ਲੈ ਕੇ ਆ ਰਹੀ ਹੈ,ਜਿਸ ਅਧੀਨ ਲੈਂਡ ਪੂਲਿੰਗ ਨੀਤੀ ਬਿਜਲੀ ਸੋਧ ਬਿੱਲ ਆਦਿ ਇਸ ਤਰ੍ਹਾਂ ਦੀਆਂ ਨੀਤੀਆਂ ਨਾਲ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਪਹੁੰਚਾਉਣ ਵਿਚ ਲੱਗੀ ਹੋਈ ਹੈ।ਕਿਸਾਨ ਆਗੂਆਂ ਨੇ ਕਿਹਾ ਕਿ ਕਿਸੇ ਵੀ ਹਾਲਤ ਵਿੱਚ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਕਬਜ਼ਾ ਨਹੀਂ ਕਰਨ ਦਿਆਂਗੇ ਅਤੇ ਪਿੰਡਾਂ ਵਿੱਚ ਚਿੱਪ ਵਾਲੇ ਮੀਟਰ ਨਹੀਂ ਲੱਗਣ ਦਿੱਤੇ ਜਾਣਗੇ।



# ਠੇਕੇਦਾਰ ਦੀ ਹੱਤਿਆ ਦੇ ਦੋਸ਼ ਹੇਠ ਇੱਕ ਗ੍ਰਿਫ਼ਤਾਰ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਥਾਣਾ ਸਰਹਿੰਦ ਅਧੀਨ ਪੈਂਦੇ ਪਿੰਡ ਵਜ਼ੀਰਾਬਾਦ ਦੀ ਇੱਕ ਫੈਕਟਰੀ ਨਜ਼ਦੀਕ ਖੂਹ 'ਚੋਂ ਬਰਾਮਦ ਹੋਈ ਇੱਕ ਬਿਹਾਰੀ ਮੂਲ ਦੇ 35 ਸਾਲਾ ਠੇਕੇਦਾਰ ਦੀ ਲਾਸ਼ ਦੇ ਮਾਮਲੇ 'ਚ ਸਰਹਿੰਦ ਪੁਲਿਸ ਵੱਲੋਂ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤੇ ਜਾਣ ਦਾ ਸਮਾਚਾਰ ਹੈ। ਜਾਣਕਾਰੀ ਅਨੁਸਾਰ ਵਜ਼ੀਰਾਬਾਦ ਵਿਖੇ ਜੇ.ਐਮ.ਕੇ. ਇੰਡਸਟਰੀਜ਼ ਚਲਾ ਰਹੇ ਗਗਨ ਬਾਂਸਲ ਨਾਮਕ ਵਿਅਕਤੀ ਨੇ ਪੁਲਸ ਨੂੰ ਦੱਸਿਆ ਕਿ ਬੀਤੀ ਕਰੀਬ ਛੇ ਸਾਲਾਂ ਤੋਂ ਗੌਤਮ ਵਾਸੀ ਪਿੰਡ ਸੈਦਪੁਰ, ਖਗੜੀਆ ਮਾਨਸੀ(ਬਿਹਾਰ) ਉਨ੍ਹਾਂ ਕੋਲ ਬਤੌਰ ਲੇਬਰ ਠੇਕੇਦਾਰ ਕੰਮ ਕਰਦਾ ਸੀ।ਗਗਨ ਬਾਂਸਲ ਨੇ ਦੱਸਿਆ ਕਿ ਫੈਕਟਰੀ ਦੇ ਪਿਛਲੇ ਪਾਸੇ ਉਨ੍ਹਾਂ ਦਾ ਇੱਕ ਗੋਦਾਮ ਵੀ ਹੈ, ਜਿਸ ਵਿੱਚ ਉਨ੍ਹਾਂ ਨੇ ਮੱਝਾਂ, ਗਾਂਵਾਂ ਰੱਖੀਆਂ ਹੋਈਆਂ ਹਨ, ਜਿਨ੍ਹਾਂ ਦੀ ਦੇਖਭਾਲ ਲਈ ਉਨ੍ਹਾਂ ਨੇ ਕਰੀਬ 2/3 ਮਹੀਨੇ ਪਹਿਲਾਂ ਠੇਕੇਦਾਰ ਗੌਤਮ ਰਾਹੀਂ ਰਣਜੀਤ ਕੁਮਾਰ ਵਾਸੀ ਤਿੰਨ ਟੰਗਾ, ਭਾਗਲਪੁਰ(ਬਿਹਾਰ) ਨੂੰ ਕੰਮ 'ਤੇ ਰੱਖਿਆ ਸੀ। 1 ਅਗਸਤ ਨੂੰ ਸਵੇਰੇ ਕਰੀਬ 6 ਵਜੇ ਗੌਤਮ ਠੇਕੇਦਾਰ ਰੋਜ਼ਾਨਾ ਦੀ ਤਰ੍ਹਾਂ ਮੋਟਰਸਾਈਕਲ 'ਤੇ ਸਵਾਰ ਹੋ ਕੇ ਮੱਝਾਂ ਦੀਆਂ ਧਾਰਾਂ ਕੱਢਣ ਲਈ ਉਕਤ ਗੁਦਾਮ 'ਚ ਗਿਆ ਸੀ, ਜਿਸ ਤੋਂ ਬਾਅਦ ਗੌਤਮ ਦਾ ਕੋਈ ਅਤਾ-ਪਤਾ ਨਹੀਂ ਲੱਗਾ।ਭਾਲ ਦੌਰਾਨ ਗੌਤਮ ਦੀ ਲਾਸ਼ ਉਕਤ ਉਦਯੋਗਿਕ ਇਲਾਕੇ ਦੀ ਇੱਕ ਫੈਕਟਰੀ ਦੇ ਨਾਲ ਖੂਹ 'ਚੋਂ ਬਰਾਮਦ ਹੋਈ ਹੈ। ਜਾਂਚ ਦੀ ਨਿਗਰਾਨੀ ਕਰ ਰਹੇ ਐਸ.ਪੀ.(ਜਾਂਚ) ਰਕੇਸ਼ ਯਾਦਵ ਨੇ ਦੱਸਿਆ ਕਿ ਇਸ ਸਬੰਧੀ ਅ/ਧ 103,238 ਬੀ.ਐਨ.ਐਸ. ਤਹਿਤ ਦਰਜ ਕੀਤੇ ਗਏ ਮੁਕੱਦਮੇ ਦੀ ਤਫ਼ਤੀਸ਼ ਕਰ ਰਹੀ ਥਾਣਾ ਸਰਹਿੰਦ ਦੀ ਪੁਲਸ ਵੱਲੋਂ ਰਣਜੀਤ ਕੁਮਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਤੇ ਮਾਮਲੇ ਦੀ ਤਫ਼ਤੀਸ਼ ਜਾਰੀ ਹੈ।



# ਸੁਪਰੀਮ ਕਾਨਵੈਂਟ ਸਕੂਲ ਬਿਲਾਸਪੁਰ ਦੇ ਵਿਦਿਆਰਥੀਆਂ ਵੱਲੋਂ ਪਨ ਜੋਏ ਦਾ ਦੌਰਾ



**ਹਠੂਰ (ਨਛੱਤਰ ਸੰਧੂ)** ਸੁਪਰੀਮ ਕਾਨਵੈਂਟ ਸਕੂਲ ਬਿਲਾਸਪੁਰ ਮੋਗਾ ਦੁਆਰਾ ਬੱਚਿਆਂ ਦੇ ਸਰਬਪੱਖੀ ਵਿਕਾਸ ਲਈ ਇੱਕ ਰੋਜ਼ਾ ਵਾਟਰ ਪਾਰਕ ਤੇ ਐਡਵੈਂਚਰ ਪਾਰਕ ਯਾਤਰਾ ਪਨ ਜੋਏ ਬਠਿੰਡਾ ਕਰਵਾਈ ਗਈ। ਸਕੂਲ ਦੇ ਪ੍ਰਧਾਨ ਸਰਦਾਰ ਚਰਨ ਸਿੰਘ, ਸਕੂਲ ਚੇਅਰਮੈਨ ਯੋਗਿੰਦਰ ਸ਼ਰਮਾ ਨੇ ਬੱਸਾਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ।ਇਸ ਯਾਤਰਾ ਵਿੱਚ ਛੇਵੀਂ ਜਮਾਤ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ ਦੇ ਸਕੂਲੀ ਵਿਦਿਆਰਥੀਆਂ ਨੇ ਹਿੱਸਾ ਲਿਆ।ਬੱਚੇ ਇਸ ਯਾਤਰਾ 'ਤੇ ਜਾਣ ਲਈ ਬਹੁਤ ਉਤਸ਼ਾਹਤ ਸਨ। ਯਾਤਰਾ ਦੌਰਾਨ ਵਿਦਿਆਰਥੀਆਂ ਨੇ ਬਹੁਤ ਆਨੰਦ ਮਾਣਿਆ। ਵਿਦਿਆਰਥੀਆਂ ਨੇ ਪਾਣੀ ਵਿੱਚ ਚੁੱਭੀ ਲਾਉਣ ਦਾ ਆਨੰਦ ਮਾਣਿਆ। ਸਮੁੰਦਰ ਦੀਆਂ ਲਹਿਰਾਂ ਤੇ ਬੱਚਿਆਂ ਦੀ ਖੁਸ਼ੀ ਦੇਖਣ ਯੋਗ ਸੀ। ਵਿਦਿਆਰਥੀਆਂ ਵੱਲੋਂ ਮਾਣੀਆਂ ਜਾਣ ਵਾਲੀਆਂ ਹੋਰ ਮਨੋਰੰਜਕ ਸਰਗਰਮੀਆਂ ਵਿੱਚ 5-ਡੀ ਸ਼ੋਅ, ਝੂਲੇ, ਘਰ ਸ਼ੀਸ਼ੇ ਦੀਆਂ ਮੇਜ਼ਾਂ, ਬੰਜੀ ਜੰਪਿੰਗ ਆਦਿ ਸ਼ਾਮਲ ਸਨ। ਬੱਚਿਆਂ ਨੇ ਹੋਰ ਕਈ ਦਿਲਚਸਪ ਸਰਗਰਮੀਆਂ ਦਾ ਆਨੰਦ ਮਾਣਿਆ। ਸਕੂਲ ਵਾਪਸ ਆਉਣ 'ਤੇ ਵਿਦਿਆਰਥੀਆਂ ਦਾ ਸਵਾਗਤ ਸਕੂਲ ਪ੍ਰਿੰਸੀਪਲ ਕੁੰਜਪ੍ਰੀਤ ਕੌਰ ਜੱਸਲ ਅਤੇ ਵਾਇਸ ਪ੍ਰਿੰਸੀਪਲ ਜਸਮੇਲ ਸਿੰਘ ਵੱਲੋਂ ਕੀਤਾ ਗਿਆ।ਜਦੋਂ ਬੱਚੇ ਵਾਪਸ ਆਏ ਤਾਂ ਬਹੁਤ ਖੁਸ਼ ਸਨ ਤੇ ਉਨ੍ਹਾਂ ਨੇ ਆਪਣੀ ਖੁਸ਼ੀ ਨੂੰ ਸਭ ਨਾਲ ਸਾਂਝਾ ਕੀਤਾ।ਮਾਪਿਆਂ ਨੇ ਵੀ ਸਕੂਲ ਦੌਰੇ ਦੀ ਸ਼ਲਾਘਾ ਕੀਤੀ।ਸਕੂਲ ਪ੍ਰਧਾਨ ਚਰਨ ਸਿੰਘ ਤੇ ਚੇਅਰਮੈਨ ਯੋਗਿੰਦਰ ਸ਼ਰਮਾ ਨੇ ਕਿਹਾ ਕਿ ਸਕੂਲ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਲਈ ਹਮੇਸ਼ਾ ਮੋਹਰੀ ਰਹੇਗਾ।

# ਬਡੂੰਗਰ ਵੱਲੋਂ ਡੇਰਾ ਮੁਖੀ ਨੂੰ ਦਿੱਤੀ ਜਾ ਰਹੀ ਵਾਰ-ਵਾਰ ਪੈਰੋਲ ਤੇ ਫ਼ਰਲੋ ਦੀ ਨਿਖੇਧੀ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਸੰਗੀਨ ਦੋਸ਼ਾਂ ਦੇ ਤਹਿਤ ਜੇਲ੍ਹ ਵਿੱਚ ਸਜ਼ਾ ਕੱਟ ਰਹੇ ਡੇਰਾ ਸਿਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ ਨੂੰ ਦਿੱਤੀ ਜਾ ਰਹੀ ਵਾਰ-ਵਾਰ ਪੈਰੋਲ ਤੇ ਫ਼ਰਲੋ ਦਿੱਤੇ ਜਾਣ ਦੀ ਨਿਖੇਧੀ ਕਰਦਿਆਂ ਕਿਹਾ ਕਿ ਇੱਕੋ ਦੇਸ਼ ਵਿੱਚ ਦੋ ਕਾਨੂੰਨ ਕਿਵੇਂ ਹੋ ਸਕਦੇ ਹਨ । ਉਹਨਾਂ ਕਿਹਾ ਕਿ ਇੱਕ ਪਾਸੇ ਡੇਰਾ ਸਰਸਾ ਦੇ ਮੁਖੀ ਨੂੰ ਵਾਰ ਵਾਰ ਪੈਰੋਲ ਤੇ ਫਰਲੋ ਦਿੱਤੀ ਜਾ ਰਹੀ ਹੈ ਤੇ ਦੂਜੇ ਪਾਸੇ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਪੈਰੋਲ ਜਾਂ ਆਪਣੀਆਂ ਸਜ਼ਾਵਾਂ ਭੁਗਤ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਉਹਨਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਿੱਖ ਕੌਮ ਵੱਲੋਂ ਵਾਰ-ਵਾਰ ਇਹ ਮੰਗ ਕੀਤੀ ਜਾ ਰਹੀ ਹੈ ਕਿ ਬੰਦੀ ਸਿੰਘ ਜਿਨਾਂ ਵੱਲੋਂ ਆਪਣੀ ਸਜ਼ਾ ਪੂਰੀ ਕੀਤੇ ਜਾਣ ਦੇ ਬਾਵਜੂਦ ਜੇਲਾਂ ਵਿੱਚ ਬੰਦ ਹੋਇਆਂ ਨੂੰ ਲੰਮਾ ਸਮਾਂ ਹੋ ਗਿਆ ਹੈ, ਉਨਾਂ ਨੂੰ ਰਿਹਾਅ ਕੀਤਾ ਜਾਵੇ ਤੇ ਅਜਿਹਾ ਕਰਕੇ ਸਰਕਾਰਾਂ ਅਤੇ ਅਦਾਲਤਾਂ ਵੱਲੋਂ ਮਨੁੱਖੀ ਹੱਕਾਂ ਦਾ ਘਾਣ ਕੀਤਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਹਰਿਆਣਾ ਤੇ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਸੰਗੀਨ ਦੋਸ਼ਾਂ ਤਹਿਤ ਸਜ਼ਾ ਕੱਟ ਰਹੇ ਡੇਰਾ ਸਰਸਾ ਦੇ ਮੁਖੀ ਗੁਰਮੀਤ ਰਾਮ ਰਹੀਮ 2017 ਤੋਂ ਲੈ ਕੇ ਹੁਣ ਤੱਕ ਘੱਟੋ ਘੱਟ ਇੱਕ ਦਰਜਨ ਤੋਂ ਵੀ ਵੱਧ ਵਾਰ ਪੈਰੋਲ ਤੇ ਫਰਲੋ ਉੱਤੇ ਜੇਲ੍ਹ ਤੋਂ ਬਾਹਰ ਆ ਚੁੱਕਾ ਹੈ।ਉਹਨਾਂ ਕਿਹਾ ਕਿ ਗੁਰਮੀਤ ਰਾਮ ਰਹੀਮ ਸਿੰਘ ਨੂੰ ਚੋਣਾਂ ਦੇ ਨੇੜੇ ਹੀ ਫ਼ਰਲੋ ਜਾਂ ਪੈਰੋਲ ਕਿਉਂ ਦਿੱਤੀ ਜਾਂਦੀ ਹੈ, ਜੋ ਕਿ ਆਪਣੇ ਆਪ ਵਿੱਚ ਇੱਕ ਵੱਡੇ ਸਵਾਲ ਖੜ੍ਹੇ ਕਰਦੀ ਹੈ। ਪ੍ਰੋਫੈਸਰ ਬਡੂੰਗਰ ਨੇ ਕਿਹਾ ਕਿ ਸੰਗੀਨ ਦੋਸ਼ਾਂ ਵਿੱਚ ਘਿਰੇ ਗੁਰਮੀਤ ਰਾਮ ਰਹੀਮ ਸਿੰਘ ਨੂੰ ਵਾਰ ਵਾਰ ਪੈਰੋਲ ਜਾਂ ਫਰਲੋ ਦੇਣ ਦੇ ਖਿਲਾਫ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮਾਨਯੋਗ ਹਾਈਕੋਰਟ ਪਟੀਸ਼ਨ ਵੀ ਦਾਇਰ ਕੀਤੀ ਗਈ ਸੀ, ਜਿਸ ਨੂੰ ਮਾਨਯੋਗ ਹਾਈਕੋਰਟ ਵੱਲੋਂ ਰੱਦ ਕਰ ਦਿੱਤਾ ਗਿਆ ਸੀ ਤੇ ਕਿਹਾ ਗਿਆ ਸੀ ਕਿ ਸੂਬਾ ਸਰਕਾਰਾਂ ਆਪਣੇ ਪੱਧਰ 'ਤੇ ਅਜਿਹੇ ਫੈਸਲੇ ਲੈਣ ਦੇ ਜ਼ਿਆਦਾ ਸਮਰੱਥ ਹਨ।

# ਹਾਰਵਰਡ ਕਾਨਵੈਂਟ ਸਕੂਲ 'ਚ ਹਰਿਆਵਲ ਲਹਿਰ ਤਹਿਤ ਲਗਾਏ ਪੌਦੇ

**ਬਾਘਾ ਪੁਰਾਣਾ (ਮਨੀ ਸਿੰਗਲਾ)**- ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਹਾਰਵਰਡ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿਚ ਹਰਿਆਵਲ ਲਹਿਰ ਤਹਿਤ ਬੂਟੇ ਲਗਾਏ ਗਏ।ਸਕੂਲ ਚੇਅਰਮੈਨ ਨਵਦੀਪ ਸਿੰਘ ਬਰਾੜ ਨੇ ਦੱਸਿਆ ਕਿ ਜੁਲਾਈ ਅਤੇ ਅਗਸਤ ਮਹੀਨੇ ਵਿਚ ਹਰਿਆਵਲ ਲਹਿਰ ਤਹਿਤ ਹਾਰਵਰਡ ਕਾਨਵੈਂਟ ਸਕੂਲ ਹਰ ਸਾਲ ਵੱਧ ਚੜ੍ਹ ਕੇ ਹਿੱਸਾ ਲੈਂਦਾ ਹੈ, ਜਿਸ ਦੌਰਾਨ ਸਕੂਲ ਕੈਂਪਸ ਅਤੇ ਇਸ ਦੇ ਆਲੇ ਦੁਆਲੇ ਸੈਂਕੜੇ ਦੀ ਗਿਣਤੀ ਬੂਟੇ ਲਗਾਏ ਜਾਂਦੇ ਹਨ ਅਤੇ ਉਨ੍ਹਾਂ ਦੀ ਸਾਂਭ ਸੰਭਾਲ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਸਕੂਲ ਦੇ ਵਿਦਿਆਰਥੀਆਂ ਨੂੰ ਆਪਣੇ ਘਰਾਂ ਅਤੇ ਆਲੇ ਦੁਆਲੇ ਬੂਟੇ ਲਗਾਉਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਇਹ ਗੱਲ ਸਾਡੇ ਲਈ ਬੜੇ ਮਾਣ ਵਾਲੀ ਗੱਲ ਹੈ ਕਿ ਸਕੂਲ ਦੇ ਬੱਚੇ ਵੀ ਇਸ ਲਹਿਰ ਲਈ ਵੱਧ ਚੜ੍ਹ ਕੇ ਹਿੱਸਾ ਲੈਂਦੇ ਹਨ ਅਤੇ ਵਾਤਾਵਰਣ ਨੂੰ ਸ਼ੁੱਧ ਹਰਾ-ਭਰਾ ਬਣਾਉਣ ਵਿਚ ਆਪਣਾ ਯੋਗਦਾਨ ਪਾਉਂਦੇ ਹਨ। ਇਸ ਸਮੇਂ ਸਕੂਲ ਨਾਲ ਜੁੜੇ ਹਰ ਵਿਅਕਤੀ ਨੇ ਪ੍ਰਣ ਕੀਤਾ ਕਿ ਉਹ ਵੱਧ ਤੋਂ ਵੱਧ ਰੁੱਖ ਲਗਾਵੇਗਾ ਅਤੇ ਇਨ੍ਹਾਂ ਦੀ ਸਾਂਭ ਸੰਭਾਲ ਕਰੇਗਾ।



## ਹਰ ਮਨੁੱਖ ਨੂੰ ਜ਼ਿੰਦਗੀ 'ਚ ਪੰਜ ਬੂਟੇ ਲਾ ਕੇ ਉਨ੍ਹਾਂ ਦੀ ਸੰਭਾਲ ਕਰਨੀ ਚਾਹੀਦੀ : ਪਰਮਿੰਦਰ ਭਲਵਾਨ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਸਮਾਜ ਸੇਵੀ ਸੰਸਥਾ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਵੱਲੋਂ ਦੂਸ਼ਿਤ ਹੁੰਦੇ ਜਾ ਰਹੇ ਵਾਤਾਵਰਨ ਨੂੰ ਬਚਾਉਣ ਲਈ ਵੱਖ-ਵੱਖ ਥਾਵਾਂ ਉਪਰ ਬੂਟੇ ਲਾਏ ਗਏ, ਜਿਸ ਵਿੱਚ ਮੁੱਖ ਮਹਿਮਾਨ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਪ੍ਰਧਾਨ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਂਸਲਿੰਗ ਸੈੱਲ ਪਟਿਆਲਾ ਪੁਲਿਸ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਕੀਤੀ।ਵਿਸ਼ੇਸ਼ ਤੌਰ 'ਤੇ ਲੈਫਟੀਨੈਂਟ ਜਗਦੀਪ ਸਿੰਘ ਜੋਸੀ, ਵਿਨੇ ਸ਼ਰਮਾ, ਰੁਦਰਪ੍ਰਤਾਪ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਹਰਮਨਜੀਤ ਸਿੰਘ ਰੰਧਾਵਾ, ਗੁਰਜੀਤ ਸਿੰਘ ਲੱਕੀ ਹਰਦਾਸਪੁਰ ਨੇ ਭਰਪੂਰ ਸਹਿਯੋਗ ਦਿੱਤਾ। ਸਟੇਟ ਐਵਾਰਡੀ ਪਰਮਿੰਦਰ ਭਲਵਾਨ ਨੇ ਕਿਹਾ ਕਿ ਹਰ ਸਾਲ ਅਨੇਕਾਂ ਸਰਕਾਰੀ ਵਿਭਾਗ, ਸਮਾਜ ਸੇਵੀ ਸੰਸਥਾਵਾਂ ਲੱਖਾਂ ਦੀ ਗਿਣਤੀ ਵਿੱਚ ਰੁੱਖ ਲਾਉਂਦੀਆਂ ਹਨ, ਜੋ ਬਹੁਤ ਹੀ ਵਧੀਆ ਉਪਰਾਲਾ ਹੈ। ਵਾਤਾਵਰਣ ਨੂੰ ਬਚਾਉਣ ਲਈ ਰੁੱਖ ਲਾ ਕੇ ਉਹਨਾਂ ਦੀ ਸਾਭ ਸੰਭਾਲ ਕਰਨੀ ਵੀ ਬਹੁਤ ਜ਼ਰੂਰੀ ਹੈ। ਉਹਨਾਂ ਕਿਹਾ ਕਿ ਹਰ ਮਨੁੱਖ ਨੂੰ ਜ਼ਿੰਦਗੀ ਵਿਚ ਪੰਜ ਰੁੱਖ ਲਾ ਕੇ ਉਨ੍ਹਾਂ ਦੀ ਸਾਭ ਸੰਭਾਲ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ।



## ਪੰਚਾਇਤਾਂ ਤੋਂ ਮਤੇ ਪਵਾ ਕੇ ਦਿਓ, ਹਾਈ ਕੋਰਟ ਦਾ ਦਰਵਾਜ਼ਾ ਮੈਂ ਖੜਕਾਵਾਂਗਾ : ਤੀਰਥ ਸਿੱਧੂ

**ਬਠਿੰਡਾ (ਰਾਜੀਵ ਗੋਇਲ)** ਮੌਜੂਦਾ ਸਮੇਂ ਵਿੱਚ ਭਗਤਾ ਬਲਾਕ ਨੂੰ ਤੋੜ ਕੇ ਫੂਲ ਨਾਲ ਜੋੜੇ ਜਾਣ ਦਾ ਮੁੱਦਾ ਪੂਰਾ ਭਖਿਆ ਹੋਇਆ ਹੈ ਅਤੇ ਸਿਆਸੀ ਵਿਰੋਧੀਆਂ ਦੇ ਨਿਸ਼ਾਨੇ 'ਤੇ 'ਆਪ' ਸਰਕਾਰ ਆਈ ਹੋਈ ਹੈ। ਆਏ ਦਿਨ ਜਿੱਥੇ ਵਿਰੋਧੀ ਪਾਰਟੀ ਪਾਰਟੀਆਂ ਦੇ ਆਗੂ ਬਿਆਨ ਦਾਗ ਰਹੇ ਹਨ, ਉੱਥੇ 'ਆਪ' ਦੇ ਆਪਣੇ ਵੀ ਸੁਰ ਤੇਜ਼ ਕਰਦੇ ਹੋਏ ਨਜ਼ਰ ਆ ਰਹੇ ਹਨ, ਪਰ ਇਸ ਮਾਮਲੇ ਵਿੱਚ ਇੱਕ ਵੱਖਰੀ ਪਹਿਲਕਦਮੀ ਕਰਦੇ ਹੋਏ ਭਗਤਾ ਬਲਾਕ ਨਾਲ ਸੰਬੰਧਤ ਇੱਕ ਉੱਘੇ ਟਰਾਂਸਪੋਰਟਰ ਤੇ ਸਮਾਜਸੇਵੀ ਤੀਰਥ ਸਿੰਘ ਸਿੱਧੂ ਨੇ ਕਿਹਾ ਕਿ 'ਮੈਨੂੰ ਪੰਚਾਇਤਾਂ ਪਾਸੋਂ ਭਗਤਾ ਬਲਾਕ ਬਹਾਲ ਕਰਨ ਦੇ ਮਤੇ ਪਵਾ ਕੇ ਦਿਉ, ਮਾਣਯੋਗ ਹਾਈਕੋਰਟ ਦਾ ਦਰਵਾਜ਼ਾ ਮੈਂ ਖੁਦ ਖੜਕਾਵਾਂਗਾ ਤੇ ਇਸ ਮਸਲੇ 'ਤੇ ਸਾਰਾ ਖਰਚਾ ਮੈਂ ਖੁਦ ਕਰਾਂਗਾ।' ਉਨ੍ਹਾਂ ਸਰਕਾਰ ਦੀ ਇਸ ਕਾਰਵਾਈ ਦੀ ਸਖਤ ਸ਼ਬਦਾਂ ਵਿੱਚ ਵਿਰੋਧਤਾ ਕੀਤੀ ਤੇ ਕਿਹਾ ਕਿ ਪਿੰਡਾਂ ਦੇ ਲੋਕਾਂ ਦਾ ਜਿਹੜਾ ਕੰਮ 5-10 ਕਿਲੋਮੀਟਰ ਅੰਦਰ ਭਗਤਾ ਵਿਖੇ ਜਾ ਕੇ ਹੋ ਜਾਂਦਾ ਸੀ, ਉਹ ਹੁਣ ਕਰੀਬ 30-40 ਕਿਲੋਮੀਟਰ ਦਾ ਪੈਂਡਾ ਤੈਅ ਕਰਕੇ ਹੋਇਆ ਕਰੇਗਾ ਤੇ ਜਿਹੜੀਆਂ ਪੰਚਾਇਤਾਂ ਵਿੱਚ ਔਰਤਾਂ ਨੂੰ ਚੁਣਿਆ ਗਿਆ ਹੈ, ਉਨ੍ਹਾਂ ਨੂੰ ਵੀ ਕਾਫੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ ਕਰੇਗਾ।



# ਮਜ਼ਦੂਰ ਯੂਨੀਅਨ ਵੱਲੋਂ ਨਸ਼ਿਆਂ ਵਿਰੋਧੀ ਜਾਗਰੂਕਤਾ ਸੈਮੀਨਾਰ

**ਫਰੀਦਕੋਟ (ਐਲਿਗਜੈਂਡਰ ਡਿਸੂਜਾ)**- ਸਿਵਲ ਸਰਜਨ ਫਰੀਦਕੋਟ ਡਾ. ਚੰਦਰ ਸ਼ੇਖਰ ਕੱਕੜ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਿਹਤ ਵਿਭਾਗ ਦੇ ਮਾਸ ਮੀਡੀਆ ਵਿੰਗ ਵੱਲੋਂ ਵੱਖ-ਵੱਖ ਸਕੂਲਾਂ, ਕਾਲਜਾਂ ਅਤੇ ਪਿੰਡਾਂ-ਕਸਬਿਆਂ ਵਿੱਚ ਨਸ਼ਾ ਵਿਰੋਧੀ ਸਰਗਰਮੀਆਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸੇ ਹੀ ਲੜੀ ਤਹਿਤ ਸਿਹਤ ਵਿਭਾਗ ਅਤੇ ਪੁਲਸ ਵਿਭਾਗ ਵੱਲੋਂ ਸਾਂਝੇ ਤੌਰ ਤੇ ਸਥਾਨਕ ਆਰਾ ਮਾਰਕਿਟ ਨੇੜੇ ਕਿਰਤੀ ਮਜ਼ਦੂਰ ਨਿਰਮਾਣ ਯੂਨੀਅਨ ਵਿਖੇ ਨਸ਼ਿਆਂ, ਤੰਬਾਕੂ ਅਤੇ ਸ਼ਰਾਬ ਦੇ ਮਾੜੇ ਪ੍ਰਭਾਵਾਂ ਸਬੰਧੀ ਇੱਕ ਜਾਗਰੂਕਤਾ ਸੈਮੀਨਾਰ ਦਾ ਆਯੋਜਨ ਕੀਤਾ। ਇਸ ਮੌਕੇ ਸਿਹਤ ਵਿਭਾਗ ਦੇ ਡਿਪਟੀ ਮਾਸ ਮੀਡੀਆ ਅਫਸਰਾਂ ਸੁਧੀਰ ਧੀਰ, ਲਖਵਿੰਦਰ ਸਿੰਘ ਕੈਂਥ ਅਤੇ ਡਾ. ਪ੍ਰਭਦੀਪ ਸਿੰਘ ਚਾਵਲਾ ਵੱਲੋਂ ਭਾਰੀ ਗਿਣਤੀ ਵਿੱਚ ਹਾਜ਼ਰ ਰਿਕਸ਼ਾ ਅਤੇ ਟਾਂਗਾ ਚਾਲਕਾਂ, ਮਿਸਤਰੀ-ਦਿਹਾੜੀਦਾਰ ਕਾਮਿਆਂ ਨੂੰ ਸਿਹਤ ਵਿਭਾਗ ਦੇ ਡਰੱਗ-ਡੀ-ਅਡਿਕਸ਼ਨ ਅਧੀਨ ਨਸ਼ਾ ਛੁਡਾਊ ਕੇਂਦਰ, ਪੁਨਰਵਾਸ ਕੇਂਦਰ ਅਤੇ ਓਟ ਕਲੀਨਿਕਾਂ ਵਿੱਚ ਮੁਹੱਈਆ ਮੁਫਤ ਇਲਾਜ, ਹੋਰ ਸਿਹਤ ਸਹੂਲਤਾਂ ਅਤੇ ਸੁਵਿਧਾਵਾਂ ਸਬੰਧੀ ਵਿਸਥਾਰ ਜਾਣਕਾਰੀ ਦਿੱਤੀ ਗਈ। ਉਹਨਾਂ ਨੇ ਕਿਰਤੀ ਮਜ਼ਦੂਰ ਨਿਰਮਾਣ ਯੂਨੀਅਨ ਮੈਂਬਰਾਂ ਅਤੇ ਹੋਰ ਭਾਗੀਦਾਰਾਂ ਨੂੰ ਸ਼ਰਾਬ, ਨਸ਼ਿਆਂ ਅਤੇ ਤੰਬਾਕੂ ਉਤਪਾਦਾਂ ਤੋਂ ਦੂਰ ਰਹਿਣ ਦੀ ਪ੍ਰੇਰਣਾ ਵੀ ਦਿੱਤੀ। ਉਨਾਂ ਕਿਹਾ ਕਿ ਖੂਨ-ਪਸੀਨੇ ਦੀ ਮਿਹਨਤ ਨਾਲ ਕੀਤੀ ਕਮਾਈ ਆਪਣੀ ਤੇ ਆਪਣੇ ਪਰਵਾਰਕ ਮੈਂਬਰਾਂ ਦੀ ਚੰਗੀ ਸਿਹਤ ਅਤੇ ਵਧੀਆ ਭਵਿੱਖ ਲਈ ਲਗਾਉਣੀ ਚਾਹੀਦੀ ਹੈ। ਇਸ ਮੌਕੇ ਪੁਲਸ ਸਾਂਝ ਕੇਂਦਰ ਫਰੀਦਕੋਟ ਦੇ ਏ.ਐਸ.ਆਈ ਜਸਕਰਨ ਸਿੰਘ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਸ਼ਾ ਵੇਚਣ ਵਾਲੇ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਉਹਨਾਂ ਕਿਹਾ ਕਿ ਜੇਕਰ ਕਿਸੇ ਵੀ ਇਲਾਕੇ ਵਿੱਚ ਕੋਈ ਵਿਅਕਤੀ ਨਸ਼ਾ ਵੇਚਦਾ ਹੈ ਤਾਂ ਇਸ ਦੀ ਸੂਚਨਾ ਤੁਰੰਤ ਪੁਲਸ ਨੂੰ ਦਿੱਤੀ ਜਾਵੇ। ਇਸ ਮੌਕੇ ਰਾਜਪਾਲ ਸਿੰਘ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਅਤੇ ਲੋਕ ਅਦਾਲਤਾਂ ਬਾਰੇ ਜਾਣਕਾਰੀ ਦਿੱਤੀ ਗਈ। ਦੋਵੇਂ ਵਿਭਾਗਾਂ ਵੱਲੋਂ ਲੋਕਾਂ ਦੀ ਸਹਾਇਤਾ ਲਈ ਚਲਾਏ ਗਏ ਹੈਲਪ ਲਾਈਨ ਨੰਬਰਾਂ ਬਾਰੇ ਵੀ ਜਾਗਰੂਕ ਕੀਤਾ ਗਿਆ। ਇਸ ਕੈਂਪ ਦੌਰਾਨ ਏ.ਐਸ.ਆਈ. ਰਾਜਪਾਲ ਸਿੰਘ, ਮੈਡਮ ਜੋਤੀ, ਪੀ ਸੀ ਆਰ ਟੀਮ ਵੱਲੋਂ ਸਿਮਰਜੀਤ ਕੌਰ, ਸੁਖਦੀਪ ਕੌਰ, ਕੌਸ਼ਲ ਕੁਮਾਰ ਅਤੇ ਭਾਰੀ ਗਿਣਤੀ ਵਿੱਚ ਮਜ਼ਦੂਰ ਯੂਨੀਅਨ ਦੇ ਮੈਂਬਰ ਹਾਜ਼ਰ ਸਨ।




# ਗੜਗੱਜ ਸਿਆਸੀ ਜਮਾਤਾਂ ਵੱਲੋਂ ਅਕਾਲ ਤਖਤ ਸਾਹਿਬ ਦੇ ਨਾਂਅ ਦੀ ਦੁਰਵਰਤੋਂ ਕਰਨ 'ਤੇ ਰੋਕ ਲਾਉਣ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਵੱਖ-ਵੱਖ ਸਿਆਸੀ ਦਲ ਤੇ ਆਗੂਆਂ ਵੱਲੋ ਨਿਰੰਤਰ ਮੀਰੀ ਪੀਰੀ ਦੇ ਮਹਾਨ ਤਖਤ ਸ੍ਰੀ ਅਕਾਲ ਤਖਤ ਸਾਹਿਬ ਦੇ ਨਾਂਅ ਦੀ ਦੁਰਵਰਤੋਂ ਕਰਕੇ ਆਪੋ ਆਪਣੇ ਸਿਆਸੀ ਜੀਵਨ ਨੂੰ ਚੱਲਦਾ ਰੱਖਣ ਲਈ ਦੁਖਦਾਇਕ ਅਮਲ ਹੁੰਦੇ ਆ ਰਹੇ ਹਨ, ਜਦੋਂਕਿ ਇਨ੍ਹਾਂ ਆਗੂਆਂ ਵਿਸ਼ੇਸ਼ ਤੌਰ 'ਤੇ ਬਾਦਲ ਦਲ ਤੇ ਬਾਗੀ ਦਲ ਦੇ ਆਗੂਆਂ ਸੰਬੰਧੀ ਸ੍ਰੀ ਅਕਾਲ ਤਖਤ ਸਾਹਿਬ ਤੋਂ ਲਿਖਤੀ ਰੂਪ ਵਿਚ ਹੁਕਮ ਹੋ ਚੁੱਕੇ ਹਨ ਕਿ ਇਹ ਹੁਣ ਖਾਲਸਾ ਪੰਥ ਤੇ ਪੰਜਾਬੀਆਂ ਦੀ ਅਗਵਾਈ ਕਰਨ ਦਾ ਕੋਈ ਹੱਕ ਨਹੀ ਰੱਖਦੇ, ਕਿਉਂਕਿ ਇਨ੍ਹਾਂ ਨੇ ਬੀਤੇ ਸਮੇਂ ਵਿੱਚ ਪੰਜਾਬੀਆਂ, ਸਿੱਖ ਕੌਮ ਨਾਲ ਵੱਡੇ ਧ੍ਰੋਹ ਕਮਾਏ ਹਨ ਅਤੇ ਸਿੱਖੀ ਮਰਿਆਦਾਵਾਂ, ਨਿਯਮਾਂ ਦਾ ਵੱਡੇ ਪੱਧਰ 'ਤੇ ਘਾਣ ਕੀਤਾ ਹੈ ਅਤੇ ਇਹ ਸਿੱਖ ਕੌਮ ਵਿੱਚੋਂ ਸਿਆਸੀ, ਧਾਰਮਿਕ ਤੌਰ 'ਤੇ ਮਨਫੀ ਹੋ ਚੁੱਕੇ ਹਨ। ਪੰਜਾਬੀ ਤੇ ਸਿੱਖ ਕੌਮ ਇਨ੍ਹਾਂ ਉਤੇ ਹੁਣ ਕਤਈ ਵਿਸ਼ਵਾਸ ਨਹੀਂ ਕਰ ਸਕਦੀ, ਪਰ ਇਸਦੇ ਬਾਵਜੂਦ ਇਹ ਵੱਖ-ਵੱਖ ਸਿਆਸੀ ਆਗੂ ਅਤੇ ਦਲ ਸ੍ਰੀ ਅਕਾਲ ਤਖਤ ਸਾਹਿਬ ਦੇ ਨਾਂਅ ਦੀ ਦੁਰਵਰਤੋਂ ਕਰਦੇ ਆ ਰਹੇ ਹਨ, ਜਿਸ ਨੂੰ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਆਪਣੇ ਕੌਮੀ, ਧਾਰਮਿਕ ਅਧਿਕਾਰਾਂ ਦੀ ਵਰਤੋ ਕਰਦੇ ਹੋਏ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਮਹਾਨ ਸੰਸਥਾਂ ਦੇ ਵੱਡੇ ਸਤਿਕਾਰ ਮਾਣ ਨੂੰ ਕਾਇਮ ਰੱਖਦੇ ਹੋਏ, ਜਿਨ੍ਹਾਂ ਲੋਕਾਂ ਵੱਲੋ ਸ੍ਰੀ ਅਕਾਲ ਤਖਤ ਸਾਹਿਬ ਦੇ ਨਾਂਅ ਦੀ ਦੁਰਵਰਤੋਂ ਹੁੰਦੀ ਆ ਰਹੀ ਹੈ, ਉਸ ਉਤੇ ਤੁਰੰਤ ਰੋਕ ਲਾਉਣ ਲਈ ਸਖਤ ਕਦਮ ਸਿੱਖੀ ਰਵਾਇਤਾ ਅਨੁਸਾਰ ਉਠਾਉਣੇ ਚਾਹੀਦੇ ਹਨ। ਇਹ ਅਪੀਲ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਜਥੇਦਾਰ ਕੁਲਦੀਪ ਸਿੰਘ ਗੜਗੱਜ ਐਕਟਿੰਗ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ ਨੂੰ ਆਪਣੇ ਲੈਟਰਪੈਡ 'ਤੇ ਬੀਤੇ ਸਮੇਂ ਦੇ ਸੱਚ ਅਤੇ ਸਿਧਾਤਾਂ ਦਾ ਵੇਰਵਾ ਦਿੰਦੇ ਹੋਏ ਕੀਤੀ। ਉਨ੍ਹਾਂ ਪੱਤਰ ਵਿਚ ਵਰਨਣ ਕੀਤਾ ਕਿ 01 ਮਈ 1994 ਨੂੰ ਸ੍ਰੀ ਅਕਾਲ ਤਖਤ ਸਾਹਿਬ ਦੇ ਐਕਟਿੰਗ ਜਥੇਦਾਰ ਪ੍ਰੋ. ਮਨਜੀਤ ਸਿੰਘ ਵੱਲੋਂ ਸਮੁੱਚੇ ਖਾਲਸਾ ਪੰਥ ਦੀ ਏਕਤਾ ਕਰਾਉਂਦੇ ਹੋਏ ਤੇ ਕੌਮ ਲਈ ਅੰਮ੍ਰਿਤਸਰ ਐਲਾਨਨਾਮੇ ਅਧੀਨ ਕੌਮੀ ਆਜਾਦੀ ਵੱਲ ਵਧਣ ਦੇ ਨਿਸ਼ਾਨੇ ਨੂੰ ਮਿੱਥਦੇ ਹੋਏ ਜਿਥੇ ਇਹ ਉਦਮ ਕੀਤਾ ਸੀ, ਉਥੇ ਕੌਮੀ ਏਕਤਾ ਨੂੰ ਹੋਂਦ ਵਿਚ ਲਿਆਉਦੇ ਹੋਏ ਜਥੇਦਾਰ ਗੁਰਚਰਨ ਸਿੰਘ ਟੌਹੜਾ, ਜਥੇ. ਜਗਦੇਵ ਸਿੰਘ ਤਲਵੰਡੀ, ਸੁਰਜੀਤ ਸਿੰਘ ਬਰਨਾਲਾ, ਕੈਪਟਨ ਅਮਰਿੰਦਰ ਸਿੰਘ, ਕਰਨਲ ਜਸਮੇਰ ਸਿੰਘ ਬਾਲਾ, ਮਨਜੀਤ ਸਿੰਘ ਭੂਰੇਕੋਨਾ ਤੇ ਮੈਨੂੰ ਨੂੰ ਇਸ ਉਤੇ ਦ੍ਰਿੜਤਾ ਨਾਲ ਪਹਿਰਾ ਦੇਣ ਤੇ ਕੌਮ ਦੀ ਸਿਆਸੀ ਅਗਵਾਈ ਕਰਨ ਦੇ ਹੁਕਮ ਕਰਨ ਦੇ ਨਾਲ-ਨਾਲ ਸ੍ਰੀ ਅਕਾਲ ਤਖਤ ਸਾਹਿਬ 'ਤੇ ਸਭਨਾਂ ਆਗੂਆਂ ਵੱਲੋਂ ਪ੍ਰਣ ਕਰਾਇਆ ਸੀ।

## ਗੁਰੂ ਤੇਗ ਬਹਾਦਰ ਪਬਲਿਕ ਸਕੂਲ ਦੀ ਕ੍ਰਿਕਟ ਟੀਮ ਰਹੀ ਜੇਤੂ

ਧੂਰੀ (ਮਨੋਹਰ ਸਿੰਘ ਸੱਗੂ) ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਜ਼ੋਨ ਪੱਧਰੀ 14 ਸਾਲ ਉਮਰ ਵਰਗ ਦਾ ਕ੍ਰਿਕਟ ਟੂਰਨਾਮੈਂਟ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਬਰੜਵਾਲ ਵਿਖੇ ਕਰਾਇਆ ਗਿਆ, ਜਿਸ ਵਿੱਚ ਵੱਖ-ਵੱਖ ਸਕੂਲਾਂ ਦੀਆਂ ਟੀਮਾਂ ਨੇ ਭਾਗ ਲਿਆ। ਕੋਚ ਹਰਦੀਪ ਸਿੰਘ ਸੋਢੀ ਨੇ ਦੱਸਿਆ ਕਿ ਟੂਰਨਾਮੈਂਟ ਦਾ ਉਦਘਾਟਨ ਸੀਨੀਅਰ ਕਾਂਗਰਸ ਆਗੂ ਹਰਦੀਪ ਸਿੰਘ ਦੌਲਤਪੁਰ ਨੇ ਕੀਤਾ।ਉਨ੍ਹਾਂ ਕਿਹਾ ਕਿ ਸਰੀਰਕ ਤੰਦਰੁਸਤੀ ਲਈ ਖੇਡਾਂ ਸਾਡੇ ਲਈ ਜ਼ਰੂਰੀ ਹਨ ਤੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਵਿੱਚ ਵੀ ਵਧ-ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਟੂਰਨਾਮੈਂਟ ਦਾ ਫਾਇਨਲ ਮੁਕਾਬਲਾ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਬਰੜਵਾਲ ਨੇ ਜਿੱਤਿਆ, ਜਦੋਂ ਕਿ ਮਾਲਵਾ ਖਾਲਸਾ ਸੈਕੰਡਰੀ ਸਕੂਲ ਧੂਰੀ ਦੀ ਟੀਮ ਦੂਜੇ ਨੰਬਰ 'ਤੇ ਰਹੀ।ਕੋਚ ਦਿਲਬਰ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਟੀਮਾਂ ਦਾ ਟਰਾਇਲ ਵੀ ਜਲਦੀ ਲਿਆ ਜਾਵੇਗਾ।



## ਆਂਗਣਵਾੜੀ ਕੇਂਦਰਾਂ 'ਚ ਪ੍ਰੀ ਸਕੂਲ ਰਜਿਸਟ੍ਰੇਸ਼ਨ 31 ਤੱਕ

**ਮਾਨਸਾ (ਆਤਮਾ ਸਿੰਘ ਪਮਾਰ)**- ਜ਼ਿਲ੍ਹੇ ਦੇ ਆਂਗਣਵਾੜੀ ਕੇਂਦਰਾਂ ਵਿਚ ਨਵੇਂ ਸੈਸ਼ਨ 2025-26 ਲਈ ਪ੍ਰੀ ਸਕੂਲ ਰਜਿਸਟ੍ਰੇਸ਼ਨ ਸ਼ੁਰੂ ਹੋ ਚੁੱਕੀ ਹੈ। ਰਜਿਸਟ੍ਰੇਸ਼ਨ ਦੀ ਆਖ਼ਰੀ ਮਿਤੀ 31 ਅਗਸਤ 2025 ਹੈ। ਇਹ ਜਾਣਕਾਰੀ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ, ਰਤਿੰਦਰਪਾਲ ਕੌਰ ਧਾਰੀਵਾਲ ਨੇ ਦਿੱਤੀ।ਉਨ੍ਹਾਂ ਕਿਹਾ ਕਿ 3 ਤੋਂ 5 ਸਾਲ ਤੱਕ ਦੀ ਉਮਰ ਵਾਲੇ ਬੱਚਿਆਂ ਲਈ ਇਹ ਸ਼ੁਰੂਆਤੀ ਸਿੱਖਿਆ ਦਾ ਸਭ ਤੋਂ ਮਹੱਤਵਪੂਰਨ ਪੱਧਰ ਹੁੰਦਾ ਹੈ। ਉਨ੍ਹਾਂ ਮਾਪਿਆਂ ਨੂੰ ਬੇਨਤੀ ਕੀਤੀ ਕਿ ਰਜਿਸਟ੍ਰੇਸ਼ਨ ਦੀ ਅੰਤਮ ਮਿਤੀ ਤੋਂ ਪਹਿਲਾਂ ਬੱਚਿਆਂ ਦੀ ਦਾਖਲਾ ਪ੍ਰਕਿਰਿਆ ਪੂਰੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਨਜ਼ਦੀਕੀ ਆਂਗਣਵਾੜੀ ਕੇਂਦਰ ਜਾਂ ਬਾਲ ਵਿਕਾਸ ਪ੍ਰੋਜੈਕਟ ਅਫ਼ਸਰ ਨਾਲ ਰਾਬਤਾ ਕੀਤਾ ਜਾਵੇ।

# ਘੱਗਰ ਦਾ ਪਾਣੀ ਚੜ੍ਹਨ ਕਾਰਨ ਪਟਿਆਲਾ ਦੇ ਪਿੰਡਾਂ 'ਚ ਅਲਰਟ



**ਦੇਵੀਗੜ੍ਹ/ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਪਟਿਆਲਾ ਪ੍ਰਸ਼ਾਸਨ ਨੇ ਘੱਗਰ ਨਦੀ ਦੇ ਨੇੜੇ ਇੱਕ ਦਰਜਨ ਤੋਂ ਵੱਧ ਪਿੰਡਾਂ ਲਈ ਐਡਵਾਇਜ਼ਰੀ ਜਾਰੀ ਕਰਦਿਆਂ ਉਨ੍ਹਾਂ ਨੂੰ ਸੁਚੇਤ ਰਹਿਣ ਲਈ ਕਿਹਾ ਗਿਆ ਹੈ। ਪਾਣੀ ਦਾ ਪੱਧਰ ਖਤਰੇ ਦੇ ਨਿਸ਼ਾਨ 'ਤੇ ਪਹੁੰਚਣ ਕਾਰਨ ਪਿੰਡ ਵਾਸੀਆਂ ਨੂੰ ਰਾਜਪੁਰਾ, ਘਨੌਰ ਅਤੇ ਹੋਰ ਨੇੜਲੇ ਇਲਾਕਿਆਂ ਵਿੱਚ ਨਦੀ ਵੱਲ ਜਾਣ ਤੋਂ ਗੁਰੇਜ਼ ਕਰਨ ਲਈ ਕਿਹਾ ਗਿਆ ਹੈ। ਸ਼ਿਵਾਲਿਕ ਦੀਆਂ ਪਹਾੜੀਆਂ ਤੋਂ ਨਿਕਲਣ ਵਾਲੀ ਇਸ ਮੌਸਮੀ ਨਦੀ ਨੇ 2010 ਅਤੇ 2023 ਵਿੱਚ ਭਾਰੀ ਤਬਾਹੀ ਮਚਾਈ ਸੀ ਅਤੇ ਇਹ ਲਗਪਗ ਹਰ ਦੂਜੇ ਸਾਲ ਨੁਕਸਾਨ ਕਰਦੀ ਆ ਰਹੀ ਹੈ। ਵਸਨੀਕਾਂ ਨੇ ਦੱਸਿਆ ਕਿ ਪਾਣੀ ਦਾ ਪੱਧਰ ਵਧਣ ਬਾਰੇ ਉਨ੍ਹਾਂ ਸਥਾਨਕ ਅਧਿਕਾਰੀਆਂ ਨੂੰ ਸੁਚੇਤ ਕੀਤਾ ਜਿਸ ਤੋਂ ਬਾਅਦ ਹੀ ਪ੍ਰਸ਼ਾਸਨ ਵੱਲੋਂ ਅਲਰਟ ਜਾਰੀ ਕੀਤਾ ਗਿਆ ਹੈ। ਇਸ ਦੌਰਾਨ ਪਟਿਆਲਾ ਦੀ ਡੀਸੀ ਪ੍ਰੀਤੀ ਯਾਦਵ ਨੇ ਨਾਗਰਿਕਾਂ ਨੂੰ ਸ਼ਾਂਤ ਰਹਿਣ, ਅਫਵਾਹਾਂ ਫੈਲਾਉਣ ਤੋਂ ਬਚਣ ਅਤੇ ਪਾਣੀ ਨਾਲ ਸਬੰਧਤ ਕਿਸੇ ਵੀ ਐਮਰਜੈਂਸੀ ਦੀ ਤੁਰੰਤ ਸੂਚਨਾ ਜ਼ਿਲ੍ਹਾ ਕੰਟਰੋਲ ਰੂਮ ਦੇ ਨੰਬਰ 0175-2350550 'ਤੇ ਦੇਣ ਦੀ ਅਪੀਲ ਕੀਤੀ ਹੈ। ਘੱਗਰ, ਜਿਸ ਵਿੱਚ ਪਹਾੜਾਂ ਵਿੱਚ ਹੋਣ ਵਾਲੇ ਮੀਂਹ ਦਾ ਪਾਣੀ ਆਉਂਦਾ ਹੈ, ਹਰ ਮਾਨਸੂਨ ਵਿੱਚ ਇਲਾਕਾ ਵਾਸੀਆਂ ਲਈ ਡਰ ਦਾ ਕਾਰਨ ਬਣਦੀ ਹੈ। ਇੱਕ ਤੋਂ ਬਾਅਦ ਇੱਕ ਆਈਆਂ ਸਰਕਾਰਾਂ ਇਸ ਮੁੱਦੇ 'ਤੇ ਕਾਰਵਾਈ ਕਰਨ ਵਿੱਚ ਅਸਫਲ ਰਹੀਆਂ ਹਨ । ਪੰਜਾਬ ਅਤੇ ਹਰਿਆਣਾ, ਜੋ ਅਕਸਰ ਪਾਣੀ ਦੇ ਮੁੱਦਿਆਂ 'ਤੇ ਇੱਕ-ਦੂਜੇ 'ਤੇ ਦੋਸ਼ ਮੜ੍ਹਦੇ ਨਜ਼ਰ ਆਉਂਦੇ ਹਨ, ਵਿਚਾਲੇ ਤਾਲਮੇਲ ਦੀ ਘਾਟ ਦੋਵਾਂ ਸੂਬਿਆਂ ਦੇ ਲੋਕਾਂ ਦੇ ਹਿੱਤਾਂ ਨੂੰ ਨੁਕਸਾਨ ਪਹੁੰਚਾ ਰਹੀ ਹੈ ।

# ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਸੰਬੰਧ 'ਚ 14 ਨੂੰ ਸਜਾਈ ਜਾਵੇਗੀ ਰੱਥ ਯਾਤਰਾ

**ਬਾਘਾ ਪੁਰਾਣਾ (ਮਨੀ ਸਿੰਗਲਾ)**- ਸ੍ਰੀ ਸ਼ਿਵ ਮੰਦਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਲਵਿੰਦਰ ਗਰਗ ਦੀ ਅਗਵਾਈ 'ਚ 16 ਅਗਸਤ ਨੂੰ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਪਵਿੱਤਰ ਤਿਉਹਾਰ ਮੋਗਾ ਰੋਡ ਸ਼ਿਵ ਮੰਦਰ ਧਰਮਸ਼ਾਲਾ ਵਿਖੇ ਬਹੁਤ ਹੀ ਧੂਮਧਾਮ ਅਤੇ ਸ਼ਰਧਾ ਨਾਲ ਮਨਾਇਆ ਜਾ ਰਿਹਾ ਹੈ। ਪ੍ਰਧਾਨ ਬਲਵਿੰਦਰ ਗਰਗ ਅਤੇ ਕ੍ਰਿਸ਼ਨ ਗਰਗ ਨੇ ਕਿਹਾ ਕਿ ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਸਬੰਧ ਵਿਚ 14 ਅਗਸਤ ਨੂੰ ਸ਼ਹਿਰ ਬਾਘਾ ਪੁਰਾਣਾ ਵਿਚ ਇਕ ਵਿਸ਼ਾਲ ਰਥ ਯਾਤਰਾ ਸਜਾਈ ਜਾ ਰਹੀ ਹੈ, ਜਿਸ ਵਿਚ ਸੁੰਦਰ ਝਾਕੀਆਂ ਸਜਾਈਆਂ ਜਾਣਗੀਆਂ । ਉਨ੍ਹਾਂ ਨੇ ਕਿਹਾ ਕਿ ਸ੍ਰੀ ਕ੍ਰਿਸ਼ਨ ਜਨਮ ਦੇ ਸਬੰਧ ਵਿਚ ਰੋਜ਼ਾਨਾ ਸਵੇਰੇ ਸ੍ਰੀ ਸ਼ਿਵ ਮੰਦਰ ਪ੍ਰਬੰਧਕ ਕਮੇਟੀ ਵੱਲੋਂ ਪ੍ਰਭਾਤ ਫੇਰੀ ਕੱਢੀ ਜਾਂਦੀ ਹੈ ਅਤੇ ਘਰਾਂ ਦੇ ਵਿਚ ਭਗਵਾਨ ਸ੍ਰੀ ਕ੍ਰਿਸ਼ਨ ਜੀ ਦਾ ਸੰਕੀਰਤਨ ਕੀਤਾ ਜਾਂਦਾ ਅਤੇ ਗਲੀਆਂ ਮਹੱਲਿਆਂ ਦੇ ਲੋਕ ਫੁੱਲਾਂ ਦੀ ਵਰਖਾ ਕਰਕੇ ਪ੍ਰਭਾਤ ਫੇਰੀ ਦਾ ਸਵਾਗਤ ਕਰਦੇ ਹਨ। ਉਨ੍ਹਾਂ ਨੇ ਕਿਹਾ ਕਿ ਅੱਜ ਭਗਵਾਨ ਸ੍ਰੀ ਕ੍ਰਿਸ਼ਨ ਜੀ ਦਾ ਗੁਣਗਾਨ ਬਿੱਟੀ ਕਟਾਰੀਆ ਦੇ ਗ੍ਰਹਿ ਵਿਖੇ ਕੀਤਾ ਗਿਆ ਅਤੇ ਬਿੱਟੀ ਕਟਾਰੀਆ ਅਤੇ ਰਾਕੇਸ਼ ਕਟਾਰੀਆ ਨੂੰ ਸ਼੍ਰੀ ਸ਼ਿਵ ਮੰਦਰ ਪ੍ਰਬੰਧਕ ਕਮੇਟੀ ਵੱਲੋਂ ਵਿਸ਼ੇਸ਼ ਤੌਰ 'ਤੇ ਸਨਮਾਨਤ ਵੀ ਕੀਤਾ ਗਿਆ। ਇਹ ਮੌਕੇ ਰੋਸ਼ਨ ਲਾਲ ਰੋਸ਼ੀ, ਅਸ਼ਵਨੀ ਸ਼ਰਮਾ, ਸੰਦੀਪ ਗੋਇਲ ਠੰਡੂ, ਦੀਪੂ ਗੋਇਲ, ਪ੍ਰਧਾਨ ਪਵਨ ਗੁਪਤਾ, ਗੈਰੀ ਸਿੰਗਲਾ, ਰਜਿੰਦਰ ਗੋਇਲ, ਅਜੇ ਪੁਰੀ, ਬਿਮਲ ਗੋਇਲ, ਪ੍ਰਸਿੰਨ ਕੁਮਾਰ, ਚਤੁਰਭੁਜ, ਲਲਿਤ ਗਰਗ, ਕ੍ਰਿਸ਼ਨ ਗਰਗ, ਮਨੋਜ ਗੋਇਲ, ਅਰੁਣ ਬਾਂਸਲ ਡੀ.ਐਮ ਵਾਲੇ, ਵਿਜੈ ਸ਼ਰਮਾ, ਅਮਨ ਤਨੇਜਾ, ਡੈਵਿਡ ਬਾਂਸਲ ਅਤੇ ਹੋਰ ਹਾਜ਼ਰ ਸਨ।



# ਅਮਿਤ ਅਰੋੜਾ ਦੀ ਯਾਦ 'ਚ ਅੱਖਾਂ ਦਾਨ-ਮਹਾਂਦਾਨ ਫਾਰਮ ਭਰਨ ਸੰਬੰਧੀ ਕੈਂਪ 10 ਨੂੰ

**ਜਗਰਾਉਂ (ਅਮਿਤ ਖੰਨਾ)**- ਸਵਰਗੀ ਸ੍ਰੀ ਅਮਿਤ ਅਰੋੜਾ ਦੀ ਨਿੱਘੀ ਅਤੇ ਮਿੱਠੀ ਯਾਦ ਵਿੱਚ ਕਰ ਭਲਾ ਹੋ ਭਲਾ ਸੁਸਾਇਟੀ ਜਗਰਾਉਂ ਵੱਲੋਂ ਪੁਨਰ ਜੋਤ ਆਈ ਬੈਂਕ ਲੁਧਿਆਣਾ ਦੇ ਸਹਿਯੋਗ ਨਾਲ ਅੱਖਾਂ ਦਾਨ-ਮਹਾਦਾਨ (ਫਾਰਮ ਭਰਨ ਸਬੰਧੀ ਕੈਂਪ) 10 ਅਗਸਤ ਨੂੰ ਸਵੇਰੇ 11 ਵਜੇ ਤੋਂ ਲੈ ਕੇ 2 ਵਜੇ ਤੱਕ ਅਰੋੜਾ ਪ੍ਰੋਪਰਟੀ ਐਡਵਾਈਜ਼ਰ ਸਾਹਮਣੇ ਰੇਲਵੇ ਸਟੇਸ਼ਨ ਜਗਰਾਉਂ ਵਿਖੇ ਲੱਗ ਰਿਹਾ ਹੈ। ਆਓ ਆਪਾਂ ਸਾਰੇ ਸ੍ਰੀ ਅਮਿਤ ਅਰੋੜਾ ਦੀ ਉੱਚੀ ਸੋਚ ਉੱਤੇ ਪਹਿਰਾ ਦਿੰਦੇ ਹੋਏ ਮਰਨ ਤੋਂ ਬਾਅਦ ਆਪਣੀਆਂ ਅੱਖਾਂ ਦਾਨ ਕਰਕੇ ਦੋ ਇਨਸਾਨਾਂ ਦੀ ਜ਼ਿੰਦਗੀ ਵਿੱਚ ਰੋਸ਼ਨੀ ਕਰ ਜਾਈਏ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ।



# ਠੁੱਲੀਵਾਲ 'ਚ ਆਯੂਸ਼ ਆਯੁਰਵੈਦਿਕ ਤੇ ਹੋਮਿਓਪੈਥਿਕ ਮੁਫ਼ਤ ਚੈੱਕਅੱਪ ਕੈਂਪ ਲਾਇਆ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)** ਆਯੂਸ਼ ਕਮਿਸ਼ਨਰ ਦਿਲਰਾਜ ਸਿੰਘ, ਡਾਇਰੈਕਟਰ ਆਯੁਰਵੈਦਾ ਪੰਜਾਬ ਡਾ. ਰਵੀ ਡੂੰਮਰਾ, ਡਾਇਰੈਕਟਰ ਹੋਮਿਓਪੈਥੀ ਡਾ: ਹਰਿੰਦਰਪਾਲ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਆਯੂਰਵੈਦਿਕ ਤੇ ਯੂਨਾਨੀ ਅਫਸਰ ਡਾ ਅਮਨ ਕੌਂਸਲ ਜ਼ਿਲ੍ਹਾ ਹੋਮਿਓਪੈਥੀ ਅਫਸਰ ਡਾ ਰਜੀਵ ਜਿੰਦੀਆ ਦੀ ਯੋਗ ਅਗਵਾਈ ਹੇਠ ਗੁਰਦੁਆਰਾ ਸਾਹਿਬ ਪਿੰਡ ਠੁੱਲੀਵਾਲ ਵਿਖੇ ਆਯੂਸ ਮੈਡੀਕਲ ਚੈੱਕਅਪ ਕੈਂਪ ਦਾ ਆਯੋਜਨ ਕੀਤਾ ਗਿਆ।ਕੈਂਪ ਦਾ ਉਦਘਾਟਨ ਸਰਪੰਚ ਪਰਮਜੀਤ ਕੌਰ ਠੁੱਲੀਵਾਲ, ਹਰਤੇਜ ਸਿੰਘ, ਜਸਵਿੰਦਰ ਸਿੰਘ, ਹਰਜੀਤ ਸਿੰਘ ਗੋਗੀ, ਹਰਜਿੰਦਰ ਸਿੰਘ ਸੋਹੀ, ਹਰਜੀਤ ਸਿੰਘ ਹੈਪੀ, ਮੇਜਰ ਸਿੰਘ, ਗੁਰਜੀਤ ਸਿੰਘ ਦੁੱਲਟ, ਬੇਅੰਤ ਸਿੰਘ ਸਿੰਘ, ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਮੇਵਾ ਸਿੰਘ ਤੇ ਸਮੂਹ ਗ੍ਰਾਮ ਪੰਚਾਇਤ ਠੁੱਲੀਵਾਲ ਵਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਆਯੁਰਵੈਦ ਵਿਭਾਗ ਵੱਲੋਂ 462 ਤੇ ਹੋਮਿਓਪੈਥਿਕ ਵਿਭਾਗ ਵਲੋਂ 242 ਮਰੀਜਾਂ ਦਾ ਚੈੱਕਅਪ ਕੀਤਾ ਗਿਆ।ਆਯੁਰਵੈਦ ਵਿਭਾਗ ਵੱਲੋਂ ਡਾ ਅਮਨਦੀਪ ਸਿੰਘ ਨੋਡਲ ਅਫਸਰ ਤੇ ਡਾ. ਸੀਮਾ ਬਾਂਸਲ ਨੇ ਮਰੀਜ਼ਾਂ ਦਾ ਨਿਰੀਖਣ ਕੀਤਾ ਗਿਆ। ਉਪਵੇਦ ਹਰਵਿੰਦਰ ਸਿੰਘ, ਗੁਰਪ੍ਰੀਤ ਸਿੰਘ, ਸੁਖਚੈਨ ਸਿੰਘ ਤੇ ਸ਼ਿਵ ਸ਼ੰਕਰ ਨੇ ਕੈਂਪ ਵਿੱਚ ਆਏ ਮਰੀਜ਼ਾਂ ਨੂੰ ਦਵਾਈਆਂ ਵੰਡੀਆਂ। ਹੋਮਿਓਪੈਥਿਕ ਵਿਭਾਗ ਵੱਲੋਂ ਪਰਮਿੰਦਰ ਪੁੰਨ ਐਚ ਐਮ ਓ ਤੇ ਸਿਮਰਨ ਕੌਰ ਨੇ ਮਰੀਜ਼ਾਂ ਦਾ ਨਿਰੀਖਣ ਕੀਤਾ।ਹੋਮਿਓਪੈਥੀ ਡਿਸਪੈਂਸਰ ਗੁਰਮੀਤ ਸਿੰਘ ਧਨੌਲਾ ਤੇ ਇੰਦਰਜੀਤ ਨੇ ਮਰੀਜ਼ਾਂ ਨੂੰ ਦਵਾਈਆਂ ਵੰਡੀਆਂ।ਹੈਲਥ ਵਰਕਰ ਨਿਰਭੈ ਸਿੰਘ, ਰਾਜਵਿੰਦਰ ਕੌਰ, ਕੁਲਵੰਤ ਕੌਰ, ਸ਼ਿੰਦਰ ਕੌਰ ਨੇ ਸਹਿਯੋਗ ਦਿੱਤਾ।



# ਏ ਆਈ ਤੇ ਸਾਈਬਰ ਸੁਰੱਖਿਆ 'ਤੇ ਛੇ ਹਫ਼ਤਿਆਂ ਦੀ ਇਨ ਹਾਊਸ ਇੰਡਸਟਰੀਅਲ ਟ੍ਰੇਨਿੰਗ

**ਸ੍ਰੀ ਫ਼ਤਿਹਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)** ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਕੰਪਿਊਟਰ ਸਾਇੰਸ ਵਿਭਾਗ ਨੇ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਤੇ ਸਾਈਬਰ ਸੁਰੱਖਿਆ ਤੇ ਛੇ ਹਫ਼ਤਿਆਂ ਦੀ ਇਨ-ਹਾਊਸ ਇੰਡਸਟਰੀਅਲ ਟ੍ਰੇਨਿੰਗ ਦਾ ਆਯੋਜਨ ਕੀਤਾ। ਟ੍ਰੇਨਿੰਗ ਦਾ ਆਯੋਜਨ ਪ੍ਰੋ. ਡਾ. ਨਵਦੀਪ ਕੌਰ, ਡੀਨ ਰਿਸਰਚ ਤੇ ਡਾ. ਸ਼ੀਨਮ ਮਲਹੋਤਰਾ, ਕੰਪਿਊਟਰ ਸਾਇੰਸ ਇੰਜੀਨੀਅਰਿੰਗ ਵਿਭਾਗ ਦੇ ਟ੍ਰੇਨਿੰਗ ਇੰਚਾਰਜ ਦੁਆਰਾ ਕੀਤਾ ਗਿਆ ਸੀ।ਇਸ ਪਹਿਲਕਦਮੀ ਦੇ ਹਿੱਸੇ ਵਜੋਂ, ਦੋ ਨਾਮਵਰ ਕੰਪਨੀਆਂ ਨੂੰ ਮਾਹਰ ਸੈਸ਼ਨਾਂ ਤੇ ਵਿਹਾਰਕ ਸਿਖਲਾਈ ਅਨੁਭਵ ਪ੍ਰਦਾਨ ਕਰਨ ਲਈ ਸੱਦਾ ਦਿੱਤਾ ਗਿਆ ਸੀ। ਸਾਈਬਰ ਸੁਰੱਖਿਆ ਲਈ ਟੈਕਲਾਈਵ ਸਲਿਊਸ਼ਨਜ਼, ਮੋਹਾਲੀ ਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਲਈ, ਅੰਸ਼ ਇਨਫੋਟੈਕ, ਲੁਧਿਆਣਾ ਸ਼ਾਮਲ ਸਨ। ਇਹ ਟ੍ਰੇਨਿੰਗ ਐਮਸੀਏ, ਬੀ.ਟੈਕ. ਤੇ ਬੀਸੀਏ ਦੇ ਵਿਦਿਆਰਥੀਆਂ ਲਈ ਕਰਵਾਈ ਗਈ ਸੀ।ਉਨ੍ਹਾਂ ਦੇ ਸਮੁੱਚੇ ਵਿਕਾਸ ਨੂੰ ਹੋਰ ਵਧਾਉਣ ਲਈ, ਸ਼ਖਸੀਅਤ ਵਿਕਾਸ ਦੀਆਂ ਕਲਾਸਾਂ ਵੀ ਕਰਾਈਆਂ ਗਈਆਂ।ਸਿਖਲਾਈ ਦੇ ਨਤੀਜਿਆਂ ਦੇ ਹਿੱਸੇ ਵਜੋਂ, ਵਿਦਿਆਰਥੀਆਂ ਨੇ ਉਨ੍ਹਾਂ ਦੁਆਰਾ ਹਾਸਲ ਕੀਤੇ ਹੁਨਰਾਂ ਦੇ ਆਧਾਰ 'ਤੇ ਨਵੀਨਤਾਕਾਰੀ ਪ੍ਰੋਜੈਕਟ ਡਿਜ਼ਾਈਨ ਕੀਤੇ ਅਤੇ ਪੇਸ਼ ਕੀਤੇ। ਸਾਰੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਗਏ ਤੇ ਸਰਵੋਤਮ ਤਿੰਨ ਪ੍ਰੋਜੈਕਟ ਟੀਮਾਂ ਨੂੰ ਜੇਤੂ ਘੋਸ਼ਿਤ ਕੀਤਾ ਗਿਆ ਤੇ ਟਰਾਫੀਆਂ ਨਾਲ ਸਨਮਾਨਤ ਕੀਤਾ ਗਿਆ।ਸਾਈਬਰ ਸੁਰੱਖਿਆ ਵਿੱਚ, ਸਾਹਿਬਜੋਤ ਸਿੰਘ (ਬੀ.ਟੈਕ 7ਵਾਂ ਸਮੈਸਟਰ) ਨੂੰ ਉਨ੍ਹਾਂ ਦੇ ਪ੍ਰੋਜੈਕਟ ਡੈੱਡ ਟਰਮੀਨਸ ਲਈ ਪਹਿਲਾ ਇਨਾਮ ਮਿਲਿਆ, ਦੂਜਾ ਇਨਾਮ ਮਿਸ਼ਟੀ ਗਿਰੀ (ਬੀ.ਟੈਕ 5ਵਾਂ ਸਮੈਸਟਰ) ਨੂੰ ਸਿਕਿਓਰਬੱਗ ਬਾਊਂਟੀ ਪੋਰਟਲ ਲਈ ਅਤੇ ਤੀਜਾ ਇਨਾਮ ਮਹਿਰਮਜੋਤ ਕੌਰ (ਬੀ.ਟੈਕ 5ਵਾਂ ਸਮੈਸਟਰ) ਨੂੰ ਵਲਨੇਰਾਵਾਲਟ-ਦ ਵਲਨੇਰੇਬਿਲਟੀ ਪਲੇਗ੍ਰਾਊਂਡ ਲੈਬ ਲਈ ਮਿਲਿਆ। ਵਿਸ਼ੇਸ਼ ਇਨਾਮ ਅਵਨੀਤ ਕੌਰ (ਬੀ.ਟੈਕ 7ਵਾਂ ਸਮੈਸਟਰ) ਨੂੰ ਬੱਗ ਬਾਉਂਡ ਲਈ ਦਿੱਤਾ ਗਿਆ।ਆਰਟੀਫੀਸ਼ੀਅਲ ਇੰਟੈਲੀਜੈਂਸ ਵਿੱਚ ਪਹਿਲਾ ਇਨਾਮ ਅੰਮ੍ਰਿਤਪਾਲ ਕੌਰ ਨੂੰ ਕ੍ਰੈਡਿਟ ਕਾਰਡ ਫਰਾਡ ਡਿਟੈਕਸ਼ਨ ਤੇ ਪ੍ਰੋਜੈਕਟ ਲਈ, ਦੂਜਾ ਰਹਿਮਤ ਸਿੰਘ (ਬੀਸੀਏ 5ਵਾਂ ਸਮੈਸਟਰ) ਨੂੰ ਬ੍ਰੇਨ ਟਿਊਮਰ ਡਿਟੈਕਸ਼ਨ ਲਈ ਅਤੇ ਤੀਜਾ ਇਨਾਮ ਪ੍ਰਭਲੀਨ ਕੌਰ (ਬੀਸੀਏ 3ਵਾਂ ਸਮੈਸਟਰ) ਨੂੰ ਮੂਡ2ਮਿਊਜ਼ਿਕ/ਕੁੱਕਮੇਟ ਏਆਈ ਲਈ ਦਿੱਤਾ ਗਿਆ।



# ਐੱਸ ਆਰ ਐੱਸ ਵਿੱਦਿਆਪੀਠ ਦੇ ਵਿਦਿਆਰਥੀਆਂ ਨੂੰ ਟੇਬਲ ਟੈਨਿਸ ਮੁਕਾਬਲੇ 'ਚ ਪਹਿਲਾ ਸਥਾਨ ਪ੍ਰਾਪਤ




**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**- 69ਵੀਆਂ ਜ਼ੋਨਲ ਖੇਡਾਂ ਵਿੱਚ ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਵਿੱਚ ਅੰਡਰ-14 , ਅੰਡਰ -17 ਅਤੇ ਅੰਡਰ -19 ਟੇਬਲ ਟੈਨਿਸ ਖੇਡ ਮੁਕਾਬਲੇ ਕਰਵਾਏ ਗਏ। ਇਹਨਾਂ ਖੇਡ ਮੁਕਾਬਲਿਆਂ ਵਿੱਚ ਕਈ ਸਕੂਲਾਂ ਨੇ ਭਾਗ ਲਿਆ। ਐੱਸ ਆਰ ਐੱਸ ਵਿੱਦਿਆਪੀਠ ਸਮਾਣਾ ਦੇ ਅੰਡਰ -14 ਵਿੱਚ ਮੋਹਿਤ, ਲਵਿਆ, ਐਸਪ੍ਰੀਤ, ਅਦਿਤਿਆ ਅਤੇ ਵਿਵਾਨ ਸਿੰਗਲਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਅੰਡਰ-17 ਵਿੱਚ ਕੀਰਤਮਾਨ ਸਿੰਘ, ਹਰਮਨ ਸਿੰਘ ਅਤੇ ਨਵਰਾਜ ਸਿੰਘ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਅੰਡਰ -19 ਵਿੱਚ ਅਸੰਗਪ੍ਰੀਤ ਸਿੰਘ, ਮਯੰਕ ਪੁਰੀ, ਕਰਨਵੀਰ ਸਿੰਘ, ਨਵਰੂਪ ਸਿੰਘ ਅਤੇ ਸਹਿਜਪ੍ਰੀਤ ਸਿੰਘ ਨੇ ਪਹਿਲਾ ਸਥਾਨ ਹਾਸਲ ਕੀਤਾ। ਮੁਕਾਬਲੇ ਦੌਰਾਨ ਵਿਦਿਆਰਥੀਆਂ ਨੇ ਆਪਣੇ ਕੌਸ਼ਲ ਅਤੇ ਖੇਡ ਜਜ਼ਬੇ ਨਾਲ ਸਭ ਨੂੰ ਪ੍ਰਭਾਵਿਤ ਕੀਤਾ ਅਤੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਅੰਡਰ -14 ਮੁਕਾਬਲੇ ਵਿੱਚ ਪਹਿਲਾ ਅਤੇ ਅੰਡਰ -17 ਮੁਕਾਬਲੇ ਵਿੱਚ ਤੀਜਾ ਅਤੇ ਅੰਡਰ -19 ਮੁਕਾਬਲੇ ਵਿੱਚ ਪਹਿਲਾ ਸਥਾਨ ਹਾਸਲ ਕਰਕੇ ਆਪਣੇ ਸਕੂਲ ਅਤੇ ਮਾਤਾ-ਪਿਤਾ ਦਾ ਨਾਂਅ ਰੌਸ਼ਨ ਕੀਤਾ। ਇਸ ਮੌਕੇ ਸਕੂਲ ਵਾਈਸ ਚੇਅਰਮੈਨ ਮਿਸ ਸਮਿਧਾ ਸਿੰਗਲਾ ਅਤੇ ਪ੍ਰਿੰਸੀਪਲ ਮਿਸ ਮਿਲੀ ਬੋਸ ਨੇ ਸਾਰੇ ਖਿਡਾਰੀਆਂ ਨੂੰ ਅਜਿਹੇ ਖੇਡ ਮੁਕਾਬਲਿਆਂ ਵਿੱਚ ਵਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ।

7 Aug Page 6.qxd 8/6/2025 10:46 PM Page 1



# ਭਲਕ ਦੀ ਮਹਾਂ ਰੈਲੀ ਲਈ ਤਿਆਰੀਆਂ ਦਾ ਜਾਇਜ਼ਾ ਲਿਆ

**ਦਿੜ੍ਹਬਾ (ਜਸਵੀਰ ਲਾਡੀ)** ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਦਿੜ੍ਹਬਾ ਬਲਾਕ ਦੇ ਪਿੰਡ ਇਕਾਈਆਂ ਦੀ ਮੀਟਿੰਗ ਬਲਾਕ ਪ੍ਰਧਾਨ ਭਰਪੂਰ ਸਿੰਘ ਮੌੜਾਂ ਤੇ ਚਰਨਜੀਤ ਸਿੰਘ ਘਨੌੜ ਜੱਟਾਂ ਦੀ ਅਗਵਾਈ ਹੇਠ ਗੁਰਦੁਆਰਾ ਬਾਬਾ ਬੇਰਸ਼ਿਆਣਾ ਸਾਹਿਬ ਵਿਖੇ ਕੀਤੀ ਗਈ। ਮੀਟਿੰਗ ਵਿੱਚ ਬਹੁ ਗਿਣਤੀ ਪਿੰਡ ਇਕਾਈਆਂ ਨੇ ਵਧ-ਚੜ੍ਹ ਕੇ ਭਾਗ ਲਿਆ। ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਸੂਬੇ ਦੇ ਮੀਤ ਪ੍ਰਧਾਨ ਜਨਕ ਸਿੰਘ ਭੁਟਾਲ ਨੇ ਸ਼ਿਰਕਤ ਕੀਤੀ। ਮੀਟਿੰਗ ਦੇ ਏਜੰਡੇ ਮੁਤਾਬਕ 8 ਅਗਸਤ ਨੂੰ ਮੋਗਾ ਵਿਖੇ ਆਦਿਵਾਸੀ ਲੋਕਾਂ 'ਤੇ ਉਨ੍ਹਾਂ ਦੇ ਸੰਗੀਆਂ 'ਤੇ ਜਬਰ ਖ਼ਿਲਾਫ਼ ਜ਼ੋਰਦਾਰ ਆਵਾਜ਼ ਉਠਾਓ ਮਹਾਂਰੈਲੀ ਕੀਤੀ ਜਾਵੇਗੀ, ਜਿਸ ਵਿੱਚ ਕਿਸਾਨ/ਮਜ਼ਦੂਰ/ਵਿਦਿਆਰਥੀ/ਨੌਜਵਾਨ/ਤੇ ਤਰਕਸ਼ੀਲ ਪੰਜਾਬ ਦੀਆਂ ਸਾਰੀਆਂ ਜਥੇਬੰਦੀਆਂ ਭਾਗ ਲੈਣਗੀਆਂ ਤੇ ਸਾਰੇ ਵਰਗਾਂ ਨੂੰ ਭਾਗ ਲੈਣ ਦਾ ਸੱਦਾ ਦਿੱਤਾ ਜਾਂਦਾ ਹੈ। ਬਸਤਰ ਸਮੇਤ ਸਾਰੇ ਆਦਿਵਾਸੀ ਖੇਤਰਾਂ 'ਚੋਂ ਅਪ੍ਰੇਸ਼ਨ ਕਗਾਰ ਸਮੇਤ ਹਰ ਤਰ੍ਹਾਂ ਦੇ ਫ਼ੌਜੀ ਅਪ੍ਰੇਸ਼ਨ ਬੰਦ ਕੀਤੇ ਜਾਣ, ਝੂਠੇ ਪੁਲਸ ਮੁਕਾਬਲੇ ਤੇ ਹਰ ਤਰ੍ਹਾਂ ਦੇ ਜਬਰ ਦੇ ਕਦਮ ਫੌਰੀ ਰੋਕੇ ਜਾਣ, ਇਹਨਾਂ ਇਲਾਕਿਆਂ ਚੋਂ ਸਾਰੇ ਪੁਲਿਸ ਕੈਂਪ ਨੂੰ ਹਟਾਇਆ ਜਾਵੇ, ਪੁਲਸ ਤੇ ਸਾਰੇ ਅਰਧ ਸੈਨਿਕ, ਮਜ਼ਦੂਰ ਤੇ ਸਮੂਹ ਮਿਹਨਤਕਸ਼ ਲੋਕਾਂ ਦੇ ਟਾਕਰੇ ਖ਼ਿਲਾਫ਼ ਡਰੋਨਾਂ ਤੇ ਹੈਲੀਕਾਪਟਰਾਂ ਰਾਹੀਂ ਬੰਬਾਰੀ ਬੰਦ ਕੀਤੀ ਜਾਵੇ। ਲੋਕਾਂ ਦੀਆਂ ਜਥੇਬੰਦੀਆਂ ਤੇ ਸੰਘਰਸ਼ਾਂ ਤੇ ਲਾਈਆਂ ਪਾਬੰਦੀਆਂ ਖ਼ਤਮ ਕੀਤੀਆਂ ਜਾਣ, ਗ੍ਰਿਫ਼ਤਾਰ ਕੀਤੇ ਗਏ ਆਦਿਵਾਸੀ ਤੇ ਜਮਹੂਰੀ ਹੱਕਾਂ ਦੇ ਕਾਰਕੁੰਨ ਰਿਹਾਅ ਕੀਤੇ ਜਾਣ ਤੇ ਸੰਘਰਸ਼ ਕਰਨ ਦੇ ਅਧਿਕਾਰ ਦੀ ਜ਼ਾਮਨੀ ਕੀਤੀ ਜਾਵੇ। ਤਿੰਨ ਫੌਜਦਾਰੀ ਕਾਨੂੰਨ, ਨਵੇਂ ਚਾਰ ਕਿਰਤ ਕਾਨੂੰਨ (ਕੋਡ) ਯੂਏਪੀਏ, ਅਫਸਪਾ, ਪਬਲਿਕ ਸਕਿਊਰਿਟੀ ਐਕਟ, ਨਿੱਜੀ ਤੇ ਸਰਕਾਰੀ ਜਾਇਦਾਦ ਨੁਕਸਾਨ ਰੋਕਥਾਮ ਕਾਨੂੰਨ ਤੇ ਹੋਰ ਕਾਲੇ ਕਾਨੂੰਨ ਤੁਰੰਤ ਰੱਦ ਕੀਤੇ ਜਾਣ ਤੇ ਜੇਕਰ ਪੰਜਾਬ ਸਰਕਾਰ ਲੈਂਡ ਪੂਲਿੰਗ ਪਾਲਿਸੀ ਤੋਂ ਪੈਰ ਪਿਛਾਂਹ ਨਹੀਂ ਹਟਾਉਂਦੀ ਤਾਂ ਲੈਂਡ ਪੂਲਿੰਗ ਪਾਲਿਸੀ ਦੇ ਵਿਰੋਧ 'ਚ ਵੱਡੇ ਸੰਘਰਸ਼ ਉਲੀਕੇ ਜਾਣਗੇ।




# ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਜੈਤੋ ਪ੍ਰਬੰਧਕੀ ਕੰਪਲੈਕਸ ਸਾਹਮਣੇ ਨਾਅਰੇਬਾਜ਼ੀ ਕਰ ਮੁੱਖ ਮੰਤਰੀ ਦਾ ਪੁਤਲਾ ਫੂਕਿਆ

**ਕੋਟਕਪੂਰਾ (ਰਛਪਾਲ ਭੁੱਲਰ)**- ਪੰਜਾਬ ਸਰਕਾਰ ਦੇ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਵਤੀਰੇ ਦੇ ਖ਼ਿਲਾਫ਼ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਦੇ ਸੱਦੇ ਅਨੁਸਾਰ ਜੈਤੋ ਤਹਿਸੀਲ ਦੇ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਆਸ਼ਾ ਵਰਕਰਾਂ ਨੇ ਸਥਾਨਕ ਉਪ ਮੰਡਲ ਪ੍ਰਬੰਧਕੀ ਕੰਪਲੈਕਸ ਸਾਹਮਣੇ ਪੰਜਾਬ ਸਰਕਾਰ ਖ਼ਿਲਾਫ਼ ਤਿੱਖੀ ਨਾਅਰੇਬਾਜ਼ੀ ਕਰਕੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਦਾ ਪੁਤਲਾ ਫੂਕਿਆ। ਇਸ ਮੌਕੇ ਫਰੰਟ ਦੇ ਸੂਬਾਈ ਆਗੂ ਪ੍ਰੇਮ ਚਾਵਲਾ, ਜ਼ਿਲ੍ਹਾ ਫਰੀਦਕੋਟ ਦੇ ਆਗੂ ਗੁਰਦੀਪ ਸਿੰਘ ਜੈਤੋ ਪ੍ਰਧਾਨ, ਗੁਰਮੀਤ ਸਿੰਘ ਜੈਤੋ, ਸਾਧੂ ਰਾਮ ਸ਼ਰਮਾ ਸਰਪ੍ਰਸਤ, ਜਗਦੀਸ਼ ਰਾਏ ਅਗੇੜਾ ਖਜ਼ਾਨਾ ਅਫਸਰ, ਮੇਜਰ ਸਿੰਘ, ਸੁਰਿੰਦਰ ਪਾਲ ਸਿੰਘ ਸ਼ਰਮਾ ਖਾਲਸਾ, ਸੂਬਾ ਸਿੰਘ ਰਾਮੇਆਣਾ, ਪ੍ਰਿੰਸੀਪਲ ਕੁਲਵੰਤ ਸਿੰਘ, ਸੋਮ ਨਾਥ ਅਰੋੜਾ, ਕੀਰਤਨ ਸਿੰਘ, ਸੁਰਿੰਦਰ ਪਾਲ ਲੂੰਬਾ ਅਤੇ ਆਸ਼ਾ ਵਰਕਰਾਂ ਦੇ ਆਗੂ ਮਨਜੀਤ ਕੌਰ ਜੈਤੋ ਨੇ ਪੰਜਾਬ ਸਰਕਾਰ 'ਤੇ ਦੋਸ਼ ਲਾਇਆ ਕਿ ਵਾਰ ਵਾਰ ਫਰੰਟ ਦੀ ਲੀਡਰਸ਼ਿਪ ਨੂੰ ਮੀਟਿੰਗਾਂ ਦੇ ਕੇ ਐਨ ਮੌਕੇ 'ਤੇ ਆ ਕੇ ਮੀਟਿੰਗਾਂ ਮੁਲਤਵੀ ਕਰ ਰਹੀ ਹੈ ਜਿਸ ਕਰਕੇ ਮੁਲਾਜ਼ਮ ਅਤੇ ਪੈਨਸ਼ਨ ਵਰਗ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਆਗੂਆਂ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਦੇ ਇਸ ਵਤੀਰੇ ਦੇ ਖ਼ਿਲਾਫ਼ 8 ਅਗਸਤ ਨੂੰ ਸਵੇਰੇ 11 ਵਜੇ ਲਾਲਾ ਲਾਜਪਤ ਰਾਏ ਮਿਊਂਸਪਲ ਪਾਰਕ ਕੋਟਕਪੂਰਾ ਵਿਖੇ ਅਤੇ 12 ਅਗਸਤ ਨੂੰ ਸਬ ਤਹਿਸੀਲ ਸਾਦਿਕ ਵਿਖੇ ਰੋਸ ਪ੍ਰਦਰਸ਼ਨ ਕਰਕੇ ਮੁੱਖ ਮੰਤਰੀ ਪੰਜਾਬ ਅਤੇ ਵਿੱਤ ਮੰਤਰੀ ਪੰਜਾਬ ਦੇ ਪੁਤਲੇ ਫੂਕੇ ਜਾਣਗੇ। ਆਗੂਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ ਸਾਢੇ ਪੰਜ ਸਾਲਾਂ ਦਾ ਤਨਖਾਹਾਂ ਅਤੇ ਪੈਨਸ਼ਨਾਂ ਦਾ ਬਣਦਾ ਬਕਾਇਆ ਯਕਮੁਸ਼ਤ ਤੁਰੰਤ ਜਾਰੀ ਕੀਤਾ ਜਾਵੇ, ਮਹਿੰਗਾਈ ਭੱਤੇ ਦੀਆਂ ਬਕਾਇਆ ਪਈਆਂ 13 ਫੀਸਦੀ ਚਾਰ ਕਿਸ਼ਤਾਂ ਅਤੇ ਪਿਛਲੀਆਂ ਕਿਸ਼ਤਾਂ ਦਾ ਰਹਿੰਦਾ ਸਾਰਾ ਬਕਾਇਆ ਤੁਰੰਤ ਦਿੱਤਾ ਜਾਵੇ, ਪੈਨਸ਼ਨਰਾਂ ਲਈ 2.59 ਦਾ ਗੁਣਾਂਕ ਤੁਰੰਤ ਲਾਗੂ ਕੀਤਾ ਜਾਵੇ, ਸਮੂਹ ਕੱਚੇ, ਠੇਕਾ ਅਧਾਰਤ, ਆਊਟ ਸੋਰਸ ਮੁਲਾਜ਼ਮਾਂ ਅਤੇ ਵੱਖ-ਵੱਖ ਸਕੀਮਾਂ ਅਧੀਨ ਵਰਕਰਜ਼, ਆਂਗਨਵਾੜੀ ਵਰਕਰਜ਼,ਮਿਡ ਡੇ ਮੀਲ ਵਰਕਰਜ਼ ਆਦਿ ਸਕੀਮ ਵਰਕਰਾਂ ਨੂੰ ਪੂਰੇ ਤਨਖਾਹ ਸਕੇਲਾਂ ਵਿੱਚ ਰੈਗੂਲਰ ਕੀਤਾ ਜਾਵੇ, ਪੁਰਾਣੀ ਪੈਨਸ਼ਨ ਸਕੀਮ ਅਸਲ ਰੂਪ ਵਿੱਚ ਤੁਰੰਤ ਬਹਾਲ ਕੀਤੀ ਜਾਵੇ ਅਤੇ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਮੰਗ ਪੱਤਰ ਵਿੱਚ ਦਰਜ ਸਮੂਹ ਮੰਗਾਂ ਦਾ ਪੰਜਾਬ ਸਰਕਾਰ ਵੱਲੋਂ ਤੁਰੰਤ ਨਿਪਟਾਰਾ ਕੀਤਾ ਜਾਵੇ। ਆਗੂਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਪੰਜਾਬ ਸਰਕਾਰ ਨੇ ਸਾਡੀਆਂ ਹੱਕੀ ਅਤੇ ਜਾਇਜ਼ ਮੰਗਾਂ ਦਾ ਤੁਰੰਤ ਨਿਪਟਾਰਾ ਨਾ ਕੀਤਾ ਤਾਂ ਲਗਾਤਾਰ ਤਿੱਖੇ ਐਕਸ਼ਨ ਕਰਕੇ ਭਗਵੰਤ ਮਾਨ ਸਰਕਾਰ ਦਾ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਵਤੀਰਾ ਲੋਕਾਂ ਦੀ ਕਚਹਿਰੀ ਵਿੱਚ ਨੰਗਾ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਕਾਸ਼ ਸਿੰਘ ਜੈਤੋ, ਅੰਗਰੇਜ ਸਿੰਘ, ਦੇਸ਼ਰਤ ਸਿੰਘ ਮਨਪੜ੍ਹ, ਜਗਜੀਤ ਸਿੰਘ ਜੈਤੋ, ਸੁੰਦਰ ਸਿੰਘ ਬਾਜਾਖਾਨਾ, ਪ੍ਰੇਮ ਕੁਮਾਰ ਗੋਇਲ, ਹੀਰਾ ਲਾਲ, ਮੇਲਾ ਰਾਮ, ਬਲਦੇਵ ਸਿੰਘ, ਅਮਰਜੀਤ ਸਿੰਘ, ਹਰਪਾਲ ਸਿੰਘ ਸੁਪਰਡੈਂਟ, ਜਗਸੀਰ ਸਿੰਘ ਲੈਕਚਰਾਰ, ਨਛੱਤਰ ਸਿੰਘ, ਰਵੀ ਕੁਮਾਰ, ਖੜਕ ਸਿੰਘ, ਮੋਹਨ ਸਿੰਘ ਬਾਜਾਖਾਨਾ, ਚਰਨਜੀਤ ਲਾਲ, ਦਰਸ਼ਨ ਕੁਮਾਰ, ਦੇਵ ਰਾਜ, ਜਗਤਾਰ ਸਿੰਘ ਡੀ ਪੀ ਈ ਅਤੇ ਆਸ਼ਾ ਵਰਕਰਾਂ ਦੇ ਆਗੂ ਕੁਲਵਿੰਦਰ ਕੌਰ, ਸੰਦੀਪ ਕੌਰ, ਕੁਲਦੀਪ ਕੌਰ, ਨਿਸ਼ਾ ਪ੍ਰੇਮ ਸਕੱਤਰ, ਮੀਨਾ ਰਾਣੀ, ਕੁਲਦੀਪ ਕੌਰ, ਪ੍ਰੀਤੀ ਰਾਣੀ, ਦਵਿੰਦਰ ਕੌਰ, ਨਾਨਕੀ, ਜਸਵੀਰ ਕੌਰ ਅਤੇ ਰਾਜਪ੍ਰੀਤ ਕੌਰ ਆਦਿ ਹਾਜ਼ਰ ਸਨ।

# ਨਵਜੋਤ ਕੌਰ ਵੂਮੈਨ ਵਿੰਗ ਦੀ ਹਲਕਾ ਕੋਆਰਡੀਨੇਟਰ ਨਿਯੁਕਤ

**ਧੂਰੀ (ਮਹਿੰਦਰ ਗਰਗ, ਬਿਨੀ ਗਰਗ)** ਆਮ ਆਦਮੀ ਪਾਰਟੀ ਵੱਲੋਂ ਜਥੇਬੰਦਕ ਢਾਂਚੇ ਦੇ ਵਿਸਥਾਰ ਤਹਿਤ ਯੂਥ ਆਗੂ ਨਵਜੋਤ ਕੌਰ ਨੂੰ ਵਿਮਨ ਵਿੰਗ ਦਾ ਹਲਕਾ ਕੋਆਰਡੀਨੇਟਰ ਨਿਯੁਕਤ ਕੀਤਾ ਗਿਆ ਹੈ।ਨਵਜੋਤ ਕੌਰ ਦੀ ਇਹ ਨਿਯੁਕਤੀ ਪਾਰਟੀ ਦੇ ਜ਼ਮੀਨੀ ਪੱਧਰ 'ਤੇ ਨਾਰੀ ਭਾਗੀਦਾਰੀ ਨੂੰ ਹੋਰ ਮਜ਼ਬੂਤੀ ਦੇਣ ਵੱਲ ਇਕ ਵੱਡਾ ਕਦਮ ਮੰਨਿਆ ਜਾ ਰਿਹਾ ਹੈ।ਨਵਜੋਤ ਕੌਰ ਨੇ ਆਪਣੀ ਨਿਯੁਕਤੀ 'ਤੇ ਮੁੱਖ ਮੰਤਰੀ ਭਗਵੰਤ ਮਾਨ, ਪਾਰਟੀ ਦੇ ਸੂਬਾ ਪ੍ਰਧਾਨ ਅਮਨ ਅਰੋੜਾ, ਸੂਬਾ ਇੰਚਾਰਜ ਮੁਨੀਸ਼ ਸਿਸੋਦੀਆ ਅਤੇ ਪੂਰੀ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਉਨ੍ਹਾਂ 'ਤੇ ਪ੍ਰਗਟਾਇਆ ਭਰੋਸਾ ਉਨ੍ਹਾਂ ਲਈ ਮਾਣ ਵਾਲੀ ਗੱਲ ਹੈ ਅਤੇ ਉਹ ਇਸ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ, ਨਿਸ਼ਠਾ ਤੇ ਮਿਹਨਤ ਨਾਲ ਨਿਭਾਉਣਗੇ।



# ਭਲਕੇ ਹੋਵੇਗਾ ਜ਼ਿਲ੍ਹਾ ਪੱਧਰੀ ਕਲਾ ਉਤਸਵ, ਵਿਦਿਆਰਥੀ ਵਿਖਾਉਣਗੇ ਪ੍ਰਤਿਭਾ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)** ਜ਼ਿਲ੍ਹਾ ਪੱਧਰੀ ਕਲਾ ਉਤਸਵ 8 ਅਗਸਤ ਨੂੰ ਕਰਵਾਇਆ ਜਾ ਰਿਹਾ ਹੈ।ਇਹ ਸਕੂਲ ਆਫ ਐਮੀਨੈਂਸ ਦੇ ਆਡੀਟੋਰੀਅਮ ਵਿੱਚ ਕਰਵਾਇਆ ਜਾ ਰਿਹਾ ਹੈ। ਸਮੱਗਰ ਸਿੱਖਿਆ ਅਭਿਆਨ ਅਧੀਨ ਵਿਦਿਆਰਥੀਆਂ ਨੂੰ ਵਿਰਸੇ ਨਾਲ ਜੋੜਨ ਤੇ ਛੁਪੀ ਪ੍ਰਤਿਭਾ ਨੂੰ ਉਭਾਰਨ ਦੇ ਮੰਤਵ ਤਹਿਤ 9ਵੀਂ ਤੋਂ 12ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਇਸ ਕਲਾ ਉਤਸਵ ਪ੍ਰੋਗਰਾਮ ਤਹਿਤ ਵੱਖ-ਵੱਖ ਗਤੀਵਿਧੀਆਂ ਕਰਵਾਈਆਂ ਜਾਣਗੀਆਂ।ਇਸ ਜਾਣਕਾਰੀ ਜ਼ਿਲ੍ਹਾ ਸਿੱਖਿਆ ਅਫ਼ਸਰ ਅਜੇ ਸ਼ਰਮਾ ਤੇ ਜ਼ਿਲ੍ਹਾ ਸਿੱਖਿਆ ਨੋਡਲ ਅਫ਼ਸਰ ਵਿਜੈ ਪਾਲ ਨੇ ਦਿੱਤੀ। ਜ਼ਿਲ੍ਹਾ ਸਿੱਖਿਆ ਅਫ਼ਸਰ ਅਜੇ ਸ਼ਰਮਾ ਨੇ ਦੱਸਿਆ ਕਿ ਇਸ ਤਰ੍ਹਾਂ ਦੇ ਪ੍ਰੋਗਰਾਮ ਦੇ ਆਯੋਜਨ ਨਾਲ ਵਿਦਿਆਰਥੀਆਂ ਦੇ ਅੰਦਰ ਦੇ ਹੁਨਰ ਤੇ ਕਲਾ ਨੂੰ ਜਿਥੇ ਨਿਖਾਰਨਾ ਹੈ, ਉਥੇ ਵਿਦਿਆਰਥੀਆਂ ਨੂੰ ਆਤਮ ਨਿਰਭਰ ਵੀ ਬਣਾਉਣਾ ਹੈ।ਉਨ੍ਹਾਂ ਕਿਹਾ ਕਿ ਕਲਾ ਉਤਸਵ ਪ੍ਰੋਗਰਾਮ ਦੌਰਾਨ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਵੱਖ-ਵੱਖ ਮੁਕਾਬਲਿਆਂ ਰਾਹੀਂ ਜ਼ਿਲ੍ਹਾ ਪੱਧਰ ਤੋਂ ਬਾਅਦ ਜ਼ੋਨ, ਰਾਜ ਤੇ ਰਾਸ਼ਟਰ ਪੱਧਰ 'ਤੇ ਪ੍ਰਤਿਭਾ ਨੂੰ ਪ੍ਰਦਰਸ਼ਤ ਕਰਨਗੇ। ਨੋਡਲ ਅਫ਼ਸਰ ਵਿਜੈ ਪਾਲ ਤੇ ਗੁਰਛਿੰਦਰ ਪਾਲ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਪ੍ਰੋਗਰਾਮ ਦੌਰਾਨ ਵੋਕਲ ਮਿਊਜ਼ਿਕ ਸੋਲੋ ਅਤੇ ਗਰੁੱਪ, ਇੰਸਟਰੂਮੈਂਟ ਮਿਊਜ਼ਿਕ ਸੋਲੋ ਤੇ ਗਰੁੱਪ, ਮੋਲੋਡੀ, ਡਾਂਸ ਸੋਲੋ ਤੇ ਗਰੁੱਪ, ਥੀਏਟਰ ਗਰੁੱਪ ਦੀਆਂ ਗਤੀਵਿਧੀਆਂ, ਵਿਜ਼ੂਅਲ ਆਰਟ (2 ਡੀ, 3 ਡੀ, ਗਰੁੱਪ) ਕਹਾਣੀ ਦੱਸਣ ਮੁਕਾਬਲੇ ਕਰਵਾਏ ਜਾਣਗੇ।ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੇ ਸਾਰੇ ਸਰਕਾਰੀ, ਏਡਿਡ ਤੇ ਪ੍ਰਾਈਵੇਟ ਸਕੂਲਾਂ ਦੇ 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀ ਭਾਗ ਲੈ ਸਕਦੇ ਹਨ।

# ਸਮਾਜ ਲਈ ਵਿਗਿਆਨਕ ਸਾਹਿਤ ਜ਼ਰੂਰੀ : ਡਾ. ਢੀਂਡਸਾ



**ਧੂਰੀ (ਮਨੋਹਰ ਸਿੰਘ ਸੱਗੂ)** ਪੰਜਾਬੀ ਸਾਹਿਤ ਸਭਾ ਰਜਿ: ਵੱਲੋਂ ਮਹੀਨਾਵਾਰ ਸਾਹਿਤਕ ਸਮਾਗਮ ਪ੍ਰਧਾਨ ਮੂਲ ਚੰਦ ਸ਼ਰਮਾ ਦੀ ਪ੍ਰਧਾਨਗੀ ਹੇਠ ਡਾ. ਰਾਮ ਸਿੰਘ ਸਿੱਧੂ ਯਾਦਗਾਰੀ ਸਾਹਿਤ ਭਵਨ ਵਿਖੇ ਕਰਵਾਇਆ ਗਿਆ, ਜਿਸ ਵਿੱਚ ਵਿਗਿਆਨ ਵਿਸ਼ੇ ਦੇ ਚਿੰਤਕ ਤੇ ਸਿੱਖਿਆ ਸ਼ਾਸਤਰੀ ਡਾ. ਅਵਤਾਰ ਸਿੰਘ ਢੀਂਡਸਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਡਾ. ਢੀਂਡਸਾ ਨੇ ਹਾਜ਼ਰੀਨ ਨਾਲ ਰੂ-ਬ-ਰੂ ਹੁੰਦਿਆਂ ਆਪਣੀ ਖੋਜ ਭਰਪੂਰ ਪੁਸਤਕ 'ਬ੍ਰਹਿਮੰਡ ਦੇ ਰਹੱਸਾਂ ਦੀ ਯਾਤਰਾ' ਦੇ ਹਵਾਲੇ ਤੇ ਆਪਣੇ ਨਿੱਜੀ ਤਜਰਬਿਆਂ 'ਤੇ ਆਧਾਰਤ 'ਕਾਮਯਾਬ ਜੀਵਨ ਲਈ ਵਿਗਿਆਨਕ ਸਾਹਿਤ' ਵਿਸ਼ੇ 'ਤੇ ਭਰਪੂਰ ਚਾਨਣਾ ਪਾਇਆ। ਉਨ੍ਹਾਂ ਨੇ ਸਾਧਾਰਨ ਭਾਸ਼ਾ ਵਿੱਚ ਵਿਗਿਆਨਕ ਸੋਚ ਦੇ ਧਾਰਨੀ ਬਣਨ ਦੀ ਲੋੜ 'ਤੇ ਜ਼ੋਰ ਦਿੰਦਿਆਂ ਸਰਕਾਰਾਂ ਤੋਂ ਵੀ ਵਿਗਿਆਨ ਦੀ ਸਿੱਖਿਆ ਮਾਤ ਭਾਸ਼ਾ ਵਿੱਚ ਦੇਣ ਦੀ ਪੁਰਜ਼ੋਰ ਮੰਗ ਕੀਤੀ। ਸ਼ੁਰੂਆਤੀ ਦੌਰ ਵਿੱਚ ਸੁਆਗਤੀ ਸ਼ਬਦਾਂ ਤੋਂ ਇਲਾਵਾ ਪ੍ਰਸਿੱਧ ਕਹਾਣੀ ਲੇਖਿਕਾ ਪ੍ਰੀਤਮਾ ਦੋਮੇਲ, ਜਗਜੀਤ ਸਿੰਘ ਮੁਲੋਵਾਲ ਦੇ ਜੀਜਾ ਤੇ ਹਰਬੰਸ ਸਿੰਘ ਬੇਨੜਾ ਦੇ ਪਿਤਾ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਅਖ਼ੀਰ 'ਚ ਚਰਨਜੀਤ ਮੀਮਸਾ ਦੇ ਮੰਚ ਸੰਚਾਲਨ ਅਧੀਨ ਹੋਏ ਵਿਸ਼ਾਲ ਕਵੀ ਦਰਬਾਰ ਵਿਚ ਹਰਨਾਂ ਤੇ ਇਲਾਵਾ ਸੁਖਦੇਵ ਸ਼ਰਮਾ, ਸੁਖਵਿੰਦਰ ਲੋਟੇ, ਸਰਪ੍ਰਸਤ ਜਗਦੇਵ ਸ਼ਰਮਾ, ਮੀਤ ਸਕਰੌਦੀ, ਮਨਜੀਤ ਕੌਰ ਸੰਧੂ, ਮੁਲਖ਼ ਰਾਜ ਲੈਹਰੀ, ਪਵਨ ਕੁਮਾਰ ਹੋਸ਼ੀ, ਰਣਜੀਤ ਆਜ਼ਾਦ ਕਾਂਝਲਾ, ਸਰਬਜੀਤ ਸੰਗਰੂਰਵੀ ਤੇ ਪੰਕਜ ਸ਼ਰਮਾ ਬੁਗਰਾ ਨੇ ਆਪੋ ਆਪਣੀਆਂ ਸੱਜਰੀਆਂ ਤੇ ਚੋਣਵੀਆਂ ਰਚਨਾਵਾਂ ਪੇਸ਼ ਕੀਤੀਆਂ।

# ਪ੍ਰਬੰਧਾਂ ਦੀ ਘਾਟ ਕਾਰਨ ਲੜਾਈ-ਝਗੜੇ ਤੇ ਹੁੜਦੰਗਬਾਜ਼ੀ ਦੀ ਭੇਟ ਚੜ੍ਹਿਆ ਸਾਲਾਨਾ ਜੋੜ ਮੇਲਾ

**ਮਮਦੋਟ (ਜਸਬੀਰ ਸਿੰਘ ਕੰਬੋਜ)** ਜ਼ਿਲ੍ਹਾ ਫ਼ਿਰੋਜ਼ਪੁਰ ਦੇ ਕਸਬਾ ਮਮਦੋਟ ਨਜ਼ਦੀਕ ਮਾਤਾ ਨਹਿਰਾਂ ਵਾਲੀ ਮੰਦਰ ਵਿਖੇ ਹਰ ਸਾਲ ਮਨਾਇਆ ਜਾਣ ਵਾਲਾ ਤਿੰਨ ਰੋਜ਼ਾ ਸਾਲਾਨਾ ਜੋੜ ਮੇਲਾ ਇਸ ਵਾਰ ਪ੍ਰਬੰਧਾਂ ਦੀ ਘਾਟ ਕਾਰਨ ਲੜਾਈ ਝਗੜੇ, ਚੋਰੀਆਂ ਤੇ ਹੁੜਦੰਗਬਾਜ਼ੀ ਦੀ ਭੇਟ ਚੜ੍ਹ ਗਿਆ।ਇਸ ਤਿੰਨ ਦਿਨਾਂ ਰੋਜ਼ਾ ਮੇਲੇ ਦੇ ਪਹਿਲੇ ਦੋ ਦਿਨ ਚੋਰੀਆਂ ਤੇ ਲੜਾਈ-ਝਗੜਿਆਂ ਦੀਆਂ ਇੱਕਾ-ਦੁੱਕਾ ਸ਼ਿਕਾਇਤਾਂ ਸੁਣਨ ਨੂੰ ਮਿਲੀਆਂ, ਪ੍ਰੰਤੂ ਮੇਲੇ ਦੇ ਤੀਜੇ ਤੇ ਆਖਰੀ ਦਿਨ ਜਿੱਥੇ ਲੜਾਈ-ਝਗੜੇ, ਚੋਰੀਆਂ ਤੇ ਹੁੜਦੰਗਬਾਜ਼ੀ ਨੇ ਸੰਗਤਾਂ ਨੂੰ ਭਾਰੀ ਪ੍ਰੇਸ਼ਾਨ ਕੀਤਾ, ਉੱਥੇ ਮਾਤਾ ਦੇ ਮੰਦਰ ਦੇ ਨਾਲ ਲੱਗਦੀਆਂ ਜ਼ਮੀਨਾਂ ਦੇ ਮਾਲਕਾਂ ਵੱਲੋਂ ਦੁਕਾਨਾਂ, ਫੜ੍ਹੀਆਂ ਲਾਉਣ ਵਾਲੇ ਦੁਕਾਨਦਾਰਾਂ ਤੇ ਵਾਹਨ ਖੜੇ ਕਰਨ ਲਈ ਸਟੈਂਡ ਬਣਾਉਣ ਵਾਲਿਆਂ ਕੋਲੋਂ ਭਾਰੀ ਕਿਰਾਏ ਵਸੂਲੇ ਗਏ, ਜਿਸਦਾ ਸਾਰਾ ਬੋਝ ਮਾਤਾ ਦੇ ਮੰਦਰ 'ਤੇ ਮੱਥਾ ਟੇਕਣ ਤੇ ਆਪਣੀਆਂ ਸੁੱਖਾਂ ਲਾਹੁਣ ਆਈਆਂ ਸੰਗਤਾਂ ਦੀਆਂ ਜੇਬਾਂ 'ਤੇ ਪਿਆ। ਝੂਲਿਆਂ ਤੇ ਬੇੜੀਆਂ ਦੇ ਮਾਲਕਾਂ, ਦੁਕਾਨਾਂ, ਫੜੀਆਂ ਵਾਲਿਆਂ ਵੱਲੋਂ ਜਗ੍ਹਾ ਦੇ ਭਾਰੀ ਕਿਰਾਇਆਂ ਦਾ ਹਵਾਲਾ ਦਿੰਦਿਆਂ ਸੰਗਤਾਂ ਦੀ ਭਾਰੀ ਲੁੱਟ ਕੀਤੀ, ਉਥੇ ਵਾਹਨਾਂ ਲਈ ਸਟੈਂਡ ਬਨਾਉਣ ਵਾਲਿਆਂ ਵੱਲੋਂ ਚਾਰ ਪਹੀਆ ਵਾਹਨਾਂ ਲਈ 100 ਰੁਪਏ ਤੇ 2 ਪਹੀਆ ਵਾਹਨਾਂ ਲਈ 40 ਰੁਪਏ ਵਸੂਲ ਕੇ ਸੰਗਤਾਂ ਦੀ ਭਾਰੀ ਲੁੱਟ ਕੀਤੀ ਗਈ, ਜਿਸ ਵੀ ਵਿਅਕਤੀ ਨੇ ਵਾਹਨ ਖੜੇ ਕਰਨ ਦੀ ਪਰਚੀ ਜ਼ਿਆਦਾ ਹੋਣ ਕਾਰਨ ਆਪਣਾ ਵਾਹਨ ਸੜਕ ਕਿਨਾਰੇ ਖੜਾ ਕੀਤਾ, ਉਹ ਚੋਰੀ ਹੋ ਗਿਆ।ਮੇਲੇ 'ਚ ਚੋਰਾਂ ਦੇ ਹੌਸਲੇ ਏਨੇ ਬੁਲੰਦ ਸਨ ਕਿ ਸੰਗਤਾਂ ਦੀਆਂ ਜੇਬਾਂ ਕੱਟਣ, ਪਰਸ ਕੱਢਣ, ਮੋਟਰਸਾਈਕਲ ਚੋਰੀ ਕਰਨ ਦੇ ਨਾਲ-ਨਾਲ ਇੱਕ ਪਿੱਕਅਪ ਗੱਡੀ ਵੀ ਚੋਰੀ ਕਰਕੇ ਲੈ ਜਾਣ ਬਾਰੇ ਜਾਣਕਾਰੀ ਮਿਲ ਰਹੀ ਹੈ।ਮਾਤਾ ਦੇ ਮੰਦਰ ਨੂੰ ਜਾਣ ਵਾਲੇ ਰਸਤੇ ਦੇ ਬਿਲਕੁਲ ਨਜ਼ਦੀਕ ਲਾਏ ਗਏ ਵੱਡੇ ਪੰਘੂੜਿਆਂ ਕਾਰਨ ਹੋਈ ਭੀੜ ਵੀ ਚੋਰੀਆਂ ਦਾ ਮੁੱਖ ਕਾਰਨ ਬਣੀ, ਉਪਰੋਂ ਵੱਡੇ ਤੇ ਉੱਚੇ ਪੰਘੂੜੇ ਬਿਜਲੀ ਦੀਆਂ ਹਾਈਵੋਲਟੇਜ਼ ਤਾਰਾਂ ਦੇ ਬਿਲਕੁਲ ਨਜ਼ਦੀਕ ਲਾਏ ਜਾਣ ਕਾਰਨ ਕਿਸੇ ਵਕਤ ਵੀ ਵੱਡੇ ਹਾਦਸੇ ਦਾ ਖ਼ਤਰਾ ਬਣਿਆ ਰਿਹਾ। ਉਨ੍ਹਾਂ ਦੱਸਿਆ ਕਿ ਉਹ ਇਸ ਸਬੰਧੀ ਜ਼ਰੂਰੀ ਕੰਮ ਬਾਰੇ ਤੋਂ ਬਾਹਰ ਹਨ। ਉਨ੍ਹਾਂ ਦੱਸਿਆ ਕਿ ਮੇਲੇ ਦੌਰਾਨ ਕੁਝ ਹੁੜਦੰਗਬਾਜ਼ਾਂ ਨੂੰ ਕਾਬੂ ਕਰਕੇ ਬਾਕੀ ਨਹੁਰ ਲਿਆਇਆ ਗਿਆ, ਪਰ ਪੂਰੀ ਜਾਣਕਾਰੀ ਉਹ ਬਾਹਰੋਂ ਪਹੁੰਚ ਕੇ ਹੀ ਦੇ ਸਕਦੇ ਹਨ। ਇਸ ਤੋਂ ਪਹਿਲਾਂ ਪਿਛਲੇ ਸਾਲਾਂ ਵਿੱਚ ਲਾਏ ਗਏ ਮੇਲਿਆਂ ਦੌਰਾਨ ਜਿੱਥੇ ਪ੍ਰਸ਼ਾਸਨਿਕ ਅਧਿਕਾਰੀ ਐੱਸ.ਡੀ.ਐੱਮ ਤੇ ਨਾਇਬ ਤਹਿਸੀਲਦਾਰ ਮਮਦੋਟ ਨੂੰ ਮੇਲਾ ਪ੍ਰਬੰਧਕ ਲਾਇਆ ਜਾਂਦਾ ਰਿਹਾ ਹੈ ਤੇ ਸਿਵਲ ਪ੍ਰਸ਼ਾਸਨ ਵੱਲੋਂ ਪਲ-ਪਲ 'ਤੇ ਪੈਨੀ ਨਜ਼ਰ ਰੱਖੀ ਜਾਂਦੀ ਰਹੀ ਹੈ, ਪ੍ਰੰਤੂ ਇਸ ਵਾਰ ਸਿਵਲ ਪ੍ਰਸ਼ਾਸਨ ਪੂਰੀ ਤਰ੍ਹਾਂ ਨਦਾਰਦ ਤੇ ਖਾਮੋਸ਼ ਰਿਹਾ। ਮੇਲੇ ਵਿੱਚ ਵਾਪਰੇ ਇਸ ਵਰਤਾਰੇ ਨੇ ਦੂਰ-ਦੂਰ ਤੋਂ ਮੇਲੇ 'ਚ ਆਈਆਂ ਸੰਗਤਾਂ ਨੂੰ ਭਾਰੀ ਨਿਰਾਸ਼ ਕੀਤਾ। ਇਲਾਕੇ ਦੀਆਂ ਸੰਗਤਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਸਰਹੱਦੀ ਖੇਤਰ ਦੇ ਇਸ ਮੇਲੇ ਜਿਸ ਵਿੱਚ ਲੱਖਾਂ ਦੀ ਗਿਣਤੀ ਵਿੱਚ ਸੰਗਤਾਂ ਪਹੁੰਚਦੀਆਂ ਹਨ।



# ਆਮ ਲੋਕਾਂ ਦੀਆਂ ਸਮੱਸਿਆਵਾਂ ਸੰਬੰਧੀ ਦਿੱਤਾ ਮੰਗ ਪੱਤਰ

**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)** ਸਮਾਜ ਸੇਵਕ ਕਾਮਰੇਡ ਸ਼ਾਮ ਸੁੰਦਰ ਨੇ ਲੋਕਾਂ ਦੀਆਂ ਸਮੱਸਿਆਵਾਂ ਸਬੰਧੀ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੂੰ ਇੱਕ ਲਿਖਤੀ ਮੰਗ ਪੱਤਰ ਦਿੱਤਾ, ਜਿਸ ਵਿੱਚ ਉਨ੍ਹਾਂ ਕਿਹਾ ਕਿ ਮਿਨੀ ਸਕੱਤਰੇਤ ਵਿਖੇ ਪਬਲਿਕ ਬਾਥਰੂਮ ਬਣਾਏ ਜਾਣ, ਕਿਉਂਕਿ ਹਰ ਰੋਜ਼ ਅਣਗਿਣਤ ਲੋਕ ਆਪਣੇ ਖਰਾਂ ਦੇ ਕੰਮਾਂ ਨੂੰ ਲੈ ਕੇ ਇੱਥੇ ਦਫ਼ਤਰਾਂ 'ਚ ਆਉਂਦੇ ਹਨ ਤੇ ਆਏ ਦਿਨ ਹੀ ਕੋਈ ਧਰਨਾ ਜਾਂ ਮੁਜ਼ਾਹਰਾ ਵੀ ਕੀਤਾ ਜਾਂਦਾ ਹੈ, ਜਿਸ ਵਿੱਚ ਔਰਤਾਂ ਦੀ ਤੇ ਮਰਦਾਂ ਦੀ ਸ਼ਮੂਲੀਅਤ ਹੁੰਦੀ ਹੈ। ਇਹ ਮੁਜ਼ਾਹਰੇ ਅਤੇ ਧਰਨੇ ਅਕਸਰ ਚਾਰ ਵਜੇ ਤੱਕ ਚੱਲਦੇ ਹਨ ਤੇ ਇਸ ਜਗ੍ਹਾ 'ਤੇ ਦੁਜੇ ਪਾਸੇ ਵੀ ਕੋਈ ਬਾਥਰੂਮ ਤੇ ਕੋਈ ਫਲੱਸ਼ ਨਹੀਂ ਹੈ, ਜਿਸ ਕਰਕੇ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਖਾਸ ਕਰਕੇ ਲੇਡੀਜ਼ ਨੂੰ ਤਾਂ ਜ਼ਿਆਦਾ ਦਿੱਕਤ ਹੈ। ਸੋ ਬੇਨਤੀ ਹੈ ਕਿ ਸਾਰੇ ਸਕੱਤਰੇਤ ਨੂੰ ਧਿਆਨ ਵਿੱਚ ਰੱਖਦੇ ਹੋਏ ਜਲਦੀ ਤੋਂ ਜਲਦੀ ਫਲੱਸ਼ ਤੇ ਬਾਥਰੂਮ ਬਣਾਏ ਜਾਣ, ਜਿਸ ਵਿੱਚ ਪਾਣੀ ਸਪਲਾਈ ਦਾ ਪੂਰਾ ਧਿਆਨ ਰੱਖਿਆ ਜਾਵੇ।

# ਲੈਬਾਰਟਰੀ ਐਸੋਸੀਏਸ਼ਨ ਨੇ ਬੂਟੇ ਵੰਡਣ ਦਾ ਕੈਂਪ ਲਾਇਆ

**ਧੂਰੀ (ਮਨੋਹਰ ਸਿੰਘ ਸੱਗੂ/ਮਹਿੰਦਰ ਗਰਗ/ਬਿਨੀ ਗਰਗ)** ਜੇ ਮਿਲਾਪ ਮੈਡੀਕਲ ਲੈਬੋਰੇਟਰੀ ਐਸੋਸੀਏਸ਼ਨ ਬਲਾਕ ਧੂਰੀ ਵੱਲੋਂ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਜਗਦੀਪ ਭਾਰਦਵਾਜ ਤੇ ਸੂਬਾ ਕੋਰ ਕਮੇਟੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਭਰ 'ਚ ਮਨਾਏ ਜਾ ਰਹੇ ਨੈਸ਼ਨਲ ਮੈਡੀਕਲ ਲੈਬੋਰੇਟਰੀ ਪ੍ਰੋਫੈਸ਼ਨਲ ਹਫਤੇ ਤਹਿਤ ਪੁਰਾਣੀ ਦਾਣਾ ਮੰਡੀ ਅੰਦਰ ਸੰਗਰੂਰ ਵਾਲੀ ਕੋਠੀ ਨੇੜੇ ਬੂਟੇ ਵੰਡਣ ਦਾ ਕੈਂਪ ਲਾਇਆ ਗਿਆ। ਐਸੋਸੀਏਸ਼ਨ ਦੇ ਬਲਾਕ ਪ੍ਰਧਾਨ ਰਾਜ ਕੁਮਾਰ ਜਿੰਦੀਂਗਰਾ ਦੀ ਅਗਵਾਈ ਹੇਠ ਬੂਟੇ ਵੰਡਣ ਦੇ ਲਾਏ ਗਏ ਇਸ ਕੈਂਪ ਦੌਰਾਨ 'ਜਿੱਥੇ ਹਰਿਆਲੀ ਉੱਥੇ ਖ਼ੁਸ਼ਹਾਲੀ' ਦਾ ਹੋਕਾ ਦਿੰਦਿਆਂ ਦਿਨੋਂ ਦਿਨ ਪ੍ਰਦੂਸ਼ਿਤ ਹੋ ਰਹੇ ਵਾਤਾਵਰਣ ਨੂੰ ਬਚਾਉਣ ਤੇ ਹਰਾ ਭਰਾ ਬਣਾਉਣ ਲਈ ਲੋਕਾਂ ਨੂੰ ਰਲ ਮਿਲ ਕੇ ਵੱਡੇ ਪੱਧਰ 'ਤੇ ਰੁੱਖ ਲਾਉਣ ਤੇ ਉਨ੍ਹਾਂ ਦੀ ਸਾਂਭ ਸੰਭਾਲ ਕਰਨ ਦੀ ਅਪੀਲ ਕੀਤੀ ਗਈ।ਕੈਂਪ ਦੌਰਾਨ ਪ੍ਰਬੰਧਕਾਂ ਵੱਲੋਂ ਫ਼ਲਦਾਰ ਤੇ ਫੁੱਲਦਾਰ ਕਰੀਬ 600 ਬੂਟੇ ਵੰਡੇ ਗਏ।



# ਸਕੂਲ ਨੂੰ ਏ ਸੀ ਕਰਨ ਦਾ ਉਦਘਾਟਨ ਕੀਤਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)** ਸਰਕਾਰੀ ਪ੍ਰਾਇਮਰੀ ਸਕੂਲ ਸਦਰਵਾਲਾ ਵਿੱਚ ਸਕੂਲ ਨੂੰ ਏਸੀ ਕਰਨ ਦੀ ਮੁਹਿੰਮ ਦਾ ਉਦਘਾਟਨ ਕਰਨ ਲਈ ਸਕੂਲ ਵਿੱਚ ਸਾਦਾ ਪਰ ਪ੍ਰਭਾਵਸ਼ਾਲੀ ਸਮਾਗਮ ਕਰਾਇਆ ਗਿਆ। ਸ਼ਰਨਜੀਤ ਸਿੰਘ ਸੰਧੂ ਨੇ ਸਕੂਲ ਨੂੰ ਏਸੀ ਕਰਨ ਦੀ ਮੁਹਿੰਮ ਦਾ ਉਦਘਾਟਨ ਕੀਤਾ।ਸਕੂਲ ਸਟਾਫ ਵੱਲੋਂ ਸਕੂਲ ਵਿੱਚ ਪਹਿਲਾਂ ਏ ਸੀ ਲਵਾਇਆ ਗਿਆ।ਪਿੰਡ ਦੇ ਮੌਜੂਦਾ ਸਰਪੰਚ ਦਰਬਾਰਾ ਸਿੰਘ ਨੇ ਪੰਚਾਇਤ ਵੱਲੋਂ ਸਕੂਲ ਨੂੰ ਚਾਰ ਪੱਖੇ ਭੇਟ ਕੀਤੇ।

# ਮੀਂਹ ਕਾਰਨ ਖਰਾਬ ਫ਼ਸਲਾਂ ਦਾ ਜਾਇਜ਼ਾ ਲਿਆ

**ਜਲਾਲਾਬਾਦ (ਨਿਸ਼ਾ ਸ਼ਰਮਾ)** ਵਿਧਾਇਕ ਸ੍ਰੀ ਜਗਦੀਪ ਸਿੰਘ ਗੋਲਡੀ ਕੰਬੋਜ ਵੱਲੋਂ ਮੀਂਹ ਪ੍ਰਭਾਵਤ ਪਿੰਡਾਂ ਦੇ ਕਿਸਾਨਾਂ ਨਾਲ ਖਲੋਂਦਿਆਂ ਪਾਣੀ ਦੀ ਨਿਕਾਸੀ ਲਈ ਲੋੜੀਂਦਾ ਸਮਾਨ ਮੁਹੱਈਆ ਕਰਾਇਆ ਜਾ ਰਿਹਾ ਹੈ, ਉਥੇ ਲਗਾਤਾਰ ਪਿੰਡਾਂ ਦਾ ਦੌਰਾ ਕਰਕੇ ਕਿਸਾਨ ਵੀਰਾਂ ਨੂੰ ਇਸ ਸਥਿਤੀ ਨਾਲ ਨਜਿਠਣ ਦੀ ਹੌਸਲਾ ਅਫ਼ਜ਼ਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਹਰ ਤਰ੍ਹਾਂ ਕਿਸਾਨਾਂ ਦੇ ਨਾਲ ਹੈ। ਵਿਧਾਇਕ ਸ੍ਰੀ ਗੋਲਡੀ ਕੰਬੋਜ ਨੇ ਹਲਕੇ ਦੇ ਬਲਾਕ ਅਰਨੀਵਾਲਾ ਦੇ ਪਿੰਡ ਸਜਰਾਣਾ ਵਿਖੇ ਮੀਂਹ ਕਾਰਨ ਖਰਾਬ ਹੋਇਆ ਫ਼ਸਲਾਂ ਦਾ ਜਾਇਜ਼ਾ ਲਿਆ। ਉਨ੍ਹਾਂ ਮੌਕੇ 'ਤੇ ਹੀ ਕਿਸਾਨ ਵੀਰਾਂ ਨੂੰ ਹਰ ਸੰਭਵ ਮਦਦ ਲਈ ਲੋੜੀਂਦਾ ਸਮਾਨ ਵੀ ਮੁਹੱਈਆ ਕਰਾਇਆ ਤੇ ਪਾਣੀ ਦੀ ਨਿਕਾਸੀ ਵਿਚ ਹੋਰ ਤੇਜ਼ੀ ਲਿਆਉਣ ਦੇ ਇੰਤਜ਼ਾਮ ਕਰਾਏ। ਉਨ੍ਹਾਂ ਕਿਸਾਨਾਂ ਵਿਚ ਵਿਚਰ ਕੇ ਸਥਿਤੀ ਦਾ ਜਾਇਜ਼ਾ ਲੈਣ ਉਪਰੰਤ ਕਿਹਾ ਕਿ ਪਿਛਲੇ ਹਿਸਿਆਂ ਅਤੇ ਜ਼ਿਲ੍ਹਾ ਫਾਜ਼ਿਲਕਾ ਵਿਚ ਸਮੇਂ ਤੋਂ ਪਹਿਲਾਂ ਬਾਰਿਸ਼ਾ ਪੈਣ ਕਰਕੇ ਇਹ ਸਥਿਤੀ ਪੈਦੀ ਹੋਈ ਹੈ, ਪਰ ਪੰਜਾਬ ਸਰਕਾਰ ਕਿਸਾਨ ਵੀਰਾਂ ਦੇ ਨਾਲ ਹੈ ਤੇ ਕਿਸੇ ਵੀ ਕਿਸਾਨ ਵੀਰ ਦੀ ਫਸਲ ਦਾ ਨੁਕਸਾਨ ਨਹੀਂ ਹੋਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪ੍ਰਸ਼ਾਸਨਿਕ ਸਟਾਫ ਲਗਾਤਾਰ ਮੋਟਰਾਂ ਅਤੇ ਹੋਰ ਢੁੱਕਵੇ ਸਾਧਨਾਂ ਰਾਹੀਂ ਪਾਣੀ ਦੀ ਨਿਕਾਸੀ ਕਰਾਉਣ ਵਿਚ ਲਗਾਤਾਰ ਯਤਨਸ਼ੀਲ ਹਨ। ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਨੁਕਸਾਨੀਆਂ ਫ਼ਸਲਾਂ ਦੀ ਰਿਪੋਰਟ ਤਿਆਰ ਕੀਤੀ ਜਾਵੇ ਤਾਂ ਜੁ ਖਰਾਬ ਹੋਈਆਂ ਫ਼ਸਲਾਂ ਦੇ ਮੁਆਵਜੇ ਲਈ ਪੰਜਾਬ ਸਰਕਾਰ ਨੂੰ ਲਿਖਿਆ ਜਾ ਸਕੇ।

# ਘੱਗਰ 'ਚ ਪਾਣੀ ਦਾ ਪੱਧਰ ਵਧਣ ਕਾਰਨ ਲੋਕਾਂ ਨੂੰ ਕੀਤਾ ਸਾਵਧਾਨ

**ਦੇਵੀਗੜ੍ਹ/ਪਟਿਆਲਾ (ਰਾਜਿੰਦਰ ਸਿੰਘ ਜਾਲੀ)** ਘੱਗਰ ਨਦੀ ਦੇ ਕੈਚ ਮੈਂਟ ਖੇਤਰ ਵਿੱਚ ਪਏ ਭਾਰੀ ਮੀਂਹ ਕਾਰਨ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਰਾਜਪੁਰਾ ਸਬ ਡਵੀਜ਼ਨ ਦੇ ਘੱਗਰ ਨੇੜੇ ਪੈਂਦੇ ਕੁਝ ਪਿੰਡਾਂ ਦੇ ਵਸਨੀਕਾਂ ਨੂੰ ਸਾਵਧਾਨ ਰਹਿਣ ਦੀ ਅਪੀਲ ਕੀਤੀ ਗਈ ਹੈ।ਐਸ ਡੀ ਐਮ ਸ੍ਰੀ ਅਵਿਕੇਸ਼ ਗੁਪਤਾ ਵੱਲੋਂ ਜਾਰੀ ਸਲਾਹਕਾਰੀ ਮੁਤਾਬਕ ਪਿੰਡਾਂ ਊਂਟਸਰ, ਨਨਹੇੜੀ, ਸੰਜਰਪੁਰ, ਲਾਛੜੂ, ਕਮਾਲਪੁਰ, ਰਾਮਪੁਰ, ਸੌਂਟਾ, ਮਾੜੂ ਤੇ ਚਮਾਰੂ ਸਮੇਤ ਨੇੜਲੇ ਇਲਾਕਿਆਂ ਦੇ ਵਸਨੀਕ ਸੁਚੇਤ ਰਹਿਣ ਤੇ ਘੱਗਰ ਨੇੜੇ ਨਾ ਜਾਣ।ਕਿਸੇ ਸੂਚਨਾ ਲਈ ਰਾਜਪੁਰਾ ਦੇ ਫਲੱਡ ਕੰਟਰੋਲ ਰੂਮ ਦੇ ਨੰਬਰ 01762-224132 'ਤੇ ਸੰਪਰਕ ਕੀਤਾ ਜਾ ਸਕਦਾ ਹੈ।ਇਸ ਤੋਂ ਇਲਾਵਾ ਦੂਧਨ ਸਾਧਾਂ ਦੇ ਐਸ ਡੀ ਐਮ ਸ੍ਰੀ ਕਿਰਪਾਲਵੀਰ ਸਿੰਘ ਮੁਤਾਬਕ ਪਿੰਡ ਭਸਮੜਾ ਅਤੇ ਜਲਾਹਖੇੜੀ ਦੇ ਵਸਨੀਕਾਂ ਨੂੰ ਵੀ ਸੁਚੇਤ ਰਹਿਣ ਲਈ ਕਿਹਾ ਗਿਆ ਹੈ, ਜਦਕਿ ਪਟਿਆਲਾ ਸਬ ਡਵੀਜ਼ਨ ਦੇ ਐਸ ਡੀ ਐਮ ਸ੍ਰੀਮਤੀ ਹਰਜੋਤ ਕੌਰ ਮਾਵੀ ਮੁਤਾਬਕ ਪਿੰਡ ਹਡਾਣਾ, ਪੁਰ ਅਤੇ ਸਿਰ ਕੱਪੜਾ ਆਦਿ ਦੇ ਵਸਨੀਕਾਂ ਨੂੰ ਵੀ ਸੁਚੇਤ ਰਹਿਣ ਦੀ ਅਪੀਲ ਕੀਤੀ ਗਈ ਹੈ।ਜੇਕਰ ਜ਼ਿਆਦਾ ਪਾਣੀ ਆਉਣ ਦੀ ਕੋਈ ਸੂਚਨਾ ਹੋਵੇ ਤਾਂ ਤੁਰੰਤ ਪਟਿਆਲਾ ਜ਼ਿਲ੍ਹਾ ਪ੍ਰਸ਼ਾਸਨ ਨੂੰ ਕੰਟਰੋਲ ਰੂਮ ਨੰਬਰ 0175-2350550 ਉਪਰ ਸੂਚਿਤ ਕੀਤਾ ਜਾਵੇ। ਅਫ਼ਵਾਹਾਂ ਤੋਂ ਸੁਚੇਤ ਰਹਿਣ ਦੀ ਵੀ ਅਪੀਲ ਹੈ।




# ਵਿਦਿਆਰਥੀਆਂ ਲਈ ਸਿਰਜਣਾਤਮਕ ਲਿਖਤ ਮੁਕਾਬਲੇ ਕਰਵਾਏ

**ਦੋਰਾਹਾ (ਹਰਮਿੰਦਰ ਸੇਠ)** ਮਾਤਾ ਗੰਗਾ ਖ਼ਾਲਸਾ ਕਾਲਜ, ਮੰਜੀ ਸਾਹਿਬ ਕੋਟਾਂ (ਪ੍ਰਬੰਧ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੀ ਅੰਮ੍ਰਿਤਸਰ ਸਾਹਿਬ) ਵਿਖੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਵੱਲੋਂ ਵਿਦਿਆਰਥੀਆਂ ਅੰਦਰ ਛੁਪੀ ਸਿਰਜਣਾਤਮਿਕ ਪ੍ਰਤਿਭਾ ਨੂੰ ਉਭਾਰਨ/ਨਿਖਾਰਨ ਲਈ ਤੇ ਸਾਹਿਤਕ ਰੁਚੀਆਂ ਪੈਦਾ ਕਰਨ ਲਈ ਸਿਰਜਣਾਤਮਕ ਲਿਖਤ ਮੁਕਾਬਲਿਆਂ ਦਾ ਆਯੋਜਨ ਕੀਤਾ ਗਿਆ। ਮੁਕਾਬਲੇ ਦੇ ਆਰੰਭ ਵਿੱਚ ਪੰਜਾਬੀ ਵਿਭਾਗ ਦੇ ਮੁਖੀ ਪ੍ਰੋ. ਮਨਜੀਤ ਕੌਰ ਨੇ ਵਿਦਿਆਰਥੀਆਂ ਨੂੰ ਅਜਿਹੇ ਸਿਰਜਣਾਤਮਕ ਲਿਖਤ ਮੁਕਾਬਲਿਆਂ ਦੇ ਉਦੇਸ਼, ਵਿਦਿਆਰਥੀਆਂ ਵਿੱਚ ਸੋਚਣ-ਵਿਚਾਰਨ ਦੀ ਸਮਰੱਥਾ, ਮੌਲਿਕ ਵਿਚਾਰਾਂ ਤੇ ਸਮਾਜਿਕ ਜਾਗਰੂਕਤਾ ਨੂੰ ਲਿਖਤੀ ਰੂਪ ਪ੍ਰਦਾਨ ਕਰਨ ਜਿਹੇ ਨੁਕਤੇ ਸਾਂਝੇ ਕਰਦਿਆਂ ਮੁਕਾਬਲੇ ਦੀ ਰੂਪ ਰੇਖਾ ਤੇ ਨਿਯਮਾਂ ਤੋਂ ਜਾਣੂ ਕਰਾਇਆ।ਮੁਕਾਬਲੇ ਵਿੱਚ ਕਾਲਜ ਅਤੇ ਕਾਲਜੀਏਟ ਸਕੂਲ ਦੇ ਲਗਭਗ 115 ਵਿਦਿਆਰਥੀਆਂ ਨੇ ਹਿੱਸਾ ਲਿਆ।ਇਸ ਮੁਕਾਬਲੇ ਲਈ ਮੁੱਖ ਵਿਸ਼ੇ ਆਓ ਪਾਣੀ ਸੰਭਾਲੀਏ, ਸ਼ੋਸ਼ਲ ਮੀਡੀਆ ਤੇ ਨੌਜਵਾਨ ਪੀੜ੍ਹੀ, ਕਿਰਤ, ਕਿਤਾਬਾਂ ਨਾਲ ਜੁੜੀਏ ਅਤੇ ਵਾਤਾਵਰਣ ਦੀ ਸੰਭਾਲ ਲਏ ਗਏ।ਇਨ੍ਹਾਂ ਮੁਕਾਬਲਿਆਂ ਵਿੱਚ ਜੱਜਮੈਂਟ ਦੀ ਭੂਮਿਕਾ ਡਾ. ਰੂਪਾ ਕੌਰ ਤੇ ਲੈਕਚਰਾਰ ਸੁਰਿੰਦਰ ਕੌਰ ਨੇ ਨਿਭਾਈ, ਜਿਸ ਦੌਰਾਨ ਕਾਲਜ ਵਿੱਚੋਂ ਜਸਮੀਨ ਅਖ਼ਤਰ ਬੀ.ਸੀ.ਏ ਭਾਗ ਪਹਿਲਾ ਨੇ ਪਹਿਲਾ ਸਥਾਨ, ਜਸਵੀਰ ਕੌਰ ਬੀ.ਏ. ਭਾਗ ਪਹਿਲਾ ਨੇ ਦੂਜਾ ਸਥਾਨ ਤੇ ਤਾਨੀਆ ਅਖ਼ਤਰ ਬੀ.ਏ. ਭਾਗ ਪਹਿਲਾ ਨੇ ਤੀਜਾ ਸਥਾਨ ਹਾਸਲ ਕੀਤਾ। ਕਾਲਜੀਏਟ ਸਕੂਲ ਵਿੱਚੋਂ ਦਿਲਕਰਨ ਸਿੰਘ ਨੇ ਪਹਿਲਾ ਸਥਾਨ, ਸਪਨਾ ਕੁਮਾਰੀ ਨੇ ਦੂਜਾ ਸਥਾਨ ਅਤੇ ਪ੍ਰਭਜੋਤ ਕੌਰ ਤੇ ਗੁਰਕੀਰਤ ਕੌਰ ਨੇ ਤੀਜਾ ਸਥਾਨ ਹਾਸਲ ਕੀਤਾ।ਇਨ੍ਹਾਂ ਮੁਕਾਬਲਿਆਂ ਦੇ ਜੇਤੂ ਵਿਦਿਆਰਥੀਆਂ ਦੀਆਂ ਲਿਖਤਾਂ ਨੂੰ ਕਾਲਜ ਮੈਗ਼ਜ਼ੀਨ 'ਜਿਗਿਆਸਾ' ਦੀ ਪ੍ਰਕਾਸ਼ਨਾ ਲਈ ਚੁਣਿਆ ਗਿਆ। ਕਾਲਜ ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਨੇ ਵਿਭਾਗ ਦੇ ਅਜਿਹੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਵਿਦਿਆਰਥੀਆਂ ਨੂੰ ਸਾਹਿਤਕ ਰੁਚੀਆਂ ਪ੍ਰਤੀ ਉਤਸ਼ਾਹਤ ਕੀਤਾ।



# ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਵਿਰੋਧ ਦੇ ਚਲਦਿਆਂ ਆਟਾ ਚੱਕੀ ਦੀ ਕੁਰਕੀ ਰੁਕੀ

**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**- ਬਲਾਕ ਝੋਕ ਮੋਹੜੇ ਦੇ ਕਿਸਾਨ ਬਲਾਕ ਪ੍ਰਧਾਨ ਗੁਰਭੇਜ ਸਿੰਘ ਲੋਹੜਾ ਨਵਾਬ ਦੀ ਅਗਵਾਈ ਵਿੱਚ ਪਿੰਡ ਅਲਫੂ ਕੇ ਵਿਖੇ ਇੱਕ ਆਟਾ ਚੱਕੀ ਦੀ ਕੁਰਕੀ ਰੁਕਵਾਉਣ ਲਈ ਇਕੱਤਰ ਹੋਏ ਕਿਸਾਨਾਂ ਦੇ ਰੋਹ ਨੂੰ ਵੇਖਦਿਆਂ ਸਿਵਲ ਪ੍ਰਸ਼ਾਸਨ ਦਾ ਕੋਈ ਵੀ ਅਧਿਕਾਰੀ ਕੁਰਕੀ ਕਰਨ ਨਹੀਂ ਪਹੁੰਚਿਆ। ਇਕੱਤਰ ਹੋਏ ਕਿਸਾਨਾਂ ਨੇ ਸਰਕਾਰ ਖਿਲਾਫ ਨਾਹਰੇਬਾਜ਼ੀ ਕਰਦਿਆਂ ਗਰੀਬ ਕਿਸਾਨਾਂ, ਮਜ਼ਦੂਰਾਂ ਤੇ ਦੁਕਾਨਦਾਰਾਂ ਦੇ ਸਾਰੇ ਕਰਜ਼ੇ 'ਤੇ ਲੀਕ ਮਾਰਨ ਦੀ ਮੰਗ ਕੀਤੀ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੂਬਾ ਪ੍ਰੈਸ ਸਕੱਤਰ ਅਵਤਾਰ ਸਿੰਘ ਮਹਿਮਾਂ ਨੇ ਕਿਹਾ ਕਿ ਪਿੰਡ ਅਲਫੂ ਕੇ ਦੇ ਕਿਸਾਨ ਵੱਲੋਂ ਏ ਯੂ ਸਮਾਲ ਨਾਂ ਦੇ ਪ੍ਰਾਈਵੇਟ ਬੈਂਕ ਤੋਂ 10 ਲੱਖ ਦਾ ਕਰਜ਼ ਲਿਆ ਸੀ। ਕੁੱਝ ਸਮੇਂ ਬਾਅਦ ਬੈਂਕ ਦੇ ਇਕ ਮੁਲਾਜ਼ਮ ਵੱਲੋਂ ਧੋਖੇ ਨਾਲ 2 ਲੱਖ ਰੁਪਏ ਕਿਸਾਨ ਦੇ ਖਾਤੇ ਵਿੱਚੋਂ ਕਢਵਾ ਲਏ ਗਏ। ਇਨ੍ਹਾਂ ਪੈਸਿਆਂ ਲਈ ਕਿਸਾਨ ਲਗਾਤਾਰ ਬੈਂਕ ਦੇ ਚੱਕਰ ਕੱਟਦਾ ਰਿਹਾ ਪਰ ਕੋਈ ਸੁਣਵਾਈ ਨਹੀਂ ਹੋਈ ਤੇ ਕਿਸਾਨ ਨੂੰ ਡਿਫਾਲਟਰ ਘੋਸ਼ਿਤ ਕਰ ਦਿੱਤਾ ਗਿਆ। ਇਸ ਤੋਂ ਅੱਗੇ ਕਾਰਵਾਈ ਕਰਦਿਆ ਅੱਜ ਲੋਕਲ ਤਹਿਸੀਲਦਾਰ ਵੱਲੋਂ ਆਟਾ ਚੱਕੀ ਨੂੰ ਕੁਰਕ ਕਰਨ ਦੇ ਹੁਕਮ ਦਿੱਤੇ ਸਨ। ਪਰ ਸ਼ਾਮ ਤਕ ਕੋਈ ਵੀ ਅਧਿਕਾਰੀ ਕੁਰਕੀ ਕਰਨ ਨਹੀਂ ਆਇਆ। ਕਿਸਾਨ ਆਗੂ ਮਹਿਮਾਂ ਨੇ ਕਿਹਾ ਕਿ ਕਿਸੇ ਵੀ ਕੀਮਤ 'ਤੇ ਗਰੀਬ ਪਰਵਾਰ ਦਾ ਰੁਜ਼ਗਾਰ ਨਹੀਂ ਖੁੱਸਣ ਦਿੱਤਾ ਜਾਵੇਗਾ ਤੇ ਆਟਾ ਚੱਕੀ ਨੂੰ ਕੁਰਕ-ਨਿਲਾਮ ਨਹੀਂ ਹੋਣ ਦਿੱਤਾ ਜਾਵੇਗਾ। ਇਸ ਮੌਕੇ ਬੂਟਾ ਸਿੰਘ ਹਾਮਦ, ਪੂਰਨ ਸਿੰਘ ਹਾਮਦ, ਗੁਰਨਾਮ ਸਿੰਘ ਚੱਕ ਸੋਮੀਆਂ ਆਵਾਣ, ਹਰਜਿੰਦਰ ਸਿੰਘ ਆਵਾਣ, ਰਾਜ ਸਿੰਘ ਜੰਗ , ਬਾਜ਼ ਸਿੰਘ ਬੁਰਜ , ਦਲਜੀਤ ਸਿੰਘ ਮੋਹੂੰ , ਸਰਬਜੀਤ ਸਿੰਘ ਅਲਫੂ ਕੇ, ਰਣਬੀਰ ਸਿੰਘ ਅਲਫੂ ਕੇ, ਸੱਤਵੀਰ ਸਿੰਘ ਮਿਸ਼ਰੀ ਵਾਲਾ,ਬਲਕਾਰ ਸਿੰਘ ਗੁਦੜ੍ਹ ਢੰਡੀ ਆਦਿ ਆਗੂਆਂ ਸਮੇਤ ਵੱਡੀ ਗਿਣਤੀ ਕਿਸਾਨ ਹਾਜ਼ਰ ਸਨ।



# ਬਾਬਾ ਖੇਤਰਪਾਲ ਦੇ ਹਫਤਾਵਾਰੀ ਭੰਡਾਰੇ 'ਤੇ ਕੌਂਸਲਰ ਮਨਦੀਪ ਕੱਕੜ ਹੋਏ ਨਤਮਸਤਕ

**ਬਾਘਾ ਪੁਰਾਣਾ (ਮਨੀ ਸਿੰਗਲਾ)**- ਬਾਘਾ ਪੁਰਾਣਾ ਸ਼ਹਿਰ ਦੇ ਪ੍ਰਸਿੱਧ ਸਮਾਜ ਸੇਵੀ ਅਤੇ ਨਗਰ ਕੌਂਸਲ ਬਾਘਾ ਪੁਰਾਣਾ ਦੇ ਵਾਰਡ ਨੰਬਰ 6 ਤੋਂ ਕੌਂਸਲਰ ਮਨਦੀਪ ਕੱਕੜ ਬੀਤੇ ਦਿਨੀਂ ਸਥਾਨਕ ਸ਼ਹਿਰ ਦੇ ਪ੍ਰਸਿੱਧ ਅਤੇ ਸ਼ਰਧਾਲੂਆਂ ਦੇ ਆਸਥਾ ਦਾ ਕੇਂਦਰ ਬਣੇ ਮੰਦਰ ਬਾਬਾ ਖੇਤਰਪਾਲ ਜੀ ਵਿਖੇ ਕਰਵਾਏ ਜਾ ਰਹੇ ਹਫਤਾਵਾਰੀ ਭੰਡਾਰੇ ਅਤੇ ਧਾਰਮਿਕ ਸਮਾਗਮ ਵਿਚ ਆਪਣੀ ਹਾਜ਼ਰੀ ਭਰਦਿਆਂ ਮੰਦਰ ਵਿਖੇ ਨਤਮਸਤਕ ਹੋ ਕੇ ਆਸ਼ੀਰਵਾਦ ਪ੍ਰਾਪਤ ਕੀਤਾ। ਇਸ ਮੌਕੇ ਹਫਤਾਵਾਰੀ ਸਮਾਗਮ ਦੌਰਾਨ ਬਾਬਾ ਖੇਤਰਪਾਲ ਜੀ ਦੇ ਪੰਡਿਤ ਅਤੇ ਪ੍ਰਬੰਧਕ ਕਮੇਟੀ ਵਲੋਂ ਭੰਡਾਰੇ ਦੀ ਸ਼ੁਰੂਆਤ ਤੋਂ ਪਹਿਲਾਂ ਬਹੁਤ ਸ਼ਰਧਾ ਭਾਵਨਾ ਨਾਲ ਪੂਜਾ ਪਾਠ ਕੀਤਾ ਗਿਆ, ਜਿਸ ਵਿਚ ਪ੍ਰਬੰਧਕ ਕਮੇਟੀ ਦੇ ਇਲਾਵਾ ਵੱਡੀ ਗਿਣਤੀ ਵਿਚ ਸ਼ਰਧਾਲੂ ਹਾਜ਼ਰ ਸਨ। ਇਸ ਮੌਕੇ ਕੌਂਸਲਰ ਮਨਦੀਪ ਕੱਕੜ ਵਲੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਬਾਬਾ ਖੇਤਰਪਾਲ ਜੀ ਦੀ ਪ੍ਰਬੰਧਕ ਕਮੇਟੀ ਦੇ ਚੇਅਰਮੈਨ ਵਿਜੇ ਬਾਂਸਲ, ਪ੍ਰਧਾਨ ਸੰਜੀਵ ਗਰਗ, ਕੈਸ਼ੀਅਰ ਰਕੇਸ਼ ਜਿੰਦਲ ਤੋਤਾ ਵਲੋਂ ਕੀਤੇ ਜਾ ਰਹੇ ਕਾਰਜ ਅਤੇ ਸੇਵਾ ਦੀ ਜਿੰਨੀ ਤਾਰੀਫ਼ ਕੀਤੀ ਜਾਵੇ ਓਨੀ ਹੀ ਘੱਟ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਵਲੋਂ ਜੋ ਸਥਾਨਕ ਸ਼ਹਿਰ ਦੇ ਚੰਨੂੰਵਾਲਾ ਰੋਡ ਉਪਰ ਮਹਿੰਦਰਾ ਪੈਲੇਸ ਦੀ ਬੈਕਸਾਈਡ ਬਾਬਾ ਖੇਤਰਪਾਲ ਜੀ ਦਾ ਵਿਸ਼ਾਲ ਮੰਦਰ ਐਨ.ਆਰ.ਆਈ ਭਰਾਵਾਂ ਅਤੇ ਸ਼ਰਧਾਲੂਆਂ ਦੇ ਸਹਿਯੋਗ ਨਾਲ ਤਿਆਰ ਕਰਵਾਇਆ ਜਾ ਰਿਹਾ ਹੈ, ਇਹ ਬਹੁਤ ਵਧੀਆ ਕਾਰਜ ਹੈ ਅਤੇ ਦੂਜਾ ਉਨ੍ਹਾਂ ਦੀ ਰਹਿਨੁਮਾਈ ਹੇਠ ਮੰਦਿਰ ਵਿਖੇ ਹੁੰਦੇ ਹਫਤਾਵਾਰੀ ਹੁੰਦੇ ਧਾਰਮਿਕ ਸਮਾਗਮ ਵਿਚ ਵੱਡੀ ਗਿਣਤੀ ਸ਼ਰਧਾਲੂ ਇੱਥੇ ਆ ਕੇ ਆਪਣੀ ਮਨੋਕਾਮਨਾਵਾਂ ਪੂਰੀਆਂ ਕਰਦੇ ਹਨ, ਜਿਸ ਦਾ ਸਿਹਰਾ ਸਮੁੱਚੀ ਪ੍ਰਬੰਧਕ ਕਮੇਟੀ ਨੂੰ ਜਾਂਦਾ ਹੈ। ਇਸ ਮੌਕੇ ਵੱਡੀ ਗਿਣਤੀ ਵਿਚ ਹਾਜ਼ਰ ਸ਼ਰਧਾਲੂਆਂ ਨੂੰ ਭੰਡਾਰੇ ਦਾ ਲੰਗਰ ਛਕਾਇਆ ਗਿਆ, ਉਥੇ ਹੀ ਉਨ੍ਹਾਂ ਸ਼ਹਿਰ ਵਾਸੀਆਂ ਅਤੇ ਦਾਨੀ ਸੱਜਣਾਂ ਨੂੰ ਬਾਬਾ ਖੇਤਰਪਾਲ ਜੀ ਦੇ ਮੰਦਰ ਦੇ ਨਿਰਮਾਣ ਵਿਚ ਯੋਗਦਾਨ ਪਾਉਣ ਦੀ ਅਪੀਲ ਕੀਤੀ। ਇਸ ਮੌਕੇ ਅਜੇ ਗਰਗ, ਅਜੇ ਪੂਰੀ, ਮੁਕੇਸ਼ ਗੋਇਲ, ਨਵੀਨ ਗੋਇਲ, ਜਗਪਤੀ ਪ੍ਰਸਾਦ, ਪ੍ਰਸੰਨ ਕੁਮਾਰ ਅਤੇ ਹੋਰ ਨੇ ਸੇਵਾ ਕੀਤੀ।



# ਅੰਗਹੀਣ ਵਿਅਕਤੀਆਂ ਨੂੰ ਦਿੱਤੀ ਸਹਾਇਤਾ ਰਾਸ਼ੀ



**ਸ਼੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)** ਡਾ. ਐਸ ਪੀ ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਬਿਨਾਂ ਕਿਸੇ ਭੇਦ ਭਾਵ ਤੋਂ ਕਾਰਜ ਜਾਰੀ ਹਨ।ਇਸ ਲੜੀ ਤਹਿਤ ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ਼੍ਰੀ ਮੁਕਤਸਰ ਸਾਹਿਬ ਵਿਖੇ 52 ਅੰਗਹੀਣ ਵਿਅਕਤੀਆਂ ਨੂੰ ਉਨਤਾਲੀ ਹਜ਼ਾਰ ਦੀ ਰਾਸ਼ੀ ਗੁਜ਼ਾਰੇ ਲਈ ਮਹੰਤ ਕਸ਼ਮੀਰ ਸਿੰਘ ਦੀ ਹਾਜ਼ਰੀ 'ਚ ਪਿਛਲੇ ਦਿਨੀਂ ਇੱਕ ਸਾਦੇ ਸਮਾਗਮ ਦੌਰਾਨ ਦਿੱਤੀ ਗਈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਇਹ ਲੋਕ ਕੰਮ ਕਰਨ ਤੋਂ ਅਸਮਰਥ ਹਨ ਤੇ ਕਈ ਵੱਖ-ਵੱਖ ਬਿਮਾਰੀ ਦੇ ਵੀ ਸ਼ਿਕਾਰ ਹਨ।ਸਹਾਇਤਾ ਰਾਸ਼ੀ ਲੈਣ ਉਪਰੰਤ ਇਨ੍ਹਾਂ ਅੰਗਹੀਣ ਵਿਅਕਤੀਆਂ ਵੱਲੋਂ ਡਾ ਓਬਰਾਏ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਡਾ ਓਬਰਾਏ ਸਾਡੀ ਲਾਠੀ ਬਣ ਕੇ ਹਮੇਸ਼ਾ ਸਾਡੇ ਨਾਲ ਖੜਦੇ ਹਨ, ਸਾਨੂੰ ਕਦੇ ਵੀ ਡੋਲਣ ਨਹੀਂ ਦਿੰਦੇ।ਮਾਹੌਲ ਉਸ ਟਾਈਮ ਵੈਰਾਗਮਈ ਬਣ ਗਿਆ, ਜਦੋਂ ਕੁੱਝ ਕੁ ਅੰਗਹੀਣ ਵਿਅਕਤੀਆਂ ਨੇ ਰੋਂਦੇ ਹੋਏ ਕਿਹਾ ਕਿ ਸਾਡੀ ਅਜਿਹੀ ਹਾਲਤ ਵਿੱਚ ਸਾਡੇ ਅਪਣੇ ਵੀ ਮੂੰਹ ਮੋੜ ਜਾਂਦੇ ਹਨ, ਪਰ ਧੰਨ ਹੈ ਡਾਕਟਰ ਓਬਰਾਏ, ਜਿਸ ਨਾਲ ਸਾਡਾ ਕੋਈ ਵੀ ਖ਼ੂਨ ਦਾ ਰਿਸ਼ਤਾ ਨਹੀਂ, ਕੋਈ ਰਿਸ਼ਤੇਦਾਰੀ ਨਹੀਂ, ਅਸੀ ਕਦੇ ਵੀ ਉਸ ਨੂੰ ਮਿਲੇ ਨਹੀਂ, ਪਰ ਫਿਰ ਵੀ ਹਰ ਮਹੀਨੇ ਸਾਡੀਆਂ ਨਿੱਜੀ ਲੋੜਾਂ ਪੂਰੀਆਂ ਕਰਨ ਲਈ ਸਹਾਇਤਾ ਰਾਸ਼ੀ ਦਿੰਦੇ ਹਨ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਨੇ ਦੱਸਿਆ ਕਿ ਇਹ ਸਹਾਇਤਾ ਰਾਸ਼ੀ ਡਾ ਓਬਰਾਏ ਵੱਲੋਂ ਅਪਨੀ ਨੇਕ ਕਮਾਈ ਵਿੱਚੋਂ ਦਸਵੰਧ ਕੱਢ ਕੇ ਦਿੱਤੀ ਜਾਂਦੀ ਹੈ। ਟਰੱਸਟ ਦੀ ਕੋਈ ਵੀ ਰਸੀਦ ਬੁੱਕ ਨਹੀਂ ਹੈ।

# ਆਊਟਸੋਰਸ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਪੰਜ ਮਹੀਨੇ ਤੋਂ ਰੁਕੀਆਂ, ਮੰਗ ਪੱਤਰ ਦਿੱਤੇ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)** ਆਊਟਸੋਰਸ ਸਿਹਤ ਵਿਭਾਗ ਮੁਲਾਜ਼ਮ ਯੂਨੀਅਨ ਜ਼ਿਲ੍ਹਾ ਬਠਿੰਡਾ ਨੇ ਕਿਹਾ ਕਿ ਜ਼ਿਲ੍ਹਾ ਫ਼ਰੀਦਕੋਟ ਦੇ ਪਾਇਲਟ ਪ੍ਰੋਜੈਕਟ ਅਧੀਨ ਸੇਵਾਵਾਂ ਨਿਭਾਅ ਰਹੇ ਆਊਟਸੋਰਸ ਮੁਲਾਜ਼ਮ ਸਾਥੀਆਂ ਦੀਆਂ ਪਿਛਲੇ 5 ਮਹੀਨਿਆਂ ਤੋਂ ਤਨਖਾਹਾਂ ਨਾ ਮਿਲਣ ਕਾਰਨ ਮੰਗ ਪੱਤਰ ਐੱਸ ਐਮ ਓ, ਡੀ ਐਮ ਸੀ ਤੇ ਸਿਵਲ ਸਰਜਨ ਨੂੰ ਦਿੱਤੇ ਗਏ ਸਨ। ਪਰ ਅਧਿਕਾਰੀਆਂ ਵੱਲੋਂ ਲਗਾਤਾਰ ਟਾਲ ਮਟੋਲ ਦੀ ਨੀਤੀ ਅਪਣਾਈ ਜਾ ਰਹੀ ਸੀ, ਜਿਸ ਦੇ ਕਾਰਨ ਆਊਟਸੋਰਸ ਮੁਲਾਜ਼ਮਾਂ ਵਿੱਚ ਭਾਰੀ ਰੋਸ ਪਾਇਆ ਗਿਆ ਅਤੇ ਉਸ ਰੋਸ ਵਜੋਂ ਆਊਟਸੋਰਸ ਮੁਲਾਜ਼ਮਾਂ ਵੱਲੋਂ 8 ਜੁਲਾਈ ਨੂੰ ਸਿਵਲ ਹਸਪਤਾਲ ਵਿਖੇ ਧਰਨਾ ਲਾਇਆ ਗਿਆ ਸੀ। ਸਿਵਲ ਸਰਜਨ ਵੱਲੋਂ ਮੁਲਾਜ਼ਮਾਂ ਨੂੰ ਆਉਂਦੇ ਸੋਮਵਾਰ ਤੱਕ ਤਨਖਾਹਾਂ ਜਾਰੀ ਕਰਨ ਦਾ ਭਰੋਸਾ ਦਿੱਤਾ ਗਿਆ, ਜਿਸ ਤੋਂ ਬਾਅਦ ਆਊਟਸੋਰਸ ਮੁਲਾਜ਼ਮਾਂ ਵੱਲੋਂ ਧਰਨੇ ਨੂੰ ਮੁਲਤਵੀ ਕਰ ਦਿੱਤਾ ਗਿਆ ਸੀ। ਪਰ ਅਧਿਕਾਰੀਆਂ ਵੱਲੋਂ ਹਜੇ ਤੱਕ ਪਾਇਲਟ ਪ੍ਰੋਜੈਕਟ ਅਧੀਨ ਕਿਸੇ ਵੀ ਮੁਲਾਜ਼ਮ ਦੀ ਤਨਖ਼ਾਹ ਜਾਰੀ ਨਹੀਂ ਕੀਤੀ ਗਈ, ਜਿਸਦੇ ਰੋਸ ਵਜੋਂ ਸਿਵਲ ਹਸਪਤਾਲ ਦੇ ਆਊਟਸੋਰਸ ਮੁਲਾਜ਼ਮ 11 ਅਗਸਤ ਨੂੰ ਫਿਰ ਤੋਂ ਧਰਨਾ ਲਾ ਕੇ ਆਪਣਾ ਸੰਘਰਸ਼ ਵਿੱਢਣ ਦੀ ਤਿਆਰੀ ਵਿੱਚ ਹਨ।ਜ਼ਿਲ੍ਹਾ ਬਠਿੰਡਾ ਦੇ ਆਊਟਸੋਰਸ ਸਿਹਤ ਵਿਭਾਗ ਮੁਲਾਜ਼ਮ ਯੂਨੀਅਨ ਦੇ ਪ੍ਰਧਾਨ ਗੁਰਜਿੰਦਰ ਸਿੰਘ ਔਲਖ ਨੇ ਕਿਹਾ ਕਿ ਜੇਕਰ 10 ਅਗਸਤ ਤੱਕ ਆਊਟਸੋਰਸ ਸਾਥੀਆਂ ਦੀਆਂ ਤਨਖ਼ਾਹਾਂ ਨਾ ਜਾਰੀ ਹੋਈਆਂ ਤਾਂ ਬਾਕੀ ਜ਼ਿਲ੍ਹਿਆਂ ਦਾ ਵੱਡਾ ਇਕੱਠ ਸਿਵਲ ਹਸਪਤਾਲ ਵਿਖੇ ਕਰਕੇ ਵੱਡਾ ਸੰਘਰਸ਼ ਵਿੱਢਿਆ ਜਾਵੇਗਾ।

# ਮੇਅਰ ਨਾਲ ਢਿੱਲੋਂ ਤੇ ਡਿਪਟੀ ਮੇਅਰ ਨੇ ਸ਼ਹਿਰ ਦੀਆਂ ਸਮੱਸਿਆਵਾਂ ਬਾਰੇ ਕੀਤਾ ਵਿਚਾਰ-ਵਟਾਂਦਰਾ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**- ਨਗਰ ਨਿਗਮ ਪਟਿਆਲਾ ਦੇ ਮੇਅਰ ਕੁੰਦਨ ਗੋਗੀਆ ਨਾਲ ਲੋਕ ਸਭਾ ਇੰਚਾਰਜ ਬਲਜਿੰਦਰ ਸਿੰਘ ਢਿੱਲੋਂ ਅਤੇ ਡਿਪਟੀ ਮੇਅਰ ਜਗਦੀਪ ਸਿੰਘ ਜੱਗਾ ਨੇ ਸ਼ਹਿਰ ਦੀਆਂ ਸੜਕਾਂ ਤੇ ਸੁੰਦਰੀਕਰਨ, ਸਾਫ ਸਫਾਈ ਅਤੇ ਸੀਵਰੇਜ ਦੀ ਸਮੱਸਿਆ ਤੋਂ ਇਲਾਵਾ ਪਟਿਆਲਾ ਸ਼ਹਿਰ ਦੇ ਮੁਹੱਲਿਆ ਵਿੱਚ ਅਵਾਰਾ ਕੁੱਤਿਆਂ ਅਤੇ ਪਸ਼ੂਆਂ ਦੀ ਭਰਮਾਰ ਬਾਰੇ ਵਿਚਾਰ ਵਟਾਂਦਰਾ ਕੀਤਾ। ਇਸ ਮੌਕੇ ਕੁਲਵੰਤ ਸਿੰਘ ਲਾਲਕਾ, ਇੰਜੀਨੀਅਰ ਜਤਿੰਦਰ ਕੁਮਾਰ, ਗੇਰੀ ਸਿੰਘ (ਯੂ ਐਸ ਏ ) ਆਦਿ ਮੌਜੂਦ ਸਨ।



# ਜ਼ਿਲ੍ਹਾ ਬਾਡੀ ਦੇ ਨਵੇਂ ਅਹੁਦੇਦਾਰਾਂ ਵੱਲੋਂ ਯੂਨੀਅਨ ਦੀ ਪਹਿਲੀ ਮੀਟਿੰਗ

**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)** ਦਫ਼ਤਰ ਡਿਪਟੀ ਕਮਿਸ਼ਨਰ ਵਿਖੇ ਜ਼ਿਲ੍ਹਾ ਬਾਡੀ ਦੇ ਨਵੇਂ ਅਹੁਦੇਦਾਰਾਂ ਵੱਲੋਂ ਯੂਨੀਅਨ ਦੀ ਪਹਿਲੀ ਮੀਟਿੰਗ ਕੀਤੀ ਗਈ, ਜਿਸ ਵਿੱਚ ਸਮੂਹ ਸਟਾਫ਼ ਦਫਤਰ ਡਿਪਟੀ ਕਮਿਸ਼ਨਰ, ਸਮੂਹ ਉਪ ਮੰਡਲ ਮੈਜਿਸਟ੍ਰੇਟ, ਤਹਿਸੀਲਾਂ ਤੇ ਸਬ ਤਹਿਸੀਲਾਂ ਵਿੱਚ ਕੰਮ ਕਰਦੇ ਕ੍ਰਮਚਾਰੀ ਹਾਜ਼ਰ ਆਏ। ਡੀ.ਸੀ.ਦਫ਼ਤਰ ਕ੍ਰਮਚਾਰੀ ਯੂਨੀਅਨ ਦੇ ਦੂਜੀ ਵਾਰ ਸ੍ਰੀ ਅਸ਼ੋਕ ਕੁਮਾਰ ਨੇ ਜ਼ਿਲ੍ਹਾ ਪ੍ਰਧਾਨ, ਵਜੋਂ ਅਹੁਦਾ ਸੰਭਾਲਿਆ। ਸ੍ਰੀ ਸਤਪ੍ਰੀਤ ਸਟੈਨੋ ਨੇ ਜ਼ਿਲ੍ਹਾ ਜਨਰਲ ਸਕੱਤਰ ਤੇ ਸ੍ਰੀ ਸੁਭਾਸ਼ ਚੰਦਰ ਨੇ ਜ਼ਿਲ੍ਹਾ ਵਿੱਤ ਸਕੱਤਰ ਵਜੋਂ ਜ਼ਿੰਮੇਵਾਰੀ ਸੰਭਾਲੀ। ਮੀਟਿੰਗ 'ਚ ਸਮੂਹ ਸਟਾਫ ਤੇ ਸ੍ਰੀ ਪ੍ਰਦੀਪ ਗੱਖੜ ਸੁਪਰਡੈਂਟ ਗਰੇਡ-1, ਸ੍ਰੀਮਤੀ ਹਰਦੀਪ ਕੌਰ ਸੁਪਰਡੈਂਟ-2 (ਮ), ਸ੍ਰੀਮਤੀ ਵਿਦਿਆ ਰਾਣੀ ਸੁਪਰਡੈਂਟ-2 (ਮ) ਤੇ ਸ੍ਰੀ ਗਨੇਸ਼ ਸ਼ਰਮਾ, ਸੁਪਰਡੈਂਟ-2 (ਜ) ਸ਼ਾਮਲ ਸਨ।

# ਰਿਟਾਇਰਡ ਇੰਪਲਾਈਜ਼ ਵੈੱਲਫੇਅਰ ਐਸੋਸੀਏਸ਼ਨ ਮਾਨਸਾ ਦੀ ਮਹੀਨਾਵਾਰ ਮੀਟਿੰਗ

**ਮਾਨਸਾ (ਆਤਮਾ ਸਿੰਘ ਪਮਾਰ)**- ਰਿਟਾਇਰਡ ਇੰਪਲਾਈਜ਼ ਵੈਲਫੇਅਰ ਐਸੋਸੀਏਸ਼ਨ ਮਾਨਸਾ ਵੱਲੋਂ ਪ੍ਰਧਾਨ ਸਿਕੰਦਰ ਸਿੰਘ ਘਰਾਗਣਾਂ ਦੀ ਪ੍ਰਧਾਨਗੀ ਹੇਠ ਮਹੀਨਾਵਾਰ ਮੀਟਿੰਗ ਸਥਾਨਕ ਪੈਨਸ਼ਨਰਜ਼ ਭਵਨ ਵਿਖੇ ਹੋਈ। ਮੀਟਿੰਗ ਦੀ ਸ਼ੁਰੂਆਤ ਪੈਨਸ਼ਨਰਜ਼ ਪਰਵਾਰ ਤੋਂ ਵਿਛੜ ਚੁੱਕੇ ਸਾਥੀਆਂ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਸਮੇਂ ਲਾਈਫ ਕੇਅਰ ਫਾਊਂਡੇਸ਼ਨ ਡੇਰਾਬੱਸੀ ਵੱਲੋਂ ਸਮੂਹ ਪ੍ਰਬੰਧਕ ਕਮੇਟੀ ਗੁਰਦੁਆਰਾ ਸ੍ਰੀ ਸਿੰਘ ਸਭਾ ਮਾਨਸਾ ਦੇ ਸਹਿਯੋਗ ਨਾਲ ਪੈਨਸਨਰਜ ਭਵਨ ਵਿਖੇ ਲਗਾਏ ਗਏ ਕੈਂਪ ਦੌਰਾਨ ਵੱਖ ਵੱਖ ਤਰ੍ਹਾਂ ਦੇ ਮੁਫਤ ਟੈਸਟ ਕੀਤੇ ਗਏ। ਉਹਨਾਂ ਦੱਸਿਆ ਕਿ ਇਹ ਫਾਊਂਡੇਸ਼ਨ ਵੱਲੋਂ ਲਗਾਇਆ ਜਾਣ ਵਾਲਾ 350 ਵਾਂ ਕੈਂਪ ਹੈ। ਇਸ ਕੈਂਪ ਦੌਰਾਨ ਕਰੀਬ 130 ਮਰੀਜ਼ਾਂ ਦੇ ਟੈਸਟ ਬਿਲਕੁੱਲ ਮੁਫਤ ਕੀਤੇ ਗਏ। ਲਾਈਫ ਕੇਅਰ ਫਾਊਂਡੇਸ਼ਨ ਡੇਰਾਬੱਸੀ ਦੇ ਮੈਨੇਜਰ ਐਡਵੋਕੇਟ ਡਾ. ਜਤਿੰਦਰ ਪਾਲ ਸਿੰਘ ਬਾਠ ਨੇ ਦੱਸਿਆ ਕਿ ਇਸ ਕੈਂਪ ਵਿੱਚ ਸ਼ੂਗਰ, ਯੂਰਿਕ ਐਸਿਡ ਅਤੇ ਗੁਰਦਿਆਂ ਦੇ 5 ਹੋਰ ਟੈਸਟ ਬਿਲਕੁਲ ਮੁਫਤ ਕੀਤੇ ਗਏ। ਇਹ ਲੈਬੋਰੇਟਰੀ ਗੁਰਦੁਆਰਾ ਸ੍ਰੀ ਸਿੰਘ ਸਭਾ ਮਾਨਸਾ ਵਿਖੇ ਰੋਜ਼ਾਨਾ ਸਵੇਰੇ 7 ਵਜੇ ਤੋਂ 12 ਵਜੇ ਤੱਕ ਖੁੱਲ੍ਹੀ ਰਹਿੰਦੀ ਹੈ। ਜਿਸ ਵਿੱਚ ਮਨੁੱਖਤਾ ਦੀ ਸੇਵਾ ਲਈ ਬਿਨਾਂ ਕਿਸੇ ਮੁਨਾਫੇ ਤੋਂ, ਬਜ਼ਾਰ ਨਾਲੋਂ ਤਿੰਨ ਗੁਣਾ ਘੱਟ ਰੇਟ 'ਤੇ ਵਿਸ਼ਵ ਪੱਧਰ ਦੀਆਂ ਮਸ਼ੀਨਾਂ ਨਾਲ ਡਾਕਟਰਾਂ ਦੀ ਦੇਖ ਰੇਖ ਹੇਠ ਟੈਸਟ ਕੀਤੇ ਜਾਂਦੇ ਹਨ। ਇਸ ਲੈਬ ਦੀਆਂ ਰਿਪੋਰਟਾਂ ਪੀ ਜੀ ਆਈ ਚੰਡੀਗੜ੍ਹ, ਡੀ ਐੱਮ ਸੀ ਲੁਧਿਆਣਾ, ਏਮਜ਼ ਬਠਿੰਡਾ ਅਤੇ ਹਰ ਵੱਡੇ ਵੱਡੇ ਅਦਾਰਿਆਂ ਵਿੱਚ ਵੀ ਪ੍ਰਵਾਨਿਤ ਹਨ। ਲਾਈਫ ਕੇਅਰ ਫਾਊਂਡੇਸ਼ਨ ਦੇ ਡਾਇਰੈਕਟਰ ਅਵਤਾਰ ਸਿੰਘ ਬੈਨੀਪਾਲ ਦੀ ਅਗਵਾਈ ਵਿੱਚ ਐਡਵੋਕੇਟ, ਡਾਕਟਰ ਜਤਿੰਦਰ ਪਾਲ ਸਿੰਘ ਬਾਠ, ਪਵਨਦੀਪ ਸਿੰਘ ਮਾਨਸਾ, ਗੁਰਸਰਨ ਸਿੰਘ, ਭੁਪਿੰਦਰ ਸਿੰਘ ਹਰੀਗੜ੍ਹ ਨੇ ਤਨਦੇਹੀ ਮਰੀਜ਼ਾਂ ਦੇ ਟੈਸਟ ਕੀਤੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਘਰਾਗਣਾਂ ਨੇ ਲਾਈਫ ਕੇਅਰ ਫਾਊਂਡੇਸ਼ਨ ਦੀ ਟੀਮ ਦਾ ਐਸੋਸੀਏਸਨ ਵੱਲੋਂ ਧੰਨਵਾਦ ਕਰਦਿਆਂ ਉਨ੍ਹਾਂ ਦੇ ਇਸ ਸੁਭ ਕਾਰਜ ਦੀ ਸ਼ਲਾਘਾ ਵੀ ਕੀਤੀ। ਇਸ ਸਮੇਂ ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਆਤਮਾ ਸਿੰਘ ਪਮਾਰ, ਬਿੱਕਰ ਸਿੰਘ ਮਘਾਣੀਆਂ, ਹਰਬੰਸ ਸਿੰਘ ਢਿੱਲੋਂ ਅਤੇ ਲੱਖਣ ਲਾਲ ਮੌੜ ਨੇ ਸਾਂਝੇ ਤੌਰ 'ਤੇ ਕਿਹਾ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਮੰਨਣ ਤੋਂ ਆਨਾਕਾਨੀ ਕਰ ਰਹੀ ਹੈ। ਮਹਿੰਗਾਈ ਭੱਤੇ ਦੀਆਂ ਕਿਸ਼ਤਾਂ, ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ, ਪੈਨਸ਼ਨਰਜ਼ ਲਈ 2.59 ਦੇ ਗੁਣਾਂਕ ਨਾਲ ਪੈਨਸ਼ਨ ਫਿਕਸ ਕਰਨਾ ਆਦਿ ਮੰਗਾਂ ਲੰਬੇ ਸਮੇਂ ਤੋਂ ਲਟਕ ਰਹੀਆਂ ਹਨ। ਇਸ ਤੋਂ ਇਲਾਵਾ ਪੰਜਾਬ ਅਤੇ ਕੇਂਦਰ ਸਰਕਾਰ ਦੀ ਮੌਜੂਦਾ ਸਥਿਤੀ 'ਤੇ ਵੀ ਆਗੂਆਂ ਵੱਲੋਂ ਚਰਚਾ ਕੀਤੀ ਗਈ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਅਜੈਬ ਸਿੰਘ ਅਲੀਸ਼ੇਰ ਵੱਲੋਂ ਨਿਭਾਈ ਗਈ। ਮੀਟਿੰਗ ਦੌਰਾਨ ਸੇਠੀ ਸਿੰਘ ਸਰਾਂ, ਪਿਰਥੀ ਸਿੰਘ ਮਾਨ, ਜਗਦੀਸ਼ ਰਾਏ, ਜੀਤ ਸਿੰਘ ਸੰਧੂ, ਪਰਮਜੀਤ ਕੌਰ ਮਾਨਸਾ, ਜੀਤ ਸਿੰਘ ਭੁੱਲਰ, ਜਗਸੀਰ ਸਿੰਘ ਢਿੱਲੋਂ, ਰਣਜੀਤ ਕੌਰ ਫਫੜੇ, ਸੁਰਜੀਤ ਸਿੰਘ ਖਿਆਲਾ, ਲੱਖਾਂ ਸਿੰਘ ਫਫੜੇ, ਲੱਖਾ ਸਿੰਘ ਸਹਾਰਨਾ,ਗੋਰਾ ਲਾਲ ਅਤਲਾ,ਦਰਸਨ ਸਿੰਘ ਖੋਖਰ, ਸੇਵਾ ਮੁਕਤ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਕੁਲਵੰਤ ਕੌਰ ਪਮਾਰ ਆਦਿ ਪੈਨਸ਼ਨਰਜ਼ ਵੀ ਹਾਜ਼ਰ ਸਨ।



# ਲੋਹਾ ਬਜ਼ਾਰ ਵਾਲੇ ਰੇਲ ਫਾਟਕਾਂ 'ਤੇ ਓਵਰਬ੍ਰਿਜ ਬਣਾਉਣ ਦੀ ਮੰਗ

**ਧੂਰੀ (ਮਨੋਹਰ ਸਿੰਘ ਸੱਗੂ)** ਸੀਨੀਅਰ ਸਿਟੀਜਨ ਵੈਲਫੇਅਰ ਐਸੋਸੀਏਸ਼ਨ (ਮਿਊਂਪਲ ਪਾਰਕ) ਦੀ ਮਹੀਨੇਵਾਰ ਮੀਟਿੰਗ ਐਸੋਸੀਏਸ਼ਨ ਦੇ ਪ੍ਰਧਾਨ ਸਾਥੀ ਜਗਦੀਸ਼ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੌਰਾਨ ਜਿੱਥੇ ਹਾਜ਼ਰੀਨ ਵੱਲੋਂ ਅਗਸਤ ਮਹੀਨੇ ਜਨਮੇ ਐਸੋਸੀਏਸ਼ਨ ਦੇ ਪੰਜ ਸਾਥੀਆਂ ਦਾ ਜਨਮ ਦਿਨ ਮਨਾ ਕੇ ਖੁਸ਼ੀ ਸਾਂਝੀ ਕੀਤੀ ਗਈ, ਉਥੇ ਸ਼ਹਿਰ ਨੂੰ ਦੋ ਹਿੱਸਿਆਂ 'ਚ ਵੰਡਦੇ ਲੋਹਾ ਬਾਜ਼ਾਰ ਵਾਲੇ ਰੇਲ ਫਾਟਕਾਂ 'ਤੇ ਬਣਨ ਵਾਲੇ ਪੁਲ 'ਤੇ ਰਾਜਨੀਤੀ ਕਰਨ ਦੀ ਬਜਾਏ ਲੋਕਾਂ ਦੀ ਸਹੂਲਤ ਅਤੇ ਦਰਪੇਸ਼ ਆਵਾਜਾਈ ਦੀ ਸਮੱਸਿਆ ਦੇ ਸਾਰਥਿਕ ਹੱਲ ਲਈ ਜਲਦੀ ਓਵਰ ਜਾਂ ਅੰਡਰ ਬਰਿੱਜ ਬਣਾਉਣ, ਨਿੱਜੀ ਹਸਪਤਾਲਾਂ ਦੀ ਕਥਿਤ ਆਰਥਿਕ ਲੁੱਟ ਤੋਂ ਬਚਾਉਣ ਲਈ ਸਿਵਲ ਹਸਪਤਾਲ ਵਿਖੇ ਮਾਹਿਰ ਡਾਕਟਰਾਂ ਸਮੇਤ ਡਾਕਟਰੀ ਅਮਲੇ ਦੀ ਘਾਟ ਪੂਰੀ ਕਰਨ ਤੇ ਨਗਰ ਕੌਂਸਲ ਪਾਰਕ 'ਚ ਕਰੋੜਾਂ ਦੀ ਲਾਗਤ ਨਾਲ ਸਥਾਪਤ ਕੀਤੀ ਅਧੁਨਿਕ ਲਾਇਬ੍ਰੇਰੀ 'ਚ ਸਟਾਫ਼ ਤਾਇਨਾਤ ਕਰਕੇ ਜਲਦੀ ਚਾਲੂ ਕਰਨ ਦੀ ਮੰਗ ਕਰਦਿਆਂ ਡਿਪਟੀ ਕਮਿਸ਼ਨਰ ਸੰਗਰੂਰ ਵੱਲੋਂ ਵੱਖ-ਵੱਖ ਵਿਭਾਗਾਂ ਨੂੰ ਭੇਜੇ ਗਏ ਪੱਤਰ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ, ਜਿਸ ਵਿੱਚ ਉਨ੍ਹਾਂ ਵੱਲੋਂ ਸਰਕਾਰੀ ਤੇ ਅਰਧ ਸਰਕਾਰੀ ਦਫ਼ਤਰਾਂ 'ਚ ਕੰਮ ਕਾਜ ਕਰਾਉਣ ਜਾਣ ਵਾਲੇ ਸੀਨੀਅਰ ਸਿਟੀਜਨਾਂ ਨੂੰ ਪਹਿਲ ਅਤੇ ਸਤਿਕਾਰ ਦੇਣ ਦੀ ਹਦਾਇਤ ਕੀਤੀ ਗਈ ਹੈ।



# ਮੇਜਰ ਸਿੰਘ ਵਿਰਦੀ ਨਮਿਤ ਅੰਤਮ ਅਰਦਾਸ 10 ਨੂੰ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)** ਸੀਨੀਅਰ ਪੱਤਰਕਾਰ ਤੇ ਸਾਬਕਾ ਨਗਰ ਕੌਂਸਲਰ ਗੁਰਮੇਲ ਸਿੰਘ ਵਿਰਦੀ ਤੇ ਸੁਖਪਾਲ ਸਿੰਘ ਵਿਰਦੀ ਦੇ ਪਰਵਾਰ ਨੂੰ ਉਸ ਸਮੇਂ ਗਹਿਰਾ ਸਦਮਾ ਲੱਗਾ, ਜਦੋਂ ਉਨ੍ਹਾਂ ਦੇ ਪਿਤਾ ਮੇਜਰ ਸਿੰਘ ਵਿਰਦੀ ਪ੍ਰਸਿੱਧ ਟਰੈਕਟਰ ਮਕੈਨਿਕ ਸੰਖੇਪ ਜਿਹੀ ਬਿਮਾਰੀ ਉਪਰੰਤ ਅਕਾਲ ਚਲਾਣਾ ਕਰ ਗਏ ਸਨ। ਇਸ ਮੌਕੇ ਵੱਖ-ਵੱਖ ਰਾਜਨੀਤਕ, ਧਾਰਮਿਕ, ਸਮਾਜਿਕ ਤੇ ਵਪਾਰਕ ਸੰਗਠਨਾਂ ਦੇ ਆਗੂਆਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ, ਜਿਨ੍ਹਾਂ ਵਿੱਚ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ, ਭਾਜਪਾ ਦੇ ਸੀਨੀਅਰ ਆਗੂ ਜਗਦੀਪ ਸਿੰਘ ਨਕਈ, ਹਲਕਾ ਵਿਧਾਇਕ ਬਲਕਾਰ ਸਿੰਘ ਸਿੱਧੂ, ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ, ਭਾਜਪਾ ਦਿਹਾਤੀ ਦੇ ਜ਼ਿਲ੍ਹਾ ਪ੍ਰਧਾਨ ਗੁਰਪ੍ਰੀਤ ਸਿੰਘ ਮਲੂਕਾ, ਅਕਾਲੀ ਆਗੂ ਹਰਿੰਦਰ ਸਿੰਘ ਮਹਿਰਾਜ, ਐਸ.ਪੀ. ਰਮਨਦੀਪ ਸਿੰਘ ਮਾਨ ਪਟਿਆਲਾ, ਸਿਹਤ ਵਿਭਾਗ ਦੇ ਬਲਾਕ ਐਜੂਕੇਟਰ ਮਹੇਸ਼ ਸ਼ਰਮਾ, ਸਾਬਕਾ ਡੀ.ਐਸ.ਪੀ. ਗੁਰਜੀਤ ਸਿੰਘ ਰੋਮਾਣਾ, ਥਾਣਾ ਮੁਖੀ ਬੂਟਾ ਸਿੰਘ, ਟਰਾਂਸਪੋਟਰ ਨਿਰਮਲ ਸਿੰਘ ਬੁਰਜ ਗਿੱਲ, ਸ਼੍ਰੋਮਣੀ ਕਮੇਟੀ ਮੈਂਬਰ ਮੇਜ਼ਰ ਸਿੰਘ ਢਿੱਲੋਂ, ਜਥੇਦਾਰ ਸਿੰਘ ਸਤਿਨਾਮ ਸਿੰਘ ਭਾਈਰੂਪਾ, ਅਸ਼ੋਕ ਅਰੋੜਾ, ਅਕਾਲੀ ਆਗੂ ਚੰਦ ਸਿੰਘ ਸਿੱਧੂ, ਸੁਰਿੰਦਰ ਜੌੜਾ, ਸੱਤਪਾਲ ਗਰਗ, ਗੁਰਮੇਲ ਸਿੰਘ ਢੱਲਾ, ਕੈਨੇਡਾ ਨਿਵਾਸੀ ਪ੍ਰਮੇਸ਼ਵਰਜੀਤ ਸਿੰਘ ਵਿੱਕੀ ਢਿੱਲੋਂ, ਮੇਜਰ ਸਿੰਘ ਜੀ ਐਸ, ਰਾਜਾ ਸਿੰਘ ਮਹਿਰਾਜ, ਗਿਆਨੀ ਜਗਜੀਤ ਸਿੰਘ, ਕਰਮਜੀਤ ਸਿੰਘ ਖਾਲਸਾ, ਸੁਰੇਸ਼ ਕੁਮਾਰ ਲੀਲਾ, ਸੰਜੀਵ ਢੀਂਗਰਾ ਟੀਨਾ, ਬੀਡੀਪੀਓ ਸੁਖਵਿੰਦਰ ਸਿੰਘ ਸਿੱਧੂ ਸਮੇਤ ਸਮੂਹ ਪੱਤਰਕਾਰ ਭਾਈਚਾਰਾ ਸ਼ਾਮਲ ਹੈ। ਸਵ: ਮੇਜਰ ਸਿੰਘ ਨਮਿਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦਾ ਭੋਗ 10 ਅਗਸਤ ਨੂੰ ਬਾਅਦ ਦੁਪਹਿਰ 1 ਵਜੇ ਵੱਡਾ ਗੁਰੂਦੁਆਰਾ ਸਾਹਿਬ , ਨੇੜੇ ਸਿਵਲ ਹਸਪਤਾਲ, ਫੈਕਟਰੀ ਰੋਡ ਵਿਖੇ ਪਾਏ ਜਾਣਗੇ।



7- August - Page - 7-Advt-25.qxd 8/6/2025 10:50 PM Page 1



# ਕਾਮਰੇਡ ਰਾਮ ਲਾਲ ਚੱਕ ਗੁਰੂ ਨੂੰ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂਆਂ ਵੱਲੋਂ ਸ਼ਰਧਾਂਜਲੀਆਂ

## * ਪਾਰਟੀ ਤੇ ਖੇਤ ਮਜ਼ਦੂਰ ਸਭਾ ਨੂੰ ਬਹੁਤ ਘਾਟਾ ਪਿਆ : ਗੋਰੀਆ

**ਬੰਗਾ (ਅਵਤਾਰ ਕਲੇਰ)**-ਭਾਰਤੀ ਕਮਿਊਨਿਸਟ ਪਾਰਟੀ ਦੇ ਆਗੂ, ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਕਾਮਰੇਡ ਰਾਮ ਲਾਲ ਚੱਕ ਗੁਰੂ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ। ਬੁੱਧਵਾਰ ਉਹਨਾ ਨਮਿਤ ਸ਼ਰਧਾਂਜਲੀ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਚੱਕ ਗੁਰੂ ਵਿਖੇ ਕਰਵਾਇਆ ਗਿਆ। ਸੁਖਮਨੀ ਸਾਹਿਬ ਦੇ ਭੋਗ ਪਾਏ ਗਏ।



ਸੰਤ ਜੀਤ ਰਾਮ ਮਾਹਲ ਗਹਿਲਾਂ ਵੱਲੋਂ ਸੰਗਤਾਂ ਨੂੰ ਕੀਰਤਨ ਅਤੇ ਪ੍ਰਵਚਨਾਂ ਨਾਲ ਨਿਹਾਲ ਕੀਤਾ ਗਿਆ। ਉਪਰੰਤ ਵੱਖ-ਵੱਖ ਰਾਜਨੀਤਕ ਪਾਰਟੀਆਂ ਦੇ ਆਗੂਆਂ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ, ਪੰਜਾਬ ਖੇਤ ਮਜ਼ਦੂਰ ਸਭਾ ਦੇ ਜਨਰਲ ਸਕੱਤਰ ਦੇਵੀ ਕੁਮਾਰੀ ਸਰਹਾਲੀ ਕਲਾਂ, ਚੌਧਰੀ ਤਰਲੋਚਨ ਸਿੰਘ ਸੂੰਢ ਸਾਬਕਾ ਵਿਧਾਇਕ ਬੰਗਾ, ਕਮਲਜੀਤ ਬੰਗਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਆਮ ਆਦਮੀ ਪਾਰਟੀ ਦੇ ਆਗੂ ਹਰਜੋਤ ਕੌਰ ਲੋਹਟੀਆ, ਬਸਪਾ ਆਗੂ ਪ੍ਰਵੀਨ ਬੰਗਾ, ਮੁਲਾਜ਼ਮ ਆਗੂ ਰਾਮ ਕਿਸ਼ਨ ਪੱਲੀ ਝਿੱਕੀ, ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਨਰੰਜਣ ਦਾਸ ਮੇਹਲੀ, ਰਜਿੰਦਰ ਸ਼ਰਮਾ, ਪਰਮਿੰਦਰ ਮੇਨਕਾ ਤਹਿਸੀਲ ਸਕੱਤਰ ਬਲਾਚੌਰ, ਸੀ ਪੀ ਆਈ ਦੇ ਜ਼ਿਲ੍ਹਾ ਮੀਤ ਸਕੱਤਰ ਜਸਵਿੰਦਰ ਸਿੰਘ ਭੰਗਲ, ਮਨੋਹਰ ਲਾਲ ਬਹਿਰਾਮ, ਇਸਤਰੀ ਸਭਾ ਦੇ ਜ਼ਿਲ੍ਹਾ ਪ੍ਰਧਾਨ ਗੁਰਬਖਸ਼ ਕੌਰ ਰਾਹੋਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਕਾਮਰੇਡ ਰਾਮ ਲਾਲ ਚੱਕ ਗੁਰੂ ਨੇ ਸਾਰੀ ਉਮਰ ਗਰੀਬਾਂ ਦੇ ਲੇਖੇ ਲਾਈ। ਉਹਨਾ ਮਨਰੇਗਾ ਮਜ਼ਦੂਰਾਂ, ਉਸਾਰੀ ਕਿਰਤੀਆਂ, ਗਰੀਬ ਬੱਚਿਆਂ ਨੂੰ ਵਜ਼ੀਫੇ ਅਤੇ ਔਰਤਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕੀਤੀ। ਅੱਜ ਦੇਸ਼ ਦੇ ਅੰਦਰ ਫਿਰਕਾਪ੍ਰਸਤੀ, ਬੇਰੁਜ਼ਗਾਰੀ ਅਤੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਕਾਰਪੋਰੇਟ ਘਰਾਣੇ ਗਰੀਬਾਂ ਨੂੰ ਲੁੱਟ ਰਹੇ ਹਨ। ਅਮੀਰੀ ਅਤੇ ਗਰੀਬੀ ਦਾ ਫਾਸਲਾ ਵਧ ਰਿਹਾ ਹੈ। ਘੱਟ ਗਿਣਤੀਆਂ ਆਪਣੇ-ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੀਆਂ ਹਨ। ਇਹਨਾਂ ਹਲਾਤਾਂ 'ਚ ਕਾਮਰੇਡ ਰਾਮ ਲਾਲ ਦਾ ਇਸ ਦੁਨੀਆ ਤੋਂ ਚਲੇ ਜਾਣਾ ਦੁੱਖਦਾਈ ਹੈ। ਬੁਲਾਰਿਆਂ ਕਿਹਾ ਕਿ ਕਾਮਰੇਡ ਰਾਮ ਲਾਲ ਨੂੰ ਇਹੋ ਹੀ ਸੱਚੀ ਸ਼ਰਧਾਂਜਲੀ ਹੋਵੇਗੀ ਕਿ ਉਹਨਾ ਦੇ ਅਧੂਰੇ ਕਾਰਜਾਂ ਨੂੰ ਪੂਰਾ ਕੀਤਾ ਜਾਵੇ।

ਇਸ ਮੌਕੇ ਗੁਰਮੁੱਖ ਸਿੰਘ ਫਰਾਲਾ, ਅਮਰਜੀਤ ਮੇਹਲੀ, ਸ਼ੀਲਾ ਰਾਣੀ ਮੇਹਲੀ, ਕਿਸ਼ੋਰੀ ਲਾਲ ਸਰਪੰਚ ਚੱਕ ਗੁਰੂ, ਰਾਜ ਕੁਮਾਰ, ਪਰਸ਼ੋਤਮ ਲਾਲ, ਜਸਕਰਨ ਕੌਲ, ਰੇਸ਼ਮ ਕੌਰ, ਚਰਨਜੀਤ ਕੌਰ, ਅਮਰਜੀਤ ਕੌਰ, ਰਾਮ ਲਾਲ, ਜਰਨੈਲ ਸਿੰਘ ਪਨਾਮ, ਰਾਮਜੀ ਦਾਸ ਨਵਾਂ ਸ਼ਹਿਰ, ਨਰਿੰਦਰ ਬੁਰਜ, ਅਮਰਜੀਤ ਕਲਸੀ, ਰਿੰਪੀ ਬੁਰਜ, ਸੁਖਦੇਵ ਮੱਲ੍ਹਾ ਸੰਮਤੀ ਮੈਂਬਰ, ਧਰਮਪਾਲ ਸਿਆਣਾ, ਰਾਣਾ ਪਦਮ, ਸਰਬਜੀਤ ਬਲਾਚੌਰ, ਜਸਵਿੰਦਰ ਰਾਹੋਂ, ਗੁਰਿੰਦਰ ਰਾਹੋਂ, ਸੰਤੋਖ ਰਾਹੋਂ, ਸੀਤਾ ਰਾਣੀ ਫਰਾਲਾ ਤੋਂ ਇਲਾਵਾ ਰਿਸ਼ਤੇਦਾਰ ਤੇ ਪਤਵੰਤੇ ਹਾਜ਼ਰ ਸਨ।


### NOTICE TO APPEAR/ATTEND PROCEEDINGS OF DLM&SFC-LDH

Through this Publication this is for Constructive Notice for respondent **M/S MARSHALL MACHINES LIMITED** having registered office at **C-86, PHASE-V, FOCAL POINT, LUDHIANA, PUNJAB-141010** to appear in person or through authorized representative before the District Level Micro & Small facilitation Council Ludhiana, District Industries Centre, Ludhiana on Dated **07.08.2025** regarding claim reference petition submitted by claimant **M/S ARVINDER INDUSTRIES** U/s 18(1) of MSMED Act 2006 bearing reference: **MSEFC/DIC/03/23/2559.** If respondent still fails or omits to appear as above then arbitration proceedings shall be conducted as per section 23 & 25 of Arbitration and Conciliation Act and award shall also be passed on the basis of evidence before it.

Member Secretary cum General Manager, District Industries Centre, Industrial Estate, Ludhiana
Ph. No. 0161-2540695, E-mail:dicludhiana5@gmail.com, Ludhiana.msefc@gmail.com

### ਕੋਰਟ ਨੋਟਿਸ, ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ V/S ਆਮ ਜਨਤਾ



**ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।**

ਬਿਨੈਕਾਰ ਦਾ ਨਾਮ : **ਕਰਨੈਲ ਸਿੰਘ** ਪਿਤਾ/ਪਤੀ ਦਾ ਨਾਮ : **ਗੁਲਵੰਤ ਸਿੰਘ**

ਪਤਾ: Dana Mandi Road Nurmahal The Phillaur Distt Jalandhar, Tehsil - Sub-Tehsil-Nurmahal/ District - Jalandhar, Punjab

ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਆਪਣੀ ਪੁੱਤਰੀ ਦੇ ਲਈ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ।

ਨਾਮ : **ਕੁਲਜੀਤ ਕੌਰ** ਪੱਕਾ ਪਤਾ: Dana Mandi Road Nurmahal The Phillaur Distt Jalandhar, Sub-Tehsil-Nurmahal, Jalandhar, Punjab

ਉਮਰ/ਜਨਮ ਮਿਤੀ : 28 (06-08-1996)

ਬਿਨੈਕਾਰ ਨੇ ਕਿਹਾ ਹੈ ਕਿ ਉਸਦਾ ਭਾਰਤ ਵਿੱਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।

ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣੀ ਇਤਰਾਜ਼ (ਸ਼ਿਕਾਇਤ)ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।

ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ **04-08-2025** ਨੂੰ ਜਾਰੀ ਹੋਇਆ।

**ਨੰਬਰ 68/ਨੰਬਰ/ਰੀਡਰ** **ਮਿਤੀ 04-08-2025** **ਜ਼ਿਲ੍ਹਾ ਮੈਰਿਜ ਅਫ਼ਸਰ,ਜਲੰਧਰ,ਪੰਜਾਬ,ਭਾਰਤ**

### ਉੱਤਰ ਰੇਲਵੇ

**ਈ-ਟੈਂਡਰ ਸੂਚਨਾ**

ਸੀਨੀਅਰ ਮੰਡਅ ਸਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉੱਤਰ ਰੇਲਵੇ, ਫਿਰੋਜ਼ਪੁਰ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਟੈਂਡਰ ਨੰ: 433-ਸਿੰਗ-ਟੀ-23-25-26 ਈ-ਟੈਂਡਰਿੰਗ ਦੁਆਰਾ ਤੋਂ ਮਿਤੀ 27.08.2025 ਨੂੰ 15.00 ਵਜੇ ਤਕ ਵਿਵਬਤਯੇਮਮਮ।ਜਗਕਬਤ।ਪਰਡ।ਜਮ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਣੀ ਟੈਂਡਰਾਂ ਅਸਲੀ/ਸੰਸ਼ੋਧਿਤ ਨਿਸ਼ਚਿਤ ਕੀਤੇ ਗਏ ਸਮੇਂ ਅਤੇ ਮਿਤੀ ਤਕ ਜ਼ਰੂਰ ਜਮਾਂ ਕਰਵਾਏ। ਇਸ ਟੈਂਡਰ ਦੇ ਤਹਿਤ ਮੈਨੂਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ। ਠੇਕੇਦਾਰਾਂ ਦੁਵਾਰਾ ਟੈਂਡਰ ਡਾਕਯੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਸ ਤਰ੍ਹਾਂ ਕਿ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਆਦਿ ਦੁਵਾਰਾ ਹੀ ਸਵੀਕਾਰ ਕੀਤੀ ਜਾਵੇਗੀ ਇਸਦੇ ਅਤਿਰਿਕਤ ਡਿਮਾਂਡ ਡਰਾਫਟ, ਬੈਂਕਰ ਚੈਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਦੁਵਾਰਾ ਜਮਾਂ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ। ਐਨਆਈਟੀ।

| | | | |
|---|---|---|---|
| ਕੰਮ ਦਾ ਨਾਮ | (i) ਫਿਰੋਜ਼ਪੁਰ ਡਵੀਜਨ ਵਿਚ ਧਾਤੂ ਪੁਲਾਂ ਉਤੇ ਦੋਹਰੀ ਐਸਐਸਡੀਏਸੀ ਦਾ ਪ੍ਰਾਵਧਾਨ। (ii) ਸਾਨੇਹਵਾਲ-ਜਲੰਧਰ ਸਿਟੀ ਸੈਕਸ਼ਨ ਉਤੇ ਟੀਵੀਯੂ 78912 ਵਾਲੇ ਕਿਲੋਮੀਟਰ 398 / 970 ਉਤੇ ਐਲਸੀ ਨੰਬਰ ਐਸ-84 ਦੀ ਜਗ੍ਹਾਂ ਉਤੇ ਬੀਰੂਟ ਵੰਦੇ ਭਾਰਤ ਉਤੇ ਸੀਮਿਤ ਉਚਾਈ ਵਾਲੇ ਸਬਵੇ (5x5.0 ਮੀਟਰ) ਦੇ ਆਂਤਰਿਕ ਆਕਾਰ ਦੇ ਨਿਰਮਾਣ ਦੇ ਸਬੰਧ ਵਿਚ ਐਸਐਂਡਟੀ ਕੰਮ। | | |
| ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ | (i) 27.08.2025 15:00 (ii) 29.08.2025 15:00 | ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ | 05.08.2025 13:58 |
| ਅਨੁਮਾਨਿਤ ਕੀਮਤ | (i) 14672959.90 (ii) 3548738.80 | ਬਿਡਿੰਗ ਸ਼ੁਰੂ ਦੀ ਮਿਤੀ (ਆਈ.ਆਰ.ਈ.ਪੀ.ਐਸ) | (i) 13.08.2025 (ii) 15.08.2025 |
| ਬਿਆਨਾ ਰਾਸ਼ੀ (ਰੁ:) | (i) 223400.00 (ii) 71000.00 | ਕੰਮ ਪੂਰਾ ਕਰਨ ਦਾ ਸਮਾਂ | (i) 12 ਮਹੀਨੇ (ii) 6 ਮਹੀਨੇ |
| ਨੋਟ: | ਟੈਂਡਰਕਰਤਾ ਨਿਯਮਿਤ ਰੂਪ ਤੋਂ ਵੈੱਬਸਾਈਟ ਦੇ ਸੰਪਰਕ ਵਿਚ ਰਹਿਕੇ ਟੈਂਡਰ ਸੰਸ਼ੋਧਨਾਂ, ਸ਼ੁੱਧੀਪੱਤਰ ਆਦਿ ਬਾਰੇ ਵਿਚ ਖੁਦ ਨੂੰ ਅਪਡੇਟ ਰੱਖੋ। | | |

ਟੈਂਡਰ ਸੂਚਨਾ ਨੰ: 433-ਸਿਗ-ਟੀ-23-25-26 ਮਿਤੀ : 05.08.2025
ਬੰਦ ਹੋਣ ਦੀ ਮਿਤੀ/ਸਮਾਂ ਨੂੰ 27.08.2025 15:00 2388/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

### Capital Small Finance Bank

**Capital Small Finance Bank Limited**
**H.O: MIDAS Corporate Park, 3rd Floor, 37 G.T. Road, Jalandhar City**

**ਜਾਇਦਾਦ ਵਿਕਰੀ ਸੂਚਨਾ**

[illegible]

ਖਾਤੇ ਦਾ ਨਾਮ : 1. ਕਿਰਨਜੀਤ ਕੌਰ ਪਤਨੀ ਹਰਜੀਵਨ ਸਿੰਘ, ਵਾਸੀ ਮਕਾਨ ਨੰ. 179, ਕੋਟ ਈਸੇ ਖਾਂ ਰੋਡ, ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ-142047 (ਕਰਜ਼ਦਾਰ) 2. ਹਰਜੀਵਨ ਸਿੰਘ [illegible] ਵਾਰਡ ਨੰ. 6, ਕੋਟ ਈਸੇ ਖਾਂ ਰੋਡ, ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ-142047 (ਕਰਜ਼ਦਾਰ) 3. ਨਿਸ਼ਾਨ ਸਿੰਘ [illegible] ਮਕਾਨ ਨੰ. 77, [illegible] ਜ਼ੀਰਾ, ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ-142047 (ਗਰੰਟਰ)

ਬਕਾਇਆ ਰਕਮ ਐੱਚ ਐੱਲ/128611000012 :1, ਰੁ. 24,02,328/- (ਅਤੇ 01.08.2025 ਤੋਂ ਭਵਿੱਖੀ ਵਿਆਜ)

[illegible]

ਸਥਾਨ : ਜਲੰਧਰ ਮਿਤੀ : 06.08.2025 ਅਧਿਕਾਰਤ ਅਫਸਰ

### PUNJAB NATIONAL BANK

**Branch Office:- BAREWAL AWANA, DISTT. LUDHIANA**

**ਲਾਕਰ ਨੋਟਿਸ**

ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠ ਦਰਸਾਏ ਵਿਅਕਤੀਆਂ ਨੇ ਬੈਂਕ ਤੋਂ ਲਾਕਰ ਸਹੂਲਤ ਪ੍ਰਾਪਤ ਕੀਤੀ ਹੈ।

| ਲੜੀ ਨੰ. | ਲਾਕਰ ਨੰ. | ਗ੍ਰਾਹਕ ਦਾ ਨਾਮ | ਪਤਾ | ਬਕਾਇਆ ਰਕਮ | ਤੋਂ ਬਕਾਇਆ ਰਕਮ |
|---|---|---|---|---|---|
| 1. | 320 | ਸੁਨੀਤਾ ਰਾਣੀ ਪਤਨੀ ਜਗਦੀਸ਼ ਰਾਮ | ਪਤਾ : 35-41, ਵਾਰਡ ਨੰ. 1, ਰਾਜੇਕੋਟ 141109 | Rs. 11555/- ਕੇਵਲ | 21.10.2021 |
| 2. | 49 | ਨਰਸਿੰਘ ਲਾਲ ਗੁਲਾਟੀ ਅਤੇ ਕ੍ਰਿਸ਼ਨਾ ਗੁਲਾਟੀ | ਐੱਚ ਈ-107, ਹਾਊਸਿੰਗ ਬੋਰਡ ਕਲੋਨੀ, ਫਿਰੋਜ਼ਪੁਰ ਰੋਡ, ਲੁਧਿਆਣਾ 141001 | Rs. 18680/- ਕੇਵਲ | 04.05.2020 |
| 3. | 479 | ਉਦੇ ਵੀਰ ਸਿੰਘ ਸਿੱਧੂ ਪੁੱਤਰ ਸੁਖਜੀਤ ਸਿੰਘ | ਮਕਾਨ ਨੰ. 14 ਐੱਚ ਐੱਚ, ਐੱਮ ਆਈ ਜੀ ਫਲੈਟਸ, ਰਾਣੀ ਝਾਂਸੀ ਰੋਡ, ਲੁਧਿਆਣਾ-141001 | Rs. 9815/- ਕੇਵਲ | 30.05.2021 |

[illegible]

ਮਿਤੀ : 06.08.2025 ਸਥਾਨ : ਲੁਧਿਆਣਾ ਅਧਿਕਾਰਤ ਅਫਸਰ

### Public Notice

I, Kamla Devi W/o Mahinder Pal R/o H.No. E.S. 393, Street No. 6, Mohalla Abadapura, Jalandhar declare that my son Amandeep & his wife Amrozia are out of my control. I disinherit them from my movable and immovable properties. I and my family shall not be held responsible for any of their acts deeds and things. All please note.

### Public Notice

This is to inform and seek objections, if any, from general Public that Cholamandalam Investment and Finance company Limited 20, Panesar Complex Near Vishal Mega Mart, GT Road Jalandhar 144001 has Sanctioned Loan against Property to Mr. Gurpreet Singh Budhiraja s/o Kishan Singh against the property i.e Property measuring 08 Marla, at Wakia Rakaba Bhogpur, Jalandhar, Khasra No. 192/2, bounded as East:- Way, West:- Other, North:-Street and South:- Radha Rani, in situated at Tehsil Bhogpur and District Jalandhar That sale deed Regd No. 1258 dated 31/12/2001 registered in the c/o Joint Sub registrar, Bhogpurexecuted by Balwinder Singh S/o Darshan Singh in favor of Radha Rani w/o Kishan Singh of the above mentioned property was Lost. That a DDR/L R No. 616465/2025 dt 06-08-2025 had been lodged in Police Station, Bhogpur regarding the lost of the said sale deed. That in case any person having any claim, right, title, or interest in the above said property in any manner what so ever by way of sale, gift, lease, inheritance, exchange, mortgage, charge, lien, trust, possession easement attachment or otherwise how so ever, Shall bring the same to the notice of the undersigned in writing with supporting document/evidence with in a period of 7 days from the date of this notice failing which such claim if any, shall be considered to be waived, abandoned and it shall be presumed that no person has any claim of any nature in respect of the above said lands and any subsequent claim shall not bind our clients their successors/nominee/assigners in any manner what so ever. Advocate Vikas Sood, Chamber no.84, New Courts, Jalandhar-98140-94356.

### COURT NOTICE

(U/o 5 Rule 20 CPC)
In The Court of
**Sh. Sandeep Kumar Singla**
Principal Judge Family Court, Patiala
CNR No. PBPT01-004748-2025
Next Date :- 21-08-2025
Manpreet Kaur
Vs.
Vijay Kumar

Publication Issued to :Vijay Kumar S/o Pritam Singh R/o Vill. Padiala, Ward No. 8, Kurali, SAS Nagar, Mohali

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 21-08-2025 at 10:00 a.m.

For details logon to https://highcourtchd.gov.in/? mod= district_ notice&district=patiala

Principal Judge , Family Court, Patiala
Dated, this day of 31-07-2025

### ਅਦਾਲਤੀ ਇਸ਼ਤਿਹਾਰ

ਬ-ਅਦਾਲਤ ਸ੍ਰੀ ਜਗਜੀਤ ਮਿੱਤਲ ਤਹਿਸੀਲਦਾਰ ਜਲੰਧਰ-1

[illegible]

ਸਹੀ/- ਤਹਿਸੀਲਦਾਰ ਜਲੰਧਰ-1
ਨੰਬਰ 169 /ਰੀਡਰ ਮਿਤੀ 6-8-25


# ਕਲਾਸੀਫਾਈਡ ਇਸ਼ਤਿਹਾਰ


## ਆਮ ਸੂਚਨਾ

ਟਿਊਬਵੈੱਲ ਕੁਨੈਕਸ਼ਨ ਨੰਬਰ ਜੇ2-ਏ ਪੀ 1062/ 5 ਬੀ ਐੱਚ ਪੀ ਚਰਨਜੀਤ ਕੌਰ ਪਤਨੀ ਹਰਬਲਵਿੰਦਰ ਸਿੰਘ ਵਾਕਿਆ ਪਿੰਡ ਸਾਹਪੁਰ ਜਾਜਨ ਤਹਿਸੀਲ ਡੇਰਾ ਬਾਬਾ ਨਾਨਕ ਹਾਲ ਵਾਸੀ ਭੋਲੇਕੇ ਤਹਿਸੀਲ ਫਤਿਹਗੜ੍ਹ ਚੂੜੀਆਂ ਜ਼ਿਲ੍ਹਾ ਗੁਰਦਾਸਪੁਰ ਦੇ ਨਾਂਅ ਚੱਲਦਾ ਸਮੇਤ ਜ਼ਮੀਨ ਜਸਬੀਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਪਿੰਡ ਉਦੋਵਾਲੀ ਕਲਾਂ ਨੇ ਖਰੀਦ ਲਿਆ ਹੈ। ਉਕਤ ਕਨੈਕਸ਼ਨ ਚਰਨਜੀਤ ਕੌਰ ਦੇ ਨਾਮ ਤੋਂ ਬਦਲੀ ਹੋਕੇ ਜਸਬੀਰ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਉਦੋਵਾਲੀ ਕਲਾਂ ਦੇ ਨਾਂਅ ਹੋਣ ਜਾ ਰਿਹਾ ਹੈ। ਇਸ ਸੰਬੰਧੀ ਇਤਰਾਜ਼ 15 ਦਿਨਾਂ ਅੰਦਰ ਐੱਸ ਡੀ ਓ ਪਾਵਰਕਾਮ ਡੇਰਾ ਬਾਬਾ ਨਾਨਕ ਨੂੰ ਪੇਸ਼ ਕਰੋ।

ਟਿਊਬਵੈੱਲ ਕੁਨੈਕਸ਼ਨ ਨੰਬਰ ਐੱਸ 1-766 / 5 ਬੀ ਐੱਚ ਪੀ ਪਰਮਜੀਤ ਕੌਰ ਵਿਧਵਾ ਹਰਭਜਨ ਸਿੰਘ ਵਾਸੀ ਪਿੰਡ ਰੱਤਾ ਵਾਕਿਆ ਪਿੰਡ ਸਾਹਪੁਰ ਜਾਜਨ ਤਹਿਸੀਲ ਡੇਰਾ ਬਾਬਾ ਨਾਨਕ ਹਾਲ ਵਾਸੀ ਬੀ-53 /1070 ਨਵਰੂਪ ਨਗਰ ਬਟਾਲਾ ਜ਼ਿਲ੍ਹਾ ਗੁਰਦਾਸਪੁਰ ਦੇ ਨਾਂਅ ਚੱਲਦਾ ਸਮੇਤ ਜ਼ਮੀਨ ਗੁਰਜੀਤ ਕੌਰ ਪਤਨੀ ਜਸਬੀਰ ਸਿੰਘ ਵਾਸੀ ਪਿੰਡ ਉਦੋਵਾਲੀ ਕਲਾਂ ਨੇ ਖਰੀਦ ਲਿਆ ਹੈ। ਉਕਤ ਕਨੈਕਸ਼ਨ ਪਰਮਜੀਤ ਕੌਰ ਦੇ ਨਾਮ ਤੋਂ ਬਦਲੀ ਹੋ ਕੇ ਗੁਰਜੀਤ ਕੌਰ ਪਤਨੀ ਜਸਬੀਰ ਕੌਰ ਵਾਸੀ ਉਦੋਵਾਲੀ ਕਲਾਂ ਦੇ ਨਾਂਅ ਹੋਣ ਜਾ ਰਿਹਾ ਹੈ। ਇਸ ਸੰਬੰਧੀ ਇਤਰਾਜ਼ 15 ਦਿਨਾਂ ਅੰਦਰ ਐੱਸ ਡੀ ਓ ਪਾਵਰਕਾਮ ਡੇਰਾ ਬਾਬਾ ਨਾਨਕ ਨੂੰ ਪੇਸ਼ ਕਰੋ।

ਮੈਂ, ਕਰਮਜੀਤ ਸਿੰਘ ਢਿੱਲੋਂ ਪੁੱਤਰ ਕਪੂਰ ਸਿੰਘ ਵਾਸੀ ਮਕਾਨ ਨੰਬਰ 69- ਏ, ਰਾਣੀ ਕਾ ਬਾਗ ਅੰਮ੍ਰਿਤਸਰ-1, ਤਹਿਸੀਲ ਤੇ ਜ਼ਿਲ੍ਹਾ ਅੰਮ੍ਰਿਤਸਰ। ਮੈ ਜ਼ਮੀਨ ਸਮੇਤ ਟਿਊਬਵੈਲ ਕੁਨੈਕਸ਼ਨ ਖਾਤਾ ਨੰਬਰ AP31/1314X, 12.5 BHP ਮਨਜੀਤ ਕੌਰ ਅਤੇ ਬਲਜੀਤ ਕੌਰ ਨੂੰ ਟਿਊਬਵੈੱਲ ਕੁਨੈਕਸ਼ਨ ਤੇ ਜ਼ਮੀਨ ਦਾ ਕਬਜ਼ਾ ਦੇ ਦਿੱਤਾ ਹੈ। ਇਹ ਆਪਣੇ ਨਾਂਅ ਤੇ ਕਰਵਾ ਕੇ ਆਪਣੀ ਮਾਲਕੀ ਦੀ ਜ਼ਮੀਨ ਵਿੱਚ ਸਿਫਟ ਕਰਵਾ ਲੈਣ, ਤਾਂ ਮੈਨੂੰ ਕੋਈ ਵੀ ਇਤਰਾਜ਼ ਨਹੀ ਹੋਵੇਗਾ। ਜੇਕਰ ਕਿਸੇ ਨੂੰ ਵੀ ਇਤਰਾਜ਼ ਹੋਵੇ ਉਹ 7 ਦਿਨਾਂ ਦੇ ਅੰਦਰ ਇਤਰਾਜ਼ ਜਤਾ ਸਕਦਾ ਹੈ।

ਮੈਂ, ਕੁਲਵਿੰਦਰ ਕੌਰ ਪਤਨੀ ਗੁਰਜੀਤ ਸਿੰਘ ਵਾਸੀ ਤਰਨ ਤਾਰਨ ਰੋਡ, ਪਿੰਡ ਵਰਪਾਲ, ਤਹਿਸੀਲ/ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੀ ਜ਼ਮੀਨ, ਜੋ ਪਿੰਡ ਕੰਮੋਕੇ ਵਿਖੇ ਹੈ, ਉਸ ਦੀ ਜਮ੍ਹਾਂਬੰਦੀ/ਰੈਵੀਨਿਊ ਰਿਕਾਰਡ ਵਿੱਚ ਮੇਰਾ ਨਾਂਅ ਗਲਤੀ ਨਾਲ ਅਕਵਿੰਦਰ ਕੌਰ ਪੁੱਤਰੀ ਕਸ਼ਮੀਰ ਸਿੰਘ ਲਿਖਿਆ ਗਿਆ ਹੈ, ਜਦਕਿ ਮੇਰਾ ਸਹੀ ਨਾਂਅ ਕੁਲਵਿੰਦਰ ਕੌਰ ਹੈ। ਜੇ ਕਿਸੇ ਨੂੰ ਇਸ ਸੰਬੰਧੀ ਕੋਈ ਇਤਰਾਜ਼ ਹੋਵੇ ਤਾਂ ਉਹ ਤਹਿਸੀਲਦਾਰ ਬਾਬਾ ਬਕਾਲਾ ਸਾਹਿਬ ਦੇ ਦਫਤਰ ਵਿਖੇ ਸੰਪਰਕ ਕਰ ਸਕਦਾ ਹੈ।

ਮੈਂ, ਜਗਜੀਤ ਕੌਰ ਪਤਨੀ ਸ੍ਰ. ਨਰਿੰਦਰ ਸਿੰਘ ਵਾਸੀ ਮਕਾਨ ਨੰ: 138, ਗਲੀ ਨੰ: 09 ਸਾਹਿਬਜ਼ਾਦਾ ਜੁਝਾਰ ਸਿੰਘ ਐਵੀਨਿਊ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੈਂ ਆਪਣੀ ਲੜਕੀ ਰੁਪਿੰਦਰ ਕੌਰ ਨੂੰ ਆਪਣੇ ਕਹਿਣੇ ਵਿੱਚ ਨਾ ਹੋਣ ਕਰਕੇ ਬੇਦਖਲ ਕੀਤਾ ਹੋਇਆ ਸੀ। ਮੇਰੀ ਲੜਕੀ ਰੁਪਿੰਦਰ ਕੌਰ ਹੁਣ ਮੇਰੇ ਕਹਿਣੇ ਵਿੱਚ ਹੈ। ਅੱਜ ਤੋਂ ਰੁਪਿੰਦਰ ਕੌਰ ਮੇਰੀ ਚੱਲ-ਅਚੱਲ ਜਾਇਦਾਦ ਦੀ ਹੱਕਦਾਰ ਹੋਵੇਗੀ। ਮੈਂ ਆਪਣੀ ਲੜਕੀ ਰੁਪਿੰਦਰ ਕੌਰ ਦੀ ਬੇਦਖਲੀ ਕੈਂਸਲ ਕਰਦੀ ਹਾਂ।

ਅਸੀਂ ਅਮਰਜੀਤ ਕੌਰ ਪਤਨੀ ਜਸਬੀਰ ਸਿੰਘ ਵਾ ਜਸਬੀਰ ਸਿੰਘ ਵਾਸੀਆਨ ਮਕਾਨ ਨੰ: ਬੀ 1/749, ਜਿੰਦਾ ਰੋਡ, ਗਲੀ ਨੰ: 1, ਮਕਸੂਦਾਂ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦੇ ਹਾਂ ਕਿ ਅਸੀਂ ਆਪਣੇ ਲੜਕੇ ਗੁਰਪ੍ਰੀਤ ਸਿੰਘ ਅਤੇ ਨੂੰਹ ਜਤਿੰਦਰ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਮਿਤੀ 23-12-2024 ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਸਾਡਾ ਲੜਕਾ ਅਤੇ ਨੂੰਹ ਦੋਵੇਂ ਸਾਡੇ ਕਹਿਣੇ ਵਿੱਚ ਹਨ। ਇਸ ਲਈ ਅਸੀਂ ਆਪਣੀ ਬੇਦਖਲੀ ਵਾਪਿਸ ਲੈਂਦੇ ਹਾਂ ਅਤੇ ਹੁਣ ਇਹ ਦੋਵੇਂ ਮੇਰੀ ਜਾਇਦਾਦ ਦੇ ਹੱਕਦਾਰ ਹੋਣਗੇ। ਸੰਬੰਧਿਤ ਨੋਟ ਕਰਨ।

ਮੈਂ, ਹਰੀ ਰਾਮ ਪੁੱਤਰ ਡੋਗਰ ਰਾਮ ਵਾਸੀ ਪੱਤੀ ਦੱਦ, ਰੁੜਕੀ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਪਰਵੀਨ ਕੁਮਾਰ ਉਰਫ ਪੀਨਾ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਨੂੰ ਨਵਾਂ ਜ਼ਮਾਨਾ ਤੇ ਪੰਜਾਬ ਐਕਸਪ੍ਰੈਸ ਦੋਵਾਂ ਅਖਬਾਰਾ ਰਾਹੀਂ ਮਿਤੀ 16-07-2025 ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਮੇਰੇ ਕਹਿਣੇ ਵਿੱਚ ਹੈ। ਇਸ ਲਈ ਮੈਂ ਆਪਣੀ ਬੇਦਖਲੀ ਕੈਂਸਲ ਲੈਂਦਾ ਹਾਂ ਅਤੇ ਹੁਣ ਮੇਰਾ ਲੜਕਾ ਮੇਰੀ ਜਾਇਦਾਦ ਦਾ ਹੱਕਦਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## ਬੇਦਖਲੀ ਨੋਟਿਸ

ਅਸੀਂ, ਰਾਜ ਕੁਮਾਰ ਪੁੱਤਰ ਸ਼੍ਰੀ ਰਾਮ ਆਸਰਾ, ਪ੍ਰਵੀਨ ਕੁਮਾਰੀ ਪੱਤਨੀ ਰਾਜ ਕੁਮਾਰ ਵਾਸੀ ਪਿੰਡ ਘਟਾਰੋਂ, ਸਬ ਤਹਿਸੀਲ ਔੜ, ਜਿਲਾ ਸ਼ਹੀਦ ਭਗਤ ਸਿੰਘ ਨਗਰ (ਪੰਜਾਬ)। ਇਹ ਕਿ ਸਾਡਾ ਲੜਕਾ ਨਵੀਨ ਸ਼ਰਮਾ, ਨੂੰਹ ਚੈਂਚਲ ਕੁਮਾਰੀ ਪੋਤਰੇ ਮੀਰਕੋ ਸ਼ਰਮਾ, ਕ੍ਰਿਸ਼ ਸ਼ਰਮਾ ਇਹ ਚਾਰੋ ਸਾਡੇ ਕਹਿਣੇ ਤੋਂ ਬਿਲਕੁਲ ਬਾਹਰ ਹਨ। ਇਸ ਲਈ ਅਸੀਂ ਇਹਨਾਂ ਨਾਲੋ ਆਪਣਾ ਹਰ ਤਰ੍ਹਾਂ ਦਾ ਨਾਤਾ ਤੋੜਦੇ ਹਾਂ ਤੇ ਇਹਨਾਂ ਨੂੰ ਅਪਣੀ ਹਰ ਤਰ੍ਹਾਂ ਦੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਅਗਰ ਕੋਈ ਵਿਅਕਤੀ ਇਹਨਾਂ ਨਾਲ ਕਿਸੇ ਵੀ ਤਰ੍ਹਾਂ ਦਾ ਲੈਣ ਦੇਣ ਕਰੇਗਾ ਤਾਂ ਇਸ ਦਾ ਉਹ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਜੋਗਿੰਦਰ ਸਿੰਘ ਪੁੱਤਰ ਸ੍ਰ: ਆਸਾ ਸਿੰਘ ਵਾਸੀ ਪਿੰਡ ਕਿਲਾ ਲਾਲ ਸਿੰਘ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਲਖਵਿੰਦਰ ਸਿੰਘ, ਮੇਰੀ ਨੂੰਹ ਪਰਮਜੀਤ ਕੌਰ ਪਤਨੀ ਲਖਵਿੰਦਰ ਸਿੰਘ ਅਤੇ ਮੇਰਾ ਪੋਤਰਾ ਗੁਰਨੂਰ ਸਿੰਘ ਪੁੱਤਰ ਲਖਵਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਜਾਂ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਅਸੀਂ ਸੁਭਾਸ਼ ਠੱਕਰ ਪੁੱਤਰ ਸ਼੍ਰੀ ਲਛਮਣ ਦਾਸ ਵਾ ਸਵਿਤਾ ਠੱਕਰ ਪਤਨੀ ਸ਼੍ਰੀ ਸੁਭਾਸ਼ ਠੱਕਰ ਵਾਸੀਆਨ ਮਕਾਨ ਨੰ. ਈ.ਆਰ-90, ਪੱਕਾ ਬਾਗ, ਜ਼ਿਲ੍ਹਾ ਜਲੰਧਰ ਬਿਆਨ ਕਰਦੇ ਹਾਂ ਕਿ ਸਾਡਾ ਵੱਡਾ ਪੁੱਤਰ ਸੁਮਿਤ ਠੱਕਰ ਅਤੇ ਉਸਦੀ ਪਤਨੀ ਸੋਮਯਾ ਠੱਕਰ ਵਾ ਛੋਟਾ ਪੁੱਤਰ ਰੋਹਿਤ ਠੱਕਰ ਅਤੇ ਉਸਦੀ ਪਤਨੀ ਸਾਕਸ਼ੀ ਠੱਕਰ ਸਾਡੇ ਕਹਿਣੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ। ਇਸ ਲਈ ਅਸੀਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਸੁਖਦੇਵ ਸਿੰਘ ਪੁੱਤਰ ਜਸਵੰਤ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਲੋਹਾਰਕਾ ਕਲਾਂ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਹਰਮਨ ਸਿੰਘ ਅਤੇ ਮੇਰੀ ਨੂੰਹ ਗੁਰਜੀਤ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਰਵੀ ਕੁਮਾਰ ਪੁੱਤਰ ਸ਼੍ਰੀ ਜੋਗਿੰਦਰ ਪਾਲ ਵਾਸੀ ਮਕਾਨ ਨੰ.4396/16,ਨੇੜੇ ਗੂੰਗਾ ਨਾਈ ਪਿੰਡ ਢਪਈ ਜਿਲਾ ਅੰਮ੍ਰਿਤਸਰ, ਹਾਲ ਵਾਸੀ ਪਲਾਟ ਨੰ.90, ਗਲੀ ਨੰ.1, ਨੇੜੇ ਭਵਾਨੀ ਪੈਲਸ, ਸਾਊਥ ਵਿਹਾਰ ਕਾਲੋਨੀ, ਜਿਲਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਖੁਸ਼ੀ, ਜੋ ਕਿ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹੈ ਅਤੇ 4.6.25 ਨੂੰ ਬਿਨਾਂ ਦੱਸੇ ਘਰੋਂ ਚਲੀ ਗਈ ਹੈ ਅਤੇ ਉਸਨੇ ਆਪਣੀ ਮਰਜੀ ਨਾਲ ਸ਼ਾਦੀ ਕਰ ਲਈ ਹੈ। ਮੈਂ ਉਸਨੂੰ ਆਪਣੀ ਹਰ ਕਿਸਮ ਦੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ-ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ, ਉਹ ਖੁਦ ਜਿੰਮੇਵਾਰ ਹੋਵੇਗੀ। ਮੇਰਾ ਤੇ ਮੇਰਾ ਪਰਿਵਾਰ ਦਾ ਉਸ ਨਾਲ ਕੋਈ ਤਲਕਵਾਸਤਾ ਨਹੀਂ।

ਮੈ ਅੰਗਰੇਜ਼ ਸਿੰਘ ਪੁੱਤਰ ਸੂਰਤਾ ਸਿੰਘ ਵਾਸੀ ਧਾਰੀਵਾਲ ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਦਾ ਰਹਿਣ ਵਾਲਾ ਹਾਂ।ਮੇਰਾ ਪੁੱਤਰ ਮਲਕੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ।ਮੈਂ ਆਪਣੇ ਪੁੱਤਰ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਵਿੱਚੋਂ ਬੇਦਖ਼ਲ ਕਰਦਾ ਹਾ।ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ੁੰਮੇਵਾਰ ਹੋਵੇਗਾ।

ਮੈਂ, ਸੁਰਜੀਤ ਕੌਰ ਪਤਨੀ ਸ਼੍ਰੀ ਸੁਖਦੇਵ ਲਾਲ ਵਾਸੀ ਪਿੰਡ ਤੇ ਡਾਕਘਰ ਬਹਿਰਾਮ ਸਰਿਸ਼ਤਾ ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਪੁੱਤਰ ਮਨਜੋਤ ਸਭਰਵਾਲ ਮੇਰੇ ਕਹਿਣੇ ਵਿੱਚ ਨਾ ਹੋਣ ਕਾਰਨ ਮੈਂ ਉਸ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜ਼ੁੰਮੇਵਾਰ ਹੋਵੇਗਾ।

## ਬੇਦਖਲੀ ਨੋਟਿਸ

ਮੈਂ ਭਗਵਾਨ ਸਿੰਘ ਪੁੱਤਰ ਸ੍ਰੀ ਲੱਖਾ ਸਿੰਘ ਵਾਸੀ ਪਿੰਡ ਚਾਨਣ ਵਾਲਾ, ਤਹਿਸੀਲ ਵਾ ਜਿਲਾ ਫਾਜਿਲਕਾ ਦਾ ਰਹਿਣ ਵਾਲਾ ਹਾਂ। ਮੇਰੇ ਲੜਕੇ ਸੁਖਪ੍ਰੀਤ ਸਿੰਘ ਨੇ ਆਪਣੀ ਮਨ ਮਰਜ਼ੀ ਨਾਲ ਆਪਣੀ ਸ਼ਾਦੀ ਸੁਰੇਖਾ ਰਾਣੀ ਪੁੱਤਰੀ ਬਲਵੰਤ ਸਿੰਘ ਵਾਸੀ ਕੱਟੀਆਂ ਵਾਲਾ ਤਹਿਸੀਲ ਜਲਾਲਾਬਾਦ ਜਿਲਾ ਫਾਜਿਲਕਾ ਨਾਲ ਕਰਵਾ ਲਈ ਹੈ। ਮੇਰੇ ਕਹਿਣੇਕਾਰ ਤੋਂ ਬਾਹਰ ਹੈ। ਇਸ ਲਈ ਮੈਂ ਆਪਣੇ ਲੜਕੇ ਸੁਖਪ੍ਰੀਤ ਸਿੰਘ ਅਤੇ ਨੂੰਹ ਸੁਰੇਖਾ ਰਾਣੀ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਕਿਸੇ ਤਰਾਂ ਦੀ ਕੋਈ ਲੈਣਦਾਰੀ ਜਾਂ ਦੇਣਦਾਰੀ ਕਰਨਾ ਵਾਲਾ ਖੁਦ ਜਿੰਮੇਦਾਰ ਹੋਵੇਗਾ ਤੇ ਉਸ ਨਾਲ ਮੇਰੀ ਅਤੇ ਮੇਰੇ ਬਾਕੀ ਪਰਿਵਾਰਕ ਮੈਬਰਾਂ/ਰਿਸ਼ਤੇਦਾਰਾਂ ਦਾ ਕੋਈ ਤਾਲੁਕ ਵਾਸਤਾ ਨਹੀ ਹੋਵੇਗਾ।

ਮੈਂ ਰਾਧੇ ਸ਼ਾਮ ਪੁੱਤਰ ਰਾਮ ਹਰਖ ਵਾਸੀ ਮਕਾਨ ਨੰਬਰ 234, ਏਕਤਾ ਨਗਰ ਜਲੰਧਰ, ਜ਼ਿਲ੍ਹਾ ਜਲੰਧਰ, ਪੰਜਾਬ 144005 ਸੂਚਿਤ ਕਰਦਾ ਹਾਂ ਕਿ ਮੇਰਾ ਪੁੱਤਰ ਅਸ਼ੋਕ ਕੁਮਾਰ, ਉਸਦੀ ਪਤਨੀ ਬੰਦਨਾ ਅਤੇ ਇਨ੍ਹਾਂ ਦੇ ਦੋਵੇਂ ਬੱਚੇ ਪਲਕ ਅਤੇ ਸੁਮਿਤ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਸਾਰਿਆਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਨਿਰਮਲ ਸਿੰਘ ਅਧਾਰ ਨੰਬਰ 409860274612 ਪੁੱਤਰ ਅਮਰ ਸਿੰਘ ਵਾਸੀ ਪਿੰਡ ਬਿੱਧੀਪੁਰ ਤਹਿਸੀਲ ਵਾ ਜ਼ਿਲ੍ਹਾ ਗੁਰਦਾਸਪੁਰ ਦਾ ਰਹਿਣ ਵਾਲਾ ਹਾਂ। ਬਿਆਨ ਕਰਦਾ ਹਾਂ ਕਿ ਮੇਰਾ ਪੁੱਤਰ ਹਰਪ੍ਰੀਤ ਸਿੰਘ ਮੇਰੇ ਅਤੇ ਮੇਰੀ ਪਤਨੀ ਨਾਲ ਕੁੱਟਮਾਰ ਕਰਦਾ ਹੈ ਅਤੇ ਮੇਰੇ ਕਹਿਣੇ ਤੋਂ ਬਾਹਰ ਹੈ।ਮੈਂ ਆਪਣੇ ਪੁੱਤਰ ਹਰਪ੍ਰੀਤ ਸਿੰਘ ਅਧਾਰ ਨੰਬਰ 675307409331 ਨੂੰ ਆਪਣੀ ਸਮੁੱਚੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜਿਹੜਾ ਵੀ ਇਹਨਾਂ ਨਾਲ ਕੋਈ ਲੈਣ-ਦੇਣ ਕਰੇਗਾ, ਤਾਂ ਉਹ ਖੁਦ ਜਿੰਮੇਵਾਰ ਹੋਵੇਗਾ।

ਮੈਂ, ਸ਼ਮੀ ਪੁੱਤਰ ਬਲਬੀਰ ਚੰਦ ਵਾਸੀ ਐਫ-9/2236,ਗਲੀ ਨੰ.1, ਗੋਪਾਲ ਨਗਰ,ਮਜੀਠਾ ਰੋਡ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਇਸਮਾਈਲ ਭੱਟੀ (ਰਿਕੀ) ਅਤੇ ਉਸ ਦੀ ਪਤਨੀ ਇਵੈਂਜਲੀਨ ਜੋ ਕਿ ਇਸ ਸਮੇ ਨਿਊਜੀਲੈਂਡ ਰਹਿ ਰਹੇ ਹਨ। ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹਨ, ਆਪਣੀ ਮਨ ਮਰਜੀ ਕਰਦੇ ਹਨ ਅਤੇ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਮੈਂ ਇਨ੍ਹਾਂ ਦੋਵਾਂ ਨੂੰ ਆਪਣੀ ਹਰ ਕਿਸਮ ਦੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ-ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਤੇ ਮੇਰਾ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ, ਗੁਲਸ਼ਨ ਕੁਮਾਰ ਪੁੱਤਰ ਰਤਨ ਚੰਦ ਵਾਸੀ ਮਕਾਨ ਨੰ. 77, ਗਲੀ ਨੰ. 1, ਨੇੜੇ ਕਰਤਾਰ ਡੇਅਰੀ ਫਾਰਮ, ਮੁਹੱਲਾ ਭਗਤਪੁਰਾ, ਫਗਵਾੜਾ, ਕਪੂਰਥਲਾ ਹਾਲ ਵਾਸੀ ਮਕਾਨ ਨੰ. 35, ਗਲੀ ਨੰ. 10, ਸਾਹਿਬਜ਼ਾਦਾ ਜੁਝਾਰ ਸਿੰਘ ਐਵੇਨਿਊ, ਅਜਨਾਲਾ ਰੋਡ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਰਾਹੁਲ ਅਤੇ ਉਸ ਦੀ ਪਤਨੀ ਸੁਮਨ ਕੁਮਾਰੀ ਅਤੇ ਇਨ੍ਹਾਂ ਦੇ ਬੱਚੇ ਲੜਕੀ ਪਲਵੀ, ਸ਼ਾਕਸ਼ੀ ਦਮਨ, ਜਤਿਨ ਨਰੇਸ਼ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## ਨਾਂਅ ਦੀ ਬਦਲੀ

ਮੈਂ ਨਿਰਮਲ ਚੰਦ ਪੁੱਤਰ ਚਮਨ ਲਾਲ ਵਾਸੀ BX-1261 , ਚੱਕ ਹੁਸੈਨਾ, ਲੰਬਾ ਪਿੰਡ ,ਜਲੰਧਰ, ਪੰਜਾਬ ,ਨੇ ਆਪਣੀ ਨਬਾਲਿਗ ਲੜਕੀ ਹਰਸ਼ਿਤਾ ਦਾ ਨਾਮ ਬਦਲ ਕੇ ਹਰਸ਼ਿਤਾ ਬੰਗੜ ਰੱਖ ਲਿਆ ਹੈ।ਸਬੰਧਤ ਨੋਟ ਕਰਨ।

ਮੈਂ ਨਿਰਮਲ ਚੰਦ ਪੁੱਤਰ ਚਮਨ ਲਾਲ ਵਾਸੀ BX-1261,ਚੱਕ ਹੁਸੈਨਾ, ਲੰਬਾ ਪਿੰਡ, ਜਲੰਧਰ,ਪੰਜਾਬ ਨੇ ਆਪਣੇ ਨਬਾਲਿਗ ਲੜਕੇ ਨਿਸ਼ਾਂਤ ਦਾ ਨਾਮ ਬਦਲ ਕੇ ਨਿਸ਼ਾਂਤ ਬੰਗੜ ਰੱਖ ਲਿਆ ਹੈ।ਸਬੰਧਤ ਨੋਟ ਕਰਨ।

ਮੈ ਗੁਰਪ੍ਰੀਤ ਪੁੱਤਰ ਸੁਰਿੰਦਰ ਪਾਲ ਵਾਸੀ ਵਾਰਡ ਨੰਬਰ 13, ਨੂਰਪੁਰ ਬੇਦੀ ਰੋਡ ਗੜ੍ਹਸ਼ੰਕਰ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ, ਪੰਜਾਬ ਨੇ ਆਪਣਾ ਨਾਂਅ ਬਦਲ ਕੇ ਗੁਰਪ੍ਰੀਤ ਸਿੰਘ ਰੱਖ ਲਿਆ ਹੈ।ਸਬੰਧਤ ਨੋਟ ਕਰਨ।

ਮੈਂ ਨਿਖਿਲ ਅਰੋੜਾ ਪੁੱਤਰ ਕ੍ਰਿਸ਼ਨ ਲਾਲ ਵਾਸੀ ਮਕਾਨ ਨੰਬਰ ਈ.ਐਸ.211, ਮੁਹੱਲਾ ਮਖਦੂਮਪੁਰਾ, ਨੇੜੇ ਗੁਰੂ ਰਵਿਦਾਸ ਮੰਦਰ ਜਲੰਧਰ -144001, ਪੰਜਾਬ ਨੇ ਆਪਣਾ ਨਾਂਅ ਨਿਖਿਲ ਅਰੋੜਾ ਤੋਂ ਬਦਲ ਕੇ ਨਿਹਾਲ ਸਿੰਘ ਰੱਖ ਲਿਆ ਹੈ। ਸਬੰਧਤ ਨੋਟ ਕਰਨ।

ਮੈਂ ਹਰਜੋਤ ਸਿੰਘ ਪੁੱਤਰ ਵੀਰ ਸਿੰਘ ਵਾਸੀ ਭਕਨਾ ਕਲਾਂ ਜਿਲਾ ਅੰਮ੍ਰਿਤਸਰ ਨੇ ਆਪਣਾ ਨਾਮ ਹਰਜੋਤ ਸਿੰਘ ਤੋਂ ਬਦਲ ਕੇ ਸ਼ਮਜੀਤ ਸਿੰਘ ਰਖ ਲਿਆ ਹੈ ਸੰਬੰਧਤ ਨੋਟ ਕਰਨ।

## Change of Name

I, Rakesh Mahendru s/o Vijay Mahendru r/o H.No. 41, Ram Sharan Colony, Basti Danishmanda, Jalandhar have changed the name of my minor son name from Paratham Mahendru to Pratham Mahendru. All Please Note.

I, Ajay Kumar s/o Rashed r/o VPO. Rasulpur Kalan, Teh. Nakodar, Distt. Jalandhar-144630 have changed my name to Arshdeep Singh Gill. All Please Note.

I, Agnes w/o Rakesh Kumar Khosla r/o Vill. Rajpur, Po. Bholath, Distt. Kapurthala, Punjab have changed my name from Agnes to Agnus. All Please Note.

I, Johnson S/o Rakesh Kumar Khosla r/o Vill. Nandanpur, Po. Basti Guzan, Distt. Jalandhar, Punjab have changed my name to Johnson Khosla (Surname as Khosla). All Please Note.

I, Rakesh Kumar s/o Babu Ram R/o Vill. Rajpur, Po. Bholath, Distt. Kapurthala have changed my name to Rakesh Kumar Khosla. All Please Note.

I, hitherto known as Bashir S/o Yunas R/o Vill. Kullian Bala, Po & Teh Dasuya, Hoshiarpur, Punjab-144205 have changed my name as Bashir Sahota. All Please Note.

I, hitherto known as Harsh S/o Malkiet Lal R/o Vill. Bhundian, Po.Behram Sarista, Distt. Jalandhar, Punjab-144201 have changed my name as Harsh Suman. All Please Note.

I, Rajwinder Kaur W/o Varinder Kumar R/o VPO. Chachoki, Tehsil Phagwara, Distt. Kapurthala, Punjab have changed my name to given name as Rajwinder and Surname as Kaur. All Please Note.

I, Sunita W/o Ashwani Kumar Pandoh R/o H.No.144, Near Model High School Saingarh, Pathankot have changed my name from Sunita to Sunita Pandoh. All Please Note.

I, Ashwani Kumar S/o Madan Gopal R/o H.No.144, Near Model High School Saingarh, Pathankot have changed my name from Ashwani Kumar to Ashwani Kumar Pandoh. All Please Note.

I, Kabal Singh S/o Karam Singh R/o A-263 Ranjit Avenue Amritsar have changed my name to Kabal Singh Bajwa

## Change of Name

I, Neha Singh W/o Madhav Puri R/o 3-A, Glenmore Farms, Nakodar Road, Khambra, Jalandhar 144026, Punjab declare that I have changed my name from Neha Singh to Neha Singh Puri. Please note.

I, Rajeev Bhutani S/o Amar Nath Bhutani R/o H.No. 7/30, Street No. 5, Jalandhar Cantt Pin Code 144005, declare that I had changed my name as Rajeev Kumar Bhutani. Concerned please note. (12360)

I, Vandana Aggarwal W/o Amit Bansal R/o H.No. 105-06, Jyoti Nagar Jalandhar City declare that I had changed my name as Vandana Bansal. Concerned please note. (12360)

I Swati W/O Akash Sareen, Have Changed My Name From Swati To Swati Kawatra, R/O H.no.363, Adarsh Nagar , Near Mgn School, Jalandhar Pb.144004 Aadhar No 4818-2993-1112

I, Palak Nagpal W/O Sagar Nagpal R/O H.No.9,Gali No.03, Phase-1, Rishi Vihar, Majitha Road, Amritsar have changed my name from Palak Mehra to Palak Nagpal. Concerned please note.

I, Manju Bala (Adhar Card No.5088 3554 5913) wife of Baljinder Singh Chumber resident of Patti Gagar ki, VPO Jandiala, Tehsil Phillaur, District Jalandhar, Punjab, declare I, Manju Bala, resident of VPO Jandiala, Patti Gaggar, Tehsil Phillaur, declare that my husband Baljinder Singh will now be known as Baljinder Singh Chumber. He is currently residing abroad.

I, Komalpreet Singh S/o Harjeet Singh R/o VPO Pakharpura, Adda Jaintipur, Distt. Amritsar, Punjab-143502 have changed my name from Komalpreet Singh to Singh is my surname and Komalpreet is my given name.

I Monika Rani W/O Manohar Lal R/O Vill. Dhilwan, Po. Dakoha, Jalandhar, Punjab 144023 Have Changed My First Name Monika And Rani As A Sur Name.

I Manohar Lal S/O Satnam Lal R/O Vill. Dhilwan, Po. Dakoha, Jalandhar, Punjab 144023 Have Changed My First Name Manohar And Lal As A Sur Name.

I Balwinder Kaur w/o Swaran Singh, R/o Village Dandal, Kapurthala declare that my father correct name is Hari Singh.

I Deepmala W/o Rajbir Singh Virk R/O Hno 07,Sunny Prime Enclave, Dhilwan, PO Dakoha,Jalandhar Punjab 144023 Have Changed My Name From Deepmala To Deepmala Virk please note

I, Gurleen Kaur W/o. Gurpreet Singh, Village Bhoewal, P.O. Chananke, Tehsil Baba Bakala Sahib (Amritsar) have changed my name from Gurleen Kaur alias Rimple Dhaliwal to Gurleen Kaur. Concerned note.

I, Paramjit Singh S/o Mohan Lal R/o V.P.O Mithapur, Jalandhar, I want to use Singh as a Surname. I have changed my name from Paramjit Singh to Singh Paramjit. All concerned please note.

I, Jarnail S/o Sh. Sawran Singh R/O VPO Phirni Majra , Teh. Balachaur, Distt. S.B.S Nagar - 144526, Punjab have changed my name from Jarnail to Jarnail Singh. All concerned please note.

I, Nirmla Devi W/O Gian Chand R/O VPO Hukran, PO. Rajpur Bhayan, Distt. Hoshiarpur - 146112, Punjab have changed my name from Nirmla Devi to Nirmala Devi. All note.

I Tara Lidder S/O Gurmit Lidder R/O Vill. Lidder Khurd, Po. Lidder Kalan, Tehsil Phillaur, Jalandhar, Punjab Have Changed My Name Tara Lidder To Tara Singh. Please Note.

I, Manjit Sabharwal W/o Rinku Sabharwall R/o Vill. Kahlwan, P.O. Miani, Tehsil Dasuya, Distt. Hoshiarpur, Punjab, have changed my name from Manjit Kaur to Manjit Sabharwal. (Surname as Sabharwal)

I, Sandeep Kumar S/o Tek Chand Resident of 918/24, I/s Sultanwind Gate, Near Post Office, Bazar Karkhana, Amritsar. I have changed my name from Sandeep Kumar to Sandeep Mahajan. All concerned please note.

I, Lovepreet Singh S/o Jasbir Singh R/o VPO Chabba Tehsil and District Amritsar have declare that Lovepreet is my Given name and Singh is my Surname

I, Parabjot Kaur and Prabhjot Kaur W/o Jaskaran Singh R/o VTC Ramdas (Rural) PO Ramdass Sub District Ajnala District Amritsar have declare that above both names are mine one and same person

I, Yadwinder Singh S/o Jagjit Singh R/o Village Johal, PO. Bolina Doaba, District Jalandhar, Punjab, India have changed my name from Yadwinder Singh to Yadvinder Singh. All concerned please note.

I Priyanka W/O Ram Lal R/O VPO Jadla, Distt. Shaheed Bhagat Singh Nagar-144515, Punjab Have Changed My Name From Priyanka To Priyanka Kumari. All Concerned Please Note.

I, Arjinder S/o Avtar Chand R/o H.No. 646, Ward No. 42, Kacha Kot, Basti Peer Dad, Jalandhar , Punjab have changed my name from Rajinder Kumar to Arjinder. All concerned please note.

I, Jogesh Bangar S/o Tarsem Lal R/o VPO. Chachrari, Distt. Jalandhar, Punjab-144409 have changed my name from Jogesh Banger to Yogesh Banger. All Please Note.

I, Jasvir Kaur W/o Balvir Singh R/o VPO. Randhawa Masandan, Distt. Jalandhar, Punjab have changed my name from Jasvir Kaur to Kaur Jasvir (Surname as Kaur). All Please Note.


## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।



ਪੀ ਸੀ ਐੱਸ ਐਸੋਸੀਏਸ਼ਨ ਦੇ ਨਵ-ਨਿਯੁਕਤ ਪ੍ਰਧਾਨ ਸਕੱਤਰ ਸਿੰਘ ਬੱਲ ਕੈਬਨਿਟ ਮੰਤਰੀ ਹਰਭਜਨ ਸਿੰਘ ਈ ਟੀ ਓ ਨਾਲ ਮੁਲਾਕਾਤ ਕਰਦੇ ਹੋਏ। ਨਾਲ ਹਨ ਐਸੋਸੀਏਸ਼ਨ ਦੇ ਜਨਰਲ ਸਕੱਤਰ ਅੰਕੁਰ ਮਹਿੰਦਰੂ, ਤੇਜਦੀਪ ਸੈਣੀ, ਸੰਦੀਪ ਸਿੰਘ ਗਾੜਾ ਅਤੇ ਵਯੋਮ ਭਾਰਦਵਾਜ਼ ਵਾਈਸ ਪ੍ਰਧਾਨ।

# ਡੀ ਸੀ ਨੇ ਸਤਲੁਜ ਦਰਿਆ ਨਾਲ ਲੱਗਦੇ ਪਿੰਡਾਂ ਦਾ ਦੌਰਾ ਕੀਤਾ

ਫ਼ਿਰੋਜ਼ਪੁਰ (ਅਸ਼ੋਕ ਸ਼ਰਮਾ) ਮਾਨਸੂਨ ਸੀਜ਼ਨ ਦੌਰਾਨ ਹਿਮਾਚਲ ਵਿੱਚ ਭਾਰੀ ਮੀਂਹ ਕਾਰਨ ਸਤਲੁਜ ਦਰਿਆ ਵਿੱਚ ਪਾਣੀ ਦਾ ਪੱਧਰ ਵਧਣ ਨਾਲ ਜ਼ਿਲ੍ਹੇ ਦੇ ਸਤਲੁਜ ਦਰਿਆ ਨਾਲ ਲੱਗਦੇ ਪਿੰਡਾਂ ਵਿੱਚ ਹੜ੍ਹਾਂ ਵਰਗੇ ਹਾਲਾਤਾਂ ਨਾਲ ਨਜਿੱਠਣ ਲਈ ਡਿਪਟੀ ਕਮਿਸ਼ਨਰ ਦੀਪ ਸ਼ਿਖਾ ਸ਼ਰਮਾ ਵੱਲੋਂ ਪਿੰਡ ਰੁਕਣੇ ਵਾਲਾ ਅਤੇ ਗੱਟਾ ਬਾਦਸ਼ਾਹ ਦਾ ਦੌਰਾ ਕੀਤਾ ਗਿਆ ਤੇ ਦਰਿਆ ਵਿਚ ਪਾਣੀ ਦੇ ਪੱਧਰ ਤੇ ਬੰਨ੍ਹਾਂ ਦੀ ਮਜਬੂਤੀ ਦਾ ਜਾਇਜ਼ਾ ਲਿਆ ਗਿਆ।



ਐੱਸਡੀਐੱਮ ਜ਼ੀਰਾ ਗੁਰਮੀਤ ਸਿੰਘ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਹੜ੍ਹਾਂ ਦੀ ਸਥਿਤੀ ਨਾਲ ਨਿਪਟਣ ਲਈ ਅਤੇ ਲੋਕਾਂ ਦੇ ਜਾਨ ਮਾਲ ਦੀ ਰਾਖੀ ਲਈ ਸਾਰੇ ਪੁਖ਼ਤਾ ਪ੍ਰਬੰਧ ਯਕੀਨੀ ਬਣਾਏ ਜਾ ਰਹੇ ਹਨ ਤਾਂ ਜੁ ਅਜਿਹੇ ਹਾਲਾਤ ਨਾਲ ਸੁਚਾਰੂ ਢੰਗ ਨਾਲ ਨਜਿੱਠਿਆ ਜਾ ਸਕੇ ਅਤੇ ਲੋਕਾਂ ਦਾ ਜਾਨੀ ਜਾਂ ਮਾਲੀ ਨੁਕਸਾਨ ਨਾ ਹੋਵੇ। ਉਨ੍ਹਾਂ ਦੱਸਿਆ ਕਿ ਸਾਲ 2023 ਦੌਰਾਨ ਆਏ ਹੜ੍ਹਾਂ ਮੌਕੇ ਇਨ੍ਹਾਂ ਪਿੰਡਾਂ ਵਿਚ ਹਾਲਾਤ ਕਾਫੀ ਨਾਜ਼ੁਕ ਬਣ ਗਏ ਸਨ। ਇਸ ਲਈ ਹੁਣ ਪਹਿਲਾ ਤੋਂ ਹੀ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਤਾਂ ਜੁ ਕੋਈ ਵੀ ਅਣਸੁਖਾਵੀਂ ਘਟਨਾ ਨਾ ਵਾਪਰੇ। ਉਨ੍ਹਾਂ ਕਿਹਾ ਕਿ ਹਿਮਾਚਲ ਵਿੱਚ ਭਾਰੀ ਵਰਖਾ ਹੋਣ ਕਾਰਨ ਬਿਆਸ ਤੇ ਸਤਲੁਜ ਦਰਿਆ ਵਿਚ ਪਾਣੀ ਦਾ ਪੱਧਰ ਵਧਿਆ ਹੈ, ਪਰ ਹੁਣ ਤੱਕ ਸਥਿਤੀ ਨਾਰਮਲ ਹੈ। ਉਨ੍ਹਾਂ ਕਿਹਾ ਜੇਕਰ ਆਉਣ ਵਾਲੇ ਸਮੇਂ ਵਿਚ ਪਾਣੀ ਦਾ ਪੱਧਰ ਹੋਰ ਵੱਧਣ ਨਾਲ ਹੜ੍ਹਾਂ ਵਰਗੇ ਹਾਲਾਤ ਬਣਦੇ ਹਨ ਤਾਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਜਿਹੀ ਸਥਿਤੀ ਨਾਲ ਨਿਪਟਣ ਲਈ ਪਹਿਲਾਂ ਹੀ ਪੁਖਤਾ ਪ੍ਰਬੰਧ ਯਕੀਨੀ ਬਣਾਏ ਜਾ ਰਹੇ ਹਨ। ਇਸ ਮੌਕੇ ਉਨ੍ਹਾਂ ਵੱਲੋਂ ਪਿੰਡ ਰੁਕਣੇ ਵਾਲਾ ਵਿਖੇ ਲੋਕਾਂ ਨਾਲ ਗੱਲਬਾਤ ਕੀਤੀ ਗਈ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਗਈਆਂ। ਉਨ੍ਹਾਂ ਨੇ ਮੌਕੇ 'ਤੇ ਮੌਜੂਦ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਪਿੰਡ ਵਾਲੇ ਪਾਸੇ ਬੰਨ੍ਹ ਨੂੰ ਗੱਟੇ ਆਦ ਲਾ ਕੇ ਤੇ ਮਸ਼ੀਨਾਂ ਦੀ ਮੱਦਦ ਨਾਲ ਹੋਰ ਮਜ਼ਬੂਤ ਕਰਨ ਦੇ ਆਦੇਸ਼ ਦਿੱਤੇ ਤਾਂ ਜੁ ਜੇਕਰ ਪਾਣੀ ਦਾ ਪੱਧਰ ਵਧਦਾ ਹੈ ਤਾਂ ਪਿੰਡ ਵਾਸੀਆਂ ਨੂੰ ਦਿੱਕਤ ਨਾ ਆਵੇ। ਉਨ੍ਹਾਂ ਪਿੰਡਾਂ ਦੇ ਵਾਸੀਆਂ ਨੂੰ ਵੀ ਬੰਨ੍ਹਾਂ ਦੀ ਮਜ਼ਬੂਤੀ ਵਿਚ ਪ੍ਰਸ਼ਾਸਨ ਦਾ ਸਹਿਯੋਗ ਦੇਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਵੱਲੋਂ ਮਾਨਸੂਨ ਸੀਜ਼ਨ-2025 ਦੌਰਾਨ ਸੰਭਾਵਤ ਹੜ੍ਹਾਂ ਨਾਲ ਨਜਿੱਠਣ ਬਾਰੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨਾਲ ਅਗਾਊਂ ਮੀਟਿੰਗ ਕਰਕੇ ਕਿਸ਼ਤੀਆਂ, ਲਾਈਫ਼ ਜੈਕਟਾਂ, ਫਲੱਡ ਲਾਈਟਾਂ, ਸਰਚ ਲਾਈਟਾਂ ਆਦਿ ਦੇ ਪ੍ਰਬੰਧ, ਮੁਕੰਮਲ ਕਰ ਲਏ ਗਏ ਸਨ।

# ਸਮੂਹਿਕ ਛੁੱਟੀ 'ਤੇ ਜਾਣ ਦੀਆਂ ਤਿਆਰੀਆਂ ਮੁਕੰਮਲ : ਪਿਲਖਣੀ

ਰਾਜਪੁਰਾ (ਰਮੇਸ਼ ਕਟਾਰੀਆ)-ਡਵੀਜ਼ਨ ਦੇ ਏਟਕ ਨਾਲ ਸਬੰਧਤ ਜਥੇਬੰਦੀ ਵਿਚੋਂ ਸੇਵਾ ਮੁਕਤ ਹੋਏ ਸਾਥੀਆਂ ਦੀ ਮਹੀਨਾਵਾਰ ਮੀਟਿੰਗ 6 ਅਗਸਤ ਨੂੰ ਜਥੇਬੰਦੀ ਦੇ ਸਮਾਜ ਭਲਾਈ ਪਾਰਕ ਰਾਜਪੁਰਾ ਵਿਖੇ ਸਾਥੀ ਰਾਮ ਰਤਨ ਪ੍ਰਧਾਨ ਦੀ ਪ੍ਰਧਾਨਗੀ ਹੇਠ ਹੋਈ। ਇਸ ਮਿਟਿੰਗ ਵਿੱਚ ਕੌਮੀ ਆਗੂ ਸਾਥੀ ਹਰਭਜਨ ਸਿੰਘ ਪਿਲਖਣੀ, ਸੂਬਾ ਵਿੱਤ ਸਕੱਤਰ ਸਾਥੀ ਬਲਜੀਤ ਕੁਮਾਰ, ਜ਼ੋਨ ਕਨਵੀਨਰ ਸਾਥੀ ਗੁਰਦਿਆਲ ਸਿੰਘ ਬੱਬੂ ਸ਼ਾਮਲ ਹੋਏ। ਬੁਲਾਰਿਆਂ ਨੇ ਦੱਸਿਆ ਕਿ ਮੈਨੇਜਮੈਂਟ ਪੰਜਾਬ ਸਰਕਾਰ ਵੱਲੋਂ ਮੰਨਿਆਂ ਮੰਗਾਂ ਲਾਗੂ ਕਰਵਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਪਿਛਲੀ ਦਿਨੀਂ ਪੰਜਾਬ ਸਰਕਾਰ ਖਿਲਾਫ ਜ਼ਿਲ੍ਹਾ ਪੱਧਰ 'ਤੇ ਮੁੱਖ ਮੰਤਰੀ ਭਗਵੰਤ ਮਾਨ ਦੇ ਪੁਤਲੇ ਸਾੜ ਕੇ ਸਰਕਾਰ ਦਾ ਪਿੱਟ ਸਿਆਪਾ ਕੀਤਾ ਗਿਆ ਅਤੇ ਮੈਨੇਜਮੈਂਟ ਦੀ ਵਾਅਦਾ ਖਿਲਾਫੀ ਖਿਲਾਫ 11,12,13 ਅਗਸਤ ਨੂੰ ਸਮੂਹਿਕ ਛੁੱਟੀ ਭਰਨ ਉਪਰੰਤ ਗੇਟਾਂ 'ਤੇ ਵਿਸ਼ਾਲ ਰੋਸ ਪ੍ਰਦਰਸ਼ਨ ਕੀਤੇ ਜਾਣਗੇ। ਮੀਟਿੰਗ ਉਪਰੰਤ ਸੇਵਾ ਮੁਕਤ ਹੋਏ ਆਗੂ ਸਾਥੀ ਗੁਰਮੁਖ ਸਿੰਘ ਚੌਹਾਨ ਗੁਰੂ ਨਾਨਕਪੁਰਾ ਮੁਹੱਲਾ ਨੇ ਨਵਾਂ ਮੋਟਰਸਾਈਕਲ ਲੈਣ ਦੀ ਖੁਸ਼ੀ ਵਿੱਚ, ਸਾਥੀ ਸੁਰਜੀਤ ਸਿੰਘ ਛਲੇੜੀ ਨੇ ਨਵੀਂ ਕੋਠੀ ਬਣਾਉਣ ਦੀ ਖੁਸ਼ੀ ਵਿੱਚ ਅਤੇ ਸਾਥੀ ਹਰਭਜਨ ਸਿੰਘ ਜੇ ਈ ਪਿੰਡ ਨਲਾਸ ਨੇ ਜਥੇਬੰਦੀ ਦੀ ਚੜ੍ਹਦੀ ਕਲਾ ਲਈ ਸਾਰੇ ਸਾਥੀਆਂ ਨਾਲ ਮਿਲ ਕੇ ਖੁਸ਼ੀ ਸਾਂਝੀ ਕਰਨ ਲਈ ਵਿਸ਼ੇਸ਼ ਮਿਠਾਈਆਂ ਵੰਡ ਕੇ ਖੁਸ਼ੀਆਂ ਮਨਾਈਆਂ ਅਤੇ ਪੈਨਸ਼ਨਰਜ਼ ਸਾਥੀਆਂ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਆਉਣ ਵਾਲੇ ਹਰੇਕ ਸੰਘਰਸ਼ ਵਿੱਚ ਵੱਧ ਚੜ੍ਹ ਕੇ ਸ਼ਮੂਲੀਅਤ ਕੀਤੀ ਜਾਵੇਗੀ। ਇਸ ਮੀਟਿੰਗ ਵਿਚ ਸਾਥੀ ਸ਼ਾਮ ਸੁੰਦਰ, ਸਾਥੀ ਜਗਤਾਰ ਸਿੰਘ ਮੋਹਾਲੀ, ਸਾਥੀ ਹਰਦੀਪ ਸਿੰਘ ਵਿੱਤ ਸਕੱਤਰ, ਸਾਥੀ ਸਰਕਾਰ ਸਿੰਘ ਮੁੱਖ ਦਫਤਰ ਪਟਿਆਲਾ, ਸਾਥੀ ਛਾਂਗਾ ਸਿੰਘ ਲਾਲੜੂ, ਸਾਥੀ ਜੋਰਾਵਰ ਸਿੰਘ ਸਰਕਲ ਪ੍ਰਧਾਨ ਸ਼ਾਮਲ ਹੋਏ। ਸਾਥੀ ਕਿਸ਼ਨ ਕੁਮਾਰ ਧੀਮਾਨ ਗੱਜੂ ਖੇੜਾ ਨੇ ਸਟੇਜ ਦੀ ਕਾਰਵਾਈ ਨਿਭਾਈ। ਅੰਤ ਵਿੱਚ ਆਏ ਸਾਥੀਆਂ ਦਾ ਧੰਨਵਾਦ ਕੀਤਾ ਗਿਆ।



# ਪੰਜਾਬ ਹੜ੍ਹ ਵਰਗੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ : ਬਰਿੰਦਰ ਕੁਮਾਰ ਗੋਇਲ

## ਜ਼ਿਲ੍ਹਾ ਪੱਧਰੀ ਕੰਟਰੋਲ ਰੂਮ ਮੁਕੰਮਲ ਤੌਰ 'ਤੇ ਕਾਰਜਸ਼ੀਲ

ਚੰਡੀਗੜ੍ਹ (ਗੁਰਜੀਤ ਬਿੱਲਾ)-ਪੰਜਾਬ ਦੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਪੰਜਾਬ ਕਿਸੇ ਵੀ ਹੜ੍ਹ ਵਰਗੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹੈ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਪਹਾੜੀ ਖੇਤਰਾਂ ਵਿੱਚ ਹੋਈ ਭਾਰੀ ਬਾਰਿਸ਼ ਤੋਂ ਬਾਅਦ ਕਿਸੇ ਵੀ ਐਮਰਜੈਂਸੀ ਸਹਾਇਤਾ ਲਈ ਜ਼ਿਲ੍ਹਾ ਪੱਧਰੀ ਕੰਟਰੋਲ ਰੂਮ ਮੁਕੰਮਲ ਤੌਰ 'ਤੇ ਕਾਰਜਸ਼ੀਲ ਹਨ।



ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਹਰ ਸੰਭਾਵੀ ਸਥਿਤੀ ਨਾਲ ਨਜਿੱਠਣ ਲਈ ਠੋਸ ਹੜ੍ਹ ਰੋਕਥਾਮ ਉਪਾਅ ਅਤੇ ਵਿਆਪਕ ਤਿਆਰੀਆਂ ਸਬੰਧੀ ਪ੍ਰੋਟੋਕੋਲ ਲਾਗੂ ਕੀਤੇ ਹਨ ਅਤੇ ਸੂਬੇ ਭਰ ਵਿੱਚ ਹੜ੍ਹ ਸੁਰੱਖਿਆ ਬੁਨਿਆਦੀ ਢਾਂਚਾ ਅਤੇ ਐਮਰਜੈਂਸੀ ਰਿਸਪਾਂਸ ਪ੍ਰਣਾਲੀਆਂ ਨੂੰ ਲਾਗੂ ਕੀਤਾ ਗਿਆ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਸੂਬੇ ਭਰ ਵਿੱਚ ਕੰਟਰੋਲ ਰੂਮ ਸਰਗਰਮ ਹਨ, ਐਮਰਜੈਂਸੀ ਰਿਸਪਾਂਸ ਟੀਮਾਂ ਅਲਰਟ 'ਤੇ ਹਨ ਅਤੇ ਹੜ੍ਹ ਸੰਭਾਵੀ ਖੇਤਰਾਂ ਵਿੱਚ ਦਰਿਆਵਾਂ ਅਤੇ ਡਰੇਨੇਜ ਪ੍ਰਣਾਲੀਆਂ ਦੀ ਨਿਰੰਤਰ ਅਸਲ-ਸਮੇਂ ਦੀ ਨਿਗਰਾਨੀ ਕੀਤੀ ਜਾ ਰਹੀ ਹੈ।ਕੰਟਰੋਲ ਰੂਮਾਂ ਬਾਰੇ ਜਾਣਕਾਰੀ ਦਿੰਦਿਆਂ ਕੈਬਨਿਟ ਮੰਤਰੀ ਨੇ ਦੱਸਿਆ ਕਿ ਜ਼ਿਲ੍ਹਾ ਰੋਪੜ ਦਾ ਕੰਟਰੋਲ ਰੂਮ ਨੰਬਰ 01881-221157, ਗੁਰਦਾਸਪੁਰ ਕੰਟਰੋਲ ਰੂਮ ਨੰ. 01874-266376 ਅਤੇ 18001801852, ਪਠਾਨਕੋਟ ਕੰਟਰੋਲ ਰੂਮ ਨੰ. 01862-346944, ਅੰਮ੍ਰਿਤਸਰ ਕੰਟਰੋਲ ਰੂਮ ਨੰ. 01832-229125, ਤਰਨ ਤਾਰਨ ਕੰਟਰੋਲ ਰੂਮ ਨੰ. 01852-224107, ਹੁਸ਼ਿਆਰਪੁਰ ਕੰਟਰੋਲ ਰੂਮ ਨੰ. 01882-220412, ਲੁਧਿਆਣਾ ਕੰਟਰੋਲ ਰੂਮ ਨੰ. 0161-2520232, ਜਲੰਧਰ ਕੰਟਰੋਲ ਰੂਮ ਨੰ. 0181-222-4417 ਅਤੇ 94176-57802, ਐੱਸ ਬੀ ਐੱਸ ਨਗਰ ਕੰਟਰੋਲ ਰੂਮ ਨੰ. 01823-220645, ਮਾਨਸਾ ਕੰਟਰੋਲ ਰੂਮ ਨੰ. 01652-229082, ਸੰਗਰੂਰ ਕੰਟਰੋਲ ਰੂਮ ਨੰ. 01672-234196, ਪਟਿਆਲਾ ਕੰਟਰੋਲ ਰੂਮ ਨੰ. 0175-2350550 ਅਤੇ 235-8550, ਮੋਹਾਲੀ ਕੰਟਰੋਲ ਰੂਮ ਨੰ. 0172-2219506, ਸ੍ਰੀ ਮੁਕਤਸਰ ਸਾਹਿਬ ਕੰਟਰੋਲ ਰੂਮ ਨੰ. 01633-260341, ਫ਼ਰੀਦਕੋਟ ਕੰਟਰੋਲ ਰੂਮ ਨੰ. 01639-250338, ਫ਼ਾਜ਼ਿਲਕਾ ਕੰਟਰੋਲ ਰੂਮ ਨੰ. 01638-262153 ਅਤੇ 01638-260555, ਫ਼ਿਰੋਜ਼ਪੁਰ ਕੰਟਰੋਲ ਰੂਮ ਨੰ. 01632-245366, ਬਰਨਾਲਾ ਕੰਟਰੋਲ ਰੂਮ ਨੰ. 01679-233031, ਬਠਿੰਡਾ ਹੜ੍ਹ ਕੰਟਰੋਲ ਰੂਮ ਨੰ. 0164-2862100 ਅਤੇ 0164-2862101, ਕਪੂਰਥਲਾ ਕੰਟਰੋਲ ਰੂਮ ਨੰ. 01822-231990, ਫਤਹਿਗੜ੍ਹ ਸਾਹਿਬ ਹੜ੍ਹ ਕੰਟਰੋਲ ਰੂਮ ਨੰ. 01763-232838, ਮੋਗਾ ਹੜ੍ਹ ਕੰਟਰੋਲ ਰੂਮ ਨੰ. 01636-235206 ਅਤੇ ਜ਼ਿਲ੍ਹਾ ਮਲੇਰਕੋਟਲਾ ਲਈ ਹੜ੍ਹ ਕੰਟਰੋਲ ਰੂਮ ਨੰ. 01675-252003 ਸਥਾਪਤ ਕੀਤੇ ਗਏ ਹਨ।

# ਸੈਣੀ ਨੇ ਮੋਦੀ ਨਾਲ ਕੀਤੀ ਸ਼ਿਸ਼ਟਾਚਾਰ ਭੇਂਟ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਬੁੱਧਵਾਰ ਨੂੰ ਨਵੀਂ ਦਿੱਲੀ ਵਿੱਚ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨਾਲ ਸ਼ਿਸ਼ਟਾਚਾਰ ਭੇਂਟ ਕੀਤੀ। ਇਸ ਮੁਲਾਕਾਤ ਨਾਲ ਦੌਰਾਨ ਹਰਿਆਣਾ ਦੇ ਮੌਜੂਦਾ ਵਿਕਾਸ ਕੰਮਾਂ, ਭਲਾਈਕਾਰੀ ਯੋਜਨਾਵਾਂ ਅਤੇ ਪਰਿਯੋਜਨਾਵਾਂ ਨੂੰ ਲੈਅ ਕੇ ਵਿਸਥਾਰ ਚਰਚਾ ਹੋਈ।ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਨੂੰ ਰਾਜ ਦੀ ਵਿਕਾਸ ਯਾਤਰਾ ਦੀ ਪ੍ਰਗਤੀ ਨਾਲ ਜਾਣੂ ਕਰਵਾਇਆ ਕਿ ਕੇਂਦਰ ਸਰਕਾਰ ਦੀ ਨੀਤੀਆਂ ਅਤੇ ਸਹਿਯੋਗ ਨਾਲ ਹਰਿਆਣਾ ਕਈ ਖੇਤਰਾਂ ਵਿੱਚ ਵਰਣਯੋਗ ਉਪਲਬਧੀਆਂ ਕਰ ਰਿਹਾ ਹੈ।ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੀ ਅਗਵਾਈ ਹੇਠ ਡਬਲ ਇੰਜਣ ਦੀ ਸਰਕਾਰ ਵੱਜੋਂ ਹਰਿਆਣਾ ਲਗਾਤਾਰ ਅੱਗੇ ਵੱਧ ਰਿਹਾ ਹੈ ਅਤੇ ਰਾਜ ਦੇ ਨਾਗਰਿਕਾਂ ਨੂੰ ਸਿੱਖਿਆ, ਸਿਹਤ, ਸਰੰਚਨਾ, ਖੇਤੀਬਾੜੀ, ਉਦਯੋਗ ਅਤੇ ਸਮਾਜਿਕ ਭਲਾਈ ਜਿਹੇ ਖੇਤਰਾਂ ਵਿੱਚ ਲਾਭ ਪ੍ਰਾਪਤ ਹੋ ਰਿਹਾ ਹੈ। ਸੈਣੀ ਨੇ ਪ੍ਰਧਾਨ ਮੰਤਰੀ ਨੂੰ ਰਾਜ ਵਿੱਚ ਚਲ ਰਹੀ ਕੁੱਝ ਪ੍ਰਮੁੱਖ ਯੋਜਨਾਵਾਂ ਅਤੇ ਪ੍ਰੋਗਰਾਮਾਂ ਦੇ ਸੰਦਰਭ ਵਿਚ ਜਾਣਕਾਰੀ ਸਾਂਝੀ ਕੀਤੀ।

# 13 ਨੂੰ ਟਰੰਪ ਤੇ ਮੋਦੀ ਦੇ ਫੂਕੇ ਜਾਣਗੇ ਪੁਤਲੇ : ਡਾ. ਅਜਨਾਲਾ

**ਜਲੰਧਰ (ਸ਼ੈਲੀ ਐਲਬਰਟ)**

ਜਮਹੂਰੀ ਕਿਸਾਨ ਸਭਾ ਪੰਜਾਬ ਨੇ ਸੂਬਾ ਪੱਧਰੀ ਮੀਟਿੰਗ ਸਭਾ ਦੇ ਸੂਬਾਈ ਦਫਤਰ ਸ਼ਹੀਦ ਸਰਵਣ ਸਿੰਘ ਚੀਮਾ ਭਵਨ ਗੜ੍ਹਾ, ਜਲੰਧਰ ਵਿਖੇ ਡਾ. ਸਤਨਾਮ ਸਿੰਘ ਅਜਨਾਲਾ ਦੀ ਪ੍ਰਧਾਨਗੀ ਹੇਠ ਕੀਤੀ। ਸ਼ੁਰੂ ਵਿੱਚ ਵਿਛੜੇ ਸਾਥੀਆਂ ਮਲਕੀਤ ਸਿੰਘ ਨਿਆਲ ਦੇ ਬੇਟੇ ਦਵਿੰਦਰ ਸਿੰਘ, ਭਤੀਜੇ ਰਣਜੀਤ ਸਿੰਘ, ਸੁਰਜੀਤ ਸਿੰਘ ਕਿਲ੍ਹਾ ਰਾਏਪੁਰ, ਕੁਲਵਿੰਦਰ ਸਿੰਘ ਨਥੀਪੁਰ ਅਤੇ ਆਦਿ ਵਾਸੀ ਲੋਕਾਂ ਦੇ ਨੇਤਾ ਸ਼ਿਬੂ ਸੋਰੇਨ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਪ੍ਰਧਾਨ ਡਾ. ਸਤਨਾਮ ਸਿੰਘ ਅਜਨਾਲਾ ਨੇ ਆਖਿਆ ਕਿ ਸਭਾ ਵੱਲੋਂ ਸੰਯੁਕਤ ਕਿਸਾਨ ਮੋਰਚੇ ਦੇ ਦੇਸ਼ ਪੱਧਰੀ ਫੈਸਲੇ ਮੁਤਾਬਕ ਬਾਕੀ ਕਿਸਾਨ ਜਥੇਬੰਦੀਆਂ ਨਾਲ ਮਿਲ ਕੇ 13 ਅਗਸਤ ਨੂੰ ਕਾਰਪੋਰੇਟ ਭਾਰਤ ਛੱਡੋ ਦਾ ਹੋਕਾ ਦਿੰਦਿਆਂ ਕਾਰਪੋਰੇਟਾਂ ਦੀ ਨੁਮਾਇੰਦਗੀ ਕਰਦੇ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਜੌਨ ਟਰੰਪ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪੁਤਲੇ ਸਾੜਨ ਦਾ ਫ਼ੈਸਲਾ ਕੀਤਾ ਹੈ। ਉਹਨਾਂ ਕਿਹਾ ਕਿ ਕਾਰਪੋਰੇਟ ਕਿਰਤੀ ਕਿਸਾਨਾਂ ਦੀਆਂ ਜ਼ਮੀਨਾਂ, ਅਨਾਜ ਤੇ ਉਹਨਾਂ ਦੀ ਮਿਹਨਤ ਦੀ ਲੁੱਟ ਕਰਕੇ ਆਪਣੀ ਦੌਲਤ ਵਿੱਚ ਵਾਧਾ ਕਰ ਰਹੇ ਹਨ। ਉਹਨਾਂ ਕਿਹਾ ਕਿ ਟਰੰਪ ਤੇ ਮੋਦੀ ਕਾਰਪੋਰੇਟਾਂ ਦੀਆਂ ਦਿਸ਼ਾ ਨਿਰਦੇਸ਼ ਨੀਤੀਆਂ ਨੂੰ ਲੋਕਾਂ ਉੱਪਰ ਧੱਕੇ ਨਾਲ ਲਾਗੂ ਕਰ ਰਹੇ ਹਨ। ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀ ਕੀਤਾ ਜਾ ਸਕਦਾ। ਸੂਬਾ ਜਨਰਲ ਸਕੱਤਰ ਕੁਲਵੰਤ ਸਿੰਘ ਸੰਧੂ ਨੇ ਆਖਿਆ ਕਿ ਸੂਬਾ ਸਰਕਾਰ ਵੱਲੋਂ ਲਿਆਂਦੀ ਗਈ ਲੈਂਡ ਪੂਲਿੰਗ ਨੀਤੀ ਦੇ ਵਿਰੋਧ ਵਿੱਚ ਲੁਧਿਆਣਾ ਜ਼ਿਲ੍ਹੇ ਦੀ ਤਹਿਸੀਲ ਸਮਰਾਲਾ ਦੀ ਦਾਣਾ ਮੰਡੀ ਵਿੱਚ ਸੰਯੁਕਤ ਕਿਸਾਨ ਮੋਰਚੇ ਵੱਲੋਂ ਕਿਸਾਨਾਂ ਦੀ ਮਹਾਂ ਰੈਲੀ 24 ਅਗਸਤ ਨੂੰ ਕੀਤੀ ਜਾਵੇਗੀ। ਜਿਸ ਵਿੱਚ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਹਜ਼ਾਰਾਂ ਮੈਂਬਰ ਅਤੇ ਹਮਦਰਦ ਇਸ ਰੈਲੀ ਵਿੱਚ ਸ਼ਾਮਲ ਹੋਣਗੇ। ਉਹਨਾਂ ਕਿਹਾ ਕਿ ਜਿੱਥੇ ਇਸ ਰੈਲੀ ਵਿੱਚ ਲੈਂਡ ਪੂਲਿੰਗ ਨੀਤੀ ਰੱਦ ਕਰਵਾਉਣ ਦੀ ਮੰਗ ਕੀਤੀ ਜਾਵੇਗੀ, ਉੱਥੇ ਕਿਸਾਨਾਂ ਦੀਆਂ ਪਹਿਲਾ ਮੰਨੀਆਂ ਮੰਗਾਂ ਲਾਗੂ ਕਰਵਾਉਣ ਅਤੇ ਰਹਿੰਦੀਆਂ ਮੰਗਾਂ ਮੰਨਣ ਲਈ ਸੂਬਾ ਤੇ ਕੇਂਦਰ ਸਰਕਾਰ ਉੱਪਰ ਹੋਰ ਦਬਾਅ ਬਣਾਇਆ ਜਾਵੇਗਾ। ਉਹਨਾਂ ਕਿਹਾ ਕਿ 24 ਅਗਸਤ ਦੀ ਮਹਾਂ ਰੈਲੀ ਸਰਕਾਰ ਨੂੰ ਲੈਂਡ ਪੂਲਿੰਗ ਨੀਤੀ ਰੱਦ ਕਰਨ ਲਈ ਮਜਬੂਰ ਕਰ ਦੇਵੇਗੀ। ਸੂਬਾ ਪ੍ਰੈਸ ਸਕੱਤਰ ਹਰਨੇਕ ਸਿੰਘ ਗੁੱਜਰਵਾਲ ਨੇ ਆਖਿਆ ਕਿ ਸਭਾ ਵੱਲੋਂ ਧਰਤੀ ਤੇ ਦਰਿਆਵਾਂ ਹੇਠਲੇ ਪਾਣੀ ਨੂੰ ਪ੍ਰਦੂਸ਼ਤ ਹੋਣ ਤੋਂ ਬਚਾਉਣ, ਦਰਿਆਵਾਂ ਦੇ ਪਾਣੀ ਨੂੰ ਖੇਤੀ ਲਈ ਹੋਰ ਵੱਧ ਮਾਤਰਾ ਵਿੱਚ ਵਰਤਣ, ਹੜ੍ਹਾਂ ਕਾਰਨ ਫ਼ਸਲਾਂ ਦੇ ਹੁੰਦੇ ਨੁਕਸਾਨ ਰੋਕਣ, ਮੀਂਹ ਦੇ ਪਾਣੀ ਨੂੰ ਧਰਤੀ ਹੇਠ ਰੀਚਾਰਜ ਕਰਨ ਦੀ ਵਿਧੀ ਨੂੰ ਹੋਰ ਸੂਚਾਰੂ ਬਣਾਉਣ ਦੀ ਮੰਗ, ਸੂਬੇ ਵਿੱਚ ਨਵੀਆਂ ਨਹਿਰਾਂ ਕੱਢਣ, ਪੁਰਾਣੀਆਂ ਨਹਿਰਾਂ ਦੀ ਮੁਰੰਮਤ ਤੇ ਉਹਨਾਂ ਦੀ ਸਮਰੱਥਾ ਵਧਾਉਣ ਦੀ ਮੰਗ ਨੂੰ ਲੈਕੇ ਹਰੀ ਕੇ ਪੱਤਣ ਵਿਖੇ 13 ਅਗਸਤ ਨੂੰ ਧਰਨਾ ਮਾਰਿਆ ਜਾਵੇਗਾ।



# ਲੁੱਟ ਦੀ ਵਾਰਦਾਤ ਨੂੰ ਪੁਲਸ ਨੇ 10 ਦਿਨਾਂ 'ਚ ਕੀਤਾ ਹੱਲ



**ਅੱਡਾ ਸਰਾਂ (ਜਸਵੀਰ ਕਾਜਲ/ਉਂਕਾਰ ਸਿੰਘ)**

ਪਿੰਡ ਵਿਰਕ ਪੱਤੀ ਵਿਚ ਰਾਤ ਨੂੰ ਇਕ ਘਰ 'ਤੇ ਧਾਵਾ ਬੋਲਦੇ ਹੋਏ ਡਕੈਤੀ ਦੀ ਵਾਰਦਾਤ ਨੂੰ ਅੰਜਾਮ ਦੇਣ ਦੇ ਨਾਲ-ਨਾਲ ਔਰਤ ਨਾਲ ਮਾਰਕੁੱਟ ਕਰ ਕੇ ਗੰਭੀਰ ਜ਼ਖਮੀ ਕਰਨ ਵਾਲੇ 6 ਦੇ ਕਰੀਬ ਲੁਟੇਰਿਆਂ 'ਚੋਂ 3 ਨੂੰ ਟਾਂਡਾ ਪੁਲਸ ਨੇ ਗ੍ਰਿਫਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਪੁਲਸ ਨੇ ਲੁੱਟੇ ਗਏ ਗਹਿਣੇ ਅਤੇ ਮਾਰੂ ਹਥਿਆਰ ਵੀ ਬਰਾਮਦ ਕੀਤੇ ਹਨ।ਡੀ. ਐੱਸ. ਪੀ. ਟਾਂਡਾ ਦਵਿੰਦਰ ਸਿੰਘ ਬਾਜਵਾ ਅਤੇ ਐੱਸ.ਐੱਚ.ਓ. ਗੁਰਿੰਦਰਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਕਾਬੂ ਆਏ ਮੁਲਜ਼ਮਾਂ ਦੀ ਪਛਾਣ ਜਗਤਾਰ ਸਿੰਘ ਉਰਫ ਜੱਗਾ ਪੁੱਤਰ ਸਤਨਾਮ ਸਿੰਘ, ਸਾਜਨ ਲਾਲ ਪੁੱਤਰ ਵੱਸਣ ਲਾਲ ਵਾਸੀ ਲਿੱਟਾਂ(ਭੁਲੱਥ) ਕਪੂਰਥਲਾ ਅਤੇ ਮਨੀ ਪੁੱਤਰ ਸੁਖਵਿੰਦਰਪਾਲ ਵਾਸੀ ਤਲਵੰਡੀ ਜੰਡੋਰ (ਕਰਤਾਰਪੁਰ) ਦੇ ਰੂਪ ਵਿਚ ਹੋਈ ਹੈ।ਉਕਤ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ 27 ਜੁਲਾਈ ਦੀ ਰਾਤ ਡੇਢ ਵਜੇ ਦੇ ਕਰੀਬ ਪਿੰਡ ਵਿਰਕ ਪੱਤੀ ਦੇ ਘਰ ਵਿਚ ਹਥਿਆਰਬੰਦ ਲੁਟੇਰੇ ਦਾਖਲ ਹੋਏ ਅਤੇ ਉਨ੍ਹਾਂ ਨੇ ਘਰ ਦੇ ਬਜ਼ੁਰਗ ਬੱਗਾ ਸਿੰਘ ਅਤੇ ਉਸ ਦੀ ਨੂੰਹ ਦਲਜੀਤ ਕੌਰ ਪਤਨੀ ਕਰਮਜੀਤ ਸਿੰਘ ਨਾਲ ਕੁੱਟਮਾਰ ਕਰ ਕੇ ਸੋਨੇ ਦੇ ਗਹਿਣੇ ਨਕਦੀ ਲੁੱਟ ਲਈ।ਪੁਲਸ ਟੀਮਾਂ ਵੱਖ-ਵੱਖ ਤਰੀਕਿਆਂ ਅਤੇ ਕੈਮਰਿਆਂ ਦੀ ਫੁਟੇਜ ਨੂੰ ਖੰਗਾਲਦੇ ਹੋਏ ਲਗਭਗ 77 ਕਿਲੋਮੀਟਰ ਦੂਰੀ ਤੈਅ ਕਰ ਕੇ ਮੁਲਜ਼ਮਾਂ ਤੱਕ ਪਹੁੰਚੀਆਂ।

# ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝੇ ਫਰੰਟ ਨੇ ਮੁੱਖ ਮੰਤਰੀ ਤੇ ਵਿੱਤ ਮੰਤਰੀ ਦੇ ਪੁਤਲੇ ਫੂਕੇ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**

ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝੇ ਫਰੰਟ ਦੇ ਸੱਦੇ ਤੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵੱਲੋਂ ਨਰਿੰਦਰ ਮਹਿਤਾ, ਜੀਤ ਲਾਲ ਗੋਹਲੜੋਂ, ਗੁਰਮੇਲ ਚੰਦ, ਸੁਰਿੰਦਰ ਸਿੰਘ ਸੋਇਤਾ ਦੀ ਅਗਵਾਈ 'ਚ ਚੰਡੀਗੜ੍ਹ ਰੋਡ ਨਵਾਂਸ਼ਹਿਰ ਡਿਪਟੀ ਕਮਿਸ਼ਨਰ ਦਫਤਰ ਸਾਹਮਣੇ ਰੋਸ ਪ੍ਰਦਰਸ਼ਨ ਕਰਨ ਉਪਰੰਤ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਦੇ ਪੁਤਲੇ ਫੂਕੇ ਗਏ।ਰੋਸ ਰੈਲੀ ਨੂੰ ਸੰਬੋਧਨ ਕਰਦਿਆਂ ਕੁਲਦੀਪ ਸਿੰਘ ਦੌੜਕਾ, ਸੋਮ ਲਾਲ ਥੋਪੀਆ, ਕੁਲਵੰਤ ਸਿੰਘ ਅਟਵਾਲ, ਕਰਨੈਲ ਸਿੰਘ ਰਾਹੋਂ, ਅਸ਼ੋਕ ਕੁਮਾਰ, ਮਦਨ ਲਾਲ, ਮਨਜੀਤ ਸਿੰਘ, ਦਸੌਂਧਾ ਸਿੰਘ, ਰਵਿੰਦਰ ਰਾਹੋਂ, ਅਸ਼ਵਨੀ ਕੁਮਾਰ, ਰੇਸ਼ਮ ਲਾਲ, ਕਮਲਦੇਵ, ਬਿਕਰਮਜੀਤ ਸਿੰਘ, ਮਨਜੀਤ ਮੰਢਾਲੀ, ਗੁਰਵਿੰਦਰ ਸਿੰਘ ਆਦਿ ਆਗੂਆਂ ਨੇ ਕਿਹਾ ਕਿ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝੇ ਫਰੰਟ ਵੱਲੋਂ ਆਪਣੀਆਂ ਮੰਗਾਂ ਲਈ ਅਨੇਕਾਂ ਵਾਰ ਰੋਸ ਪ੍ਰਦਰਸ਼ਨ ਕਰਨ ਉਪਰੰਤ ਦਿੱਤੀਆਂ ਗਈਆਂ ਮੀਟਿੰਗਾਂ ਨੂੰ ਵਾਰ-ਵਾਰ ਮੁਲਤਵੀ ਕੀਤਾ ਗਿਆ ਹੈ। ਹੁਣ ਫਿਰ 29 ਜੁਲਾਈ ਦੀ ਮੀਟਿੰਗ ਮੁਲਤਵੀ ਕਰ ਦਿੱਤੀ ਗਈ ਹੈ। ਜਿਸ ਦੇ ਰੋਸ ਵਜੋਂ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝੇ ਫਰੰਟ ਵੱਲੋਂ 5 ਅਗਸਤ ਤੋਂ 12 ਅਗਸਤ ਤੱਕ ਤਹਿਸੀਲਾਂ/ ਜ਼ਿਲ੍ਹਿਆਂ 'ਤੇ ਰੋਸ ਪ੍ਰਦਰਸ਼ਨ ਕਰਕੇ ਮੁੱਖ ਮੰਤਰੀ ਅਤੇ ਵਿੱਤ ਮੰਤਰੀ ਦੇ ਪੁਤਲੇ ਫੂਕਣ ਦਾ ਸੱਦਾ ਦਿੱਤਾ ਗਿਆ ਹੈ।ਆਗੂਆਂ ਨੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਮਸਲੇ ਹੱਲ ਨਾ ਕੀਤੇ ਤਾਂ ਆਉਂਦੀਆਂ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦਾ ਸਖਤ ਵਿਰੋਧ ਕੀਤਾ ਜਾਵੇਗਾ। ਇਸ ਸਮੇਂ ਜਸਵੀਰ ਸਿੰਘ ਮੋਰੋਂ, ਸੁੱਖ ਰਾਮ, ਸੋਹਣ ਸਿੰਘ, ਸੋਮ ਨਾਥ ਤੱਕਲਾ, ਧਰਮ ਪਾਲ, ਰਾਮ ਪਾਲ, ਗੁਰਦਿਆਲ ਸਿੰਘ, ਹਰਭਜਨ ਸਿੰਘ, ਦੀਦਾਰ ਸਿੰਘ, ਦੇਸ ਰਾਜ ਬੱਜੋਂ, ਵਿਜੇ ਕੁਮਾਰ, ਸ਼ੰਭੂ ਨਾਰਾਇਣ, ਹਰਮੇਸ਼ ਲਾਲ, ਅਜੀਤ ਰਾਮ, ਸਤਪਾਲ ਭਾਟੀਆ, ਸਵਰਨ ਸਿੰਘ, ਜਸਵੀਰ ਸਿੰਘ ਮੰਗੂਵਾਲ, ਹਰੀ ਸਿੰਘ ਆਦਿ ਹਾਜ਼ਰ ਸਨ।



# 1013 ਨਸ਼ੀਲੀਆਂ ਗੋਲੀਆਂ ਸਮੇਤ ਇੱਕ ਗ੍ਰਿਫ਼ਤਾਰ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸੰਦੀਪ ਮਲਿਕ ਐਸ.ਐਸ.ਪੀ ਹੁਸ਼ਿਆਰਪੁਰ ਦੀ ਅਗਵਾਈ ਹੇਠ ਤੇ ਮੁਕੇਸ਼ ਕੁਮਾਰ ਐਸ.ਪੀ. ਤਫਤੀਸ਼ ਅਤੇ ਦੇਵ ਦੱਤ ਡੀ.ਐਸ.ਪੀ. ਸਬ ਡਵੀਜ਼ਨ ਸਿਟੀ ਹੁਸ਼ਿਆਰਪੁਰ ਦੇ ਦਿਸ਼ਾ ਨਿਰਦੇਸਾਂ ਅਨੁਸਾਰ ਐਸ.ਆਈ ਕਿਰਨ ਸਿੰਘ ਮੁੱਖ ਅਫਸਰ ਥਾਣਾ ਸਿਟੀ ਨੂੰ ਉਸ ਸਮੇਂ ਸਫਲਤਾ ਮਿਲੀ, ਜਦੋਂ ਏ ਐਸ ਆਈ ਅਨਿਲ ਕੁਮਾਰ ਸਮੇਤ ਪੁਲਸ ਪਾਰਟੀ ਭੈੜੇ ਅਤੇ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਪ੍ਰਾਈਵੇਟ ਵਹੀਕਲਾਂ ਨੂੰ ਚੈਕ ਕਰ ਰਹੀ ਸੀ ਤਾਂ ਊਨਾ ਰੋਡ 'ਤੇ ਪੈਂਦੇ ਸੈਣੀ ਸਰਵਿਸ ਸਟੇਸ਼ਨ ਦੇ ਕੋਲ ਇੱਕ ਨੌਜਵਾਨ ਆ ਰਿਹਾ ਸੀ ਜੋ ਕਿ ਪੁਲਸ ਪਾਰਟੀ ਨੂੰ ਦੇਖ ਘਬਰਾ ਕੇ ਪਿੱਛੇ ਮੁੜਿਆ ਤੇ ਭੰਗੀ ਚੋਅ ਵੱਲ ਖਿਸਕਣ ਲੱਗਾ ਤਾਂ ਏ.ਐਸ.ਆਈ ਅਨਿਲ ਕੁਮਾਰ ਨੇ ਸ਼ੱਕ ਦੇ ਤੌਰ 'ਤੇ ਉਸ ਨੂੰ ਕਾਬੂ ਕਰ ਲਿਆ। ਇਸ ਸਬੰਧੀ ਪੁਲਸ ਮੁਲਾਜ਼ਮਾਂ ਨੇ ਦੱਸਿਆ ਕਿ ਕਾਬੂ ਕੀਤੇ ਗਏ ਉਕਤ ਵਿਅਕਤੀ ਨੇ ਆਪਣਾ ਨਾਂਅ ਮਨੂ ਬੇਦੀ ਪੁੱਤਰ ਨਿਰਦੇਵ ਸਿੰਘ ਵਾਸੀ ਮਕਾਨ ਨੰਬਰ-104, ਮੁਹੱਲਾ ਬਸੀ ਖਵਾਜੂ ਦੱਸਿਆ।ਉਹਨਾਂ ਦੱਸਿਆ ਕਿ ਜਦੋਂ ਉਕਤ ਵਿਅਕਤੀ ਦੀ ਤਲਾਸ਼ੀ ਲਈ ਤਾ ਉਸ ਪਾਸੋਂ ਖੁੱਲ੍ਹੀਆਂ ਗੋਲੀਆਂ ਬਿਨਾਂ ਮਾਰਕਾ 1013 ਬਰਾਮਦ ਹੋਈਆਂ। ਜਿਸ 'ਤੇ ਮਨੂ ਬੇਦੀ ਨੂੰ ਗ੍ਰਿਫਤਾਰ ਕਰਕੇ ਉਸ ਉੱਪਰ ਮੁਕੱਦਮਾ ਦਰਜ ਕੀਤਾ ਗਿਆ।

# ਸ਼ਾਹਕੋਟ 'ਚ ਭਾਜਪਾ ਦਾ ਇੰਚਾਰਜ ਕੌਣ ?

**ਸ਼ਾਹਕੋਟ (ਗਿਆਨ ਸੈਦਪੁਰੀ)**

ਪਿਛਲੇ ਦਿਨੀ ਵਿਧਾਨ ਸਭਾ ਹਲਕਾ ਸ਼ਾਹਕੋਟ ਨਾਲ ਸੰਬੰਧਿਤ ਇੱਕ ਭਾਜਪਾ ਆਗੂ ਦੀ ਸਿਆਸੀ ਨਬਜ ਟਟੋਲਦਿਆਂ ਇੱਕ ਸਵਾਲ ਕੀਤਾ ਤਾਂ ਉਸ ਦਾ ਜਵਾਬ ਬੜਾ ਮਜਾਹਿਆ ਸੀ। ਉਸ ਨੇ ਕਿਹਾ ਕਿ ਅਸੀਂ ਆਪਣੀ ਪਾਰਟੀ ਦੂਸਰੀਆਂ ਪਾਰਟੀਆਂ ਨੂੰ 'ਠੇਕੇ' 'ਤੇ ਦਿੱਤੀ ਹੋਈ ਹੈ। ਅਸਲ 'ਚ ਇਸ 'ਹਾਸੇ' ਅੰਦਰ ਇੱਕ ਮਲਾਲ ਸੀ, ਇੱਕ ਦਰਦ ਸੀ। ਏਨੇ ਕੁ ਜਵਾਬ ਤੋਂ ਬਾਅਦ ਉਸ ਆਗੂ ਨੇ ਆਪਣੇ ਮਨ ਦਾ 'ਉਬਾਲ' ਕਾਬੂ ਕਰ ਲਿਆ ਤੇ 'ਫਾਰਮਲ' ਗੱਲਾਂ ਕਰਨ ਲੱਗ ਪਿਆ। ਸੁਣਨ ਵਾਲਿਆਂ ਨੇ ਸੰਖੇਪ ਮਜਾਹੀਆ ਗੱਲ ਦੇ ਆਪੋ ਆਪਣੇ ਢੰਗ ਨਾਲ ਅਰਥ ਕੱਢ ਲਏ। ਖੈਰ ਸ਼ਾਹਕੋਟ ਦੀ ਭਾਜਪਾ ਸਿਆਸਤ ਅੱਜ ਕੱਲ੍ਹ ਕਾਫੀ ਸਰਗਰਮ ਹੈ ਤੇ ਇਸ ਵਿੱਚ ਵੱਖ-ਵੱਖ ਆਗੂਆਂ ਦੀ ਆਪਸੀ ਖਿੱਚੋਤਾਣ ਨਾਲ ਪੈਦਾ ਹੋਈ ਸਿਆਸੀ 'ਗਰਮੀ' ਦਾ ਸੇਕ ਵੀ ਵਰਕਰਾਂ ਨੂੰ ਸਹਿਣਾ ਪੈ ਰਿਹਾ ਹੈ। ਇਸ ਵਰਤਾਰੇ ਬਾਰੇ ਭਾਜਪਾ ਆਗੂ ਡਾ. ਅਮਰਜੀਤ ਸਿੰਘ ਥਿੰਦ ਦਾ ਫੋਨੀਕਲੀ ਪ੍ਰਤੀਕਰਮ ਜਾਨਣਾ ਚਾਹਿਆ ਤਾਂ ਉਹਨਾਂ ਕਿਹਾ ਕਿ ਉਹ ਅੱਜ ਕੱਲ੍ਹ ਆਪਣੇ ਨਿੱਜੀ ਕੰਮ ਕਾਜ ਵਿੱਚ ਰੁੱਝੇ ਹੋਏ ਹਨ। ਇਸ ਦਾ ਅਰਥ ਇਹ ਹੋ ਸਕਦਾ ਹੈ ਕਿ ਉਹ ਸ਼ਾਹਕੋਟ ਭਾਜਪਾ ਦੀ ਆਪਸੀ ਖਿੱਚੋਤਾਣ ਤੋਂ ਹਾਲ ਦੀ ਘੜੀ ਪਾਸੇ ਰਹਿਣਾ ਚਾਹੁੰਦੇ ਹੋਣ। ਭਾਜਪਾ ਦੀ ਸਰਗਰਮੀ ਮੁੱਖ ਤੌਰ 'ਤੇ ਉਨਾਂ ਕੈਂਪਾਂ ਰਾਹੀਂ ਨਜ਼ਰ ਆਉਂਦੀ ਹੈ, ਜੋ ਵੱਖ ਵੱਖ ਆਗੂਆਂ ਦੀ ਅਗਵਾਈ ਵਿੱਚ ਕੇਂਦਰ ਸਰਕਾਰ ਦੀਆਂ ਕੁਝ ਲੋਕ ਪੱਖੀ ਨੀਤੀਆਂ ਤੋਂ ਜਾਣੂ ਕਰਵਾਉਣ ਲਈ ਪਿੰਡਾਂ ਵਿੱਚ ਲਾਏ ਜਾ ਰਹੇ ਹਨ। ਵੱਖ ਵੱਖ ਆਗੂਆਂ ਵੱਲੋਂ 'ਕੈਂਪ ਇੰਚਾਰਜ' ਹੋਣ ਦੀ ਪੇਸ਼ਕਾਰੀ ਦੌਰਾਨ ਵੀ ਇੱਕ ਸਵਾਲ ਪੈਦਾ ਹੋ ਰਿਹਾ ਹੈ ਕਿ ਅਸਲ ਕੈਂਪ ਇੰਚਾਰਜ ਕੌਣ ਹੈ। ਇਸ ਕਸ਼-ਮ-ਕਸ਼ ਦੌਰਾਨ ਇੱਕ ਧੜੇ ਵੱਲੋਂ ਦੂਸਰੇ ਧੜੇ ਦੇ ਪੋਸਟਰ ਪਾੜਨ ਦੀ ਚਰਚਾ ਵੀ ਆਪਸੀ ਖਿੱਚੋਤਾਣ ਵਿੱਚ ਵਾਧਾ ਕਰ ਰਹੀ ਹੈ।

ਕਾਂਗਰਸ ਪਾਰਟੀ, 'ਆਪ' ਅਤੇ ਅਕਾਲੀ ਦਲ ਵਿੱਚ ਹਲਕਾ ਇੰਚਾਰਜ ਨਿਯੁਕਤ ਕੀਤੇ ਜਾਂਦੇ ਹਨ। ਇਸ ਮਾਮਲੇ ਵਿੱਚ ਵੀ ਭਾਜਪਾ ਅੰਦਰ ਭੰਬਲਭੂਸਾ ਹੈ। ਐਡਵੋਕੇਟ ਦੀਪਕ ਸ਼ਰਮਾ ਮੁਤਾਬਕ ਭਾਜਪਾ ਅੰਦਰ 'ਹਲਕਾ ਇੰਚਾਰਜ' ਦੀ ਕੋਈ ਵਿਵਸਥਾ ਨਹੀਂ ਹੈ। ਇਸ ਵਿੱਚ 'ਹਲਕਾ ਕੋਆਰਡੀਨੇਟਰ' ਹੁੰਦਾ ਹੈ ਤੇ ਉਹ ਨਿਯੁਕਤੀ ਉਹਨਾਂ(ਸ਼ਰਮਾ) ਕੋਲ ਹੈ।ਤੇਜ਼ ਤਰਾਰ ਆਗੂ ਰਾਣਾ ਹਰਦੀਪ ਸਿੰਘ ਦਾ ਹਲਕੇ ਅੰਦਰ ਵਿਚਰਨ-ਵਰਤਾਰਾ ਇਸ ਤਰ੍ਹਾਂ ਪ੍ਰਭਾਵ ਪਾਉਂਦਾ ਹੈ ਕਿ ਹਲਕੇ ਦੀ ਵਾਗਡੋਰ ਉਹਨਾਂ(ਰਾਣਾ) ਕੋਲ ਹੈ।ਪਿਛਲੇ ਕੁਝ ਸਮੇਂ ਤੋਂ ਨਰਿੰਦਰ ਪਾਲ ਸਿੰਘ ਚੰਦੀ ਦਾ ਹਲਕੇ ਦੀ ਸਿਆਸਤ ਵਿੱਚ ਉਭਰਵਾਂ ਪ੍ਰਭਾਵ ਪਿਆ ਹੈ। ਭਾਜਪਾ ਵੱਲੋਂ ਹਲਕੇ ਦੇ ਮੁਖੀ ਹੋਣ ਦੇ ਜਿਹੜੇ ਤੱਥ ਚੰਦੀ ਹੁਰੀ ਦੱਸਦੇ ਹਨ, ਉਹਨਾਂ ਵਿੱਚ ਵਜ਼ਨ ਵੀ ਨਜ਼ਰ ਆਉਂਦਾ ਹੈ। ਉਨਾਂ ਨੇ ਆਪਣੀ ਸਰਗਰਮੀ ਦੇ ਨਾਲ ਬਾ-ਕਾਇਦਾ ਆਪਣਾ ਦਫਤਰ ਖੋਲ ਦਿੱਤਾ ਹੈ, ਜਿਸ ਦੀ ਦੇਖਰੇਖ ਮੰਡਲ ਪ੍ਰਧਾਨ ਸੰਜਮ ਮੈਸਨ ਕਰਦੇ ਹਨ। ਚੰਦੀ ਦੀ ਇਸ ਦਲੀਲ ਦੀ ਵੀ ਕੋਈ ਕਾਟ ਨਹੀਂ ਹੈ ਕਿ ਵਿਧਾਨ ਸਭਾ ਹਲਕਾ ਸ਼ਾਹਕੋਟ ਤੋਂ ਭਾਜਪਾ ਵੱਲੋਂ ਪਹਿਲੀ ਵਾਰ ਚੋਣ ਉਹੀ ਲੜੇ ਹਨ। ਬੇਸ਼ੱਕ ਉਹ ਜਿਆਦਾ ਜਲੰਧਰ ਰਹਿੰਦੇ ਹਨ ਪਰ ਉਨਾਂ ਦੀ ਰਿਹਾਇਸ਼ ਹਲਕੇ ਦੇ ਪਿੰਡ ਫੁੱਲ ਵਿੱਚ ਵੀ ਹੈ। ਇਹ ਵੀ ਪਤਾ ਲੱਗਾ ਹੈ ਕਿ ਭਾਜਪਾ ਹਾਈਕਮਾਂਡ ਵੱਲੋਂ ਵਿਧਾਨ ਸਭਾ ਹਲਕਾ ਸ਼ਾਹਕੋਟ ਦੇ ਇੰਚਾਰਜ ਹੋਣ ਦਾ ਪੱਤਰ ਜਾਰੀ ਕੀਤਾ ਹੋਇਆ ਹੈ। ਇਸ ਪੱਤਰ ਦੀ ਸ਼ਬਦਾਵਲੀ ਵਿੱਚ ਕੁਝ ਫਰਕ ਹੋ ਸਕਦਾ ਹੈ। ਕਿਸੇ ਵੇਲੇ ਹਲਕੇ ਅੰਦਰ ਅੱਧੀ ਦਰਜਨ ਕਾਂਗਰਸ ਦੇ ਆਗੂ ਟਿਕਟ ਦੇ ਦਾਅਵੇਦਾਰ ਹੋਇਆ ਕਰਦੇ ਸਨ। ਥੋੜੇ ਬਹੁਤੇ ਫਰਕ ਨਾਲ ਅੱਜ ਸਥਿਤੀ ਭਾਜਪਾ ਵਾਲਿਆਂ ਦੀ ਵੀ ਉਹੀ ਹੈ। ਚੋਣਾਂ 'ਚ ਭਾਵੇਂ ਅਜੇ ਕਾਫੀ ਸਮਾਂ ਰਹਿੰਦਾ ਹੈ ਪਰ 'ਪਿਆਰੀ' ਟਿਕਟ ਲਈ ਢੇਰ ਸਮਾਂ ਪਹਿਲਾਂ ਹੀ ਹਰੇਕ ਪਾਰਟੀ ਦੇ ਦਾਅਵੇਦਾਰ 'ਤਿਆਰੀ' ਕੱਸ ਲੈਂਦੇ ਹਨ। ਭਾਜਪਾ ਵੱਲੋਂ ਸ਼ਾਹਕੋਟ ਦਾ ਵਾਲੀਵਾਰਸ ਕੌਣ ? ਇਹ ਅੱਜ ਕੱਲ ਖੂੰਡ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ



ਨਰਿੰਦਰ ਪਾਲ ਸਿੰਘ ਚੰਦੀ | ਰਾਣਾ ਹਰਦੀਪ ਸਿੰਘ | ਅਮਰਜੀਤ ਸਿੰਘ ਥਿੰਦ | ਦੀਪਕ ਸ਼ਰਮਾ

# ਖਾਲਸਾ ਕਾਲਜ ਦੀ ਰਵਨੂਰ ਨੇ ਯੂਨੀਵਰਸਿਟੀ 'ਚੋਂ ਹਾਸਲ ਕੀਤਾ ਛੇਵਾਂ ਸਥਾਨ

**ਸੁਲਤਾਨਪੁਰ ਲੋਧੀ (ਹਨੀ)**-ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਬੀ.ਏ ਭਾਗ ਤੀਜਾ ਦੇ ਐਲਾਨ ਕੀਤੇ ਨਤੀਜੇ 'ਚ ਸਥਾਨਕ ਗੁਰੂ ਨਾਨਕ ਖਾਲਸਾ ਕਾਲਜ ਦਾ ਨਤੀਜਾ ਬਹੁਤ ਹੀ ਸ਼ਾਨਦਾਰ ਰਿਹਾ। ਕਾਲਜ ਦੀ ਵਿਦਿਆਰਥਣ ਰਵਨੂਰ ਕੌਰ ਪੁੱਤਰੀ ਸੰਤੋਖ ਸਿੰਘ ਨੇ ਯੂਨੀਵਰਸਿਟੀ ਵੱਲੋਂ ਜਾਰੀ ਕੀਤੀ ਮੈਰਿਟ ਲਿਸਟ ਵਿੱਚ 81 ਫੀਸਦੀ ਅੰਕ ਹਾਸਲ ਕਰਕੇ ਯੂਨੀਵਰਸਿਟੀ ਵਿੱਚੋਂ ਛੇਵਾਂ ਸਥਾਨ ਅਤੇ ਜ਼ਿਲ੍ਹੇ ਵਿਚੋਂ ਪਹਿਲਾ ਸਥਾਨ ਹਾਸਿਲ ਕਰਦੇ ਹੋਏ ਡਿਸਟਿੰਕਸ਼ਨ ਵੀ ਹਾਸਲ ਕੀਤੀ।ਇਸੇ ਤਰ੍ਹਾਂ ਹੀ ਕਾਲਜ ਦੀ ਵਿਦਿਆਰਥਣ ਮਨਦੀਪ ਕੌਰ ਪੁੱਤਰੀ ਮੰਗਲ ਸਿੰਘ ਨੇ 75 ਫੀਸਦੀ ਅੰਕ ਹਾਸਲ ਕਰਕੇ ਯੂਨੀਵਰਸਿਟੀ ਵਿੱਚੋਂ 61ਵੀਂ ਪੁਜੀਸ਼ਨ ਹਾਸਲ ਕਰਦੇ ਹੋਏ, ਜ਼ਿਲ੍ਹੇ ਵਿੱਚੋਂ ਤੀਸਰਾ ਸਥਾਨ ਅਤੇ ਡਿਸਟਿੰਕਸ਼ਨ ਹਾਸਲ ਕੀਤੀ। ਵਿਦਿਆਰਥਣ ਮਨੀਸ਼ਾ ਰਾਣੀ ਪੁੱਤਰੀ ਬਲਵੀਰ ਸਿੰਘ ਨੇ 74 ਫੀਸਦੀ ਅੰਕ ਹਾਸਲ ਕਰਕੇ ਕਾਲਜ ਵਿੱਚੋਂ ਤੀਸਰਾ ਸਥਾਨ ਹਾਸਲ ਕਰਕੇ ਕਾਲਜ ਅਤੇ ਮਾਪਿਆਂ ਦਾ ਨਾਂ ਰੋਸ਼ਨ ਕੀਤਾ।ਵਿਦਿਆਰਥੀਆਂ ਦੀ ਇਸ ਪ੍ਰਾਪਤੀ ਲਈ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਜਸਬੀਰ ਕੌਰ ਨੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਮਿਹਨਤੀ ਸਟਾਫ ਦੀ ਸ਼ਲਾਘਾ ਕੀਤੀ । ਕਾਲਜ ਦੀ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਇੰਜੀਨੀਅਰ ਸਵਰਨ ਸਿੰਘ ਅਤੇ ਸਕੱਤਰ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਨੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ ਅਤੇ ਸਟਾਫ ਨਾਲ ਇਸ ਪ੍ਰਾਪਤੀ ਲਈ ਖੁਸ਼ੀ ਪ੍ਰਗਟਾਈ।



# ਲਾਇਲਪੁਰ ਖ਼ਾਲਸਾ ਕਾਲਜ ਦੇ ਐੱਨ ਸੀ ਸੀ ਕੈਡਿਟਾਂ ਦਾ ਇੰਟਰ ਗਰੁੱਪ ਮੁਕਾਬਲਿਆਂ 'ਚ ਸ਼ਾਨਦਾਰ ਪ੍ਰਦਰਸ਼ਨ

**ਜਲੰਧਰ (ਸ਼ੈਲੀ ਐਲਬਰਟ)**

ਲਾਇਲਪੁਰ ਖ਼ਾਲਸਾ ਕਾਲਜ ਦੇ ਐੱਨ ਸੀਸੀ ਕੈਡਿਟਾਂ ਨੇ ਐੱਨ ਸੀ ਸੀ ਅਕੈਡਮੀ, ਰੋਪੜ ਵਿਖੇ ਹੋਏ ਇੰਟਰ-ਗਰੁੱਪ ਮੁਕਾਬਲਿਆਂ ਵਿੱਚ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਸੰਸਥਾ ਦਾ ਨਾਮ ਰੌਸ਼ਨ ਕੀਤਾ। ਕੈਂਪ ਵਿੱਚ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਦੇ ਕੈਡਿਟਾਂ ਨੇ ਹਿੱਸਾ ਲਿਆ। ਪ੍ਰਿੰਸੀਪਲ ਡਾ. ਸੁਮਨ ਚੋਪੜਾ ਨੇ ਆਪਣੇ ਦਫ਼ਤਰ 'ਚ ਇਨ੍ਹਾਂ ਕੈਡਿਟਾਂ ਦਾ ਸਨਮਾਨ ਕੀਤਾ। ਉਨ੍ਹਾਂ ਨੇ ਕੈਡਿਟਾਂ ਦੀ ਵਚਨਬੱਧਤਾ ਅਤੇ ਸਖ਼ਤ ਮਿਹਨਤ ਦੀ ਸ਼ਲਾਘਾ ਕੀਤੀ ਅਤੇ ਭਵਿੱਖ ਵਿੱਚ ਵੀ ਸਰਵੋਤਮ ਪ੍ਰਦਰਸ਼ਨ ਲਈ ਯਤਨਸ਼ੀਲ ਰਹਿਣ ਲਈ ਉਤਸ਼ਾਹਿਤ ਕੀਤਾ।ਪ੍ਰੈੱਸ ਨੂੰ ਜਾਰੀ ਬਿਆਨ ਵਿੱਚ ਉਨ੍ਹਾਂ ਦੱਸਿਆ ਕਿ ਅੰਡਰ ਅਫ਼ਸਰ ਰਿਸਿਕ ਮਹਾਪਾਤਰਾ ਨੇ ਇੰਟਰ-ਗਰੁੱਪ ਸ਼ੂਟਿੰਗ ਮੁਕਾਬਲੇ ਵਿੱਚ ਹਿੱਸਾ ਲਿਆ ਅਤੇ ਆਪਣੇ ਤੇਜ਼ ਨਿਸ਼ਾਨੇਬਾਜ਼ੀ ਦੇ ਹੁਨਰ ਦਾ ਪ੍ਰਦਰਸ਼ਨ ਕੀਤਾ। ਕਾਰਪੋਰਲ ਸਮਰਿਧੀ ਕੌਸ਼ਲ ਨੇ ਫੀਲਡ ਸਿਗਨਲ ਟੀਮ ਈਵੈਂਟ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਅਤੇ ਆਪਣੀ ਟੀਮ ਨੂੰ ਜਲੰਧਰ ਗਰੁੱਪ 'ਚ ਪਹਿਲਾ ਸਥਾਨ ਪ੍ਰਾਪਤ ਕਰਵਾਇਆ। ਆਪਣੇ ਸ਼ਾਨਦਾਰ ਪ੍ਰਦਰਸ਼ਨ ਕਾਰਨ, ਉਸ ਨੂੰ ਥਲ ਸੈਨਾ ਕੈਂਪ ਦੇ ਦੂਜੇ ਪੜਾਅ ਲਈ ਵੀ ਚੁਣਿਆ ਗਿਆ। ਸਾਰਜੈਂਟ ਅੰਸ਼ ਨੇ ਮੈਪ ਰੀਡਿੰਗ ਮੁਕਾਬਲੇ ਵਿੱਚ ਸ਼ਲਾਘਾਯੋਗ ਯੋਗਤਾ ਦਿਖਾਈ ਅਤੇ ਥਲ ਸੈਨਾ ਕੈਂਪ ਦੇ ਪਹਿਲੇ ਪੜਾਅ ਨੂੰ ਸਫਲਤਾਪੂਰਵਕ ਪਾਸ ਕੀਤਾ। ਕੈਡੇਟ ਆਂਚਲ ਨੇ ਬੇਮਿਸਾਲ ਸਰੀਰਕ ਅਤੇ ਤਕਨੀਕੀ ਯੋਗਤਾਵਾਂ ਦਾ ਪ੍ਰਦਰਸ਼ਨ ਕੀਤਾ ਅਤੇ ਟੈਂਟ ਪਿੱਚਿੰਗ ਅਤੇ ਔਬਸਟੈਕਲ ਟ੍ਰੇਨਿੰਗ ਦੋਵਾਂ ਮੁਕਾਬਲਿਆਂ 'ਚ ਪਹਿਲਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ, ਕੈਡੇਟ ਸੁਖਪ੍ਰੀਤ ਕੌਰ ਅਤੇ ਕੈਡੇਟ ਅੰਸ਼ੂ ਨੇ ਚੰਡੀਗੜ੍ਹ ਵਿਖੇ ਆਯੋਜਿਤ ਜੀ.ਵੀ. ਮਾਵਲੰਕਰ ਸ਼ੂਟਿੰਗ ਮੁਕਾਬਲੇ 'ਚ ਕਾਲਜ ਦੀ ਨੁਮਾਇੰਦਗੀ ਕੀਤੀ। ਇਸ ਦੌਰਾਨ ਕਾਰਪੋਰਲ ਜਤਿਨ ਨੇ ਫੀਲਡ ਕਰਾਫਟ ਅਤੇ ਬੈਟਲ ਕਰਾਫਟ ਮੁਕਾਬਲੇ ਵਿੱਚ ਹਿੱਸਾ ਲੈ ਕੇ ਆਪਣੇ ਮਜ਼ਬੂਤ ਰਣਨੀਤਕ ਹੁਨਰ ਦਾ ਪ੍ਰਦਰਸ਼ਨ ਕੀਤਾ।ਡਾ. ਚੋਪੜਾ ਨੇ ਐੱਨ ਸੀ ਸੀ ਐਸੋਸੀਏਟ ਅਫਸਰ ਡਾ. ਕਰਨਬੀਰ ਸਿੰਘ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ, ਜਿਨ੍ਹਾਂ ਨੇ ਸਿਖਲਾਈ ਦੌਰਾਨ ਕੈਡਿਟਾਂ ਦਾ ਮਾਰਗਦਰਸ਼ਨ ਕੀਤਾ। ਇਹ ਪ੍ਰਾਪਤੀਆਂ ਲਾਇਲਪੁਰ ਖਾਲਸਾ ਕਾਲਜ ਵਿਖੇ ਐੱਨ ਸੀ ਸੀ ਯੂਨਿਟ ਵੱਲੋਂ ਅਪਣਾਏ ਗਏ ਸਿਖਲਾਈ ਅਤੇ ਅਨੁਸ਼ਾਸਨ ਦੇ ਉੱਚ ਮਿਆਰਾਂ ਨੂੰ ਦਰਸਾਉਂਦੀਆਂ ਹਨ।



# ਨਸ਼ਾ ਦੇਸ਼ ਦੀ ਜਵਾਨੀ ਤੇ ਸਮਾਜ ਦਾ ਨਾਸ਼ ਕਰਦਾ : ਲੈਕਚਰਾਰ ਗੁਰਿੰਦਰ ਸਿੰਘ

**ਆਦਮਪੁਰ (ਪਰਮਜੀਤ ਸਿੰਘ)**

ਡਿਪਟੀ ਕਮਿਸ਼ਨਰ ਜਲੰਧਰ ਡਾ. ਹਿਮਾਂਸ਼ੂ ਅਗਰਵਾਲ ਦੀ ਅਗਵਾਈ 'ਚ ਪੰਜਾਬ ਸਰਕਾਰ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਡਾ. ਬੀ.ਆਰ.ਅੰਬੇਦਕਰ ਯੁਵਕ ਸੇਵਾਵਾਂ ਕਲੱਬ ਕਡਿਆਣਾ ਵਲੋਂ ਸਕੂਲ ਆਫ ਐਮੀਨੈਂਸ ਆਦਮਪੁਰ ਵਿਖੇ ਨਸ਼ਾ ਵਿਰੋਧੀ ਜਾਗਰੁਕਤਾ ਅਭਿਆਨ ਕਰਵਾਇਆ ਗਿਆ । ਇਸ ਪ੍ਰੋਗਰਾਮ ਨੂੰ ਸੰਬੋਧਨ ਕਰਦਿਆਂ ਅਸਿਸਟੈਂਟ ਡਾਇਰੈਕਟਰ ਸ੍ਰੀ ਰਵੀ ਪਾਲ ਨੇ ਨਸ਼ਿਆਂ ਦੇ ਮਾੜੇ ਪ੍ਰਭਾਵ ਤੇ ਪੰਜਾਬੀ ਗੀਤਾਂ ਵਿਚ ਨਸ਼ਿਆਂ ਦੇ ਮਾੜੇ ਰੁਝਾਨ ਤੇ ਚਰਚਾ ਰਦਿਆਂ ਕਿਹਾ ਕਿ ਨਸ਼ਾ ਦੇਸ਼ ਦੀ ਜਵਾਨੀ, ਜਿੰਦਗੀ ਤੇ ਸਮਾਜ ਦਾ ਨਾਸ਼ ਕਰ ਦਿੰਦਾ ਹੈ । ਨੌਜਵਾਨਾਂ ਨੂੰ ਨਸ਼ੇ ਖਿਲਾਫ ਜਾਗਰੂਕਤਾ ਮੁਹਿੰਮ ਦਾ ਹਿੱਸਾ ਬਣ ਕੇ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ ਯਤਨ ਕਰਨੇ ਚਾਹੀਦੇ ਹਨ । ਇਸ ਮੌਕੇ ਲੋਕ ਗਾਇਕ ਦਵਿੰਦਰ ਦਿਆਲਪੁਰੀ, ਲੈਕਚਰਾਰ ਗੁਰਿੰਦਰ ਸਿੰਘ, ਵਾਈਸ ਪ੍ਰਿੰਸੀਪਲ ਜੋਤੀ ਟੰਡਨ ਨੇ ਵੀ ਸਮਾਗਮ ਨੂੰ ਸੰਬੋਧਨ ਕੀਤਾ।ਕਲੱਬ ਦੇ ਪ੍ਰਧਾਨ ਕਮਲਜੀਤ ਕਡਿਆਣਾ ਨੇ ਕਿਹਾ ਕਿ ਹਰੇਕ ਪਿੰਡ ਦੇ ਨੌਜਵਾਨਾਂ, ਪੰਚਾਇਤਾਂ, ਧਾਰਮਿਕ ਸੰਸਥਾਵਾਂ, ਕਲੱਬਾਂ ਤੇ ਪ੍ਰਮੁੱਖ ਸ਼ਖਸ਼ੀਅਤਾਂ ਨੂੰ ਆਪਣੇ ਨਸ਼ਿਆਂ ਤੋਂ ਮੁਕਤ ਕਰਨੇ ਚਾਹੀਦੇ ਹਨ।



# ਤਬਾਦਲਾ ਪ੍ਰਕਿਰਿਆ ਨੂੰ ਪਾਰਦਰਸ਼ੀ ਤੇ ਨਿਰਪੱਖ ਬਣਾਇਆ ਜਾਵੇ : ਜੀ ਟੀ ਯੂ

**ਫ਼ਿਲੌਰ, (ਨਿਰਮਲ)**

ਸਿੱਖਿਆ ਵਿਭਾਗ ਦੀ ਅਧਿਆਪਕ ਬਦਲੀ ਨੀਤੀ ਇੱਕ ਵਾਰ ਫਿਰ ਸਵਾਲਾਂ ਦੇ ਘੇਰੇ ਵਿੱਚ ਹੈ।ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ, ਜਰਨਲ ਸਕੱਤਰ ਗੁਰਬਿੰਦਰ ਸਿੰਘ, ਵਿੱਤ ਸਕੱਤਰ ਅਮਨਦੀਪ ਸ਼ਰਮਾ, ਪ੍ਰੈੱਸ ਸਕੱਤਰ ਕਰਨੈਲ ਫਿਲੌਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਵਿਭਾਗ ਨੇ ਇੱਕ ਪੱਤਰ ਜਾਰੀ ਕਰਦਿਆਂ ਦਾਅਵਾ ਕੀਤਾ ਸੀ ਕੇ 5 ਅਤੇ 6 ਅਗਸਤ ਨੂੰ ਅਧਿਆਪਕ ਸਟੇਸ਼ਨ ਚੁਆਇਸ ਲਈ ਅਪਲਾਈ ਕਰ ਸਕਣਗੇ। ਲਗਭਗ 2 ਮਹੀਨੇ ਤੋਂ ਸਟੇਸ਼ਨ ਚੁਆਇਸ ਦੀ ਉਡੀਕ ਕਰ ਰਹੇ ਅਧਿਆਪਕਾਂ ਲਈ ਵਿਭਾਗ ਸਹੀ ਸਟੇਸ਼ਨ ਮੁਹੱਈਆ ਨਹੀਂ ਕਰਵਾ ਸਕਿਆ। ਬਦਲੀਆਂ ਵਿੱਚ ਸਾਰੇ ਸਟੇਸ਼ਨ ਨਹੀਂ ਦਿਖਾਏ ਜਾ ਰਹੇ ਹਨ। ਜਿਹੜੇ ਦਿਖਾਏ ਜਾ ਰਹੇ ਹਨ, ਉੱਥੇ ਪੋਸਟਾਂ ਨਹੀਂ ਹਨ। ਹੈੱਡ ਟੀਚਰਾਂ ਨੂੰ ਸੀ ਐੱਚ ਟੀ ਦੇ ਸਟੇਸ਼ਨ ਦਿਖਾਏ ਜਾ ਰਹੇ ਹਨ। ਸਰਪਲੱਸ ਪੋਸਟਾਂ ਤੇ ਬਦਲੀ ਲਈ ਚੋਣ ਕਰਾਈ ਜਾ ਰਹੀ ਹੈ।ਇਹ ਕਮੀਆਂ ਬਦਲੀ ਨੀਤੀ ਨੂੰ ਕਮਜ਼ੋਰ ਕਰਦੀਆਂ ਹਨ।ਇਸ ਲਈ ਜਿਹੜੇ ਅਧਿਕਾਰੀ ਇਸ ਬਦਲੀ ਨੀਤੀ ਨੂੰ ਕਮਜ਼ੋਰ ਕਰਨ ਦੀ ਨੀਅਤ ਰੱਖਦੇ ਹਨ ਉਹਨਾ ਦੀ ਜ਼ਿੰਮੇਵਾਰੀ ਤਹਿ ਕਰਨੀ ਚਾਹੀਦੀ ਹੈ। ਅਧਿਆਪਕ ਆਗੂ ਕੁਲਦੀਪ ਪੁਰੋਵਾਲ, ਗੁਰਪ੍ਰੀਤ ਅਮੀਵਾਲ, ਗੁਰਦੀਪ ਬਾਜਵਾ ਤੇ ਮਨੋਹਰ ਲਾਲ ਸ਼ਰਮਾ ਨੇ ਕਿਹਾ ਕਿ ਪ੍ਰਮੋਸ਼ਨਾਂ ਤੋਂ ਬਾਅਦ ਖਾਲੀ ਹੋਏ ਕੁੱਝ ਸਟੇਸ਼ਨ ਚੁਆਇਸ ਵਿਚ ਨਹੀਂ ਵਿਖਾਏ ਗਏ ਤੇ ਕੁੱਝ ਸਟੇਸ਼ਨ ਅਜਿਹੇ ਵਿਖਾਏ ਗਏ ਹਨ ਜਿਥੇ ਵਿਦਿਆਰਥੀਆਂ ਦੀ ਗਿਣਤੀ ਦੇ ਅਨੁਸਾਰ ਪੋਸਟਾਂ ਹੀ ਨਹੀਂ ਬਣਦੀਆਂ, ਜਿਸ ਦਾ ਖਾਮਿਆਜ਼ਾ ਬਾਅਦ 'ਚ ਅਧਿਆਪਕਾਂ ਨੂੰ ਭੁਗਤਨਾ ਪੈ ਸਕਦਾ ਹੈ। ਪਰ ਹੁਣ ਜਾਣਕਾਰੀ ਸਾਹਮਣੇ ਆਈ ਹੈ, ਉਹ ਇਹ ਹੈ ਕਿ ਕਾਫ਼ੀ ਖ਼ਾਲੀ ਸਟੇਸ਼ਨ, ਬਦਲੀਆਂ ਦੀ ਸਟੇਸ਼ਨ ਚੁਆਇਸ ਵਿੱਚ ਵਿਖਾਏ ਹੀ ਨਹੀਂ ਗਏ। ਇਸ ਤੋਂ ਇਲਾਵਾ ਕੁਝ ਥਾਵਾਂ ਤੇ ਤਾਂ ਪੋਸਟ ਬਣਦੀ ਹੀ ਨਹੀਂ ਸੀ, ਉੱਥੇ ਵੀ ਚੁਆਇਸ ਮੰਗੀ ਗਈ। ਆਗੂਆਂ ਨੇ ਕਿਹਾ ਕੇ ਵਿਭਾਗ ਇੱਕ ਵਾਰ ਫਿਰ ਟੀਚਰਾਂ ਨੂੰ ਪ੍ਰੇਸ਼ਾਨ ਕਰ ਰਿਹਾ ਹੈ।ਜੀ ਟੀ ਯੂ ਪੰਜਾਬ ਨੇ ਵਿਭਾਗ ਦੇ ਇਸ ਰਵੱਈਏ ਦੀ ਸਖ਼ਤ ਨਿਖੇਧੀ ਕੀਤੀ ਹੈ ਅਤੇ ਮੰਗ ਕੀਤੀ ਹੈ ਕਿ ਤਬਾਦਲਾ ਪ੍ਰਕਿਰਿਆ ਨੂੰ ਪਾਰਦਰਸ਼ੀ ਅਤੇ ਨਿਰਪੱਖ ਬਣਾਇਆ ਜਾਵੇ।





# ਬਸਪਾ ਵੱਲੋਂ ਪੰਜਾਬ ਸਰਕਾਰ ਤੇ ਪ੍ਰਸ਼ਾਸਨ ਖਿਲਾਫ ਰੋਸ ਪ੍ਰਦਰਸ਼ਨ 12 ਨੂੰ : ਚੁੰਬਰ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**

ਪੰਜਾਬ ਸੰਭਾਲੋ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ, ਗੁਰਮੇਲ ਚੁੰਬਰ, ਬਹੁਜਨ ਸਮਾਜ ਪਾਰਟੀ ਵਿਧਾਨ ਸਭਾ ਹਲਕਾ ਨਕੋਦਰ ਦੀ ਇੱਕ ਵਿਸ਼ੇਸ਼ ਮੀਟਿੰਗ ਹੋਈ ਜਿਸ 'ਚ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਦੇ ਖਿਲਾਫ ਲੋਕਾਂ ਦੀ ਹੋ ਰਹੀ ਖੱਜਲ ਖੁਆਰੀ ਧੱਕੇਸ਼ਾਹੀ ਅਤੇ ਵਿਕਾਸ ਕਾਰਜਾਂ ਵਿੱਚ ਸਰਪੰਚਾਂ ਨਾਲ ਕੀਤੀ ਜਾ ਰਹੀ ਵਿਤਕਰੇਬਾਜ਼ੀ ਖਿਲਾਫ 12 ਅਗਸਤ ਦਿਨ ਨੂੰ 10 ਵਜੇ ਐੱਸ ਡੀ ਐੱਮ ਦਫ਼ਤਰ ਵਿਖੇ ਧਰਨਾ ਦਿੱਤਾ ਜਾਵੇਗਾ। ਇਸ ਮੌਕੇ ਵੱਖ-ਵੱਖ ਪਾਰਟੀਆਂ ਦੇ ਲੋਕਾਂ ਨੇ ਬਹੁਜਨ ਸਮਾਜ ਪਾਰਟੀ ਵਿੱਚ ਸ਼ਾਮਲ ਹੋ ਕੇ ਪੰਜਾਬ ਸੰਭਾਲੋ ਮਹਿਮ ਤਹਿਤ ਪਾਰਟੀ ਦੀਆਂ ਨੀਤੀਆਂ ਤੇ ਮੋਹਰ ਲਾਈ। ਇਸ ਮੌਕੇ ਹਰੀਸ਼ ਚੰਦਰ ਸ਼ਰਮਾ ਨਕੋਦਰ, ਸਮਿਤ ਗੋਗਨਾ ਨਕੋਦਰ, ਸੁਖਵਿੰਦਰ ਬਾਗਪੁਰ, ਹਰਵਿੰਦਰ ਬਾਗਪੁਰ, ਡੇਵਿਡ ਮਸੀਹ ਨਵਾਂ ਪਿੰਡ ਸ਼ੌਕੀਆ ਸ਼ਾਮਲ ਹੋਏ। ਇਸ ਮੌਕੇ ਪੰਜਾਬ ਦੇ ਜਰਨਲ ਸਕੱਤਰ ਗੁਰਮੇਲ ਚੁੰਬਰ ਇੰਚਾਰਜ, ਪ੍ਰਧਾਨ ਜਗਦੀਸ਼ ਸ਼ੇਰਪੁਰੀ ਜ਼ਿਲ੍ਹਾ ਜਲੰਧਰ, ਕੋਆਰਡੀਨੇਟਰ ਮੰਗਤ ਸਿੰਘ ਜ਼ਿਲ੍ਹਾ ਜਲੰਧਰ, ਪ੍ਰਧਾਨ ਦੇਵ ਰਾਜ ਸੁਮਨ ਨਕੋਦਰ, ਸਾਬਕਾ ਪ੍ਰਧਾਨ ਮਲਕੀਤ ਚੁੰਬਰ, ਸ਼ਹਿਰੀ ਪ੍ਰਧਾਨ ਵਿਜੇ ਮੜਾਸ ਨਕੋਦਰ, ਹੰਸ ਰਾਜ ਸਿੱਧੂ, ਬੱਬੂ ਬਾਠ, ਅਨੰਦ ਜੱਖੂ, ਕੁਲਦੀਪ ਨਕੋਦਰ, ਸਰਪੰਚ ਰਾਮ ਮਾਹੂੰਵਾਲ, ਜਤਿੰਦਰ ਸਿੱਧਵਾਂ, ਮਨਜੀਤ ਸਿੱਧਵਾਂ, ਸ਼ਿੰਦਾ ਚਾਨੀਆਂ, ਸੰਤੋਖ ਘਾਰੂ, ਅਸ਼ੋਕ ਕੁਮਾਰ ਲਾਲੀ, ਸੁਦੇਸ਼ ਚਾਹਲ, ਰਾਣਾ ਤਲਵਣ, ਰਾਣਾ ਪੁਆਦੜਾ, ਦਲਵੀਰ ਕੱਦੋ, ਤੀਰਥ ਰਾਮ, ਜਗਦੀਸ਼ ਕੌਲ, ਵਿਜੇ ਲਾਲੀ, ਸੁਖਦੇਵ ਭੋਡੀਪੁਰ, ਮੇਜ਼ਰ ਜਹਾਂਗੀਰ ਤੇ ਭਾਰੀ ਗਿਣਤੀ ਵਿੱਚ ਵਰਕਰ ਸ਼ਾਮਲ ਹੋਏ।

# ਗੋਲਡਨ ਹੈਰੀਟੇਜ 'ਚ 'ਤ੍ਰਿੰਝਣਾਂ ਤੀਜ ਮੇਲਾ' ਅੱਜ : ਆਸ਼ਿਕਾ ਜੈਨ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ, ਓਮ ਪ੍ਰਕਾਸ਼ ਰਾਣਾ)**- ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ ਸੈਰ-ਸਪਾਟਾ ਅਤੇ ਸੱਭਿਆਚਾਰ ਵਿਭਾਗ, ਪੰਜਾਬ ਵੱਲੋਂ 7 ਅਗਸਤ ਨੂੰ ਗੋਲਡਨ ਹੈਰੀਟੇਜ, ਟਾਂਡਾ ਰੋਡ, ਹੁਸ਼ਿਆਰਪੁਰ ਵਿਖੇ ਇੱਕ ਵਿਸ਼ਾਲ ਰਾਜ ਪੱਧਰੀ ਤ੍ਰਿੰਝਣਾਂ ਤੀਜ ਮੇਲਾ 2025 ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਸਮਾਗਮ ਦੁਪਹਿਰ 12 ਵਜੇ ਤੋਂ ਸ਼ਾਮ 4:30 ਵਜੇ ਤੱਕ ਆਯੋਜਿਤ ਹੋਵੇਗਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਧਰਮਪਤਨੀ ਡਾ. ਗੁਰਪ੍ਰੀਤ ਕੌਰ ਇਸ ਸੱਭਿਆਚਾਰਕ ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਇਹ ਮੇਲਾ ਪੰਜਾਬ ਦੇ ਅਮੀਰ ਸੱਭਿਆਚਾਰਕ ਵਿਰਸੇ ਅਤੇ ਪਰੰਪਰਾਵਾਂ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਇੱਕ ਵਧੀਆ ਮੌਕਾ ਹੋਵੇਗਾ। ਸੱਭਿਆਚਾਰਕ ਪੇਸ਼ਕਾਰੀਆਂ ਅਤੇ ਰਵਾਇਤੀ ਗਤੀਵਿਧੀਆਂ ਰਾਹੀਂ ਤੀਜ ਤਿਉਹਾਰ ਦੇ ਲੋਕ ਸੱਭਿਆਚਾਰ ਅਤੇ ਰਵਾਇਤੀ ਰੰਗਾਂ ਨੂੰ ਜੀਵੰਤ ਕੀਤਾ ਜਾਵੇਗਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਅਮਰਬੀਰ ਕੌਰ, ਸਹਾਇਕ ਕਮਿਸ਼ਨਰ ਓਇਸ਼ੀ ਮੰਡਲ, ਐਸ.ਪੀ ਨਵਨੀਤ ਕੌਰ ਗਿੱਲ, ਐਸ.ਡੀ.ਐਮ ਗੁਰਸਿਮਰਨਜੀਤ ਕੌਰ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।



# ਲੈਂਡ ਪੂਲਿੰਗ ਪਾਲਿਸੀ ਖਿਲਾਫ਼ ਕਿਸਾਨਾਂ ਨੇ ਕੱਢਿਆ ਟਰੈਕਟਰ ਮਾਰਚ



**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**

ਪਿੰਡ ਰਾਜਪੁਰ ਭਾਈਆਂ ਤੋਂ ਅਜ਼ਾਦ ਕਿਸਾਨ ਕਮੇਟੀ ਦੋਆਬਾ ਪੰਜਾਬ ਵੱਲੋਂ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਪਾਲਿਸੀ ਖਿਲਾਫ ਕਿਸਾਨਾਂ ਵੱਲੋਂ ਅਜ਼ਾਦ ਕਿਸਾਨ ਕਮੇਟੀ ਦੋਆਬਾ ਪੰਜਾਬ ਦੇ ਪ੍ਰਧਾਨ ਹਰਪਾਲ ਸਿੰਘ ਸੰਘਾ ਦੀ ਅਗਵਾਈ ਹੇਠ ਟਰੈਕਟਰ ਮਾਰਚ ਕੱਢਿਆ ਗਿਆ ।ਸੰਘਾ ਨੇ ਦੱਸਿਆ ਕਿ ਟਰੈਕਟਰ ਮਾਰਚ ਅਸੀਂ ਹੁਸ਼ਿਆਰਪੁਰ ਤੱਕ ਜਾਵਾਂਗੇ ਅਤੇ ਜਿਹੜੇ ਸਾਡੇ ਇਲਾਕੇ ਦੇ ਪ੍ਰਭਾਵ ਪਿੰਡ ਹਨ ਉਥੇ ਜਾ ਕੇ ਰੋਸ ਪ੍ਰਦਰਸ਼ਨ ਕਰਾਂਗੇ। ਉਨ੍ਹਾਂ ਕਿਹਾ ਕਿ ਜਿਹੜੀ ਇਹ ਸਰਕਾਰ ਆਈ ਹੈ, ਇਸ ਨੇ ਕਿਸਾਨਾਂ ਨਾਲ ਧੱਕਾ ਕੀਤਾ ਹੈ।ਸਰਕਾਰ ਨੇ ਲੋਕਾਂ ਦੇ ਘਰਾਂ ਦੇ ਉੱਤੇ ਤੇ ਜਮੀਨਾਂ ਦੇ ਉੱਤੇ ਕਬਜ਼ੇ ਕਰਨੇ ਸ਼ੁਰੂ ਕਰ ਦਿੱਤੇ ਹਨ। ਇਸ ਕਰਕੇ ਝੰਡਾ ਮਾਰਚ ਕੱਢਿਆ ਜਾ ਰਿਹਾ ਹੈ। ਟਰੈਕਟਰ ਮਾਰਚ ਦੌਰਾਨ ਹਰਪ੍ਰੀਤ ਸਿੰਘ ਪੰਚ ਮੁੱਖਲਿਆਣਾ, ਹਰਜੀਤ ਸਿੰਘ, ਮਨਜਿੰਦਰ ਸਿੰਘ ਹਾਰਟਾ, ਸੰਤੋਖ ਸਿੰਘ, ਕੁਲਦੀਪ ਕੁਮਾਰ ਲਵਲੀ, ਲੰਬਰਦਾਰ ਜਤਿੰਦਰ ਸਿੰਘ ਘੁੰਮਣ ਬੱਡਲਾ, ਤਰਸੇਮ ਸਿੰਘ, ਸੁਖਵਿੰਦਰ ਸਿੰਘ, ਅਨਿਲ ਕੁਮਾਰ ਮੋਨੂੰ, ਵੰਸ ਪੰਚ, ਪੱਪੂ ਕੁਮਾਰ ਲੰਬਰਦਾਰ, ਨਰਿੰਦਰ ਸਿੰਘ, ਬਲਜੀਤ ਸਿੰਘ, ਗੁਰਬਚਨ ਸਿੰਘ ਬੱਡਲਾ, ਦੁੱਖਭੰਜਨ ਸਿੰਘ ਹਾਰਟਾ, ਗੁਰਿੰਦਰ ਸਿੰਘ, ਸੁਖਦੇਵ ਸਿੰਘ, ਜਸਵੀਰ ਸਿੰਘ, ਬਗੀਚਾ ਸਿੰਘ, ਲੰਬਰਦਾਰ ਸੁਖਵਿੰਦਰ ਸਿੰਘ, ਜਥੇਦਾਰ ਜਸਵੀਰ ਸਿੰਘ, ਸਤਨਾਮ ਸਿੰਘ ਮੁੱਖਲਿਆਣਾ ਤੋਂ ਇਲਾਵਾ ਵੱਡੀ ਗਿਣਤੀ ਵਿਚ 'ਚ ਕਿਸਾਨ ਹਾਜ਼ਰ ਸਨ।

# ਪੰਜਾਬ ਰਾਜ ਬਾਲ ਅਧਿਕਾਰ ਕਮਿਸ਼ਨ ਨੇ ਮਨਾਇਆ ਤੀਜ ਦਾ ਤਿਉਹਾਰ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪੰਜਾਬ ਰਾਜ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ (ਪੀ ਐਸ ਸੀ ਪੀ ਸੀ ਆਰ) ਵੱਲੋਂ ਵਾਈਸ-ਚੇਅਰਪਰਸਨ ਗੁਨਜੀਤ ਰੁਚੀ ਬਾਵਾ ਦੀ ਅਗਵਾਈ ਹੇਠ ਮੋਹਾਲੀ ਦਫ਼ਤਰ ਵਿਖੇ ਤੀਜ ਦਾ ਤਿਉਹਾਰ ਮਨਾਇਆ ਗਿਆ। ਇਸ ਦਾ ਉਦੇਸ਼ ਟੀਮ ਮੈਂਬਰਾਂ ਵਿੱਚ ਤਾਲਮੇਲ ਅਤੇ ਖੁਸ਼ੀ ਦੀ ਭਾਵਨਾ ਨੂੰ ਉਤਸ਼ਾਹਤ ਕਰਨਾ ਅਤੇ ਸੱਭਿਆਚਾਰਕ ਪਰੰਪਰਾਵਾਂ ਨੂੰ ਕਾਇਮ ਰੱਖਣਾ ਸੀ। ਇਸ ਸਮਾਗਮ ਵਿੱਚ ਕਮਿਸ਼ਨ ਦੇ ਸਟਾਫ਼ ਮੈਂਬਰਾਂ ਦਲਜੀਤ ਕੌਰ, ਸੁਪਰਡੈਂਟ, ਅਨੂ, ਕਲਰਕ ਅਤੇ ਸੰਦੀਪ ਕੌਰ, ਕਲਰਕ ਨੇ ਵੀ ਭਾਗ ਲਿਆ। ਸੁਬਾਰਡੀਨੇਟ ਸਟਾਫ ਸਿਲੈਕਸ਼ਨ ਬੋਰਡ ਦੇ ਸਹਾਇਕ ਡਾਇਰੈਕਟਰ ਸ਼੍ਰੀਮਤੀ ਕੁਲਵਿੰਦਰ ਕੌਰ ਵੀ ਇਸ ਸਮਾਗਮ ਵਿੱਚ ਸ਼ਾਮਲ ਹੋਏ।ਇਸ ਮੌਕੇ ਗੁਨਜੀਤ ਰੁਚੀ ਬਾਵਾ ਨੇ ਪੇਸ਼ੇਵਰ ਸਥਾਨਾਂ ਵਿੱਚ ਰਵਾਇਤੀ ਤਿਉਹਾਰਾਂ ਨੂੰ ਮਨਾਉਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਤੀਜ ਖੁਸ਼ੀ, ਏਕਤਾ ਅਤੇ ਸੱਭਿਆਚਾਰਕ ਮਾਣ ਦਾ ਜਸ਼ਨ ਹੈ। ਉਨ੍ਹਾਂ ਨੇ ਕਿਹਾ ਕਿ ਹਰ ਕਿਸੇ ਨੂੰ ਇੰਨੇ ਉਤਸ਼ਾਹ ਨਾਲ ਹਿੱਸਾ ਲੈਂਦੇ ਦੇਖਣਾ ਖੁਸ਼ੀ ਦੀ ਗੱਲ ਹੈ।ਇਸ ਸਮਾਗਮ ਵਿੱਚ ਰਵਾਇਤੀ ਤੀਜ ਰਸਮਾਂ, ਗੱਲਬਾਤ ਅਤੇ ਸੱਭਿਆਚਾਰਕ ਗਤੀਵਿਧੀਆਂ ਸ਼ਾਮਲ ਸਨ। ਭਾਗੀਦਾਰਾਂ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਅਜਿਹੇ ਅਰਥਪੂਰਨ ਜਸ਼ਨ ਦਾ ਹਿੱਸਾ ਬਣਨ 'ਤੇ ਆਪਣੀ ਖੁਸ਼ੀ ਪ੍ਰਗਟ ਕੀਤੀ।ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਪਹਿਲਕਦਮੀਆਂ ਨਾਲ, ਪੰਜਾਬ ਰਾਜ ਬਾਲ ਅਧਿਕਾਰ ਸੁਰੱਖਿਆ ਕਮਿਸ਼ਨ ਰਾਜ ਵਿੱਚ ਬਾਲ ਅਧਿਕਾਰਾਂ ਦੀ ਰਾਖੀ ਦੇ ਆਪਣੇ ਮਿਸ਼ਨ ਪ੍ਰਤੀ ਵਚਨਬੱਧ ਰਹਿੰਦੇ ਹੋਏ, ਇੱਕ ਸਕਾਰਾਤਮਕ, ਸਮਾਵੇਸ਼ੀ ਅਤੇ ਸੱਭਿਆਚਾਰਕ ਤੌਰ 'ਤੇ ਜੁੜੇ ਕਾਰਜ ਸਥਾਨ ਦੇ ਵਾਤਾਵਰਣ ਨੂੰ ਉਤਸ਼ਾਹਤ ਕਰਨਾ ਜਾਰੀ ਰੱਖੇਗਾ।



# ਗੋਗੀਆ ਪਰਵਾਰ ਅਰੋੜਾ ਵੰਸ਼ 'ਚ ਸ਼ਾਮਲ ਹੋਣ 'ਤੇ ਸਨਮਾਨਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਅਰੋੜਾ ਵੰਸ਼ ਹੁਸ਼ਿਆਰਪੁਰ ਵੱਲੋਂ ਪ੍ਰਧਾਨ ਦੀਪਕ ਨਰੂਲਾ ਦੀ ਅਗਵਾਈ ਹੇਠ ਮੈਂਬਰਸ਼ਿਪ ਮੁਹਿੰਮ ਸ਼ੁਰੂ ਕੀਤੀ ਗਈ। ਇਸੇ ਕੜੀ ਹੇਠ ਅੱਜ ਸ਼ਹਿਰ ਦੇ ਪ੍ਰਮੁੱਖ ਵਿਅਕਤੀ ਗੋਗੀਆ ਪਰਵਾਰ (ਕੋਤਵਾਲੀ ਬਾਜ਼ਾਰ), ਜਿਸ ਵਿੱਚ ਅਸ਼ੋਕ ਕੁਮਾਰ ਗੋਗੀਆ, ਤਰੁਣ ਗੋਗੀਆ, ਮਨੀ ਗੋਗੀਆ, ਹਨੀ ਗੋਗੀਆ ਅਤੇ ਗੌਰਵ ਨੂੰ ਅਰੋੜਾ ਵੰਸ਼ ਪਰਵਾਰ ਵਿੱਚ ਸ਼ਾਮਲ ਕੀਤਾ ਗਿਆ।



ਇਸ ਮੌਕੇ ਪ੍ਰਧਾਨ ਦੀਪਕ ਨਰੂਲਾ ਨੇ ਦੱਸਿਆ ਕਿ ਅਰੋੜਾ ਵੰਸ਼ ਇਕ ਸਮਾਜਿਕ ਸੰਗਠਨ ਹੈ ਜਿਸ ਦਾ ਕਿਸੇ ਵੀ ਰਾਜਨੀਤੀ ਨਾਲ ਕੋਈ ਲੈਣਾ-ਦੇਣਾ ਨਹੀਂ। ਉਨ੍ਹਾਂ ਕਿਹਾ ਕਿ ਅਰੋੜਾ ਵੰਸ਼ ਵੱਲੋਂ ਸਮਾਜਿਕ ਕਾਰਜ ਜਿਵੇਂ ਕਿ ਪੌਦਾਰੋਪਣ, ਨਸ਼ਿਆਂ ਵਿਰੁੱਧ ਜਾਗਰੂਕਤਾ, ਲੋੜਵੰਦਾਂ ਦੀ ਸਹਾਇਤਾ, ਮੈਡੀਕਲ ਕੈਂਪ ਆਦਿ ਕਾਰਜ ਕਰਵਾਏ ਜਾਣਗੇ।ਨਰੂਲਾ ਨੇ ਦੱਸਿਆ ਕਿ ਜਲਦੀ ਹੀ ਅਰੋੜਾ ਵੰਸ਼ ਵੱਲੋਂ ਪੌਦਾਰੋਪਣ ਕੀਤਾ ਜਾਵੇਗਾ ਜਿਸ ਵਿੱਚ 50 ਪੌਦੇ ਲਗਾਉਣ ਦਾ ਟੀਚਾ ਰੱਖਿਆ ਗਿਆ ਹੈ। ਇਹ ਪੌਦੇ ਹਰੇਕ ਮੈਂਬਰ ਦੇ ਨਾਂਅ 'ਤੇ ਲਗਾਏ ਜਾਣਗੇ ਅਤੇ ਉਹੀ ਮੈਂਬਰ ਆਪਣੇ ਪੌਦੇ ਦੀ ਦੇਖਭਾਲ ਕਰੇਗਾ । ਇਸ ਮੌਕੇ ਸੀਨੀਅਰ ਮੈਂਬਰ ਸੰਜੀਵ ਦੁਆ ਅਤੇ ਸਕੱਤਰ ਮਨੋਜ ਤਨੇਜਾ ਨੇ ਆਉਣ ਵਾਲੇ ਪ੍ਰੋਗਰਾਮਾਂ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਖਾਸ ਤੌਰ 'ਤੇ ਅਰੋੜਾ ਬਿਰਾਦਰੀ ਨਾਲ ਸੰਬੰਧਤ ਜਿਹੜੇ ਲੋਕ ਗਰੀਬੀ ਰੇਖਾ ਤੋਂ ਹੇਠਾਂ ਆਉਂਦੇ ਹਨ, ਉਨ੍ਹਾਂ ਦੀ ਭਲਾਈ ਲਈ ਅਰੋੜਾ ਵੰਸ਼ ਪੂਰੀ ਮਦਦ ਕਰੇਗਾ। ਉਨ੍ਹਾਂ ਇਹ ਵੀ ਕਿਹਾ ਕਿ ਅਰੋੜਾ ਵੰਸ਼ ਵੱਲੋਂ ਕਿਸੇ ਵੀ ਜਾਤ-ਪਾਤ ਦਾ ਭੇਦਭਾਵ ਨਹੀਂ ਕੀਤਾ ਜਾਵੇਗਾ ਅਤੇ ਲੋੜਵੰਦ ਦੀ ਹਰ ਸੰਭਵ ਸਹਾਇਤਾ ਕੀਤੀ ਜਾਵੇਗੀ।ਇਸ ਮੌਕੇ ਅਰੋੜਾ ਵੰਸ਼ ਵਿੱਚ ਸ਼ਾਮਲ ਹੋਏ ਮਨੀ ਗੋਗੀਆ ਨੇ ਕਿਹਾ ਕਿ ਉਹ ਮਾਣ ਮਹਿਸੂਸ ਕਰਦੇ ਹਨ ਕਿ ਅਰੋੜਾ ਵੰਸ਼ ਸਮਾਜਿਕ ਕਾਰਜਾਂ ਵਿੱਚ ਅਗਵਾਈ ਕਰੇਗਾ, ਕਿਉਂਕਿ ਕਿਸੇ ਵੀ ਲੋੜਵੰਦ ਦੀ ਮਦਦ ਕਰਨਾ ਸਭ ਤੋਂ ਉੱਤਮ ਕੰਮ ਹੈ।। ਇਸ ਮੌਕੇ ਗੋਗੀਆ ਪਰਵਾਰ ਨੂੰ ਅਰੋੜਾ ਵੰਸ਼ ਵੱਲੋਂ ਸਿਰੋਪਾ ਪਾ ਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਵਿਜੇ ਅਰੋੜਾ, ਸੰਜੀਵ ਅਰੋੜਾ ਅਤੇ ਹੋਰ ਲੋਕ ਵੀ ਮੌਜੂਦ ਸਨ।

# ਭਗਵੰਤ ਮਾਨ ਵੱਲੋਂ ਨਵੇਂ ਮੈਡੀਕਲ ਕਾਲਜ ਬਣਾਉਣ ਦੇ ਐਲਾਨ ਸਿਰਫ ਇਸ਼ਤਿਹਾਰਾਂ ਤੱਕ ਸੀਮਤ : ਸਿੱਧੂ

**ਐੱਸ.ਏ.ਐੱਸ ਨਗਰ (ਗੁਰਜੀਤ ਬਿੱਲਾ)**- ਕਾਂਗਰਸ ਦੇ ਸੀਨੀਅਰ ਆਗੂ ਤੇ ਪੰਜਾਬ ਦੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਦਿੱਤਾ ਗਿਆ ਬਿਆਨ ਕਿ "ਹੁਣ ਸਾਡੇ ਬੱਚਿਆਂ ਨੂੰ ਪੜਾਈ ਲਈ ਯੂਕਰੇਨ ਨਹੀਂ ਜਾਣਾ ਪਵੇਗਾ, ਅਸੀਂ ਪੰਜਾਬ 'ਚ 4 ਨਵੇਂ ਮੈਡੀਕਲ ਕਾਲਜ ਬਣਾ ਰਹੇ ਹਾਂ" 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਇਹ ਸਿਰਫ ਜਨਤਕ ਧਿਆਨ ਭਟਕਾਉਣ ਦੀ ਕੋਸ਼ਿਸ਼ ਹੈ। ਪਰ ਹਕੀਕਤ ਇਹ ਹੈ ਕਿ ਆਮ ਆਦਮੀ ਪਾਰਟੀ ਨੇ ਵੋਟਾਂ ਮੰਗਣ ਵੇਲੇ ਕੀਤੇ ਵਾਅਦਿਆਂ 'ਚੋਂ ਕੋਈ ਵੀ ਪੂਰਾ ਨਹੀਂ ਕੀਤਾ। ਸ੍ਰੀ ਸਿੱਧੂ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ 12 ਨਵੇਂ ਮੈਡੀਕਲ ਕਾਲਜ ਬਣਾਉਣ ਦੀਆਂ ਵੱਡੀਆਂ ਘੋਸ਼ਣਾਵਾਂ ਕੀਤੀਆਂ ਗਈਆਂ, ਪਰ ਅੱਜ ਤੱਕ ਕੋਈ ਸਪਸ਼ਟ ਜਾਣਕਾਰੀ ਨਹੀਂ ਮਿਲੀ ਕਿ ਕਿਹੜੇ ਕਾਲਜ ਬਣੇ ਹਨ ਕਿੱਥੇ ਬਣੇ ਹਨ ਅਤੇ ਇਹ ਕਦੋਂ ਸ਼ੁਰੂ ਹੋਣਗੇ ਇਹ ਸਾਰੇ ਸਵਾਲ ਜਨਤਾ ਲਈ ਰਹੱਸ ਬਣੇ ਹੋਏ ਹਨ। ਸਾਬਕਾ ਮੰਤਰੀ ਨੇ ਕਿਹਾ ਕਿ ਪੰਜਾਬ ਵਿੱਚ ਕੁਝ ਕਲੀਨਿਕ ਬਣਾਉਣ ਨਾਲ ਪੰਜਾਬ ਦੀ ਸਿਹਤ ਪ੍ਰਣਾਲੀ ਕਦੇ ਠੀਕ ਨਹੀਂ ਹੋ ਸਕਦੀ। ਲੋਕਾਂ ਨੂੰ ਸਿਹਤ ਸੇਵਾਵਾਂ ਲਈ ਕਈ ਵਾਰੀ ਕਈ ਕਿਲੋਮੀਟਰ ਦੂਰ ਜਾਣਾ ਪੈਂਦਾ ਹੈ। ਸ੍ਰੀ ਬਲਬੀਰ ਸਿੱਧੂ ਨੇ ਕਿਹਾ ਕਿ ਤੁਸੀਂ ਸੱਤਾ ਵਿਚ ਆਉਣ ਤੋਂ ਪਹਿਲਾਂ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਮਹੀਨਾ ਦੇਣ ਦਾ ਵਾਅਦਾ ਕੀਤਾ ਸੀ। ਪਰ ਹੁਣ ਤਿੰਨ ਸਾਲ ਬੀਤ ਗਏ ਹਨ ਕਿਸੇ ਵੀ ਮਹਿਲਾ ਦੇ ਖਾਤੇ ਵਿਚ ਹਾਲੇ ਤਕ ਇੱਕ ਹਜ਼ਾਰ ਰੁਪਏ ਨਹੀਂ ਆਏ। ਇਸ ਤੋਂ ਇਲਾਵਾ ਤੁਸੀਂ ਇੱਕ ਘਰ, ਇੱਕ ਨੌਕਰੀ ਦਾ ਵਾਅਦਾ ਕੀਤਾ ਸੀ, ਪਰ ਹਕੀਕਤ ਇਹ ਹੈ ਕਿ ਸਰਕਾਰੀ ਨੌਕਰੀਆਂ ਤਾਂ ਦੂਰ, ਨੌਜਵਾਨ ਰੋਜ਼ਗਾਰ ਦੀ ਭਾਲ ਵਿੱਚ ਵਿਦੇਸ਼ਾਂ ਦਾ ਰੁਖ ਕਰਨ ਨੂੰ ਮਜਬੂਰ ਹੋ ਰਹੇ ਹਨ। ਇਹ ਸਰਕਾਰ ਦੀ ਨੀਤੀਆਂ ਦੀ ਅਸਫਲਤਾ ਨੂੰ ਦਰਸਾਉਂਦਾ ਹੈ। ਪੰਜਾਬ ਅੱਜ ਵੀ ਨਸ਼ੇ ਦੀ ਚਪੇਟ ਵਿੱਚ ਹੈ।

# ਗੁਰਦੁਆਰਾ ਲੰਗਰ ਸਾਹਿਬ ਵਿਖੇ 3 ਰੋਜ਼ਾ ਸਾਲਾਨਾ ਧਾਰਮਿਕ ਜੋੜ ਮੇਲਾ ਸਮਾਪਤ

**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**

ਗੁਰਦੁਆਰਾ ਲੰਗਰ ਸਾਹਿਬ ਸੰਤ ਬਾਬਾ ਨਿਧਾਨ ਸਿੰਘ ਜੀ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਵਿਖੇ ਸੰਤ ਬਾਬਾ ਨਰਿੰਦਰ ਸਿੰਘ-ਸੰਤ ਬਾਬਾ ਬਲਵਿੰਦਰ ਸਿੰਘ ਸ੍ਰੀ ਹਜ਼ੂਰ ਸਾਹਿਬ ਵਾਲਿਆਂ ਦੀ ਸੁਚੱਜੀ ਦੇਖ-ਰੇਖ ਹੇਠ ਸੰਤ ਬਾਬਾ ਨਿਧਾਨ ਸਿੰਘ, ਸੰਤ ਬਾਬਾ ਹਰਨਾਮ ਸਿੰਘ , ਸੰਤ ਬਾਬਾ ਆਤਮਾ ਸਿੰਘ ਮੋਨੀ ਤੇ ਸੰਤ ਬਾਬਾ ਸ਼ੀਸ਼ਾ ਸਿੰਘ ਨੂੰ ਸਮਰਪਿਤ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ 3 ਰੋਜ਼ਾ ਸਾਲਾਨਾ ਧਾਰਮਿਕ ਜੋੜ ਮੇਲਾ ਸੇਵਾ ਤੇ ਸਿਮਰਨ ਦਾ ਸੰਦੇਸ਼ ਦਿੰਦਿਆਂ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਸਮਾਪਤ ਹੋ ਗਿਆ। ਜੋੜ ਮੇਲੇ ਦੀ ਸਮਾਪਤੀ ਦੀ ਅਰਦਾਸ ਸੰਤ ਬਾਬਾ ਨਰਿੰਦਰ ਸਿੰਘ , ਸਿੰਘ ਸਾਹਿਬ ਬਾਬਾ ਕੁਲਵੰਤ ਸਿੰਘ ਜਥੇਦਾਰ ਤਖ਼ਤ ਸੱਚਖੰਡਿ ਅਬਚਲ ਨਗਰ ਸ੍ਰੀ ਹਜ਼ੂਰ ਸਾਹਿਬ, ਬਾਬਾ ਗੁਰਦੇਵ ਸਿੰਘ ਸ਼ਹੀਦੀ ਬਾਗ ਵਾਲੇ, ਬਾਬਾ ਗੁਰਮੀਤ ਸਿੰਘ ਨਡਾਲੋਂ, ਬਾਬਾ ਮੰਗਾ ਸਿੰਘ ਧਰਮਕੋਟ, ਬਾਬਾ ਮੋਹਣ ਸਿੰਘ ਯੂ. ਪੀ.,ਜਥੇਦਾਰ ਬਾਬਾ ਜੱਸਾ ਸਿੰਘ, ਜਥੇਦਾਰ ਬਾਬਾ ਜਸਵਿੰਦਰ ਸਿੰਘ ਚੌਧਰੀ, ਬਾਬਾ ਮੇਜਰ ਸਿੰਘ ਸਾਹਨੇਵਾਲ, ਬਾਬਾ ਗੁਰਦੇਵ ਸਿੰਘ ਬਨੂੜ, ਬਾਬਾ ਕਰਨੈਲ ਸਿੰਘ ਮੋਗਾ, ਬਾਬਾ ਸੋਨੂੰ ਬੀਹਲਾ, ਬਾਬਾ ਸਤਨਾਮ ਸਿੰਘ ਗੁਰੂ ਕਾ ਬਾਗ, ਬਾਬਾ ਕਸ਼ਮੀਰ ਸਿੰਘ ਦੁਸਾਂਝ, ਬਾਬਾ ਹਰਜਿੰਦਰ ਸਿੰਘ ਸਪਰੋੜ, ਬਾਬਾ ਹਰਦੇਵ ਸਿੰਘ ਝਬਾਲ, ਬਾਬਾ ਡਾ. ਸਤਨਾਮ ਸਿੰਘ ਫਿਰੋਜ਼ਪੁਰ, ਹੈਡ ਗ੍ਰੰਥੀ ਭਾਈ ਕਸ਼ਮੀਰ ਸਿੰਘ,ਮੀਤ ਗ੍ਰੰਥੀ ਭਾਈ ਗੁਰਮੀਤ ਸਿੰਘ, ਬਾਬਾ ਸਤਨਾਮ ਸਿੰਘ, ਬਾਬਾ ਹੀਰਾ ਸਿੰਘ ਝੂਲਣੇ ਮਹਿਲ, ਭਾਈ ਬਹਾਦਰ ਸਿੰਘ ਜੈਨ ਪੁਰ, ਬਾਬਾ ਮੋਹਣ ਸਿੰਘ ਭੰਗਾਲੀ, ਆਦਿ ਮਹਾਂਪੁਰਸ਼ਾਂ ਦੀ ਹਾਜ਼ਰੀ ਵਿੱਚ ਤਖ਼ਤ ਸੱਚਖੰਡਿ ਸ੍ਰੀ ਅਬਚਲ ਨਗਰ ਸ੍ਰੀ ਹਜ਼ੂਰ ਸਾਹਿਬ ਦੇ ਮੀਤ ਜਥੇਦਾਰ ਗਿਆਨੀ ਜੋਤ ਇੰਦਰ ਸਿੰਘ ਨੇ ਕੀਤੀ। ਇਸ ਮੌਕੇ ਜਥੇਦਾਰ ਇਕਬਾਲ ਸਿੰਘ ਖੇੜਾ, ਸਾਬਕਾ ਸਰਪੰਚ ਜਥੇਦਾਰ ਜਸਵੀਰ ਸਿੰਘ ਭੱਟੀ, ਬਲਜਿੰਦਰ ਸਿੰਘ ਖ਼ਾਲਸਾ ਪੰਜੌੜ, ਨਿਰਮਲ ਸਿੰਘ ਬੋੜਾ, ਕਿਰਪਾਲ ਸਿੰਘ ਅਜਨੋਹਾ, ਨਿਰਮਲ ਸਿੰਘ ਭੀਲੋਵਾਲ, ਵਰਿੰਦਰਜੀਤ ਸਿੰਘ ਚੱਕ ਸਿੰਘਾ, ਕੁਲਦੀਪ ਸਿੰਘ ਅਜਨੋਹਾ, ਅਮਨਦੀਪ ਸਿੰਘ ਨੰਗਲ ਖਿਲਾੜੀਆਂ, ਹਰਜਿੰਦਰ ਸਿੰਘ ਨੰਗਲ ਖਿਲਾੜੀਆਂ, ਹਰਭਜਨ ਕੌਰ, ਬਲਵੰਤ ਕੌਰ ਭਾਣਾ, ਸੁਖਵਿੰਦਰ ਸਿੰਘ ਟੋਡਰਪੁਰ, ਰੁਪਿੰਦਰ ਸਿੰਘ ਸ਼ਾਮਪੁਰਾ, ਰਣਜੀਤ ਸਿੰਘ ਮਹਿਤਪੁਰ, ਸੁਖਚੈਨ ਸਿੰਘ ਮਹਿਤਪੁਰ, ਗੁਰਚਰਨ ਸਿੰਘ ਗੋਬਿੰਦਪੁਰੀ, ਕੁਲਦੀਪ ਸਿੰਘ ਨੰਗਲ ਕਲਾਂ, ਸਤਵੀਰ ਸਿੰਘ ਨੰਗਲ ਕਲਾਂ, ਬਲਜੀਤ ਸਿੰਘ ਢਿੱਲੋਂ, ਭਾਈ ਗੁਲਾਬ ਸਿੰਘ, ਗੁਰਕੀਰਤ ਸਿੰਘ ਵਿਰਕ, ਪਰਮਜੀਤ ਸਿੰਘ ਬਾਹੋਵਾਲ, ਜਗਮੋਹਨ ਸਿੰਘ ਜੱਗੀ ਹਵੇਲੀ, ਆਦਿ ਹਾਜ਼ਰ ਸਨ ।



# ਪੰਜਾਬ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਨੇ ਬਲਾਕ ਪੱਧਰ 'ਤੇ ਅਰਥੀ ਫੂਕ ਰੈਲੀਆਂ ਉਲੀਕਿਆ ਪ੍ਰੋਗਰਾਮ

**ਹੁਸ਼ਿਆਰਪੁਰ, (ਬਲਵੀਰ ਸੈਣੀ)**

ਪੰਜਾਬ ਸਰਕਾਰ ਦੇ ਮੁੱਖ ਮੰਤਰੀ, ਵਿੱਤ ਮੰਤਰੀ ਅਤੇ ਕੈਬਨਿਟ ਸਬ ਕਮੇਟੀ ਵਲੋਂ ਜੱਥੇਬੰਦੀਆਂ ਨੂੰ ਮੀਟਿੰਗਾਂ ਦਾ ਸਮਾਂ ਦੇ ਕੇ ਵਾਰ-ਵਾਰ ਮੀਟਿੰਗਾਂ ਰੱਦ ਕੀਤੀਆਂ ਜਾ ਰਹੀਆਂ ਹਨ। ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਵਲੋਂ ਸੰਘਰਸ਼ ਕਰਕੇ ਸਰਕਾਰ ਪਾਸੋਂ ਮੀਟਿੰਗ ਦਾ ਸਮਾਂ ਨਿਸ਼ਚਿਤ ਕਰਵਾਇਆ ਗਿਆ ਸੀ ਪ੍ਰੰਤੂ ਪਿਛਲੇ ਸਮੇਂ ਵਾਂਗ ਸਰਕਾਰ ਵਲੋਂ 29 ਜੁਲਾਈ ਦੀ ਮੀਟਿੰਗ ਨੂੰ ਮੁਲਤਵੀ ਕਰ ਦਿੱਤਾ ਗਿਆ ਹੈ ਅਤੇ 20 ਅਗਸਤ ਨੂੰ ਮੁੜ ਸਮਾਂ ਦਿੱਤਾ ਗਿਆ ਹੈ। ਸਰਕਾਰ ਦੀ ਇਸ ਵਾਅਦਾ ਖਿਲਾਫੀ ਵਿਰੁੱਧ ਸਾਂਝੇ ਫਰੰਟ ਵਲੋਂ ਸੰਘਰਸ਼ ਦਾ ਐਲਾਨ ਕੀਤਾ ਗਿਆ ਹੈ। 5 ਤੋਂ 12 ਅਗਸਤ ਤੱਕ ਬਲਾਕ/ ਤਹਿਸੀਲ/ ਜ਼ਿਲ੍ਹਾ ਪੱਧਰੀ ਅਰਥੀ ਫੂਕ ਰੈਲੀਆਂ ਦਾ ਐਲਾਨ ਕੀਤਾ ਗਿਆ ਹੈ ਤਾਂ ਜੋ ਪੰਜਾਬ ਭਰ ਅੰਦਰ ਸਰਕਾਰ ਦਾ ਵਿਰੋਧ ਕੀਤਾ ਜਾ ਸਕੇ ਅਤੇ ਅਗਲੇ ਸੰਘਰਸ਼ ਦੀ ਤਿਆਰੀ ਹੋ ਸਕੇ। ਸੰਘਰਸ਼ ਦੀ ਇਸ ਤਿਆਰੀ ਲਈ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਜ਼ਿਲ੍ਹਾ ਹੁਸ਼ਿਆਰਪਰ ਦੀ ਇੱਕ ਜਰੂਰੀ ਮੀਟਿੰਗ ਮੁਲਾਜ਼ਮ ਭਵਨ ਵਿਖੇ ਭੁਪਿੰਦਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਵੱਖ-ਵੱਖ ਜੱਥੇਬੰਦੀਆਂ ਦੇ ਆਗੂਆਂ ਵਲੋਂ ਸ਼ਮੂਲੀਅਤ ਕੀਤੀ ਗਈ। ਇਸ ਮੌਕੇ ਸਰਕਾਰ ਦੀਆਂ ਮੁਲਾਜ਼ਮ, ਪੈਨਸ਼ਨਰ ਅਤੇ ਲੋਕ ਵਿਰੋਧੀ ਨੀਤੀਆਂ ਦੀ ਨਿਖੇਧੀ ਕੀਤੀ ਗਈ ਅਤੇ ਜੱਥੇਬੰਦੀ ਵਲੋਂ ਕੀਤੇ ਜਾ ਰਹੇ ਸੰਘਰਸ਼ ਦੀ ਰੂਪ-ਰੇਖਾ ਬਦਲ ਕੇ ਸਰਕਾਰ ਦਾ ਵੱਡੇ ਪੱਧਰ 'ਤੇ ਵਿਰੋਧ ਕਰਨ ਸਬੰਧੀ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਜ਼ਿਲ੍ਹੇ ਅੰਦਰ ਗੜ੍ਹਸ਼ੰਕਰ, ਮਾਹਿਲਪੁਰ, ਹੁਸ਼ਿਆਰਪੁਰ, ਦਸੂਹਾ, ਮੁਕੇਰੀਆਂ ਅਤੇ ਤਲਵਾੜਾ ਵਿਖੇ ਅਰਥੀ ਫੂਕ ਰੈਲੀਆਂ ਕੀਤੀਆਂ ਜਾਣਗੀਆਂ। ਆਗੂਆਂ ਵਲੋਂ ਬਲਾਕਾਂ ਨੂੰ 11-12 ਅਗਸਤ ਨੂੰ ਰੈਲੀਆਂ ਕਰਨ ਦੀ ਬੇਨਤੀ ਕੀਤੀ। ਮੀਟਿੰਗ ਵਿੱਚ ਹਾਜਰ ਆਗੂਆਂ ਵਲੋਂ ਮੁੱਖ ਮੰਤਰੀ ਦੇ ਝੂਠ ਦੇ ਪੁਲੰਦੇ ਅਤੇ ਦਿੱਲੀ ਦੇ ਲੋਕਾਂ ਵਲੋਂ ਨਕਾਰੇ ਆਮ ਆਦਮੀ ਪਾਰਟੀ ਦੇ ਆਗੂਆਂ ਵਲੋਂ ਪੰਜਾਬ ਦੇ ਕੀਤੇ ਜਾ ਰਹੇ ਉਜਾੜੇ ਸਬੰਧੀ ਸੁਚੇਤ ਕਰਨ ਸਬੰਧੀ ਵੀ ਚਰਚਾ ਕੀਤੀ ਗਈ। ਆਗੂਆਂ ਵਲੋਂ ਜ਼ਿਲ੍ਹੇ ਦੇ ਸਮੂਹ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਇਹਨਾਂ ਰੈਲੀਆਂ ਨੂੰ ਸਫਲ ਬਣਾਉਣ ਦੀ ਅਪੀਲ ਕੀਤੀ। ਇਸ ਮੌਕੇ ਕੁਲਵਰਨ ਸਿੰਘ, ਓਂਕਾਰ ਸਿੰਘ, ਕੁਲਵੰਤ ਸਿੰਘ ਸੈਣੀ, ਬਹਾਦਰ ਸਿੰਘ, ਇੰਦਰਜੀਤ ਵਿਰਦੀ, ਮਨਜੀਤ ਸਿੰਘ ਸੈਣੀ, ਅਸ਼ੋਕ ਕੁਮਾਰ, ਗੁਰਚਰਨ ਸਿੰਘ, ਕਮਲਜੀਤ ਸਿੰਘ, ਸੁਖਦੇਵ ਸਿੰਘ ਢਿੱਲੋਂ, ਹਰਵਿੰਦਰ ਸਿੰਘ, ਹਰਬੰਸ ਸਿੰਘ, ਰਕੇਸ਼ ਕੁਮਾਰ, ਬਿਕਰਮਜੀਤ ਸਿੰਘ ਆਦਿ ਆਗੂ ਵੀ ਹਾਜਰ ਸਨ।



# ਮਾਨਵ ਸੇਵਾ ਉੱਤਮ ਸੇਵਾ ਸੰਸਥਾ ਦੇ ਮੈਂਬਰਾਂ ਨੇ ਵਿਦਿਆਰਥੀ ਦੀ ਕੀਤੀ ਮਾਲੀ ਸਹਾਇਤਾ

**ਨਾਭਾ (ਵਰਿੰਦਰ ਵਰਮਾ)**-ਮਾਨਵ ਸੇਵਾ ਉੱਤਮ ਸੇਵਾ (ਸਟੇਟ ਐਵਾਰਡੀ) ਸੰਸਥਾ ਦੇ ਮੈਂਬਰਾਂ ਦਾ ਇੱਕ ਹੀ ਮਕਸਦ ਹੈ ਲੋੜਵੰਦਾਂ ਦੀ ਮਦਦ ਕਰਨਾ। ਇਹਨਾਂ ਗੱਲਾਂ ਦਾ ਪ੍ਰਗਟਾਵਾ ਸੰਸਥਾ ਦੇ ਮੁੱਖ ਸੇਵਾਦਾਰ ਵਿਕਾਸ ਮਿੱਤਲ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਗੁਰਬੀਰ ਸਿੰਘ ਨਾਮ ਦਾ ਇੱਕ ਬੱਚਾ ਮਾਲਵਾ ਸਕੂਲ ਨਾਭਾ ਵਿੱਚ ਨੌਵੀਂ ਜਮਾਤ ਵਿੱਚ ਪੜ੍ਹਦਾ ਹੈ। ਇਸ ਵਿਦਿਆਰਥੀ ਦੇ ਪਿਤਾ ਬਲਜੀਤ ਸਿੰਘ ਅਤੇ ਮਾਤਾ ਅਮਨਦੀਪ ਕੌਰ ਵੱਲੋਂ ਸੰਸਥਾ ਦੇ ਮੈਂਬਰਾਂ ਨੂੰ ਦੋ ਮਹੀਨੇ ਪਹਿਲਾਂ ਬੇਨਤੀ ਕੀਤੀ ਗਈ ਸੀ ਕਿ ਅਸੀਂ ਆਪਣੇ ਬੱਚੇ ਦੀ ਫੀਸ ਨਹੀਂ ਭਰ ਸਕਦੇ। ਉਹ ਦਾਣਾ ਮੰਡੀ ਵਿੱਚ ਮਜ਼ਦੂਰੀ ਕਰਦਾ ਹੈ ਅਤੇ ਮਾਂ ਘਰੇਲੂ ਔਰਤ ਹੈ। ਇਸ ਬੱਚੇ ਵਿੱਚ ਪੜ੍ਹਾਈ ਲਈ ਚੰਗੀ ਸਮਰੱਥਾ ਹੈ ਅਤੇ ਉਸ ਨੇ ਅੱਠਵੀਂ ਜਮਾਤ ਵਿੱਚ 84 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ ਹਨ। ਉਹਨਾਂ ਕਿਹਾ ਕਿ ਸਾਡੇ ਘਰ ਦਾ ਗੁਜ਼ਾਰਾ ਬਹੁਤ ਮੁਸ਼ਕਿਲ ਨਾਲ ਚੱਲਦਾ ਹੈ। ਸਕੂਲ ਦੀ ਫੀਸ ਲਗਭਗ 28 ਹਜ਼ਾਰ ਰੁਪਏ ਹੈ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਅਲੋਕ ਮੁਖੇਜਾ ਅਤੇ ਅਕਾਊਂਟੈਂਟ ਦੀਪਕ ਕਿੰਗਰ ਕਿਹਾ ਕਿ ਇਹ ਲੋੜਵੰਦ ਵਿਦਿਆਰਥੀ ਪੜ੍ਹਾਈ ਵਿੱਚ ਬਹੁਤ ਹੀ ਹੋਣਹਾਰ ਹੈ। ਸੰਸਥਾ ਵੱਲੋਂ ਜੋ ਇਹ ਉਪਰਾਲਾ ਕੀਤਾ ਗਿਆ ਹੈ ਬਹੁਤ ਹੀ ਸ਼ਲਾਘਾ ਯੋਗ ਹੈ। ਇਸ ਮੌਕੇ ਵਿਦਿਆਰਥੀ ਦੇ ਮਾਤਾ ਪਿਤਾ ਨੇ ਸੰਸਥਾ ਦੇ ਸਮੂਹ ਮੈਂਬਰਾਂ ਵੱਲੋਂ ਕੀਤੇ ਗਏ ਨੇਕ ਕਾਰਜ ਲਈ ਧੰਨਵਾਦ ਕੀਤਾ । ਇਸ ਮੌਕੇ ਅੰਕੁਰ ਸਿੰਗਲਾ, ਸੁਨੀਲ ਗੁਪਤਾ, ਦੀਪਕ ਕੁਮਾਰ, ਬਲਦੇਵ ਕੁਮਾਰ, ਸਾਹਿਲ ਗੁਪਤਾ ਨੇ ਸਾਰੇ ਦਾਨੀ ਸੱਜਣਾਂ ਨੂੰ ਬੇਨਤੀ ਹੈ ਕਿ ਕਿਰਪਾ ਕਰਕੇ ਭਵਿੱਖ ਵਿੱਚ ਇਸ ਐਨ ਜੀ ਓ ਦੀ ਮਦਦ ਕਰੋ ਤਾਂ ਜੋ ਲੋੜਵੰਦ ਲੋਕਾਂ ਦੀ ਮਦਦ ਕੀਤੀ ਜਾ ਸਕੇ।

# ਅਨਮੋਲ ਗਗਨ ਮਾਨ ਨੇ ਨਹਿਰੀ ਜਲ ਸਪਲਾਈ ਪ੍ਰੋਜੈਕਟ ਦੀ ਉਸਾਰੀ ਦੀ ਕੀਤੀ ਸ਼ੁਰੂਆਤ

**ਖਰੜ (ਹਰਨਾਮ ਸਿੰਘ ਡੱਲਾ)**- ਵਿਧਾਇਕ ਅਨਮੋਲ ਗਗਨ ਮਾਨ ਨੇ ਨਿਊ ਸਨੀ ਐਨਕਲੇਵ ਜੰਡਪੁਰ ਸੜਕ 'ਤੇ 22.15 ਕਰੋੜ ਰੁਪਏ ਦੇ ਨਹਿਰੀ ਜਲ ਸਪਲਾਈ ਪ੍ਰੋਜੈਕਟ ਦੇ ਪਹਿਲੇ ਪੜਾਅ ਦੀ ਸ਼ੁਰੂਆਤ ਕੀਤੀ।ਇਸ ਮੌਕੇ ਜਨਤਕ ਇਕੱਠ ਨੂੰ ਸੰਬੋਧਨ ਕਰਦਿਆਂ ਵਿਧਾਇਕ ਮਾਨ ਨੇ ਕਿਹਾ ਕਿ ਕਜੌਲੀ ਤੋਂ ਨਹਿਰੀ ਜਲ ਸਪਲਾਈ ਪ੍ਰਦਾਨ ਕਰਨ ਦੀ ਵਚਨਬੱਧਤਾ ਅੱਜ ਪਾਈਪਲਾਈਨਾਂ ਵਿਛਾਉਣ ਦੇ ਕੰਮ ਦੀ ਸ਼ੁਰੂਆਤ ਨਾਲ ਪੂਰੀ ਹੋਈ ਹੈ ਅਤੇ ਇਹ ਕਾਰਜ ਸਤੰਬਰ 2026 ਤੱਕ ਪੂਰਾ ਹੋ ਜਾਵੇਗਾ।ਉਨ੍ਹਾਂ ਕਿਹਾ ਕਿ ਪਹਿਲਾ ਪੜਾਅ ਖਰੜ ਦੇ ਝੁੰਗੀਆਂ, ਮੰਡੇਰ ਨਗਰ, ਹਰਲਾਲਪੁਰ, ਜੰਡਪੁਰ ਅਤੇ ਚੰਡੀਗੜ੍ਹ ਰੋਡ ਖੇਤਰਾਂ ਨੂੰ ਪੂਰਾ ਕਰੇਗਾ। ਪਹਿਲੇ ਪੜਾਅ ਦੇ ਪੂਰਾ ਹੋਣ ਤੋਂ ਬਾਅਦ, ਖਰੜ ਸ਼ਹਿਰ ਦੇ ਬਾਕੀ ਖੇਤਰ ਨੂੰ ਕਵਰ ਕੀਤਾ ਜਾਵੇਗਾ। ਸਮੁੱਚੇ ਖਰੜ ਸ਼ਹਿਰ ਲਈ ਇਹ ਪ੍ਰੋਜੈਕਟ 150 ਕਰੋੜ ਰੁਪਏ ਦੀ ਲਾਗਤ ਨਾਲ ਉਲੀਕਿਆ ਗਿਆ ਹੈ, ਜੋ ਕਿ ਪੜਾਅ ਵਾਰ ਪੂਰਾ ਕੀਤਾ ਜਾਵੇਗਾ। ਇਸ ਪ੍ਰੋਜੈਕਟ ਤਹਿਤ, ਪਾਣੀ ਦੀ ਸਪਲਾਈ ਮੌਜੂਦਾ ਗਮਾਡਾ ਕਲੀਅਰ ਪਾਈਪਲਾਈਨ, ਸਿੰਘਪੁਰ ਤੋਂ ਕਜੌਲੀ ਤੋਂ ਮੋਹਾਲੀ ਖੇਤਰ ਨੂੰ ਨਹਿਰੀ ਪਾਣੀ ਪ੍ਰਦਾਨ ਕਰਦੀ ਲਾਈਨ ਤੋਂ ਪ੍ਰਾਪਤ ਕੀਤੀ ਜਾਵੇਗੀ। ਇਹ ਪਾਣੀ ਜੰਡਪੁਰ ਵਿਖੇ ਕਮਿਊਨਿਟੀ ਸੈਂਟਰ ਨੇੜੇ ਇੱਕ ਪਾਈਪਲਾਈਨ ਰਾਹੀਂ 54 ਲੱਖ ਲੀਟਰ ਸਮਰੱਥਾ ਵਾਲੇ ਅੰਡਰਗਰਾਊਂਡ ਸਰਵਿਸ ਰਿਜ਼ਰਵਾਇਰ ਨੂੰ ਸਪਲਾਈ ਕੀਤਾ ਜਾਵੇਗਾ। ਪਹਿਲੇ ਪੜਾਅ ਅਧੀਨ ਆਉਣ ਵਾਲੇ ਬਾਕੀ ਖੇਤਰਾਂ ਨੂੰ ਸਹੀ ਸਪਲਾਈ ਬਣਾਈ ਰੱਖਣ ਲਈ ਜੰਡਪੁਰ ਵਿਖੇ ਕਮਿਊਨਿਟੀ ਸੈਂਟਰ ਅਤੇ ਮੰਡੇਰ ਨਗਰ ਵਿਖੇ ਕ੍ਰਮਵਾਰ 18 ਲੱਖ ਲੀਟਰ ਅਤੇ 9 ਲੱਖ ਲੀਟਰ ਸਮਰੱਥਾ ਵਾਲੇ ਦੋ ਓਵਰਹੈੱਡ ਵਾਟਰ ਟੈਂਕ ਬਣਾਏ ਜਾਣਗੇ।ਵਿਧਾਇਕ ਮਾਨ ਨੇ ਅੱਗੇ ਕਿਹਾ ਕਿ ਪਹਿਲੇ ਪੜਾਅ ਵਿੱਚ ਕੰਮ ਪੂਰਾ ਕਰਨ ਲਈ ਡੀ ਆਈ ਪਾਈਪਾਂ ਦੀ ਕੁੱਲ 8.1 ਕਿਲੋਮੀਟਰ ਸਪਲਾਈ ਲਾਈਨ ਵਿਛਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਦਾ ਆਪਣੇ ਵੋਟਰਾਂ ਨਾਲ ਕੀਤਾ ਗਿਆ ਪ੍ਰਮੁੱਖ ਵਾਅਦਾ ਸੀ ਅਤੇ ਉਹ ਖਰੜ ਦੇ ਵਸਨੀਕਾਂ ਨਾਲ ਆਪਣਾ ਵਾਅਦਾ ਪੂਰਾ ਕਰਨ 'ਤੇ ਬਹੁਤ ਖੁਸ਼ ਹਨ।ਇਸ ਮੌਕੇ ਮੌਜੂਦ ਪ੍ਰਮੁੱਖ ਵਿਅਕਤੀਆਂ ਵਿੱਚ ਨਗਰ ਕੌਂਸਲ ਪ੍ਰਧਾਨ ਅੰਜੂ ਚੰਦਰ ਅਤੇ ਕੌਂਸਲਰ, ਨਿਗਰਾਨ ਇੰਜੀਨੀਅਰ, ਜਲ ਸਪਲਾਈ ਤੇ ਸੀਵਰੇਜ ਬੋਰਡ ਗੁਰਦੇਸ਼ ਪਾਲ ਸਿੰਘ, ਐਸ ਡੀ ਓ ਦੀਪਕ ਕੁਮਾਰ ਅਤੇ ਹੋਰ ਪਤਵੰਤੇ ਸ਼ਾਮਲ ਸਨ।



# ਵਿਜੀਲੈਂਸ ਵੱਲੋਂ 2,000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਕਾਨੂੰਗੋ ਗ੍ਰਿਫ਼ਤਾਰ

**ਜਲੰਧਰ (ਸ਼ੈਲੀ ਐਲਬਰਟ)**- ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਆਪਣੀ ਮੁਹਿੰਮ ਦੌਰਾਨ ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਵਿੱਚ ਤਾਇਨਾਤ ਕਾਨੂੰਗੋ ਜਤਿੰਦਰ ਸਿੰਘ ਨੂੰ 2000 ਰੁਪਏ ਰਿਸ਼ਵਤ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਜਾਣਕਾਰੀ ਦਿੰਦਿਆਂ ਸੂਬੇ ਦੇ ਵਿਜੀਲੈਂਸ ਬਿਊਰੋ ਦੇ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਹ ਕੇਸ ਲੁਧਿਆਣਾ ਦੇ ਇੱਕ ਵਿਅਕਤੀ ਵੱਲੋਂ ਮੁੱਖ ਮੰਤਰੀ ਭ੍ਰਿਸ਼ਟਾਚਾਰ ਵਿਰੋਧੀ ਐਕਸ਼ਨ ਲਾਈਨ 'ਤੇ ਕੀਤੀ ਆਨਲਾਈਨ ਸ਼ਿਕਾਇਤ ਦੇ ਆਧਾਰ 'ਤੇ ਦਰਜ ਕੀਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਕਿ ਉਕਤ ਮੁਲਜ਼ਮ ਨੇ ਉਸ ਦੇ ਪਰਿਵਾਰ ਮੈਂਬਰ ਦੀ ਜ਼ਮੀਨ ਦਾ ਇੰਤਕਾਲ ਦਰਜ ਕਰਨ ਦੇ ਬਦਲੇ ਉਸ ਤੋਂ 6,000 ਰੁਪਏ ਰਿਸ਼ਵਤ ਮੰਗੀ ਸੀ ਪਰ 2000 ਰੁਪਏ ਰਿਸ਼ਵਤ ਵਸੂਲੀ ਗਈ ਸੀ। ਤਸਦੀਕ ਦੌਰਾਨ ਇਹ ਪਾਇਆ ਗਿਆ ਕਿ ਉਕਤ ਕਾਨੂੰਗੋ ਨੇ ਇਸ ਮਕਸਦ ਲਈ 6000 ਰੁਪਏ ਰਿਸ਼ਵਤ ਦੀ ਮੰਗੀ ਸੀ ਅਤੇ ਉਸ ਨੇ 2000 ਰੁਪਏ ਹਾਸਲ ਕੀਤੇ ਸਨ। ਬੁਲਾਰੇ ਨੇ ਦੱਸਿਆ ਕਿ ਜਾਂਚ ਦੌਰਾਨ ਇਸ ਸ਼ਿਕਾਇਤ ਵਿੱਚ ਲਗਾਏ ਗਏ ਦੋਸ਼ ਸਹੀ ਪਾਏ ਗਏ। ਇਸ ਜਾਂਚ ਦੇ ਆਧਾਰ 'ਤੇ ਮੁਲਜ਼ਮ ਕਾਨੂੰਗੋ ਵਿਰੁੱਧ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਕੇਸ ਦਰਜ ਕੀਤਾ ਗਿਆ ਹੈ। ਉਸ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਕੇਸ ਦੀ ਅਗਲੇਰੀ ਜਾਂਚ ਜਾਰੀ ਹੈ।



# ਐੱਸ ਡੀ ਐੱਮ ਨੇ ਖੁਦ ਖ਼ੂਨਦਾਨ ਕਰਕੇ ਭਗਤ ਪੂਰਨ ਸਿੰਘ ਯਾਦਗਾਰੀ ਖ਼ੂਨਦਾਨ ਕੈਂਪ ਦਾ ਕੀਤਾ ਉਦਘਾਟਨ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਮਨੁੱਖੀ ਸੇਵਾ ਦੇ ਪੈਗੰਬਰ ਭਗਤ ਪੂਰਨ ਸਿੰਘ ਦੀ ਬਰਸੀ ਨੂੰ ਸਮਰਪਤ ਸਵੈ-ਇੱਛਕ ਖ਼ੂਨਦਾਨ ਕੈਂਪ ਦਾ ਉਦਘਾਟਨ ਮੈਡਮ ਅਨਮਜੋਤ ਕੌਰ ਐਸ.ਡੀ.ਐਮ ਨੇ ਭਗਤ ਪੂਰਨ ਸਿੰਘ ਦੀ ਤਸਵੀਰ ਸਾਹਮਣੇ ਸ਼ਮ੍ਹਾਂ ਰੌਸ਼ਨ ਕਰਕੇ, ਫੁੱਲਾਂ ਦੀਆਂ ਪੱਤੀਆਂ ਅਰਪਿਤ ਕਰਨ ਉਪਰੰਤ ਖ਼ੁਦ ਖ਼ੂਨਦਾਨ ਕਰਕੇ ਕੀਤਾ। ਬੀ.ਡੀ.ਸੀ ਖ਼ੂਨਦਾਨ ਭਵਨ ਦਾ ਉਦਘਾਟਨ ਵਿਸਾਖੀ ਮੌਕੇ 13 ਅਪ੍ਰੈਲ 1992 ਨੂੰ ਭਗਤ ਜੀ ਨੇ ਹੀ ਕੀਤਾ ਸੀ। ਐਸ.ਡੀ.ਐਮ ਮੈਡਮ ਤੋਂ ਪ੍ਰੇਰਿਤ ਹੋ ਕੇ ਉਹਨਾਂ ਦੇ ਅਮਲੇ ਤੋਂ ਦੋ ਸਟਾਫ ਮੈਂਬਰਾਂ ਸੁਖਵਿੰਦਰ ਸਿੰਘ ਤੇ ਜਰਨੈਲ ਸਿੰਘ ਨੇ ਵੀ ਖ਼ੂਨਦਾਨ ਕੀਤਾ। ਇਸ ਮੌਕੇ ਐਸ.ਡੀ.ਐਮ ਮੈਡਮ ਨੇ ਕਿਹਾ ਕਿ ਕੋਈ ਵੀ ਵਿਅਕਤੀ ਆਪਣੇ ਜੀਵਨ ਨੂੰ ਉਸਾਰੂ ਆਦਰਸ਼ਾਂ ਨਾਲ ਜੋੜ ਕੇ ਹੋਰਨਾਂ ਲਈ ਆਦਰਸ਼ ਬਣ ਸਕਦਾ ਹੈ ਜਿਹਨਾਂ ਵਿੱਚ ਖ਼ੂਨਦਾਨ ਸੇਵਾ ਵੀ ਸ਼ਾਮਲ ਹੈ। ਉਹਨਾਂ ਭਗਤ ਪੂਰਨ ਸਿੰਘ ਦੀ ਤਸਵੀਰ ਸਾਹਮਣੇ ਸ਼ਮ੍ਹਾਂ ਰੌਸ਼ਨ ਕਰਦਿਆਂ ਭਗਤ ਜੀ ਪ੍ਰਤੀ ਸਤਿਕਾਰ ਪ੍ਰਗਟ ਕਰਦਿਆਂ ਕਿਹਾ ਕਿ ਬੁਝ ਰਹੀਆਂ ਜੀਵਨ ਜੋਤਾਂ ਜਗਾਉਣ ਦੀ ਸੇਧ ਭਗਤ ਪੂਰਨ ਸਿੰਘ ਦੇ ਜੀਵਨ ਤੋਂ ਮਿਲਦੀ ਹੈ। ਖ਼ੂਨਦਾਨ ਕਰਨ ਨਾਲ ਕੋਈ ਕਮਜ਼ੋਰੀ ਨਹੀਂ ਹੁੰਦੀ ਸਗੋਂ ਖ਼ਤਰਨਾਕ ਬਿਮਾਰੀਆਂ ਵੀ ਚੈੱਕ ਹੋ ਜਾਂਦੀਆਂ ਹਨ। ਉਹਨਾਂ 18 ਸਾਲ ਤੋਂ 65 ਸਾਲ ਦੀ ਉਮਰ ਵਾਲਿਆਂ ਨੂੰ ਖ਼ੂਨਦਾਨੀ ਬਣਨ ਦੀ ਅਪੀਲ ਕੀਤੀ। ਅੱਜ ਦੇ ਕੈਂਪ ਵਿੱਚ 70 ਖ਼ੂਨਦਾਨੀ ਖ਼ੂਨਦਾਨ ਕਰ ਚੁੱਕੇ ਸਨ। ਡਾ.ਅਜੇ ਬੱਗਾ ਤੇ ਡਾ.ਦਿਆਲ ਸਰੂਪ ਦੀ ਨਿਗਰਾਨੀ ਹੇਠ ਸੰਸਥਾ ਦੀ ਤਕਨੀਕੀ ਟੀਮ ਨੇ ਖ਼ੂਨਦਾਨੀਆਂ ਤੋਂ ਖ਼ੂਨ ਪ੍ਰਾਪਤ ਕੀਤਾ। ਮੈਡਮ ਐਸ.ਡੀ.ਐਮ ਜਦੋਂ ਜਨਰਲ ਸਹਾਇਕ ਟੂ ਡਿਪਟੀ ਕਮਿਸ਼ਨਰ ਰਹੇ ਸਨ ਉਦੋਂ ਵੀ ਉਹਨਾਂ ਬੀ.ਡੀ.ਸੀ ਵਿਖੇ ਖ਼ੂਨਦਾਨ ਕੀਤਾ ਸੀ। ਇਹ ਕੈਂਪ ਵੀਜ਼ਨ-ਵੇ ਆਇਲੈਟਸ ਵਲੋਂ ਸਪਾਂਸਰ ਕੀਤਾ ਗਿਆ ਸੀ ਤੇ ਸੈਂਟਰ ਵਲੋਂ ਪੁੱਜੇ ਸੀਨੀਅਰ ਸਿਟੀਜ਼ਨ ਖਰਾਇਤੀ ਲਾਲ ਅਰੋੜਾ ਨੂੰ ਬੀ.ਡੀ.ਸੀ ਵਲੋਂ ਤੁਲਸੀ ਦਾ ਪੌਦਾ ਭੇਟ ਕਰਕੇ ਉਹਨਾਂ ਨੂੰ ਸਨਮਾਨਤ ਕੀਤਾ ਗਿਆ।ਇਸ ਮੌਕੇ ਸੰਸਥਾ ਦੇ ਪ੍ਰਧਾਨ ਐਸ.ਕੇ.ਸਰੀਨ, ਮੀਤ ਪ੍ਰਧਾਨ ਜੀ.ਐਸ ਤੂਰ, ਸਕੱਤਰ ਜੇ.ਐਸ.ਗਿੱਦਾ, ਸੁਰਿੰਦਰ ਕੌਰ ਤੂਰ, ਯੁਵਰਾਜ ਕਾਲੀਆ, ਰੇਖਾ ਜੈਨ, ਡਾ.ਅਜੇ ਬੱਗਾ, ਮੈਨੇਜਰ ਮਨਮੀਤ ਸਿੰਘ, ਜਸਵੀਰ ਸਿੰਘ ਮਹਿਰੂਵਾਲ, ਮੰਢਣ ਸਿੰਘ ਗਰੇਵਾਲ ਐਮ.ਸੀ, ਭਗਤ ਪੂਰਨ ਸਿੰਘ ਲੋਕ ਸੇਵਾ ਟਰਸਟ ਬਰਨਾਲਾ ਕਲਾਂ ਦੇ ਚੇਅਰਮੈਨ ਹਰਪ੍ਰਭਮਹਿਲ ਸਿੰਘ ਅਤੇ ਮੈਂਬਰ, ਗੁਰੂ ਰਾਮਦਾਸ ਸੇਵਾ ਸੋਸਾਇਟੀ ਨਵਾਂਸ਼ਹਿਰ ਦੇ ਪ੍ਰਧਾਨ ਸੁਖਵਿੰਦਰ ਸਿੰਘ ਥਾਂਦੀ ਤੇ ਮੈਂਬਰ, ਸੁਖਵਿੰਦਰ ਕੌਰ ਸੁੱਖੀ, ਅੰਮ੍ਰਿਤ ਡਾਕੂਮੈਂਟਰੀ ਮਾਹਰ, ਜਸਵਿੰਦਰ ਸਿੰਘ, ਚੈਨ ਸਿੰਘ, ਅਮਰਜੀਤ ਸਿੰਘ, ਸਤਿ ਸਰੂਪ, ਕੁਲਵਿੰਦਰ ਸਿੰਘ ਮਾਨ, ਵਾਸਦੇਵ ਪ੍ਰਦੇਸੀ, ਅਜ਼ਾਦ ਪੀ.ਓ.ਪੀ, ਮਨਜੀਤ ਸਿੰਘ ਬਰਨਾਲਾ ਕਲਾਂ, ਮਲਕੀਅਤ ਸਿੰਘ ਸੜੋਆ, ਰਾਜੀਵ ਕੁਮਾਰ, ਮੁਕੇਸ਼ ਕਾਹਮਾ, ਪ੍ਰਿਅੰਕਾ, ਅਨੀਤਾ ਕੁਮਾਰੀ, ਮੰਦਨਾ, ਸੁਨੈਨਾ, ਕਮਲ ਪਾਬਲਾ ਤੇ ਸਟਾਫ ਹਾਜ਼ਰ ਸੀ ।



# ਤੀਆਂ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ

**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਸਰਕਾਰੀ ਪ੍ਰਾਇਮਰੀ ਸਕੂਲ ਬਿੰਨਪਾਲਕੇ ਵਿਖੇ ਤੀਆਂ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਬੱਚਿਆਂ ਲਈ ਸਪੈਸ਼ਲ ਖਾਣਾ ਸਕੂਲ ਸਟਾਫ ਵੱਲੋਂ ਤਿਆਰ ਕੀਤਾ ਗਿਆ।ਸਕੂਲ ਇੰਚਾਰਜ ਗੁਰਪ੍ਰੀਤ ਕੌਰ ਨੇ ਕਿਹਾ ਕਿ ਸਕੂਲ ਵਿੱਚ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਤੀਆਂ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ। ਬੱਚਿਆਂ ਵੱਲੋਂ ਗਿੱਧਾ, ਭੰਗੜਾ, ਬੋਲੀਆਂ ਪੇਸ਼ ਕੀਤੀਆਂ। ਬੱਚਿਆਂ ਦੇ ਮੁਕਾਬਲੇ ਕਰਵਾਏ ਗਏ ਅਤੇ ਮਿਸ ਤੀਜ ਦੀ ਚੋਣ ਕੀਤੀ ਗਈ। ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।



# ਐੱਨ ਆਰ ਆਈਜ਼ ਵੱਲੋਂ ਸਕੂਲ ਨੂੰ 25 ਹਜ਼ਾਰ ਰੁਪਏ ਟਰਾਂਸਪੋਰਟ ਫੰਡ ਲਈ ਦਾਨ

**ਬਲਾਚੌਰ (ਜਸਵਿੰਦਰ ਬੈਂਸ)**- ਪਿੰਡ ਰੱਕੜਾਂ ਢਾਹਾ ਦੇ ਜੰਮਪਲ ਐਨ ਆਰ ਆਈਜ਼ ਹਰਬੰਸ ਸਿੰਘ ਨਾਗਰਾ, ਦਵਿੰਦਰ ਸਿੰਘ ਦੇਹਲ ਯੂਕੇ ਵੱਲੋਂ ਟਰਾਂਸਪੋਰਟ ਫੰਡ ਲਈ 25 ਹਜ਼ਾਰ ਰੁਪਏ ਸਰਕਾਰੀ ਹਾਈ ਸਕੂਲ ਰੱਕੜਾਂ ਢਾਹਾ ਦੇ ਮੁੱਖ ਅਧਿਆਪਕ ਨੂੰ ਸੌਂਪੇ।ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸਰਕਾਰੀ ਹਾਈ ਸਕੂਲ ਰੱਕੜਾਂ ਢਾਹਾ ਦੇ ਵਿਦਿਆਰਥੀਆਂ ਦੀ ਸਹੂਲਤ ਲਈ ਇਕ ਵਹੀਕਲ ਲੰਬੇ ਸਮੇਂ ਤੋਂ ਚਲਾਇਆ ਜਾ ਰਿਹਾ ਹੈ। ਇਹ ਵਹੀਕਲ ਵੱਖ ਵੱਖ ਪਿੰਡਾਂ ਤੋਂ ਵਿਦਿਆਰਥੀਆਂ ਨੂੰ ਸਕੂਲ ਲਿਆਉਂਦਾ ਹੈ ਅਤੇ ਛੁੱਟੀ ਹੋਣ ਉਪਰੰਤ ਵਾਪਸ ਵਿਦਿਆਰਥੀਆਂ ਨੂੰ ਪਿੰਡ ਪਿੰਡ ਛੱਡ ਕੇ ਆਉਂਦਾ ਹੈ। ਇਸ ਵਹੀਕਲ ਨੂੰ ਚਲਾਉਣ ਲਈ ਪਿੰਡ ਵਾਸੀ ਕੋਈ 2 ਲੱਖ 50 ਹਜ਼ਾਰ ਦਾ ਸਾਲਾਨਾ ਖ਼ਰਚ ਕਰਦੇ ਹਨ। ਇਹ ਰਾਸ਼ੀ ਮਿਲਣ 'ਤੇ ਮੁੱਖ ਅਧਿਆਪਕ ਭੁਪਿੰਦਰ ਕੁਮਾਰ, ਸਕੂਲ ਸਟਾਫ, ਪ੍ਰੇਮ ਰੱਕੜ ਸਰਪੰਚ, ਨੰਬਰਦਾਰ ਗੁਰਸੈਲ ਸਿੰਘ, ਭਾਗ ਸਿੰਘ ਰੱਕੜ ਐਨ ਆਰ ਆਈ, ਬਲਦੇਵ ਰਾਜ ਸ਼ਾਸਤਰੀ, ਪਰਮਿੰਦਰ ਸਿੰਘ ਮੈਂਬਰ ਪੰਚਾਇਤ ਨੇ ਹਰਬੰਸ ਸਿੰਘ ਨਾਗਰਾ ਅਤੇ ਦਵਿੰਦਰ ਸਿੰਘ ਦੇਹਲ ਯੂਕੇ ਦਾ ਧੰਨਵਾਦ ਕੀਤਾ।



# ਵਿਧਾਇਕ ਜਿੰਪਾ ਨੇ 10 ਲੋੜਵੰਦਾਂ ਨੂੰ ਸਾਈਕਲ ਸੌਂਪੇ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬਲਵੀਰ ਸਿੰਘ ਸੈਣੀ)**- ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਆਪਣੇ ਨਿਵਾਸ ਸਥਾਨ 'ਤੇ 10 ਲੋੜਵੰਦ ਮਿਹਨਤੀ ਲੋਕਾਂ ਨੂੰ ਸਾਈਕਲ ਭੇਟ ਕੀਤੇ। ਇਸ ਮੌਕੇ ਸਮਾਜ ਸੇਵੀ ਸਿਮਰਨ ਸਿਕੰਦ ਅਤੇ ਨਿਤਿਨ ਬੱਸੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ, ਜਿਨ੍ਹਾਂ ਨੇ ਇਸ ਸਮਾਜਿਕ ਕਾਰਜ ਵਿਚ ਸਹਿਯੋਗ ਦਿੱਤਾ।ਜਿੰਪਾ ਨੇ ਕਿਹਾ ਕਿ ਇਹ ਪਹਿਲ ਉਨ੍ਹਾਂ ਲੋਕਾਂ ਦੇ ਜੀਵਨ ਵਿੱਚ ਸਹੂਲਤ ਅਤੇ ਗਤੀ ਲਿਆਉਣ ਦੇ ਉਦੇਸ਼ ਨਾਲ ਕੀਤੀ ਗਈ ਹੈ ਜਿਨ੍ਹਾਂ ਦੀ ਰੋਜ਼ਾਨਾ ਰੋਜ਼ੀ-ਰੋਟੀ ਉਨ੍ਹਾਂ ਦੇ ਪੈਰਾਂ 'ਤੇ ਨਿਰਭਰ ਕਰਦੀ ਹੈ। ਵਿਧਾਇਕ ਨੇ ਕਿਹਾ ਕਿ ਸਾਡੀ ਜ਼ਿੰਮੇਵਾਰੀ ਸਿਰਫ਼ ਰਾਜਨੀਤੀ ਤੱਕ ਸੀਮਤ ਨਹੀਂ ਹੈ। ਇਹ ਹਰ ਸੰਵੇਦਨਸ਼ੀਲ ਨਾਗਰਿਕ ਦਾ ਫਰਜ਼ ਹੈ ਕਿ ਉਹ ਸਮਾਜ ਦੇ ਉਨ੍ਹਾਂ ਲੋਕਾਂ ਦੀ ਮਦਦ ਕਰੇ ਜੋ ਆਪਣੀਆਂ ਰੋਜ਼ਾਨਾ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਲਈ ਸੰਘਰਸ਼ ਕਰ ਰਹੇ ਹਨ। ਕਈ ਵਾਰ ਸਾਈਕਲ ਵਰਗੀ ਛੋਟੀ ਜਿਹੀ ਮਦਦ ਵੀ ਵੱਡੇ ਬਦਲਾਅ ਲਿਆ ਸਕਦੀ ਹੈ। ਇਸ ਦੌਰਾਨ ਲਾਭਪਾਤਰੀਆਂ ਨੇ ਵਿਧਾਇਕ ਅਤੇ ਸਮਾਜ ਸੇਵਕਾਂ ਪ੍ਰਤੀ ਧੰਨਵਾਦ ਪ੍ਰਗਟ ਕੀਤਾ ।ਵਿਧਾਇਕ ਜਿੰਪਾ ਨੇ ਸਾਰੇ ਸਮਾਜ ਸੇਵਕਾਂ ਅਤੇ ਨਾਗਰਿਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਇਲਾਕੇ ਵਿੱਚ ਲੋੜਵੰਦਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਦੀ ਮਦਦ ਲਈ ਅੱਗੇ ਆਉਣ।ਸਮਾਜ ਸੇਵਕ ਸਿਮਰਨ ਸਿਕੰਦ ਅਤੇ ਨਿਤਿਨ ਬੱਸੀ ਨੇ ਕਿਹਾ ਕਿ ਉਹ ਭਵਿੱਖ ਵਿੱਚ ਵੀ ਅਜਿਹੇ ਸਮਾਜਿਕ ਕਾਰਜਾਂ ਦਾ ਸਮਰਥਨ ਕਰਦੇ ਰਹਿਣਗੇ।ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਜ਼ਿਲ੍ਹਾ ਮੀਡੀਆ ਇੰਚਾਰਜ ਕੁਲਵਿੰਦਰ ਸਿੰਘ ਹੁੰਦਲ, ਕਾਮਰੇਡ ਗੰਗਾ ਪ੍ਰਸਾਦ, ਵਰਿੰਦਰ ਵੈਦ, ਸੁਮੇਸ਼ ਸੋਨੀ, ਕ੍ਰਿਸ਼ਨ ਗੋਪਾਲ ਸ਼ਰਮਾ ਆਦਿ ਵੀ ਹਾਜ਼ਰ ਸਨ।



# ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਕਾਰਗਰ ਸਾਬਤ ਹੋ ਰਹੀ ਹੈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ : ਮੋਹਿੰਦਰ ਭਗਤ

**ਜਲੰਧਰ (ਸ਼ੈਲੀ ਐਲਬਰਟ)**- ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਕਿਹਾ ਕਿ ਮੁੱਖ ਮੰਤਰੀ ਸ.ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚੋਂ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨ ਲਈ ਵਿੱਢੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨਸ਼ਿਆਂ ਨੂੰ ਠੱਲ੍ਹ ਪਾਉਣ ਵਿੱਚ ਕਾਰਗਰ ਸਾਬਤ ਹੋ ਰਹੀ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਨਸ਼ਿਆਂ ਖਿਲਾਫ਼ ਜ਼ੀਰੋ ਟੋਲਰੈਂਸ ਦੀ ਨੀਤੀ ਅਪਣਾਈ ਹੋਈ ਹੈ, ਜਿਸ ਤਹਿਤ ਨਸ਼ੇ ਦਾ ਕਾਰੋਬਾਰ ਕਰਨ ਵਾਲਿਆਂ ਖਿਲਾਫ਼ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਨਸ਼ਾ ਤਸਕਰਾਂ 'ਤੇ ਸ਼ਿਕੰਜਾ ਕਸਣ ਦੇ ਨਾਲ-ਨਾਲ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਪਿੰਡ ਪੱਧਰ 'ਤੇ ਇੱਕ ਨਵੀਂ ਰਣਨੀਤੀ ਅਮਲ ਵਿੱਚ ਲਿਆਂਦੀ ਗਈ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਿਲੇਜ ਡਿਫੈਂਸ ਕਮੇਟੀਆਂ, ਸਰਪੰਚਾਂ, ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਮੈਂਬਰਾਂ ਅਤੇ ਪੁਲਿਸ ਅਧਿਕਾਰੀਆਂ ਦੇ ਸਹਿਯੋਗ ਨਾਲ ਪਿੰਡ ਵਾਸੀਆਂ ਨੂੰ ਨਸ਼ਿਆਂ ਵਿਰੁੱਧ ਸਰਗਰਮ ਕੀਤਾ ਜਾ ਰਿਹਾ ਹੈ। ਸ਼੍ਰੀ ਭਗਤ ਨੇ ਕਿਹਾ ਕਿ ਪੰਜਾਬ ਸਰਕਾਰ ਦਾ ਉਦੇਸ਼ ਨਸ਼ਾ ਤਸਕਰਾਂ ਦੀ ਪਛਾਣ ਕਰਕੇ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕਰਨਾ ਅਤੇ ਨਸ਼ੇ ਦੇ ਆਦੀ ਨੌਜਵਾਨਾਂ ਨੂੰ ਨਸ਼ਾ ਛੁਡਾਊ ਕੇਂਦਰਾਂ ਅਤੇ ਮੁੜ ਵਸੇਬਾ ਕੇਂਦਰਾਂ ਰਾਹੀਂ ਮੁੜ ਸਮਾਜ ਨਾਲ ਜੋੜਨਾ ਹੈ, ਜਿਸ ਦੇ ਲਈ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਸਾਰਥਕ ਯਤਨ ਕੀਤੇ ਜਾ ਰਹੇ ਹਨ।



# ਗੌਸ਼ਾਲਾਵਾਂ 'ਚ ਗੋਬਰ ਗੈਸ ਪਲਾਂਟ ਸਥਾਪਤ ਕਰਨ ਦੇ ਨਿਰਦੇਸ਼

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਦੇ ਪਸ਼ੂਪਾਲਨ ਅਤੇ ਡੇਅਰਿੰਗ ਮੰਤਰੀ ਸ਼੍ਰੀ ਸ਼ਿਆਮ ਸਿੰਘ ਰਾਣਾ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਸਾਰੀ ਗੌਸ਼ਾਲਾਵਾਂ ਵਿੱਚ ਗੋਬਰ ਗੈਸ ਪਲਾਂਟ ਸਥਾਪਿਤ ਕਰਨ, ਇਸ ਦੇ ਇਲਾਵਾ ਇੱਥੇ ਗੋਬਰ ਨਾਲ ਹੀ ਪੇਂਟ ਬਨਾਉਣ ਅਤੇ ਦੁੱਧ ਨਾਲ ਵੱਖ-ਵੱਖ ਤਰ੍ਹਾਂ ਦੇ ਉਤਪਾਦ ਬਨਾਉਣ ਦੀ ਸੰਭਾਵਨਾਵਾਂ ਦੀ ਤਲਾਸ਼ ਕਰਨ। ਇਸ ਦੇ ਨਾਲ ਜਿੱਥੇ ਗੌਸ਼ਾਲਾਵਾਂ ਖਰਚ ਦੇ ਮਾਮਲੇ ਵਿੱਚ ਸਵੈ-ਨਿਰਭਰ ਬਣ ਸਕੇਂਗੀ ਉੱਥੇ ਲੋਕਾਂ ਨੂੰ ਬੇਹਤਰ ਗੁਣਵੱਤਾ ਵਾਲੇ ਦੁੱਧ-ਉਤਪਾਦ ਮਿਲ ਸਕਣਗੇ। ਸ੍ਰੀ ਰਾਣਾ ਇੱਥੇ ਪਸ਼ੂਪਾਲਨ ਅਤੇ ਡੇਅਰਿੰਗ ਵਿਭਾਗ ਦੇ ਅਧਿਕਾਰੀਆਂ ਦੀ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਇਸ ਮੌਕੇ 'ਤੇ ਮੀਟਿੰਗ ਵਿੱਚ ਪਸ਼ੂਪਾਲਨ ਅਤੇ ਡੇਅਰੀ ਵਿਭਾਗ ਦੇ ਕਮੀਸ਼ਨਰ ਅਤੇ ਸਕੱਤਰ ਸ੍ਰੀ ਵਿਜੈ ਦਹਿਯਾ, ਜਨਰਲ ਡਾਇਰੈਕਟਰ ਡਾ. ਪ੍ਰੇਮ ਸਿੰਘ ਦੇ ਇਲਾਵਾ ਹੋਰ ਸੀਨੀਅਰ ਅਧਿਕਾਰੀ ਮੌਜੂਦ ਸਨ। ਸ੍ਰੀ ਸ਼ਿਆਮ ਸਿੰਘ ਰਾਣਾ ਨੇ ਮਾਰਚ 2025 ਵਿੱਚ ਵਿਤ ਮੰਤਰੀ ਵੱਲੋਂ ਪੇਸ਼ ਕੀਤੇ ਬਜਟ ਵਿੱਚ ਕੀਤੇ ਬਜਟ ਵਿੱਚ ਕੀਤੀ ਗਈ ਵਿਭਾਗ ਦੇ ਐਲਾਨਾਂ ਦੀ ਸਮੀਖਿਆ ਕੀਤੀ ਅਤੇ ਇਨ੍ਹਾਂ ਸਾਰਿਆਂ ਨੂੰ ਤੈਅ ਸਮੇ ਵਿੱਚ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਗਏ। ਉਨ੍ਹਾਂ ਨੇ ਮਹਿਲਾਵਾਂ ਨੂੰ ਡੇਅਰੀ ਸਥਾਪਿਤ ਕਰਨ ਲਈ ਇੱਕ ਲੱਖ ਰੁਪਏ ਤੱਕ ਐਲਾਨ ਦੀ ਵੀ ਸਮੀਖਿਆ ਕੀਤੀ। ਉਨ੍ਹਾਂ ਨੇ ਅਧਿਕਾਰੀਆਂ ਨੂੰ ਜ਼ਰਜ਼ਰ ਹਾਲਾਤ ਦੇ ਪਸ਼ੂ ਮੈਡੀਕਲ ਇਮਾਰਤ ਨੂੰ ਜਰੂਰਤ ਦੇ ਅਨੁਸਾਰ ਉਸਾਰੀ ਕਰਨ ਅਤੇ ਨਵੀ ਇਮਾਰਤ ਬਨਾਉਣ ਦੇ ਵੀ ਨਿਰਦੇਸ਼ ਦਿੱਤੇ। ਮੀਟਿੰਗ ਤੋਂ ਬਾਅਦ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਸ੍ਰੀ ਸ਼ਿਆਮ ਸਿੰਘ ਰਾਣਾ ਨੇ ਹਰਿਆਣਾ ਰਾਜ ਭੰਡਾਰਣ ਨਿਗਮ ਨਾਲ ਸਬੰਧਿਤ ਐਲਾਨਾਂ ਦੀ ਵੀ ਸਮੀਖਿਆ ਕੀਤੀ ਅਤੇ ਨਿਗਮ ਦੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਰਾਜ ਵਿੱਚ 3 ਲੱਖ ਮੀਟ੍ਰਿਕ ਟਨ ਸਮਰਥਾ ਦੇ ਨਵੇ ਗੋਦਾਮ ਜਲਦ ਤੋਂ ਜਲਦ ਬਣਾਏ ਜਾਣ।

# ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ 'ਚ ਬੂਟੇ ਲਗਾਏ

**ਗੁਰਾਇਆ (ਬਿੰਦਰ ਸੁਮਨ)**- ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਉਪ-ਕੁਲਪਤੀ ਪ੍ਰੋਫ਼ੈਸਰ ਡਾਕਟਰ ਕਰਮਜੀਤ ਸਿੰਘ ਦੀ ਰਹਿਨੁਮਾਈ ਤੇ ਪ੍ਰਿੰਸੀਪਲ ਡਾਕਟਰ ਜਗਸੀਰ ਸਿੰਘ ਬਰਾੜ ਦੀ ਦੀ ਯੋਗ ਅਗਵਾਈ ਹੇਠ ਕਾਲਜ ਵਿਖੇ ਈਕੋ ਕਲੱਬ ਅਤੇ ਐਨ ਐਸ. ਐਸ. ਵਿਭਾਗ ਦੇ ਸਹਿਯੋਗ ਨਾਲ "ਇੱਕ ਰੁੱਖ ਮਾਂ ਦੇ ਨਾਮ" ਮੁਹਿੰਮ ਤਹਿਤ ਬੜੇ ਉਤਸ਼ਾਹ ਨਾਲ ਬੂਟੇ ਲਗਾਏ ਗਏ। ਉਨ੍ਹਾਂ ਨੇ ਦੱਸਿਆ ਕਿ ਰੁੱਖਾਂ ਤੋਂ ਬਿਨਾਂ ਸੰਸਾਰ ਉੱਤੇ ਕਿਸੇ ਵੀ ਮਨੁੱਖ, ਜੀਵ- ਜੰਤੂ ਜਾਂ ਕਿਸੇ ਵੀ ਪ੍ਰਕਾਰ ਦੇ ਜੀਵਨ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਮਨੁੱਖ ਨੂੰ ਜਿਉਂਦੇ ਰਹਿਣ ਲਈ ਆਕਸੀਜਨ ਦੀ ਜ਼ਰੂਰਤ ਹੁੰਦੀ ਹੈ ਜੋ ਕਿ ਸਾਨੂੰ ਰੁੱਖਾਂ ਤੋਂ ਮੁਫ਼ਤ ਪ੍ਰਾਪਤ ਹੁੰਦੀ ਹੈ। ਉਹਨਾਂ ਵਿਦਿਆਰਥੀਆਂ ਨੂੰ "ਇੱਕ ਰੁੱਖ ਆਪਣੀ ਮਾਂ ਦੇ ਨਾਮ" 'ਤੇ ਲਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ 'ਤੇ ਕਾਲਜ ਦਾ ਸਮੂਹ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।



# ਮੁਹੱਲਾ ਆੜ੍ਹਤੀਆਂ ਵਿਖੇ ਮਨਾਇਆ ਤੀਆਂ ਦਾ ਤਿਉਹਾਰ

**ਫਗਵਾੜਾ (ਡਾ. ਰਮਨ)**- ਮੁਹੱਲਾ ਆੜ੍ਹਤੀਆਂ ਮੇਹਲੀ ਗੇਟ ਫਗਵਾੜਾ ਵਿਖੇ ਤੀਆਂ ਦਾ ਤਿਉਹਾਰ ਮੁਹੱਲੇ ਦੀਆਂ ਸਮੂਹ ਔਰਤਾਂ ਵੱਲੋਂ ਬੜੇ ਉਤਸ਼ਾਹ ਦੇ ਨਾਲ ਮਨਾਇਆ ਗਿਆ। ਇਸ ਮੌਕੇ ਔਰਤਾਂ, ਮੁਟਿਆਰਾਂ ਅਤੇ ਛੋਟੀਆਂ ਬੱਚੀਆਂ ਨੇ ਡੀ.ਜੇ. ਦੀ ਧੁੰਨ 'ਤੇ ਗਿੱਧਾ, ਬੋਲੀਆਂ ਆਦਿ ਨਾਲ ਖੂਬ ਮਨ ਪ੍ਰਚਾਵਾ ਕੀਤਾ। ਇਸ ਦੌਰਾਨ ਕਮਲਜੀਤ ਕੌਰ, ਸੁਨੀਤਾ ਰਾਣੀ, ਪੂਜਾ ਰਾਣੀ ਅਤੇ ਮਨੀਸ਼ਾ ਖੰਨਾ ਨੇ ਕਿਹਾ ਕਿ ਸਾਨੂੰ ਆਪਣਾ ਵਿਰਸਾ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਇਸ ਦੌਰਾਨ ਰਵਾਇਤੀ ਪੰਜਾਬੀ ਖਾਣਿਆਂ ਦਾ ਵੀ ਖਾਸ ਪ੍ਰਬੰਧ ਕੀਤਾ ਗਿਆ। ਇਸ ਮੌਕੇ ਨੀਰੂ, ਸੋਨੀਆ, ਸਿਮਰਨ, ਜੈਸਮੀਨ ਸ਼ਰਮਾ, ਗੀਤਿਕਾ ਸ਼ਰਮਾ, ਹੀਨਾ, ਰਿਤਿਕਾ, ਸੇਮਪ੍ਰੀਤ, ਮੀਨਾ, ਨੰਦਨੀ, ਮਾਨਸੀ, ਜੋਤੀ, ਕਵਿਤਾ, ਗੋਲਡੀ, ਰਜਨੀ, ਊਸ਼ਾ, ਪੂਨਮ, ਮੇਘਾ, ਪ੍ਰੀਆ, ਤਾਨੀਆ, ਅਨਨਿਆ, ਨਿਧੀ ਆਦਿ ਹਾਜ਼ਰ ਸਨ।



# ਡੇਂਗੂ ਤੇ ਮਲੇਰੀਆ ਤੋਂ ਬਚਾਅ ਲਈ ਜਾਗਰੂਕਤਾ ਵਰਕਸ਼ਾਪ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੀਨੀਅਰ ਸੈਕੈਂਡਰੀ ਸਕੂਲ ਸ਼ਾਹਬਾਜ਼ਪੁਰ ਵਿਖੇ ਡੇਂਗੂ ਅਤੇ ਮਲੇਰੀਆ ਵਰਗੀਆਂ ਬਿਮਾਰੀਆਂ ਤੋਂ ਬਰਸਾਤ ਦੇ ਮੌਸਮ ਵਿੱਚ ਬਚਾਅ ਲਈ ਸਿਵਲ ਹਸਪਤਾਲ ਟਾਂਡਾ ਦੀ ਮੈਡੀਕਲ ਟੀਮ ਵੱਲੋਂ ਬੱਚਿਆਂ ਦੀ ਜਾਗਰੂਕਤਾ ਵਰਕਸ਼ਾਪ ਲਗਾਈ ਗਈ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮਨੀਸ਼ਾ ਸੰਗਰ ਅਤੇ ਡਾ. ਨਰੋਤਮ ਦੀ ਅਗਵਾਈ ਵਿੱਚ ਇਸ ਵਰਕਸ਼ਾਪ ਵਿੱਚ ਬੱਚਿਆਂ ਨੂੰ ਬਰਸਾਤ ਦੇ ਮੌਸਮ ਵਿੱਚ ਜਗ੍ਹਾ ਜਗ੍ਹਾ ਖੜੇ ਹੁੰਦੇ ਪਾਣੀ ਵਿੱਚ ਡੇਂਗੂ ਮਲੇਰੀਆ ਦੇ ਮੱਛਰ ਪੈਦਾ ਹੋਣ ਅਤੇ ਉਹਨਾਂ ਦੇ ਖਾਤਮੇ ਦੇ ਬਾਰੇ ਜਾਣਕਾਰੀ ਦਿੱਤੀ ਗਈ। ਡਾ. ਨਰੋਤਮ ਨੇ ਦੱਸਿਆ ਕਿ ਘਰਾਂ ਦੇ ਵਿੱਚ ਟੁੱਟੇ-ਫੁੱਟੇ ਸਮਾਨ ਜਿਵੇਂ ਟਾਇਰ, ਕੂਲਰ ਜਾਂ ਟੱਬ ਵਗੈਰਾ ਵਿੱਚ ਬਰਸਾਤ ਦਾ ਪਾਣੀ ਇਕੱਠਾ ਹੋ ਜਾਂਦਾ ਹੈ, ਜਿਸ ਵਿੱਚ ਡੇਂਗੂ ਮਲੇਰੀਆ ਫੈਲਾਉਣ ਵਾਲੇ ਮੱਛਰ ਦੇ ਲਾਰਵੇ ਪੈਦਾ ਹੋ ਜਾਂਦੇ ਹਨ। ਘਰ ਦੇ ਵਿੱਚ ਜਾਂ ਘਰ ਦੇ ਆਸ ਪਾਸ ਪਾਣੀ ਇਕੱਠਾ ਨਾ ਹੋਣ ਦਈਏ ਤਾਂ ਜੋ ਡੇਂਗੂ ਮਲੇਰੀਆ ਦੇ ਮੱਛਰ ਨਾ ਪਲ ਸਕਣ ਅਤੇ ਜੇਕਰ ਪਾਣੀ ਇਕੱਠਾ ਹੋਇਆ ਮਿਲਦਾ ਹੈ ਤੁਰੰਤ ਉਹ ਬਰਤਨ ਜਾਂ ਟਾਇਰ ਵਗੈਰਾ ਖਾਲੀ ਕੀਤੇ ਜਾਣ। ਇਸ ਮੌਕੇ ਤੇ ਮੈਨੇਜਰ ਗਜਿੰਦਰ ਪਾਲ ਸਿੰਘ, ਤਰਨ ਸੈਣੀ, ਰਿਸੋਰਸ ਕੋਆਰਡੀਨੇਟਰ ਬਿਕਰਮਜੀਤ ਸਿੰਘ ਭੇਲਾ, ਰਾਜਵਿੰਦਰ ਕੌਰ, ਰਾਜਵੀਰ ਕੌਰ, ਜਗਬੰਧਨ ਸਿੰਘ, ਅਮਰਜੀਤ ਕੌਰ ਸੈਣੀ, ਸੰਜੀਵ ਕੁਮਾਰ ਸ਼ਰਮਾ, ਸੁਰੇਸ਼, ਸੁਸ਼ੀਲ, ਵਿਸ਼ਾਲੀ, ਗੁਰਪ੍ਰੀਤ, ਅਰਚਨਾ, ਨੇਹਾ, ਗੁਰਦੇਵ, ਅਜੇ, ਹਰਜੀਤ ਅਤੇ ਹੋਰ ਸਟਾਫ ਮੌਜੂਦ ਸੀ।



# ਭਾਰਤ ਸਰਕਾਰ ਦਾ ਟੀਚਾ 2025 ਤੱਕ ਦੇਸ਼ ਨੂੰ ਟੀ ਬੀ ਮੁਕਤ ਬਣਾਉਣਾ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਭਾਰਤ ਸਰਕਾਰ ਦਾ ਟੀਚਾ 2025 ਤੱਕ ਦੇਸ਼ ਨੂੰ ਟੀ ਬੀ ਮੁਕਤ ਬਨਾਉਣਾ ਹੈ। ਇਸ ਟੀਚੇ ਨੂੰ ਹਾਸਲ ਕਰਨ ਲਈ ਸਾਰੇ ਵਿਭਾਗ ਅਤੇ ਸੰਸਥਾਨਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਇਸੇ ਦਿਸ਼ਾ 'ਚ ਆਵਾਸ ਅਤੇ ਸ਼ਹਿਰੀ ਕਾਰਜ ਮੰਤਰਾਲਾ ਤਹਿਤ ਆਉਣ ਵਾਲੇ ਸਾਰੇ ਵਿਭਾਗਾਂ ਅਤੇ ਸੰਸਥਾਨਾਂ ਨੂੰ ਟੀ ਬੀ ਜਾਗਰੂਕਤਾ ਅਤੇ ਖ਼ਾਤਮੇ ਦੀਆਂ ਗਤੀਵਿਧੀਆਂ ਨੂੰ ਯਕੀਨੀ ਕਰਨ ਲਈ ਇੱਕ ਮਹੱਤਵਪੂਰਨ ਨਵਾਂ ਅਭਿਆਨ ਸ਼ੁਰੂ ਕੀਤਾ ਹੈ। ਇਹ ਹਰਿਆਣਾ ਅਤੇ ਭਾਰਤ ਨੂੰ ਟੀ ਬੀ ਮੁਕਤ ਬਨਾਉਣ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਇਸ ਪਹਿਲ ਤਹਿਤ ਹਰਿਆਣਾ ਰਾਜ ਟੀ ਬੀ ਸੇਲ ਦੀ ਇੱਕ ਟੀਮ ਨੇ ਪੰਚਕੂਲਾ ਦੇ ਮੇਅਰ ਸ੍ਰੀ ਕੁਲਭੂਸ਼ਣ ਗੋਇਲ ਅਤੇ ਕੌਂਸਲਰਾਂ ਨਾਲ ਮੁਲਾਕਾਤ ਕੀਤੀ। ਟੀਮ ਨੇ ਜ਼ਿਲ੍ਹਾ ਟੀ ਬੀ ਅਧਿਕਾਰੀ, ਪੰਚਕੂਲਾ ਡਾ. ਸੰਦੀਪ ਛਾਬੜਾ, ਡਬਲਯੂ ਐੱਚ ਓ ਸਲਾਹਕਾਰ ਡਾ. ਸੁਖਵੰਤ ਸਿੰਘ, ਮੈਡੀਕਲ ਅਧਿਕਾਰੀ ਡਾ. ਸ਼ਰਣਜੋਤ ਸਿੰਘ ਅਤੇ ਜ਼ਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ ਸੁਸ੍ਰੀ ਲਲਿਤਾ ਸ਼ਾਮਲ ਸਨ। ਉਨ੍ਹਾਂ ਨੇ ਸਾਰਿਆਂ ਨੂੰ ਕੌਮੀ ਟੀਬੀ ਖ਼ਾਤਮਾ ਪ੍ਰੋਗਰਾਮ ਬਾਰੇ ਦੱਸਿਆ ਕਿ ਟੀ ਬੀ ਮੁਕਤ ਭਾਰਤ ਲਈ ਸ਼ਹਿਰੀ ਕਾਰਜ ਮੰਤਰਾਲਾ ਕਿਵੇਂ ਮਦਦ ਕਰ ਸਕਦਾ ਹੈ। ਉਨ੍ਹਾਂ ਨੇ ਦੱਸਿਆ ਕਿ ਟੀਬੀ ਨੂੰ ਰੋਕਣ ਲਈ ਸ਼ਹਿਰੀ ਗੰਦੀ ਬਸਤੀਆਂ ਅਤੇ ਜ਼ਿਆਦਾ ਆਬਾਦੀ ਵਾਲੇ ਇਲਾਕਿਆਂ ਵਿੱਚ ਜਾਗਰੂਕਤਾ ਪ੍ਰੋਗਰਾਮ ਚਲਾਏ ਜਾਣਗੇ ਅਤੇ ਟੀਬੀ ਦਾ ਪਤਾ ਲਗਾਉਣ ਲਈ ਸਿਹਤ ਜਾਂਚ ਸ਼ਿਵਰਾਂ ਅਤੇ ਡੋਰ-ਟੂ-ਡੋਰ ਸਰਵੇ ਰਾਹੀਂ ਟੀਬੀ ਦੇ ਮਾਮਲਿਆਂ ਦਾ ਸਰਗਰਮੀ ਨਾਲ ਪਤਾ ਲਗਾਇਆ ਜਾਵੇਗਾ।

# ਸਤਨਾਮ ਚੇਚੀ ਵੱਲੋਂ ਉਟਾਲ ਦੀ ਪੰਚਾਇਤ ਨੂੰ 2 ਲੱਖ ਰੁਪਏ ਦੀ ਗ੍ਰਾਂਟ



**ਬਲਾਚੌਰ (ਜਸਵਿੰਦਰ ਬੈਂਸ)**- ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਅਤੇ ਜ਼ਿਲ੍ਹਾ ਯੋਜਨਾ ਬੋਰਡ ਦੇ ਚੇਅਰਮੈਨ ਸਤਨਾਮ ਚੇਚੀ ਜਲਾਲਪੁਰ ਵਲੋਂ ਨਵਾਸ਼ਹਿਰ ਦੇ ਪਿੰਡ ਉਟਾਲ ਦੀ ਪੰਚਾਇਤ ਨੂੰ ਦੋ ਲੱਖ ਰੁਪਏ ਦੀ ਗਰਾਂਟ ਜਿਮ ਦੇ ਕਮਰੇ ਦੀ ਉਸਾਰੀ ਲਈ ਜ਼ਿਲ੍ਹਾ ਯੋਜਨਾ ਬੋਰਡ ਦੇ ਅਖਤਿਆਰੀ ਕੋਟੇ ਵਿੱਚੋਂ ਦਿੱਤੀ ਗਈ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਤਨਾਮ ਜਲਾਲਪੁਰ ਨੇ ਕਿਹਾ ਕਿ ਪਿੰਡ ਵਾਸੀਆਂ ਦੀ ਕਾਫੀ ਲੰਮੇ ਸਮੇਂ ਤੋਂ ਮੰਗ ਸੀ ਕਿ ਨੌਜਵਾਨਾਂ ਲਈ ਜਿਮ ਦੇ ਕਮਰੇ ਦੀ ਉਸਾਰੀ ਕਰਵਾਈ ਜਾਵੇ। ਜਿਸ ਨੂੰ ਮੁੱਖ ਰੱਖਦੇ ਹੋਏ ਪਿੰਡ ਦੀ ਪੰਚਾਇਤ ਵੱਲੋਂ ਮੇਰੇ ਨਾਲ ਰਾਬਤਾ ਕਾਇਮ ਕੀਤਾ ਗਿਆ ਅਤੇ ਆਪਣੀ ਸਮੱਸਿਆ ਬਾਰੇ ਦੱਸਿਆ । ਨੌਜਵਾਨਾਂ ਦੀ ਇਸ ਮੰਗ ਨੂੰ ਦੇਖਦਿਆਂ ਉਹਨਾਂ ਵੱਲੋਂ ਆਪਣੇ ਤਿਆਰੀ ਕੋਟੇ ਵਿੱਚੋਂ ਜਿਮ ਦੇ ਕਮਰੇ ਦੀ ਉਸਾਰੀ ਲਈ 2 ਲੱਖ ਰੁਪਏ ਦੀ ਗਰਾਂਟ ਪਿੰਡ ਨੂੰ ਜਾਰੀ ਕੀਤੀ ਗਈ। ਇਸ ਮੌਕੇ ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨਸ਼ਿਆਂ 'ਤੇ ਨਕੇਲ ਕੱਸਣ ਵਿੱਚ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਵੱਖ-ਵੱਖ ਪਿੰਡਾਂ ਵਿੱਚ ਆਪਣੇ ਪ੍ਰੋਗਰਾਮ ਕਰ ਰਹੀ ਹੈ। ਪਿੰਡ ਵਾਸੀਆਂ ਵੱਲੋਂ ਸਰਕਾਰ ਵੱਲੋਂ ਜਾਰੀ ਇਸ ਮੁਹਿੰਮ ਵਿੱਚ ਵਧ ਚੜ੍ਹ ਕੇ ਹਿੱਸਾ ਲਿਆ ਜਾ ਰਿਹਾ ਹੈ।ਪਿੰਡ ਦੀ ਪੰਚਾਇਤ ਵੱਲੋਂ ਸਤਨਾਮ ਜਲਾਲਪੁਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ।ਇਸ ਮੌਕੇ ਸਰਪੰਚ ਮਨਦੀਪ ਅਟਵਾਲ, ਲੰਬੜਦਾਰ ਤਾਰਾ ਸਿੰਘ, ਪੰਚ ਲਛਮਣ ਸਿੰਘ, ਪੰਚ ਨਿਰੰਜਨ ਸਿੰਘ, ਪੰਚ ਰਾਜਕੁਮਾਰ, ਐਕਸ ਪ੍ਰਧਾਨ ਕੁਲਦੀਪ ਸਿੰਘ, ਜੀਤਾ ਅਟਵਾਲ, ਬਿੱਲਾ ਮਲੀ ਮੌਜੂਦ ਸਨ।

# ਪ੍ਰਾਪਰਟੀ ਟੈਕਸ ਬਕਾਏ ਦੇ ਭੁਗਤਾਨ ਦੀ ਮਿਆਦ 15 ਤੱਕ ਵਧਾਈ

**ਫਗਵਾੜਾ ( ਡਾ. ਰਮਨ, ਜਸਵਿੰਦਰ ਚੱਡਾ )** —ਡਾ. ਅਕਸ਼ਿਤਾ ਗੁਪਤਾ, ਕਮਿਸ਼ਨਰ, ਨਗਰ ਨਿਗਮ ਫਗਵਾੜਾ ਨੇ ਪ੍ਰਾਪਰਟੀ ਟੈਕਸ ਲਈ 'ਵਨ ਟਾਈਮ ਸੈਟਲਮੈਂਟ (ਓਟੀਐਸ) ਪਾਲਿਸੀ - 2025' ਸੰਬੰਧੀ ਮਹੱਤਵਪੂਰਨ ਜਾਣਕਾਰੀ ਦਾ ਐਲਾਨ ਕਰਦੇ ਹੋਏ ਕਿਹਾ ਕਿ ਪੰਜਾਬ ਸਰਕਾਰ ਨੇ ਸਥਾਨਕ ਸਰਕਾਰਾਂ ਵਿਭਾਗ ਰਾਹੀਂ ਇਸ ਵੱਡੀ ਰਾਹਤ ਪਹਿਲਕਦਮੀ ਲਈ ਸਮਾਂ-ਸੀਮਾ ਵਧਾ ਦਿੱਤੀ ਹੈ।ਇਹ ਸਕੀਮ ਪੰਜਾਬ ਮਿਉਂਸਪਲ ਐਕਟ, 1911 ਅਤੇ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ, 1976 ਅਨੁਸਾਰ ਅਦਾਇਗੀ ਨਾ ਕੀਤੇ ਗਏ ਜਾਂ ਅੰਸ਼ਕ ਤੌਰ 'ਤੇ ਅਦਾ ਕੀਤੇ ਗਏ ਮਕਾਨ/ਜਾਇਦਾਦ ਟੈਕਸ ਵਾਲੇ ਵਿਅਕਤੀਆਂ ਲਈ ਇੱਕਮੁਸ਼ਤ ਨਿਪਟਾਰੇ ਦਾ ਵਿਕਲਪ ਪ੍ਰਦਾਨ ਕਰਕੇ ਸ਼ਹਿਰ ਨਿਵਾਸੀਆਂ 'ਤੇ ਵਿੱਤੀ ਬੋਝ ਘਟਾਉਣ ਦੇ ਉਦੇਸ਼ ਨਾਲ ਪੇਸ਼ ਕੀਤੀ ਗਈ ਹੈ।ਪੰਜਾਬ ਦੇ ਰਾਜਪਾਲ ਦੇ ਅਧਿਕਾਰ ਹੇਠ ਜਾਰੀ ਨੋਟੀਫਿਕੇਸ਼ਨ ਦੇ ਅਨੁਸਾਰ 15 ਅਗਸਤ, 2025 ਤੱਕ ਆਪਣੇ ਪੂਰੇ ਅਸਲ ਪ੍ਰਾਪਰਟੀ ਟੈਕਸ ਬਕਾਏ ਦਾ ਭੁਗਤਾਨ ਕਰਨ ਵਾਲੇ ਟੈਕਸਦਾਤਾਵਾਂ ਨੂੰ ਜੁਰਮਾਨੇ ਅਤੇ ਵਿਆਜ ਤੋਂ ਪੂਰੀ ਛੋਟ ਮਿਲੇਗੀ। ਜਿਹੜੇ ਟੈਕਸਦਾਤਾ 15 ਅਗਸਤ ਤੋਂ ਬਾਅਦ ਪਰ 31 ਅਕਤੂਬਰ, 2025 ਤੋਂ ਪਹਿਲਾਂ ਭੁਗਤਾਨ ਕਰਦੇ ਹਨ, ਉਹ ਜੁਰਮਾਨੇ ਅਤੇ ਵਿਆਜ 'ਤੇ ਪੰਜਾਹ ਪ੍ਰਤੀਸ਼ਤ ਛੋਟ ਲਈ ਯੋਗ ਹੋਣਗੇ। ਹਾਲਾਂਕਿ, 31 ਅਕਤੂਬਰ, 2025 ਤੋਂ ਬਾਅਦ, ਕੋਈ ਛੋਟ ਉਪਲਬਧ ਨਹੀਂ ਹੋਵੇਗੀ ਅਤੇ ਬਕਾਇਆ ਰਕਮ 'ਤੇ ਮੌਜੂਦਾ ਕਾਨੂੰਨਾਂ ਅਨੁਸਾਰ ਪੂਰਾ ਜੁਰਮਾਨਾ ਅਤੇ ਵਿਆਜ ਲੱਗੇਗਾ।


# ਮੋਹਾਲੀ ਵਿਖੇ ਬਣੇਗਾ ਜਲ ਭਵਨ, ਇੱਕ ਛੱਤ ਹੇਠ ਮਿਲਣਗੀਆਂ ਸਾਰੀਆਂ ਸੇਵਾਵਾਂ : ਮੁੰਡੀਆ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵੱਲੋਂ ਮੋਹਾਲੀ ਵਿਖੇ ਜਲ ਭਵਨ ਬਣਾਇਆ ਜਾ ਰਿਹਾ ਹੈ ਜਿੱਥੇ ਇੱਕ ਛੱਤ ਹੇਠ ਲੋਕਾਂ ਨੂੰ ਸਾਰੀਆਂ ਸੇਵਾਵਾਂ ਮਿਲਣਗੀਆਂ। ਇਹ ਜਾਣਕਾਰੀ ਜਲ ਸਪਲਾਈ ਤੇ ਸੈਨੀਟੇਸ਼ਨ ਮੰਤਰੀ ਹਰਦੀਪ ਸਿੰਘ ਮੁੰਡੀਆਂ ਨੇ ਇੱਥੇ ਪੰਜਾਬ ਭਵਨ ਵਿਖੇ ਇਸ ਭਵਨ ਦੀ ਉਸਾਰੀ ਲਈ ਸਬੰਧਤ ਅਧਿਕਾਰੀਆਂ ਨਾਲ ਮੀਟਿੰਗ ਕਰਨ ਉਪਰੰਤ ਦਿੱਤੀ। ਉਨ੍ਹਾਂ ਕਿਹਾ ਕਿ ਇਹ ਭਵਨ ਦੋ ਸਾਲ ਦੇ ਅੰਦਰ-ਅੰਦਰ ਮੁਕੰਮਲ ਹੋਵੇਗਾ। ਮੀਟਿੰਗ ਵਿੱਚ ਆਰਕੀਟੈਕਚਰ ਵਿਭਾਗ ਦੇ ਮੁੱਖ ਆਰਕੀਟੈਕਟ ਵੱਲੋਂ ਜਲ ਭਵਨ ਦੀ ਉਸਾਰੀ ਸਬੰਧੀ ਪੇਸ਼ਕਾਰੀ ਵੀ ਦਿੱਤੀ ਗਈ। ਸ. ਮੁੰਡੀਆ ਨੇ ਕਿਹਾ ਕਿ ਜਲ ਸਪਲਾਈ ਅਤੇ ਸੈਨੀਟੇਸਨ ਵਿਭਾਗ ਕੋਲ ਮੋਹਾਲੀ ਜਾਂ ਚੰਡੀਗੜ੍ਹ ਵਿਖੇ ਕੋਈ ਵੀ ਅਜਿਹੀ ਆਪਣੀ ਇਮਾਰਤ ਨਹੀਂ ਹੈ, ਜਿਸ ਵਿੱਚ ਵਿਭਾਗ ਦਾ ਸਾਰਾ ਸਟਾਫ ਇਕੱਠਾ ਬੈਠ ਸਕੇ। ਇਸ ਮੰਤਵ ਲਈ ਮਾਡਰਨ ਸਟੇਟ ਆਫ ਆਰਟ ਜਲ ਭਵਨ ਬਣਾਉਣ ਦਾ ਫੈਸਲਾ ਕੀਤਾ ਗਿਆ ਜਿਸ ਵਿੱਚ ਵਿਭਾਗ ਦੇ ਸਾਰੇ ਦਫਤਰ ਹੋਣਗੇ। ਇਸ ਨਾਲ ਦਫਤਰ ਦੀ ਕਾਰਜਪ੍ਰਣਾਲੀ ਵਿੱਚ ਇਜਾਫਾ ਹੋਵੇਗਾ ਅਤੇ ਆਮ ਲੋਕਾਂ ਨੂੰ ਵੀ ਇੱਕੋ ਛੱਤ ਹੇਠ ਸਾਰੀਆਂ ਸੇਵਾਵਾਂ ਮਿਲਣਗੀਆਂ। ਪ੍ਰਮੁੱਖ ਸਕੱਤਰ ਨੀਲ ਕੰਠ ਅਵਾਡ ਵੱਲੋਂ ਦੱਸਿਆ ਗਿਆ ਹੈ ਕਿ ਵਿਭਾਗ ਕੋਲ ਸਾਲ 2025-26 ਲਈ ਇਸ ਇਮਾਰਤ ਨੂੰ ਬਣਾਉਣ ਸਬੰਧੀ 10 ਕਰੋੜ ਰੁਪਏ ਦਾ ਬਜਟ ਉਪਬੰਧ ਹੈ ਅਤੇ ਜੇਕਰ ਇਹ ਬਜਟ ਲੋਕ ਨਿਰਮਾਣ ਵਿਭਾਗ ਵੱਲੋਂ ਨਵੰਬਰ-ਦਸੰਬਰ ਮਹੀਨੇ ਤੱਕ ਖਰਚ ਲਿਆ ਜਾਂਦਾ ਹੈ ਤਾਂ ਵਿੱਤ ਵਿਭਾਗ ਕੋਲ ਵਧੇਰੇ ਬਜਟ ਮੁਹੱਈਆ ਕਰਵਾਉਣ ਲਈ ਪਹੁੰਚ ਕੀਤੀ ਜਾਵੇਗੀ।



# ਜ਼ਿਲ੍ਹੇ 'ਚ ਸ਼ੁਰੂ ਹੋਇਆ ਫਸਲਾਂ ਦਾ ਡਿਜੀਟਲ ਸਰਵੇਖਣ : ਡਿਪਟੀ ਕਮਿਸ਼ਨਰ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਸਰਕਾਰ ਦੇ ਮਾਲ ਅਤੇ ਮੁੜ ਵਸੇਬਾ ਵਿਭਾਗ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ 1 ਅਗਸਤ ਤੋਂ ਫਸਲਾਂ ਦੇ ਡਿਜੀਟਲ ਸਰਵੇਖਣ ਦੀ ਸ਼ੁਰੂਆਤ ਕਰ ਚੁੱਕਾ ਹੈ ਜੋ ਕਿ ਅਗਲੇ 45 ਦਿਨਾਂ ਦੇ ਵਿੱਚ ਮੁਕੰਮਲ ਹੋਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਰਵੇਖਣ ਲਈ 834 ਦੇ ਕਰੀਬ ਪ੍ਰਾਈਵੇਟ ਸਰਵੇਅਰ ਰੱਖੇ ਜਾ ਰਹੇ ਹਨ ਜੋ ਰੋਜ਼ਾਨਾ ਘੱਟੋ ਘੱਟ 70 ਪਲਾਟਾਂ ਦਾ ਫਸਲੀ ਸਰਵੇਖਣ ਕਰਨਗੇ। ਉਨ੍ਹਾਂ ਦੱਸਿਆ ਕਿ ਫਸਲਾਂ ਦੇ ਡਿਜੀਟਲ ਸਰਵੇਖਣ ਦਾ ਮਨੋਰਥ ਮੋਬਾਈਲ ਰਾਹੀਂ ਖੇਤਾਂ ਵਿੱਚ ਬੀਜੀਆਂ ਫਸਲਾਂ ਦੀ ਮੁਕੰਮਲ ਜਾਣਕਾਰੀ ਇਕੱਤਰ ਕਰਨਾ ਹੈ, ਤਾਂ ਜੋ ਕਿਸਾਨਾਂ ਦੀ ਸਹੂਲਤ ਲਈ ਸਰਕਾਰ ਵੱਲੋਂ ਦਿੱਤੀਆਂ ਜਾ ਰਹੀਆਂ ਸੇਵਾਵਾਂ ਅਤੇ ਸਕੀਮਾਂ ਦਾ ਲਾਭ ਸੁਚੱਜੇ ਢੰਗ ਨਾਲ ਜ਼ਮੀਨੀ ਪੱਧਰ ਤੱਕ ਪੁੱਜਦਾ ਕੀਤਾ ਜਾ ਸਕੇ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਰੱਖੇ ਜਾਣ ਵਾਲੇ ਪ੍ਰਾਈਵੇਟ ਸਰਵੇਅਰਾਂ ਸਬੰਧੀ ਇਨ੍ਹਾਂ ਸਰਵੇਅਰਾਂ ਨੂੰ ਨਿਰਧਾਰਿਤ ਮਾਣਭੱਤਾ ਮੁਹੱਈਆ ਕਰਵਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਬਾਰਵੀਂ ਪਾਸ ਕੋਈ ਵੀ ਇਛੁੱਕ ਵਿਅਕਤੀ ਜਿਸ ਕੋਲ ਐਂਡਰਾਇਡ ਫੋਨ ਅਤੇ ਉਸ ਦਾ ਬੈਂਕ ਖਾਤਾ ਹੋਵੇ ਉਹ ਆਪਣੇ ਖੇਤਰ ਦੇ ਸਬੰਧਤ ਤਹਿਸੀਲਦਾਰ, ਨਾਇਬ ਤਹਿਸੀਲਦਾਰ ਨਾਲ ਸੰਪਰਕ ਕਰਕੇ ਪ੍ਰਾਈਵੇਟ ਸਰਵੇਅਰ ਵਜੋਂ ਕੰਮ ਕਰ ਸਕਦਾ ਹੈ। ਜ਼ਿਲ੍ਹੇ ਵਿੱਚ ਸਰਵੇਖਣ ਅਧੀਨ ਰਕਬੇ ਦੀ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ ਕੁੱਲ 10.58 ਲੱਖ ਖੇਤੀਬਾੜੀ ਪਲਾਟਾਂ/ਖਸਰਿਆਂ ਦਾ ਸਰਵੇਖਣ ਕੀਤਾ ਜਾਵੇਗਾ ਜਿਨ੍ਹਾਂ ਵਿੱਚੋਂ 5.52 ਲੱਖ ਪਲਾਟਾਂ ਨੂੰ ਸਿਸਟਮ 'ਤੇ ਅਪਲੋਡ ਕੀਤਾ ਜਾ ਚੁੱਕਾ ਹੈ ਅਤੇ ਰਹਿੰਦੇ ਖਸਰੇ ਵੀ ਆਉਂਦੇ ਦਿਨਾਂ 'ਚ ਐਪ 'ਤੇ ਅਪਲੋਡ ਹੋ ਜਾਣਗੇ। ਇਸੇ ਦੌਰਾਨ ਜ਼ਿਲ੍ਹਾ ਮਾਲ ਅਫਸਰ ਅਮਨਦੀਪ ਚਾਵਲਾ ਨੇ ਦੱਸਿਆ ਕਿ ਹਰੇਕ ਪਿੰਡ ਲਈ ਇੱਕ ਸਰਵੇਅਰ ਨਿਯੁਕਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਹੁਣ ਤੱਕ ਰੱਖੇ ਗਏ ਪ੍ਰਾਈਵੇਟ ਸਰਵੇਅਰਾਂ ਦੀ ਟਰੇਨਿੰਗ ਹੋ ਚੁਕੀ ਹੈ ਅਤੇ ਅਗਲੇ ਦਿਨਾਂ ਵਿੱਚ ਰੱਖੇ ਜਾਣ ਵਾਲੇ ਸਰਵੇਅਰਾਂ ਨੂੰ ਸਬਡਵੀਜਨ ਪੱਧਰ 'ਤੇ ਸਿਖਲਾਈ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਚਾਹਵਾਨ ਬਿਨੈਕਾਰਾਂ ਨੂੰ ਉਚਿਤ ਮਾਣਭੱਤਾ ਮਿਲੇਗਾ।




# ਅਨੁਸੂਚਿਤ ਜਾਤੀ ਦੇ ਪਰਵਾਰਾਂ ਨੂੰ ਸੂਖਮ ਵਿੱਤ ਯੋਜਨਾ ਤਹਿਤ ਮਿਲੇਗਾ ਕਰਜ਼ਾ

**ਚੰਡੀਗੜ੍ਹ (ਕ੍ਰਿਸ਼ਨ ਗਰਗ)**- ਹਰਿਆਣਾ ਅਨੁਸੂਚਿਤ ਜਾਤੀ ਵਿੱਤ ਅਤੇ ਵਿਕਾਸ ਨਿਗਮ ਨੇ ਅਨੁਸੂਚਿਤ ਜਾਤੀ ਦੇ ਪਰਵਾਰਾਂ ਦੀ ਆਮਦਣ ਪੈਦਾ ਕਰਨ/ ਖੁਦ ਦੇ ਰੋਜ਼ਗਾਰ ਲਈ ਸੂਖਮ ਵਿੱਤ ਯੋਜਨਾ ਰਾਹੀਂ 100000 ਰੁਪਏ ਅਤੇ ਟਰਮ ਲੋਨ ਰਾਹੀਂ 200000 ਰੁਪਏ ਦੇ ਕਰਜ਼ੇ ਲਈ ਅਰਜ਼ੀਆਂ ਮੰਗੀਆਂ ਹਨ। ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਇਸ ਕਰਜ਼ੇ ਲਈ ਅਨੁਸੂਚਿਤ ਜਾਤੀ ਦਾ ਕੋਈ ਵੀ ਵਿਅਕਤੀ ਜਿਸ ਦੀ ਉਮਰ 18 ਤੋਂ 45 ਸਾਲ ਹੈ ਅਤੇ ਪਰਿਵਾਰ ਦੀ ਆਮਦਨ ਤਿੰਨ ਲੱਖ ਰੁਪਏ ਤੋਂ ਘੱਟ ਹੈ, ਉਹ ਕਰਜ਼ੇ ਲਈ ਆਪਣੇ ਦਸਤਾਵੇਜ਼ ਜਿਵੇਂ ਅਧਾਰ ਕਾਰਡ, ਜਾਤੀ ਪ੍ਰਮਾਣ ਪੱਤਰ, ਪਰਿਵਾਰ ਪਛਾਣ ਪੱਤਰ, ਪੈਨ ਕਾਰਡ ਅਤੇ ਬੈਂਕ ਕਾਪੀ, ਪਾਸਪੋਰਟ ਸਾਇਜ ਦੋ ਫੋਟੋ ਲੈ ਕੇ ਹਰਿਆਣਾ ਅਨੁਸੂਚਿਤ ਜਾਤੀ ਵਿੱਤ ਅਤੇ ਵਿਕਾਸ ਨਿਗਮ, ਪਲਾਟ ਨੰਬਰ 199, ਇੰਡਸਟ੍ਰਿਅਲ ਏਰਿਆ ਫੇਸ-1, ਪੰਚਕੂਲਾ ਰਜਿਸਟ੍ਰੇਸ਼ਨ ਕਰਨ ਦੀ ਅੰਤਿਮ ਮਿਤੀ 21 ਅਗਸਤ 2025 ਹੈ।

# ਵਿਸ਼ਵ ਸਤਨਪਾਨ ਹਫ਼ਤਾ ਉਤਸ਼ਾਹ ਨਾਲ ਮਨਾਇਆ

**ਗੁਰਾਇਆ, ਫਿਲੌਰ (ਬਿੰਦਰ ਸੁਮਨ, ਨਿਰਮਲ)**—ਸਿਵਲ ਸਰਜਨ ਡਾ. ਗੁਰਮੀਤ ਲਾਲ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਕੰਮਿਊਨਿਟੀ ਹੈਲਥ ਸੈਂਟਰ ਬੜਾ ਪਿੰਡ ਵੱਲੋਂ 7 ਅਗਸਤ ਤੱਕ ਵਿਸ਼ਵ ਸਤਨਪਾਨ ਹਫ਼ਤਾ ਮਨਾਇਆ ਜਾ ਰਿਹਾ ਹੈ। ਇਸ ਹਫ਼ਤੇ ਦੌਰਾਨ ਗਰਭਵਤੀ ਮਹਿਲਾਵਾਂ ਅਤੇ ਦੁੱਧ ਪੀਣ ਵਾਲੇ ਬੱਚਿਆਂ ਦੀਆਂ ਮਾਵਾਂ ਨੂੰ ਸਤਨਪਾਨ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਜਾਣੂ ਕਰਵਾਇਆ ਗਿਆ।ਸੀਨੀਅਰ ਮੈਡੀਕਲ ਅਫਸਰ ਡਾ ਅਮਿਤਾ ਲੂਨਾ ਨੇ ਦੱਸਿਆ ਕਿ ਮਾਂ ਦਾ ਦੁੱਧ ਨਵਜਾਤ ਬੱਚੇ ਲਈ ਸਭ ਤੋਂ ਉਤਮ ਅਤੇ ਸੁਰੱਖਿਅਤ ਆਹਾਰ ਹੈ। ਜਨਮ ਤੋਂ ਪਹਿਲੇ ਇੱਕ ਘੰਟੇ ਅੰਦਰ ਸਤਨਪਾਨ ਕਰਵਾਉਣਾ ਬੱਚੇ ਦੀ ਸਿਹਤ ਲਈ ਬਹੁਤ ਲਾਭਕਾਰੀ ਹੁੰਦਾ ਹੈ। ਉਨ੍ਹਾਂ ਕਿਹਾ ਕਿ ਛੇ ਮਹੀਨੇ ਤੱਕ ਬੱਚੇ ਨੂੰ ਕੇਵਲ ਮਾਂ ਦਾ ਦੁੱਧ ਹੀ ਦੇਣਾ ਚਾਹੀਦਾ ਹੈ।ਇਸ ਨਾਲ ਬੱਚੇ ਅੰਦਰ ਜੀਵਨ ਭਰ ਲਈ ਪ੍ਰਤੀਰੋਧਕ ਸ਼ਮਤਾ ਪੈਦਾ ਹੁੰਦੀ ਹੈ।ਡਾ. ਅਮਿਤਾ ਲੂਨਾ ਨੇ ਇਹ ਵੀ ਦੱਸਿਆ ਕਿ ਸਤਨਪਾਨ ਮਾਂ ਦੀ ਸਿਹਤ ਲਈ ਵੀ ਫਾਇਦੇਮੰਦ ਹੈ। ਇਸ ਨਾਲ ਬਰੈਸਟ ਕੈਂਸਰ, ਬੱਚੇਦਾਨੀ ਦੇ ਕੈਂਸਰ ਅਤੇ ਹੋਰ ਰੋਗਾਂ ਤੋਂ ਬਚਾਅ ਹੋਣ ਦੀ ਸਭਾਵਨਾ ਵੱਧ ਜਾਂਦੀ ਹੈ।ਇਸ ਹਫ਼ਤੇ ਦੌਰਾਨ ਸਿਹਤ ਵਿਭਾਗ ਦੀ ਟੀਮ ਵੱਲੋਂ ਜਾਗਰੂਕਤਾ ਲੈਕਚਰ, ਪੋਸਟਰ ਰੈਲੀਆਂ, ਅਤੇ ਮਾਵਾਂ ਲਈ ਵਿਸ਼ੇਸ਼ ਸਲਾਹ ਮਸ਼ਵਰੇ ਸੈਸ਼ਨ ਆਯੋਜਿਤ ਕੀਤੇ ਜਾ ਰਹੇ ਹਨ। ਏਨਮ, ਆਸ਼ਾ ਅਤੇ ਆਂਗਨਵਾੜੀ ਵਰਕਰਾਂ ਨੇ ਘਰ-ਘਰ ਜਾ ਕੇ ਮਾਵਾਂ ਨੂੰ ਸਤਨਪਾਨ ਦੇ ਲਾਭਾਂ ਬਾਰੇ ਜਾਣੂ ਕਰਵਾਇਆ ਜਾ ਰਿਹਾ ਹੈ।ਇਸ ਮੌਕੇ 'ਤੇ ਬਲਾਕ ਐਕਸਟੈਨਸ਼ਨ ਐਜੂਕੇਟਰ ਪ੍ਰੀਤਇੰਦਰ ਸਿੰਘ, ਸਟਾਫ ਨਰਸ ਅਮਨ, ਏ ਐੱਨ ਐੱਮ ਸੁਨੀਤਾ ਅਤੇ ਸਮੂਹ ਸਟਾਫ



# ਕਿਸਾਨਾਂ ਦੀ ਇੱਕ ਇੰਚ ਜ਼ਮੀਨ ਵੀ ਐਕਵਾਇਰ ਨਹੀਂ ਹੋਣ ਦੇਵਾਂਗੇ : ਢਿੱਲੋਂ

**ਸਮਰਾਲਾ (ਸੁਰਜੀਤ ਸਿੰਘ)**- ਪੰਜਾਬ ਸਰਕਾਰ ਵੱਲੋਂ ਸਮੁੱਚੇ ਪੰਜਾਬ ਵਿੱਚ 65533 ਏਕੜ ਉਪਜਾਊ ਜ਼ਮੀਨ ਨੂੰ ਹੜੱਪਣ ਲਈ ਲੈਂਡ ਪੂਲਿੰਗ ਪਾਲਿਸੀ ਤਹਿਤ ਜੋ ਤਾਨਾਸ਼ਾਹੀ ਹੁਕਮ ਦਿੱਤੇ ਹਨ, ਦੇ ਵਿਰੋਧ ਵਿੱਚ ਪੂਰਾ ਪੰਜਾਬ ਉੱਠ ਖੜ੍ਹਾ ਹੋਇਆ ਹੈ। ਇਸੇ ਪਾਲਿਸੀ ਅਧੀਨ ਸਮਰਾਲਾ ਹਲਕੇ ਅਧੀਨ ਪੈਂਦੇ ਪਿੰਡ ਬਾਲਿਓਂ ਦੀ 250 ਏਕੜ ਜ਼ਮੀਨ ਵੀ ਸਰਕਾਰ ਵੱਲੋਂ ਐਕਵਾਇਰ ਕੀਤੀ ਜਾਣੀ ਹੈ, ਜਿਸ ਦੇ ਸਬੰਧ ਵਿੱਚ ਅੱਜ ਸ਼੍ਰੋਮਣੀ ਅਕਾਲੀ ਦਲ ਦੇ ਲੁਧਿਆਣਾ ਦਿਹਾਤੀ ਦੇ ਪ੍ਰਧਾਨ ਅਤੇ ਹਲਕਾ ਇੰਚਾਰਜ ਪਰਮਜੀਤ ਸਿੰਘ ਢਿੱਲੋਂ ਦੀ ਅਗਵਾਈ ਹੇਠ ਪਿੰਡ ਬਾਲਿਓਂ ਦੇ ਸਰਪੰਚ



ਮਨਿੰਦਰ ਸਿੰਘ ਮਨੀ ਨੂੰ ਨਾਲ ਲੈ ਕੇ ਇੱਕ ਵਫਦ ਦੇ ਰੂਪ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਮਿਲੇ। ਜਿਸ ਸਬੰਧ ਵਿੱਚ ਬਾਦਲ ਨੇ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਜੋ ਕਿਸਾਨਾਂ ਨਾਲ ਧੱਕਾ ਕਰਕੇ, ਉਨ੍ਹਾਂ ਦੀ ਉਪਜਾਊ ਜ਼ਮੀਨ ਹੜੱਪਣ ਜਾ ਰਹੀ ਹੈ, ਉਸ ਪ੍ਰਤੀ ਸ਼੍ਰੋਮਣੀ ਅਕਾਲੀ ਦਲ ਪੂਰੀ ਤਰ੍ਹਾਂ ਚਿੰਤਤ ਅਤੇ ਸੁਚੇਤ ਹੈ। ਪੰਜਾਬ ਦੇ ਕਿਸਾਨਾਂ ਲਈ ਧਰਤੀ ਇੱਕ ਮਾਂ ਦੇ ਰੂਪ ਵਿੱਚ ਹੈ, ਜਿਸ ਨੂੰ ਦਿੱਲੀ ਦੇ ਵਪਾਰੀ ਨਾਦਰਸ਼ਾਹ ਬਣ ਕੇ ਲੁੱਟਣ ਦੀ ਨੀਅਤ ਨਾਲ ਪੰਜਾਬ ਵਿੱਚ ਆ ਚੁੱਕੇ ਹਨ, ਪਰ ਪੰਜਾਬ ਦੀ ਮਾਂ ਪਾਰਟੀ ਸ਼੍ਰੋਮਣੀ ਅਕਾਲੀ ਦਲ ਕਦੇ ਵੀ ਇਹ ਸਹਿਣ ਨਹੀਂ ਕਰੇਗੀ। ਅਕਾਲੀ ਦਲ ਕਿਸਾਨਾਂ ਨਾਲ ਖੜ੍ਹਾ ਹੈ ਅਤੇ ਹਮੇਸ਼ਾ ਉਨ੍ਹਾਂ ਦੇ ਹੱਕਾਂ ਲਈ ਖੜ੍ਹਾ ਰਹੇਗਾ। ਇਸ ਮੌਕੇ ਪਿੰਡ ਬਾਲਿਓਂ ਦੀ ਸਮੁੱਚੀ ਪੰਚਾਇਤ ਨੂੰ ਪਰਮਜੀਤ ਸਿੰਘ ਢਿੱਲੋਂ ਨੇ ਵਿਸ਼ਵਾਸ ਦਿਵਾਇਆ ਕਿ ਸ਼੍ਰੋਮਣੀ ਅਕਾਲੀ ਦਲ ਹਲਕਾ ਸਮਰਾਲਾ ਦੀ ਸਮੁੱਚੀ ਲੀਡਰਸ਼ਿਪ ਅਤੇ ਵਰਕਰ ਪੂਰੀ ਤਰ੍ਹਾਂ ਪਿੰਡ ਬਾਲਿਓਂ ਦੇ ਕਿਸਾਨਾਂ ਨਾਲ ਖੜ੍ਹੇ ਹਨ, ਉਨ੍ਹਾਂ ਦੀ ਇੱਕ ਇੰਚ ਵੀ ਜ਼ਮੀਨ ਇਨ੍ਹਾਂ ਲੈਂਡ ਮਾਫੀਆ ਨੂੰ ਲੁੱਟਣ ਨਹੀਂ ਦੇਵਾਂਗੇ। ਉਨ੍ਹਾਂ ਪੰਜਾਬ ਦੇ ਮੁੱਖ ਮੰਤਰੀ ਉੱਤੇ ਵਰ੍ਹਦੇ ਹੋਏ ਕਿਹਾ ਕਿ ਭਗਵੰਤ ਸਿੰਘ ਮਾਨ ਉਹੀ ਮੁੱਖ ਮੰਤਰੀ ਹਨ, ਜਿਨ੍ਹਾਂ ਨੇ ਅੱਜ ਤੋਂ ਸਾਢੇ ਤਿੰਨ ਸਾਲ ਪਹਿਲਾਂ ਕਿਸਾਨਾਂ ਨੂੰ 22 ਫਸਲਾਂ ਉੱਤੇ ਐਮ. ਐਸ. ਪੀ. ਦੇਣ ਦਾ ਭਰੋਸਾ ਦਿਵਾ ਕੇ ਅਤੇ ਝੂਠੇ ਲਾਰੇ ਲਾ ਕੇ ਪੰਜਾਬ ਦੀ ਸੱਤਾ ਤੇ ਕਬਜ਼ਾ ਕੀਤਾ ਸੀ। ਅੱਜ ਦੇ ਵਫਦ ਵਿੱਚ ਉਪਰੋਕਤ ਤੋਂ ਇਲਾਵਾ ਹਰਮਨਦੀਪ ਸਿੰਘ ਮੈਂਬਰ ਪੰਚਾਇਤ, ਗਗਨਦੀਪ ਸਿੰਘ ਮੈਂਬਰ ਪੰਚਾਇਤ, ਤੇਜਵੰਤ ਸਿੰਘ, ਗੁਰਪ੍ਰੀਤ ਸਿੰਘ ਅਤੇ ਬਲਕਾਰ ਸਿੰਘ ਸ਼ਾਮਲ ਸਨ।

# ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼ ਦੇ ਖਿਡਾਰੀਆਂ ਗੋਲਡ ਮੈਡਲ ਜਿੱਤੇ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਫਤਿਹ ਗਰੁੱਪ ਆਫ ਇੰਸਟੀਚਿਊਸ਼ਨਜ਼, ਰਾਮਪੁਰਾ ਫੂਲ ਦੇ ਖਿਡਾਰੀਆਂ ਨੇ ਜ਼ੋਨ ਪੱਧਰੀ ਸਕੂਲੀ ਖੇਡਾਂ ਦੇ ਕੁਸ਼ਤੀ ਮੁਕਾਬਲਿਆਂ ’ਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਦੋ ਗੋਲਡ ਮੈਡਲ ਜਿੱਤ ਕੇ ਸੰਸਥਾ ਦਾ ਮਾਣ ਵਧਾਇਆ।



ਖੇਡ ਵਿਭਾਗ ਦੇ ਮੁਖੀ ਪ੍ਰੋ. ਕੁਲਦੀਪ ਸਿੰਘ ਅਤੇ ਪ੍ਰੋ. ਵਰਿੰਦਰ ਕੌਰ ਨੇ ਦੱਸਿਆ ਕਿ ਅਕਾਸ਼ਦੀਪ ਸਿੰਘ ਨੇ 58 ਕਿਲੋਗ੍ਰਾਮ ਵਰਗ ’ਚ ਸੋਨ ਤਗਮਾ ਜਿੱਤਿਆ। ਇਸੇ ਤਰ੍ਹਾਂ ਬਲਕਰਨ ਸਿੰਘ ਨੇ 68 ਕਿਲੋਗ੍ਰਾਮ ਵਰਗ ’ਚ ਪਹਿਲਾ ਸਥਾਨ ਹਾਸਲ ਕੀਤਾ। ਸੰਸਥਾ ਦੇ ਚੇਅਰਮੈਨ ਐਸ.ਐਸ. ਚੱਠਾ ਨੇ ਖਿਡਾਰੀਆਂ ਦੀ ਸਫਲਤਾ ’ਤੇ ਖੁਸ਼ੀ ਜਾਹਰ ਕਰਦਿਆਂ ਕਿਹਾ ਕਿ ਖੇਡਾਂ ਵਿਦਿਆਰਥੀ ਜੀਵਨ ਦਾ ਅਟੁੱਟ ਅੰਗ ਹਨ। ਪ੍ਰਿੰਸੀਪਲ ਬਘੇਲ ਸਿੰਘ ਨੇ ਖਿਡਾਰੀਆਂ ਦੀ ਮਿਹਨਤ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਕਾਸ਼ਦੀਪ ਅਤੇ ਬਲਕਰਨ ਨੇ ਸਮਰਪਣ ਅਤੇ ਸਖ਼ਤ ਮਿਹਨਤ ਨਾਲ ਸਫਲਤਾ ਦਾ ਸਬੂਤ ਦਿੱਤਾ ਹੈ। ਡੀਨ ਅਕਾਦਮਿਕ ਡਾ. ਜਗਵਿੰਦਰ ਸਿੰਘ ਸਿੱਧੂ ਨੇ ਖੇਡਾਂ ਦੀ ਮਹੱਤਤਾ ’ਤੇ ਜ਼ੋਰ ਦਿੰਦਿਆਂ ਕਿਹਾ ਕਿ ਖੇਡਾਂ ਵਿਦਿਆਰਥੀਆਂ ’ਚ ਟੀਮ ਵਰਕ, ਲੀਡਰਸ਼ਿਪ ਅਤੇ ਸਵੈ-ਅਨੁਸ਼ਾਸਨ ਵਰਗੇ ਗੁਣ ਵਿਕਸਤ ਕਰਦੀਆਂ ਹਨ। ਸਹਾਇਕ ਡਾਇਰੈਕਟਰ ਹਰਪ੍ਰੀਤ ਸ਼ਰਮਾ ਨੇ ਕਿਹਾ, ਅਸੀਂ ਆਪਣੇ ਵਿਦਿਆਰਥੀਆਂ ਦੀਆਂ ਸਫਲਤਾਵਾਂ ’ਤੇ ਮਾਣ ਮਹਿਸੂਸ ਕਰਦੇ ਹਾਂ ਅਤੇ ਉਨ੍ਹਾਂ ਨੂੰ ਅਜਿਹੇ ਮੌਕੇ ਪ੍ਰਦਾਨ ਕਰਨ ਲਈ ਵਚਨਬੱਧ ਹਾਂ। ਸਹਾਇਕ ਡਾਇਰੈਕਟਰ (ਪ੍ਰਸ਼ਾਸਨ) ਜਸਵਿੰਦਰ ਸਿੰਘ ਨੇ ਜੇਤੂਆਂ ਨੂੰ ਵਧਾਈ ਦਿੰਦਿਆਂ ਕਿਹਾ, ਇਹ ਜਿੱਤ ਸਾਡੀ ਸੰਸਥਾ ਦੇ ਮਜ਼ਬੂਤ ਖੇਡ ਸੱਭਿਆਚਾਰ ਨੂੰ ਦਰਸਾਉਂਦੀ ਹੈ। ਐਮ.ਡੀ. ਮਨਜੀਤ ਕੌਰ ਚੱਠਾ, ਪ੍ਰੋ. ਕੁਮਾਰੀ ਸ਼ੈਲਜਾ, ਸਿੱਖਿਆ ਵਿਭਾਗ ਮੁਖੀ ਸੰਦੀਪ ਕੌਰ, ਪ੍ਰੋ. ਦੀਪਿਕਾ, ਵਣਜ ਵਿਭਾਗ ਮੁਖੀ ਪ੍ਰੋ. ਅਨੀਤਾ ਗਰਗ, ਵਿਗਿਆਨ ਵਿਭਾਗ ਮੁਖੀ ਪ੍ਰੋ. ਕਰਮਜੀਤ ਕੌਰ, ਪ੍ਰੋ. ਕ੍ਰਿਸ਼ਨ ਸਿੰਘ, ਡਾ. ਗੁਰਵਿੰਦਰ ਸਿੰਘ ਕੋਟਫੱਤਾ ਸਮੇਤ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੇ ਜੇਤੂ ਖਿਡਾਰੀਆਂ ਨੂੰ ਵਧਾਈਆਂ ਦਿੱਤੀਆਂ।

# ਜੱਸੀ ਸੋਹੀਆਂ ਵਾਲਾ ਨੇ ਜ਼ਿਲ੍ਹਾ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਨਾਲ ਕੀਤੀ ਮੀਟਿੰਗ

**ਨਾਭਾ (ਵਰਿੰਦਰ ਵਰਮਾ)**- ਜ਼ਿਲ੍ਹਾ ਯੋਜਨਾ ਕਮੇਟੀ ਪਟਿਆਲਾ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਜ਼ਿਲ੍ਹਾ ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਦੇ ਅਧਿਕਾਰੀਆਂ ਨਾਲ ਦਫ਼ਤਰ ਜ਼ਿਲ੍ਹਾ ਯੋਜਨਾ ਕਮੇਟੀ ਪਟਿਆਲਾ ਵਿਖੇ ਮੀਟਿੰਗ ਕੀਤੀ। ਇਸ ਦੌਰਾਨ ਜ਼ਿਲ੍ਹਾ ਵਣ ਮੰਡਲ ਅਫ਼ਸਰ ਗੁਰ ਅਮਨਪ੍ਰੀਤ ਸਿੰਘ, ਵਣ ਰੇਂਜ ਅਫ਼ਸਰ ਅਮਨਦੀਪ ਸਿੰਘ, ਗੁਰਵਿੰਦਰ ਸਿੰਘ ਤੇ ਸਵਰਨ ਸਿੰਘ, ਜੰਗਲੀ ਜੀਵ ਦੇ ਰੇਂਜ ਅਫ਼ਸਰ ਚਰਨਜੀਤ ਸਿੰਘ ਤੇ ਕਰਮਜੀਤ ਸਿੰਘ ਅਤੇ ਬਿਕਰਮਜੀਤ ਸਿੰਘ ਇਨਵੈਸਟੀਗੇਟਰ, ਦਫ਼ਤਰ ਉਪ ਅਰਥ ਅਤੇ ਅੰਕੜਾ ਸਲਾਹਕਾਰ ਮੀਟਿੰਗ ਵਿੱਚ ਹਾਜ਼ਰ ਰਹੇ। ਮੀਟਿੰਗ ’ਚ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਵਣ ਵਿਭਾਗ ਦੀਆਂ ਚੱਲ ਰਹੀਆਂ ਸਕੀਮਾਂ ਦੀ ਸਮੀਖਿਆ ਕੀਤੀ ਅਤੇ ਅਧਿਕਾਰੀਆਂ ਨੇ ਵਿਭਾਗ ਵਲੋਂ ਚਲਾਈਆਂ ਜਾ ਰਹੀਆਂ ਸਕੀਮੀ ਸਬੰਧੀ ਉਨ੍ਹਾਂ ਨੂੰ ਜਾਣੂੰ ਕਰਵਾਇਆ। ਚੇਅਰਮੈਨ ਨੇ ਵਣ ਮੰਡਲ ਅਫ਼ਸਰਾਂ ਨੂੰ ਹਦਾਇਤ ਕੀਤੀ ਕਿ ਪਟਿਆਲਾ ਜ਼ਿਲ੍ਹੇ ਵਿਚ ਸੜਕਾਂ



ਕਿਨਾਰੇ ਸੁੱਕੇ ਰੁੱਖਾਂ ਕਾਰਨ ਹੋਣ ਵਾਲੇ ਹਾਦਸਿਆਂ ਤੋਂ ਬਚਾਅ ਲਈ ਪਲਾਨ ਤਿਆਰ ਕੀਤਾ ਜਾਵੇ ਤਾਂ ਜੋ ਸੁੱਕੇ ਰੁੱਖ ਝੱਖੜ ਅਤੇ ਹਨੇਰੀ ਦੌਰਾਨ ਹਾਦਸਿਆਂ ਦਾ ਕਾਰਨ ਨਾ ਬਣਨ ਅਤੇ ਮੀਂਹ, ਝੱਖੜ ਦੌਰਾਨ ਗਿਰੇ ਰੁੱਖ ਚੁੱਕਣ ਲਈ ਨਵੀਨਤਮ ਮਸ਼ੀਨਰੀ ਦੀ ਖ਼ਰੀਦ ਕਰਨ ਦੇ ਉਪਰਾਲੇ ਕਰਨ ਦੀ ਵੀ ਹਦਾਇਤ ਕੀਤੀ। ਇਸ ਮੌਕੇ ਉਨ੍ਹਾਂ ਨੇ ਸਮੁੱਚੇ ਅਧਿਕਾਰੀਆਂ ਨੂੰ ਚੱਲ ਰਹੇ ਮੌਸਮ ਦੌਰਾਨ ਪੰਚਾਇਤਾਂ, ਯੂਥ ਕਲੱਬਾਂ ਅਤੇ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਵਾਤਾਵਰਣ ਦੀ ਸ਼ੁੱਧਤਾ ਲਈ ਫਲਦਾਰ, ਛਾਂਦਾਰ ਅਤੇ ਮੈਡੀਸਨਲ ਅਤੇ ਹਰ ਤਰ੍ਹਾਂ ਦੇ ਵੱਧ ਤੋਂ ਵੱਧ ਬੂਟੇ ਲਾਉਣ ਦੀ ਹਦਾਇਤ ਕੀਤੀ।

# ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਸਿੱਧਵਾਂ ਬੇਟ ਦੀ ਮੀਟਿੰਗ

**ਦੋਰਾਹਾ (ਹਰਮਿੰਦਰ ਸੇਠ)**- ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਸਿੱਧਵਾਂ ਬੇਟ ਦੀ ਮੀਟਿੰਗ ਪਿੰਡ ਲੀਲਾਂ ਵਿਖੇ ਬਲਾਕ ਪ੍ਰਧਾਨ ਜਸਵੰਤ ਸਿੰਘ ਭੱਟੀਆਂ ਦੀ ਪ੍ਰਧਾਨਗੀ ਹੇਠ ਗੁਰਦੁਆਰਾ ਸਾਹਿਬ ਵਿਖੇ ਹੋਈ ਜਿਸ ਵਿੱਚ 16 ਪਿੰਡ ਹਾਜ਼ਰ ਹੋਏ। ਮੀਟਿੰਗ ’ਚ ਜ਼ਿਲ੍ਹਾ ਮੀਤ

## ● ਕਿਸਾਨ ਆਪਣੀਆਂ ਜ਼ਮੀਨਾਂ ਹਰਗਿਜ਼ ਨਹੀਂ ਦੇਣਗੇ : ਕਲਾੜ

ਪ੍ਰਧਾਨ ਮਨੋਹਰ ਸਿੰਘ ਕਲਾੜ ਤੇ ਜ਼ਿਲ੍ਹਾ ਆਗੂ ਯੁਵਰਾਜ ਸਿੰਘ ਘੁਡਾਨੀ ਨੇ ਵਿਸ਼ੇਸ਼ ਸ਼ਿਰਕਤ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦਿਆਂ ਮੀਤ ਪ੍ਰਧਾਨ ਮਨੋਹਰ ਸਿੰਘ ਕਲਾੜ ਨੇ ਕਿਹਾ ਕਿ ਲੈਂਡ ਪੂਲਿੰਗ ਤਹਿਤ ਸਰਕਾਰ ਕਿਸਾਨਾਂ ਦੀਆਂ ਉਪਜਾਊ ਜ਼ਮੀਨਾਂ ਖੋਹਣ ਲਈ ਤੇ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਲਈ ਪੱਬਾਂ ਭਾਰ ਹੋ ਰਹੀ ਹੈ ਪਰ ਕਿਸਾਨ ਆਪਣੀਆਂ ਜ਼ਮੀਨਾਂ ਹਰਗਿਜ਼ ਨਹੀਂ ਦੇਣਗੇ। ਇਹ ਜ਼ਮੀਨਾਂ ਦੇ ਮਾਲਕ ਸਾਨੂੰ ਕੁਰਬਾਨੀਆਂ ਕਰਕੇ ਜ਼ੁਲਮ ਸਹਿ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਦਵਾਈਆਂ ਹਨ। ਆਪਣੀਆਂ ਜ਼ਮੀਨਾਂ ਦੀ ਰਾਖੀ ਲਈ ਅੱਜ ਫਿਰ ਸਾਨੂੰ ਜਥੇਬੰਦ ਹੋ ਕੇ ਸੰਘਰਸ਼ ਕਰਨ ਦੀ ਲੋੜ ਹੈ। ਲੈਂਡ ਪੂਲਿੰਗ ਦੇ ਵਿਰੋਧ ਵਿੱਚ ਐਸ ਕੇ ਐਮ ਵੱਲੋਂ 24 ਅਗਸਤ



ਨੂੰ ਸਮਰਾਲਾ ਦਾਣਾਂ ਮੰਡੀ ਵਿਖੇ ਵਿਸ਼ਾਲ ਰੋਸ ਰੈਲੀ ’ਚ ਵੱਧ ਚੜ੍ਹ ਕੇ ਜਾਣ ਦੀ ਅਪੀਲ ਵੀ ਕੀਤੀ। ਮੀਟਿੰਗ ’ਚ ਯੁਵਰਾਜ ਸਿੰਘ ਘੁਡਾਨੀ ਨੇ ਦੱਸਿਆ ਕਿ ਸਰਕਾਰ ਵੱਲੋਂ ਜਲ ਜੰਗਲ ਜ਼ਮੀਨ ਖੋਹਣ ਲਈ ਆਦਿਵਾਸੀਆਂ ਤੇ ਉਹਨਾ ਦੇ ਹਮਾਇਤੀ ਲੋਕਾਂ ਤੇ ਜਬਰ ਜ਼ੁਲਮ ਤੇ ਝੂਠੇ ਕੇਸ ਦਰਜ ਕਰਕੇ ਜੇਲ੍ਹਾਂ ਵਿੱਚ ਸੁੱਟਣ ਦੇ ਵਿਰੋਧ ਵਿੱਚ 8 ਅਗਸਤ ਨੂੰ ਮੋਗਾ ਵਿਖੇ ਰੈਲੀ ਤੇ ਮੁਜ਼ਾਹਰੇ ’ਚ ਵੀ ਵਹੀਰਾਂ ਘੱਤ ਕੇ ਜਾਣ ਦੀ ਅਪੀਲ ਕੀਤੀ। ਮੀਟਿੰਗ ’ਚ ਮੈਂਬਰਸ਼ਿਪ ਤੇ ਫੰਡ ਦੀ ਮੁਹਿੰਮ ਜੋ ਚਲਾਈ ਗਈ ਹੈ, ਨੂੰ ਜਲਦੀ ਨੇਪਰੇ ਚਾੜ੍ਹਨ ਲਈ ਜ਼ੋਰ ਦਿੱਤਾ। ਮੀਟਿੰਗ ਵਿੱਚ ਤੀਰਥ ਸਿੰਘ ਤਲਵੰਡੀ, ਅਮਰੀਕ ਸਿੰਘ ਭੂੰਦੜੀ ਬਲਾਕ ਸਕੱਤਰ, ਪਰਮਜੀਤ ਸਿੰਘ ਸਵੱਦੀ, ਰਾਮ ਸਰਨ ਸਿੰਘ ਰਸੂਲਪੁਰ, ਪ੍ਰੇਮ ਸਿੰਘ ਬੁਜ਼ਰਗ, ਮਨਜੀਤ ਸਿੰਘ ਈਸੇਵਾਲ, ਉਂਕਾਰ ਸਿੰਘ ਮਲਕ, ਦਵਿੰਦਰ ਸਿੰਘ ਮਲਸੀਹਾ, ਲਵਲੀ ਮਾਜਰੀ, ਜਗਤ ਸਿੰਘ ਲੀਲਾਂ, ਪੱਤੀ ਮੁਲਤਾਨੀ ਰਾਮਗੜ੍ਹ ਅਤੇ ਹੋਰ ਪਿੰਡਾਂ ਤੋਂ ਇਕਾਈ ਪ੍ਰਧਾਨ ਹਾਜ਼ਰ ਸਨ।

# ਯੁਵਕ ਸੇਵਾਵਾਂ ਵਿਭਾਗ ਨੇ ਬਸਤੀ ਸਾਹਨ ਕੇ ਵਿਖੇ ਜਾਗਰੂਕਤਾ ਪ੍ਰੋਗਰਾਮ ਕਰਵਾਏ

**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**- ਡਾਇਰੈਕਟਰ, ਯੁਵਕ ਸੇਵਾਵਾਂ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਦਵਿੰਦਰ ਸਿੰਘ ਸਹਾਇਕ ਡਾਇਰੈਕਟਰ, ਯੁਵਕ ਸੇਵਾਵਾਂ ਫ਼ਿਰੋਜ਼ਪੁਰ ਦੀ ਅਗਵਾਈ ਵਿੱਚ ਵਿਭਾਗ ਨਾਲ ਐਫੀਲੀਏਟਡ ਯੂਥ ਕਲੱਬਾਂ ਰਾਹੀਂ ਕਰਵਾਏ ਜਾ ਰਹੇ ਨਸ਼ਿਆਂ ਵਿਰੁੱਧ ਜਾਗਰੂਕਤਾ ਅਭਿਆਨ ਦੌਰਾਨ ਯੁਵਕ ਸੇਵਾਵਾਂ ਕਲੱਬ ਦੇ ਨਾਲ ਮਿਲ ਕੇ ਪਿੰਡ ਬਸਤੀ ਸਾਹਨ ਕੇ ਵਿੱਚ ਜਾਗਰੂਕਤਾ ਸੈਮੀਨਾਰ ਅਤੇ ਨੁੱਕੜ ਨਾਟਕ ਰਾਹੀਂ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਬਾਰੇ ਲੋਕਾਂ ਨੂੰ ਜਾਗਰੂਕ ਕੀਤਾ ਗਿਆ।ਇਸ ਮੌਕੇ ਦਵਿੰਦਰ ਸਿੰਘ ਸਹਾਇਕ ਡਾਇਰੈਕਟਰ ਯੁਵਕ



ਸੇਵਾਵਾਂ ਵੱਲੋਂ ਨਸ਼ਿਆਂ ਰਾਹੀਂ ਵਧ ਰਹੇ ਜੁਰਮਾਂ ਨੂੰ ਰੋਕਣ ਬਾਰੇ ਵਿਚਾਰ ਸਾਂਝੇ ਕੀਤੇ ਗਏ।ਉਨ੍ਹਾਂ ਪੰਜਾਬ ਸਰਕਾਰ ਵੱਲੋਂ ਪੰਜਾਬ ਦੀ ਨੌਜਵਾਨੀ ਨੂੰ ਬਚਾਉਣ ਲਈ ਯੁਵਕ ਸੇਵਾਵਾਂ ਵਿਭਾਗ, ਪੰਜਾਬ ਰਾਹੀਂ ਜ਼ਿਲ੍ਹੇ ਦੇ ਵੱਖ–ਵੱਖ ਪਿੰਡਾਂ ਵਿੱਚ ਨਸ਼ਿਆਂ ਵਿਰੁੱਧ ਚਲਾਏ ਜਾ ਰਹੇ ਜਾਗਰੂਕਤਾ ਅਭਿਆਨ ਬਾਰੇ ਵੀ ਦੱਸਿਆ। ਇਸ ਮੌਕੇ ਡਾ. ਇੰਦਰਜੀਤ ਸਿੰਘ ਅਤੇ ਡਾ. ਸ਼ਿਵਲਕਸ਼ਨਾ ਸ਼ੋਰੀ, ਸਿਹਤ ਵਿਭਾਗ ਵੱਲੋਂ ਸਰਕਾਰ ਦੁਆਰਾ ਨਸ਼ਿਆਂ ਨੂੰ ਠੱਲ੍ਹ ਪਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਜਾਣਕਾਰੀ ਦਿੱਤੀ ਅਤੇ ਨੌਜਵਾਨਾਂ ਨੂੰ ਆਪਣੀ ਜਵਾਨੀ ਨਸ਼ਿਆਂ ਵਿੱਚ ਬਰਬਾਦ ਨਾ ਕਰਨ ਲਈ ਪ੍ਰੇਰਿਆ। ਇਸ ਸਮੇਂ ਡਾ. ਰਮੇਸ਼ਵਰ ਸਿੰਘ ਕਟਾਰਾ ਨੇ ਨੌਜਵਾਨਾਂ ਨੂੰ ਗੁਰਬਾਣੀ ਦੇ ਰਸਤੇ ਚੱਲ ਕੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਆ। ਨੁੱਕੜ ਨਾਟਕ ਦੀ ਟੀਮ ਵੱਲੋਂ ਸੁੰਦਰ ਨਾਟਕ ਪੇਸ਼ਕਾਰੀ ਰਾਹੀਂ ਨਸ਼ਿਆਂ ਬਾਰੇ ਨੌਜਵਾਨਾਂ ਨੂੰ ਜਾਗਰੂਕ ਕੀਤਾ ਗਿਆ। ਬਸਤੀ ਸਾਹਨ ਕੇ ਦੇ ਕਲੱਬ ਪ੍ਰਧਾਨ ਪਰਵਿੰਦਰ ਸਿੰਘ ਅਤੇ ਖਜ਼ਾਨਚੀ ਨਵਦੀਪ ਸਿੰਘ ਵੱਲੋਂ ਪੂਰਨ ਸਹਿਯੋਗ ਕਰਕੇ ਇਸ ਜਾਗਰੂਕਤਾ ਪ੍ਰੋਗਰਾਮ ਨੂੰ ਸਫ਼ਲ ਬਣਾਇਆ। ਪੱਤਵੰਤੇ ਸੱਜਣਾਂ ਅਤੇ ਨੌਜਵਾਨਾਂ ਨੂੰ ਮੋਮੈਂਟੋ ਅਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਤਰਨਜੀਤ ਕੌਰ, ਸੋਮਾ ਰਾਣੀ, ਬਲਵਿੰਦਰ ਸਿੰਘ, ਗੁਰਮੀਤ ਸਿੰਘ, ਸੋਨਾ ਸਿੰਘ ਪ੍ਰਕਾਸ਼ ਸਿੰਘ, ਰਜਨੀ, ਪਰਮਜੀਤ ਕੌਰ, ਜਗਦੀਸ਼, ਬਗੀਚਾ ਸਿੰਘ, ਪਿੰਡ ਦੀ ਪੰਚਾਇਤ ਅਤੇ ਯੁਵਕ ਸੇਵਾਵਾਂ ਕਲੱਬ ਤੇ ਮੈਂਬਰ ਹਾਜ਼ਰ ਸਨ।

# ਹੜ੍ਹ ਪ੍ਰਭਾਵਿਤ ਇਲਾਕਿਆਂ ਦੇ ਨਿਵਾਸੀਆਂ ਨੂੰ ਫੌਰੀ ਸਰਕਾਰੀ ਮਦਦ ਪ੍ਰਦਾਨ ਕੀਤੀ ਜਾਵੇ : ਮਾਨ

**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**- ਮੌਜੂਦਾ ਸਮੇਂ ਵਿਚ ਜੋ ਕੁਦਰਤੀ ਆਫਤ ਬਾਰਿਸ਼ਾਂ ਕਾਰਨ ਪੰਜਾਬ ਦੇ ਕਈ ਇਲਾਕਿਆਂ ਵਿਚ ਹੜ੍ਹਾਂ ਤੋਂ ਪ੍ਰਭਾਵਿਤ ਵੱਡੀ ਮੁਸ਼ਕਲ ਵਾਲੀ ਸਥਿਤੀ ਬਣੀ ਹੋਈ ਹੈ ਜਿਸ ਨਾਲ ਕਈ ਇਲਾਕਿਆਂ ਵਿਚ ਫਸਲਾਂ, ਘਰਾਂ, ਡੰਗਰ, ਮਾਲ ਦਾ ਵੱਡਾ ਨੁਕਸਾਨ ਹੋਇਆ ਹੈ । ਇਸ ਔਖੀ ਘੜੀ ਵਿਚ ਪੰਜਾਬ ਸਰਕਾਰ ਦਾ ਇਹ ਪਹਿਲ ਦੇ ਆਧਾਰ ’ਤੇ ਫਰਜ਼ ਬਣ ਜਾਂਦਾ ਹੈ ਕਿ ਹੜ੍ਹਾਂ ਤੋਂ ਨੁਕਸਾਨੇ ਪਰਵਾਰਾਂ ਦੀ ਮਾਲੀ ਅਤੇ ਸਮਾਜਿਕ ਮਦਦ ਤੁਰੰਤ ਪ੍ਰਦਾਨ ਕੀਤੀ ਜਾਵੇ ਤਾਂ ਕਿ ਜਿਨ੍ਹਾਂ ਜਿਮੀਦਾਰਾਂ ਦੀਆਂ ਫਸਲਾਂ ਖਰਾਬ ਹੋ ਗਈਆਂ ਹਨ, ਘਰਾਂ ਵਿਚ ਨੁਕਸਾਨ ਹੋ ਗਿਆ ਹੈ, ਡੰਗਰ-ਵੱਛੇ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਪਰਵਾਰਾਂ ਦੀ ਰੋਜ਼ਾਨਾ ਦੀ ਰੋਜ਼ੀ ਰੋਟੀ ਤੇ ਰਹਿਣ ਲਈ ਜੇਕਰ ਪ੍ਰਬੰਧ ਨਾ ਹੋਏ ਤਾਂ ਇਹ ਸਰਕਾਰ ਦੀ ਬਹੁਤ ਵੱਡੀ ਅਸਫਲਤਾ ਹੋਵੇਗੀ। ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਅਬੋਹਰ, ਫਾਜ਼ਿਲਕਾ, ਫਿਰੋਜ਼ਪੁਰ, ਕਪੂਰਥਲਾ ਆਦਿ ਜ਼ਿਲ੍ਹਿਆਂ ਵਿਚ ਆਏ ਹੜ੍ਹਾਂ ਦੇ ਕਾਰਨ ਹੋਏ ਜਾਨੀ-ਮਾਲੀ ਨੁਕਸਾਨ ਦੀ ਸਰਕਾਰੀ ਤੌਰ ’ਤੇ ਤੁਰੰਤ ਮਦਦ ਕਰਨ ਦੀ ਗੰਭੀਰਤਾ ਭਰੀ ਅਪੀਲ ਕਰਦੇ ਹੋਏ ਅਤੇ ਇਨ੍ਹਾਂ ਪੀੜਤਾਂ ਦੀ ਸਾਰ ਲੈਣ ਦੀ ਗੱਲ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਬੀਤੇ ਸਮੇਂ ਵਿਚ ਹਿਮਾਚਲ ਦੇ ਕਾਂਗੜਾ, ਊਨਾ, ਮੰਡੀ, ਸਿਰਮੌਰ ਆਦਿ ਜ਼ਿਲ੍ਹਿਆਂ ਵਿਚ ਬੱਦਲ ਫਟਣ ਕਾਰਨ ਉਥੋਂ ਦੇ ਨਿਵਾਸੀਆਂ ਦੇ ਜਾਨ-ਮਾਲ ਦਾ ਵੱਡਾ ਨੁਕਸਾਨ ਹੋਇਆ ਹੈ, ਉਸ ਲਈ ਹਿਮਾਚਲ ਸਰਕਾਰ ਨੂੰ ਅਤੇ ਸੈਂਟਰ ਸਰਕਾਰ ਨੂੰ ਆਪਣੇ ਰਾਹਤ ਖਜ਼ਾਨਿਆਂ ਵਿਚੋਂ ਮਦਦ ਭੇਜ ਕੇ ਪਹਾੜੀ ਇਲਾਕੇ ਵਿਚ ਜੋਖਮ ਦੀ ਜ਼ਿੰਦਗੀ ਜੀ ਰਹੇ ਪੀੜ੍ਹਤ ਨਿਵਾਸੀਆ ਦੀ ਸਾਰ ਲੈਣੀ ਬਣਦੀ ਹੈ। ਮਾਨ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੱਖੀ ਸੰਸਥਾਵਾਂ ਅਤੇ ਡੇਰੇ ਦੇ ਮੁਖੀਆਂ ਨੂੰ ਵੀ ਅਪੀਲ ਕੀਤੀ ਕਿ ਪੰਜਾਬ ਅਤੇ ਹਿਮਾਚਲ ਵਿਚ ਪੀੜਤ ਪਰਵਾਰਾਂ ਲਈ ਰਾਸ਼ਨ, ਕੱਪੜੇ, ਦਵਾਈਆਂ ਆਦਿ ਜੋ ਵੀ ਉਹ ਪ੍ਰਬੰਧ ਕਰ ਸਕਦੇ ਹਨ ਉਹ ਕਰਕੇ ਇਨ੍ਹਾਂ ਪੀੜਤ ਪਰਵਾਰਾਂ ਨੂੰ ਭੇਜਦੇ ਹੋਏ ਸਿੱਖ ਕੌਮ ਦੀ ਸਰਬੱਤ ਦੇ ਭਲੇ ਦੀ ਸੋਚ ਨੂੰ ਅਮਲੀ ਰੂਪ ਵਿਚ ਉਜਾਗਰ ਕਰਨ ਦੀਆਂ ਜ਼ਿੰਮੇਵਾਰੀਆਂ ਨਿਭਾਉਣ ।

# ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਬਲਜਿੰਦਰ ਸਿੰਘ ਤੂਰ ਦਾ ਸਨਮਾਨ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**- ਅੰਤਰਰਾਸ਼ਟਰੀ ਫੋਕ ਫੈਸਟੀਵਲ ਜੋ ਕਿ ਓਮਾਨ ਦੇ ਸਲਾਲਾ ਸ਼ਹਿਰ ਵਿਖੇ ਚੱਲ ਰਿਹਾ ਹੈ, ਵਿਚ ਪੰਜਾਬ ਦੀ ਵਿਰਾਸਤੀ ਖੇਡ ਗੱਤਕਾ ਦਾ ਪ੍ਰਦਰਸ਼ਨ ਕਰਨ



ਲਈ ਬਲਜਿੰਦਰ ਸਿੰਘ ਤੂਰ ਤੇ ਉਨ੍ਹਾਂ ਦੇ ਸਾਥੀ ਉੱਥੇ ਪਹੁੰਚੇ ਸਨ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਗੱਤਕਾ ਫੈਡਰੇਸ਼ਨ ਆਫ਼ ਇੰਡੀਆ ਦੇ ਜਨਰਲ ਸਕੱਤਰ ਬਲਜਿੰਦਰ ਸਿੰਘ ਤੂਰ ਨੇ ਦੱਸਿਆ ਕਿ ਸਲਾਲਾ ਸ਼ਹਿਰ ਵਿਖੇ ਉਨ੍ਹਾਂ ਨੇ 30 ਜੁਲਾਈ ਤੋਂ 2 ਅਗਸਤ ਤੱਕ ਗੱਤਕੇ ਦੇ 4 ਸ਼ੋਅ ਕੀਤੇ, ਜਿਨ੍ਹਾਂ ਨੂੰ ਉਥੋਂ ਦੇ ਸਥਾਨਕ ਲੋਕਾਂ ਦੇ ਨਾਲ-ਨਾਲ ਬਾਹਰੋਂ ਆਏ ਸੈਲਾਨੀਆਂ ਨੇ ਵੀ ਖੂਬ ਪਸੰਦ ਕੀਤਾ। ਉਨ੍ਹਾਂ ਕਿਹਾ ਕਿ ਸਲਾਲਾ ਸ਼ਹਿਰ ਵਿਖੇ ਸਿੱਖ ਭਾਈਚਾਰੇ ਵੱਲੋਂ ਸਥਾਨਕ ਗੁਰਦੁਆਰਾ ਸਾਹਿਬ ਵਿਖੇ ਉਨ੍ਹਾਂ ਦੀ ਸਮੁੱਚੀ ਟੀਮ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਗੁਰਦੁਆਰਾ ਸਾਹਿਬ ਦੇ ਮੁੱਖ ਪ੍ਰਬੰਧਕ ਰਣਜੀਤ ਸਿੰਘ ਤੇ ਇੰਡੀਆ ਸੋਸ਼ਲ ਕਲੱਬ ਦੇ ਪ੍ਰਧਾਨ ਰਾਕੇਸ਼ ਝਾ ਨੇ ਸਮੁੱਚੀ ਟੀਮ ਦਾ ਸਨਮਾਨ ਕਰਦੇ ਹੋਏ ਕਿਹਾ ਕਿ ਇਹ ਉਨ੍ਹਾਂ ਲਈ ਬਹੁਤ ਮਾਣ ਦੀ ਗੱਲ ਹੈ ਕਿ ਭਾਰਤ ਦੀ ਵਿਰਾਸਤੀ ਖੇਡ ਗੱਤਕਾ ਦਾ ਅਰਬ ਦੇਸ਼ਾਂ ਵਿਚ ਵੀ ਪ੍ਰਚਾਰ ਕੀਤਾ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਗੱਤਕੇ ਦੀ ਸਮੁੱਚੀ ਟੀਮ ਦਾ ਸਨਮਾਨ ਕੀਤਾ ।ਦਿ ਵਰਲਡ ਗੱਤਕਾ ਫੈਡਰੇਸ਼ਨ ਦੇ ਜਨਰਲ ਸਕੱਤਰ ਹਰਚਰਨ ਸਿੰਘ ਭੁੱਲਰ ਤੇ ਗੱਤਕਾ ਫੈਡਰੇਸ਼ਨ ਆਫ ਇੰਡੀਆ ਦੇ ਕਾਰਜਕਾਰੀ ਪ੍ਰਧਾਨ ਰਜਿੰਦਰ ਸਿੰਘ ਸੋਹਲ ਵੱਲੋਂ ਟੀਮ ਨੂੰ ਵਧਾਈ ਦਿੱਤੀ ਗਈ।

# ਸਤਲੁਜ ਪ੍ਰੈੱਸ ਕਲੱਬ ਫ਼ਿਰੋਜ਼ਪੁਰ ਦੀ ਸਰਬਸੰਮਤੀ ਨਾਲ ਚੋਣ

## ● ਪੰਜਵੀਂ ਵਾਰ ਗਾਮਾ ਸਿੱਧੂ ਪ੍ਰਧਾਨ ਤੇ ਵਿਜੇ ਸ਼ਰਮਾ ਚੇਅਰਮੈਨ ਬਣੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਪੱਤਰਕਾਰਾਂ ਨੂੰ ਖੇਤਰ ਵਿੱਚ ਆਉਂਦੀਆਂ ਮੁਸ਼ਕਲਾਂ ਤੇ ਚੌਥੇ ਥੰਮ੍ਹ ਵਜੋਂ ਜਾਣੀ ਜਾਂਦੀ ਪੱਤਰਕਾਰਤਾ ਦੀ ਹੋਂਦ ਨੂੰ ਬਰਕਰਾਰ ਰੱਖਣ ਲਈ ਬਣਾਈ ਗਈ ਸਤਲੁਜ ਪ੍ਰੈੱਸ ਕਲੱਬ ਫਿਰੋਜ਼ਪੁਰ ਦੀ ਸਾਲਾਨਾ ਚੋਣ ਸਰਬਸੰਮਤੀ ਨਾਲ ਕੀਤੀ ਗਈ। ਪ੍ਰੈੱਸ ਕਲੱਬ



ਵੱਲੋਂ ਥਾਪੇ ਗਏ ਅਬਜ਼ਰਵਰ ਜਸਮਿੰਦਰ ਸਿੰਘ ਸੰਧੂ ਤੇ ਸੁਖਜਿੰਦਰ ਸਿੰਘ ਸੰਧੂ ਦੀ ਅਗਵਾਈ ’ਚ ਰੱਖੀ ਮੀਟਿੰਗ ’ਚ ਸਭ ਤੋਂ ਪਹਿਲਾਂ ਗੁਰਨਾਮ ਸਿੱਧੂ ਵੱਲੋਂ ਪਿਛਲੇ ਸਾਲ ਦੌਰਾਨ ਕਲੱਬ ਵੱਲੋਂ ਕੀਤੇ ਗਏ ਕੰਮਾਂ ਬਾਰੇ ਜਾਣਕਾਰੀ ਦਿੱਤੀ ਗਈ। ਕਲੱਬ ਦੇ ਪੁਰਾਣੇ ਫੰਡਾਂ ਦੀ ਹੋਈ ਵਰਤੋਂ ਤੇ ਹੋਏ ਖਰਚਿਆਂ ਬਾਰੇ ਵਿਚਾਰ ਚਰਚਾ ਕੀਤੀ ਗਈ। ਇਸ ਉਪਰੰਤ ਸ਼ੁਰੂ ਹੋਈ ਚੋਣ ਪ੍ਰਕਿਰਿਆ ’ਚ ਸਾਰੇ ਪੱਤਰਕਾਰ ਸਾਥੀਆਂ ਦੇ ਸੁਝਾਅ ਲਏ ਗਏ। ਸਾਰੇ ਸਾਥੀਆਂ ਨੇ ਕਲੱਬ ਲਈ ਪਿਛਲੇ ਸਮੇਂ ’ਚ ਨਿਰਸਵਾਰਥ ਸੇਵਾ ਭਾਵਨਾ ਕੀਤੇ ਕਾਰਜਾਂ ਨੂੰ ਵੇਖਦੇ ਹੋਏ ਪੰਜਵੀਂ ਵਾਰ ਫਿਰ ਗੁਰਨਾਮ ਸਿੰਘ ਗਾਮਾ ਸਿੱਧੂ ਨੂੰ ਪ੍ਰਧਾਨ ਤੇ ਵਿਜੇ ਸ਼ਰਮਾ ਨੂੰ ਚੇਅਰਮੈਨ ਚੁਣ ਲਿਆ ਗਿਆ। ਆਪਣੀ ਹੋਈ ਚੋਣ ਤੋਂ ਬਾਅਦ ਨਵ-ਨਿਯੁਕਤ ਪ੍ਰਧਾਨ ਗਾਮਾ ਸਿੱਧੂ ਤੇ ਚੇਅਰਮੈਨ ਵਿਜੇ ਸ਼ਰਮਾ ਨੇ ਕਿਹਾ ਕਿ ਉਹ ਹਮੇਸ਼ਾ ਦੀ ਤਰ੍ਹਾਂ ਪੱਤਰਕਾਰਾਂ ਦੇ ਹੱਕਾਂ ਲਈ ਲੜਦੇ ਰਹਿਣਗੇ। ਉਨ੍ਹਾਂ ਕਿਹਾ ਕਿ ਕਲੱਬ ਦੀ ਚੜ੍ਹਦੀ ਕਲਾ ਲਈ ਉਹ ਹੋਰ ਉਪਰਾਲੇ ਕਰਨਗੇ। ਉਨ੍ਹਾਂ ਪ੍ਰਸ਼ਾਸਨ ਤੋਂ ਵੀ ਮੰਗ ਕੀਤੀ ਕਿ ਉਹ ਪੱਤਰਕਾਰਾਂ ਦੀਆਂ ਜਾਇਜ਼ ਮੰਗਾਂ ਨੂੰ ਪਹਿਲ ਦੇ ਅਧਾਰ ’ਤੇ ਹੱਲ ਕਰਨ। ਦੋਵਾਂ ਦੀ ਚੋਣ ਤੇ ਚੁਫੇਰਿਓਂ ਵਧਾਈਆਂ ਮਿਲ ਰਹੀਆਂ ਹਨ। ਇਸ ਮੌਕੇ ਸਮੂਹ ਪੱਤਰਕਾਰ ਸਾਥੀ ਹਾਜ਼ਰ ਸਨ।

# ਪੀ ਜੀ ਆਈ ਨੇ 2 ਸਾਲ ਦੀ ਬੱਚੀ ਦੀ ਖੋਪੜੀ ’ਚੋਂ ਨੱਕ ਰਾਹੀਂ ਕੱਢਿਆ ਵੱਡਾ ਟਿਊਮਰ

**ਸਮਰਾਲਾ (ਸੁਰਜੀਤ ਸਿੰਘ)**- ਪੀ ਜੀ ਆਈ ਚੰਡੀਗੜ੍ਹ ਵਲੋਂ ਸਿਹਤ ਖੇਤਰ ਵਿਚ ਇੱਕ ਹੋਰ ਹੈਰਤਅੰਗੇਜ਼ ਕਾਰਨਾਮੇ ਨੂੰ ਅੰਜਾਮ ਦਿੱਤਾ ਹੈ। ਜਿਸ ਵਿਚ ਇੱਕ ਦੋ ਸਾਲ ਦੀ ਬੱਚੀ ਦੇ ਸਿਰ ਵਿਚ ਬਣੇ ਟਿਊਮਰ ਨੂੰ ਸਰਜਰੀ ਕਰਕੇ ਨੱਕ ਰਾਹੀਂ ਬਾਹਰ ਕੱਢਣ ਵਿਚ ਸਫਲਤਾ ਹਾਸਲ ਕੀਤੀ ਹੈ। ਜਾਣਕਾਰੀ ਅਨੁਸਾਰ ਪ੍ਰੋ. ਐਸ ਐਸ ਧੰਡਾਪਾਣੀ ਦੀ ਅਗਵਾਈ ਹੇਠ ਐਂਡੋਸਕੋਪਿਕ ਸਕੱਲ ਬੇਸ ਸਰਜਨਾਂ ਦੀ ਟੀਮ ਨੇ ਨੱਕ ਰਾਹੀਂ ਐਂਡੋਸਕੋਪਿਕ ਢੰਗ ਨਾਲ ਇਕ ਵਿਸ਼ਾਲ ਦਿਮਾਗੀ ਰੋਗ (ਕ੍ਰੇਨਿਓਫੈਰੇਂਜੀਓਮਾ) ਦਾ ਸਫਲ ਓਪਰੇਸ਼ਨ ਕੀਤਾ, ਜੋ ਦੁਨੀਆ ਵਿੱਚ ਇਸ ਤਰ੍ਹਾਂ ਨਾਲ ਕੀਤਾ ਗਿਆ ਦੂਜਾ ਕੇਸ ਹੈ।ਉੱਤਰ ਪ੍ਰਦੇਸ਼ ਦੇ ਅਮਰੋਹਾ ਦੀ 2 ਸਾਲ ਦੀ ਇਕ ਬੱਚੀ ਨੂੰ ਪਿਛਲੇ 4 ਮਹੀਨਿਆਂ ਤੋਂ ਦੋਵਾਂ ਅੱਖਾਂ ਦੀ ਨਜ਼ਰ ਖ਼ਰਾਬ ਹੋਣ ਦੀ ਸ਼ਿਕਾਇਤ ਨਾਲ ਪੀ ਜੀ ਆਈ, ਚੰਡੀਗੜ੍ਹ ਰੈਫਰ ਕੀਤਾ ਗਿਆ। ਦਾਖ਼ਲੇ ਵੇਲੇ ਬੱਚੀ ਨੂੰ ਕੁਝ ਵੀ ਨਹੀਂ ਦਿਸ ਰਿਹਾ ਸੀ ਅਤੇ ਉਸ ਦੇ ਪਿਚੁਟਰੀ ਹਾਰਮੋਨ ਵੀ ਘੱਟ ਸਨ। ਐਮ ਆਰ ਆਈ ਤੋਂ ਪਤਾ ਲੱਗਾ ਕਿ ਬੱਚੀ ਦੇ ਦਿਮਾਗ ਦੇ ਕੇਂਦਰੀ ਹਿੱਸੇ ਹੇਠਲੇ ਭਾਗ ਵਿੱਚ 4.5 ਸੈਂਟੀਮੀਟਰ ਆਕਾਰ ਦਾ ਟਿਊਮਰ ਹੈ। ਆਮ ਤੌਰ ’ਤੇ ਇਹ ਟਿਊਮਰ ਖੋਪੜੀ ਖੋਲ੍ਹ ਕੇ ਕੱਢੇ ਜਾਂਦੇ ਹਨ ਅਤੇ ਬਾਕੀ ਹਿੱਸੇ ਦਾ ਇਲਾਜ ਰੇਡੀਏਸ਼ਨ ਰਾਹੀਂ



ਕੀਤਾ ਜਾਂਦਾ ਹੈ। ਛੋਟੇ ਬੱਚਿਆਂ ਵਿੱਚ ਨੱਕ ਰਾਹੀਂ ਐਂਡੋਸਕੋਪਿਕ ਓਪਰੇਸ਼ਨ ਕਰਨਾ ਬਹੁਤ ਔਖਾ ਹੁੰਦਾ ਹੈ, ਕਿਉਂਕਿ ਉਨ੍ਹਾਂ ਦੀਆਂ ਨੱਕ ਦੀਆਂ ਸੁਰਾਂ ਛੋਟੀਆਂ, ਖੋਪੜੀ ਦੇ ਹੱਡੀਆਂ ਨਾਜ਼ੁਕ ਹੁੰਦੀਆਂ ਹਨ ਅਤੇ ਖ਼ੂਨ ਦੀਆਂ ਨਾੜਾਂ ਕੋਲ ਹੋਣ ਕਰਕੇ ਖ਼ਤਰਾ ਵਧ ਜਾਂਦਾ ਹੈ। ਇਸ ਤੋਂ ਪਹਿਲਾਂ 4 ਸੈਂਟੀਮੀਟਰ ਤੋਂ ਵੱਡੇ ਜਿਆਂਟ ਟਿਊਮਰ ਦਾ 2 ਸਾਲ ਦੀ ਉਮਰ ਵਿੱਚ ਨੱਕ ਰਾਹੀਂ ਸਿਰਫ ਇਕ ਵਾਰ ਹੀ ਸਟੈਨਫੋਰਡ ਵਿਖੇ ਓਪਰੇਸ਼ਨ ਹੋਇਆ ਸੀ। ਡਾ. ਐਸ ਐਸ ਧੰਡਾਪਾਣੀ, ਡਾ. ਰਿਜੁਨੀਤਾ, ਡਾ. ਸ਼ਿਵ ਸੋਨੀ, ਡਾ. ਸੁਸ਼ਾਂਤ, ਡਾ. ਧਵਲ ਅਤੇ ਡਾ. ਸੰਜੋਗ ਦੀ ਟੀਮ ਨੇ ਇਹ ਵਿਸ਼ਾਲ ਟਿਊਮਰ ਨੱਕ ਰਾਹੀਂ ਕੱਟ ਕੇ ਕੱਢਿਆ। ਇੰਨੀ ਮੁਸ਼ਕਲ ਹੋਣ ਦੇ ਬਾਵਜੂਦ ਨੱਕ ਰਾਹੀਂ ਓਪਰੇਸ਼ਨ ਕਰਨ ਦਾ ਫੈਸਲਾ ਇਸ ਲਈ ਲਿਆ ਗਿਆ ਕਿ ਟਿਊਮਰ ਤੱਕ ਪਹੁੰਚਣਾ ਔਖਾ ਸੀ, ਕਿਉਂਕਿ ਬੱਚੀ ਦੀਆਂ ਹੱਡੀਆਂ ਅਤੇ ਸਾਈਨਸ ਪੱਕੀਆਂ ਨਹੀਂ ਸਨ। ਆਮ ਤੌਰ ’ਤੇ ਜੋ ਏਅਰ ਸਾਈਨਸ ਟਿਊਮਰ ਤੱਕ ਜਾਣ ਦਾ ਰਸਤਾ ਦਿੰਦੇ ਹਨ, ਉਹ ਵੀ ਇਸ ਬੱਚੀ ਵਿੱਚ ਮੌਜੂਦ ਨਹੀਂ ਸਨ। ਨੱਕ ਵਾਲਾ ਹਿੱਸਾ ਈ ਐਨ ਟੀ ਸਰਜਨ ਡਾ. ਰਿਜੁਨੀਤਾ ਨੇ ਕੀਤਾ, ਜਦਕਿ ਸਕੱਲ ਬੇਸ ਦੀ ਸਰਜਰੀ ਡਾ. ਧੰਡਾਪਾਣੀ ਨੇ ਸੰਪੰਨ ਕੀਤੀ। ਅੱਧ-ਪੱਕੀਆਂ ਹੱਡੀਆਂ ਨੂੰ ਡਾਇਮੰਡ ਡ੍ਰਿੱਲ ਨਾਲ ਖੁਰਚ ਕੇ ਇੱਕ ਰਾਹ ਬਣਾਇਆ ਗਿਆ। ਐਂਗਲਡ ਐਂਡੋਸਕੋਪ ਦੀ ਮਦਦ ਨਾਲ ਟਿਊਮਰ ਨੂੰ ਸਾਵਧਾਨੀ ਨਾਲ ਵੱਖ ਕਰਕੇ ਨੱਕ ਰਾਹੀਂ ਹੀ ਕੱਢਿਆ ਗਿਆ। 6 ਘੰਟੇ ਲੰਬੀ ਸਰਜਰੀ, ਜਿਸ ਦੌਰਾਨ ਸਿਰਫ 250 ਮਿਲੀਲੀਟਰ ਖ਼ੂਨ ਜਾਇਆ ਹੋਇਆ, ਬਾਅਦ ਬੱਚੀ ਨੂੰ ਆਈ ਸੀ ਯੂ ਵਿੱਚ ਰੱਖਿਆ ਗਿਆ ਅਤੇ ਉਹ ਚੰਗੀ ਤਰ੍ਹਾਂ ਸਿਹਤਮੰਦ ਹੋ ਰਹੀ ਹੈ। ਸਰਜਰੀ ਤੋਂ 10 ਦਿਨ ਬਾਅਦ ਬੱਚੀ ਦੀ ਹਾਲਤ ਬਿਲਕੁਲ ਠੀਕ ਹੈ, ਤੇ ਸੀਟੀ ਸਕੈਨ ਵਿੱਚ ਲਗਭਗ ਪੂਰਾ ਟਿਊਮਰ ਹਟਾਇਆ ਹੋਇਆ ਦਿਖਾਈ ਦਿੱਤਾ ਹੈ। ਹਾਲਾਂਕਿ ਡਾ. ਐੱਸ.ਐੱਸ. ਧੰਡਾਪਾਣੀ ਦੀ ਟੀਮ ਨੇ ਪਹਿਲਾਂ ਵੀ ਅਨੇਕ ਵਿਸ਼ਾਲ ਟਿਊਮਰ ਨੱਕ ਰਾਹੀਂ ਕੱਟੇ ਹਨ, ਪਰ 2 ਸਾਲ ਦੀ ਉਮਰ ਵਿੱਚ ਇਹ ਦੁਨੀਆ ਦੀ ਦੂਜੀ ਸਭ ਤੋਂ ਛੋਟੀ ਉਮਰ ਦੀ ਬੱਚੀ ਹੈ, ਜਿਸ ’ਤੇ ਐਨੀ ਉੱਚ ਪੱਧਰੀ ਐਂਡੋਸਕੋਪਿਕ ਸਰਜਰੀ ਕੀਤੀ ਗਈ ਹੈ।

# ਉਚੇਰੀ ਸਿੱਖਿਆ ਵਿਕਾਸ ਲਈ ਕਾਲਜ ਮੁਖੀਆਂ ਨਾਲ ਵਿਸ਼ੇਸ਼ ਮੀਟਿੰਗ



**ਫ਼ਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)** ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸੁਖਜੀਤ ਸਿੰਘ ਢਿੱਲਵਾਂ ਵੱਲੋਂ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸ਼ਹੀਦ ਭਗਤ ਸਿੰਘ ਕਾਲਜ ਕੋਟਕਪੂਰਾ ਤੇ ਸਰਕਾਰੀ ਬ੍ਰਿਜਿੰਦਰਾ ਕਾਲਜ ਫਰੀਦਕੋਟ ਦੇ ਵਿਕਾਸ, ਨਵੀਨੀਕਰਨ ਤੇ ਵਿਦਿਆਰਥੀਆਂ ਦੀਆਂ ਸਿੱਖਿਆ ਸੰਬੰਧੀ ਲੋੜਾਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਢਿੱਲਵਾਂ ਨੇ ਦੱਸਿਆ ਕਿ ਦੋਹਾਂ ਕਾਲਜਾਂ ਵਿੱਚ ਵਿਦਿਆਰਥੀਆਂ ਲਈ ਵਧੀਆ ਸੁਧਾਰ ਲਿਆਉਣ ਲਈ ਯੋਜਨਾਬੱਧ ਤਰੀਕੇ ਨਾਲ ਕੰਮ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਨਵੀਨੀਕਰਨ ਦੇ ਕਾਰਜ ਜਲਦੀ ਸ਼ੁਰੂ ਕੀਤੇ ਜਾਣਗੇ, ਜਿਸ ਰਾਹੀਂ ਉਚੇਰੀ ਸਿੱਖਿਆ ਦਾ ਪੱਧਰ ਹੋਰ ਵੀ ਉੱਚਾ ਹੋਵੇਗਾ ਤੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਮੁਹੱਈਆ ਹੋਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਿੱਖਿਆ ਤੇ ਸਿਹਤ ਖੇਤਰਾਂ ਨੂੰ ਤਰਜੀਹ ਦਿੱਤੀ ਜਾ ਰਹੀ ਹੈ ਤੇ ਯੋਜਨਾ ਬੋਰਡ ਵੱਲੋਂ ਇਸ ਦਿਸ਼ਾ ਵਿੱਚ ਠੋਸ ਕਦਮ ਚੁੱਕੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਉੱਚ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਨੌਜਵਾਨਾਂ ਦਾ ਭਵਿੱਖ ਸਿੱਖਿਆ ਨਾਲ ਜੁੜਿਆ ਹੋਇਆ ਹੈ ਤੇ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇਣ ਲਈ ਸਰਕਾਰ ਵੱਲੋਂ ਕਿਸੇ ਵੀ ਕਿਸਮ ਦੀ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ।

# ਵਿਗਿਆਨ ਹ.ਫ਼ਤੇ ’ਚ ਕੀਤਾ ਬੱਚਿਆਂ ਨੂੰ ਜਾਗਰੂਕ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)** ਲਾਲਾ ਕਸਤੂਰੀ ਲਾਲ ਸਰਵਹਿਤਕਾਰੀ ਸੀਨੀਅਰ ਸੈਕੰਡਰੀ ਵਿਦਿਆ ਮੰਦਰ ਵਿਖੇ ਵਿਗਿਆਨ ਹਫ਼ਤਾ ਬਹੁਤ ਉਤਸ਼ਾਹ ਤੇ ਸਰਗਰਮ ਭਾਗੀਦਾਰੀ ਨਾਲ ਮਨਾਇਆ ਗਿਆ।ਇਸਦਾ ਉਦੇਸ਼ ਵਿਦਿਆਰਥੀਆਂ ਵਿੱਚ ਵਿਗਿਆਨ ਪ੍ਰਤੀ ਦਿਲਚਸਪੀ ਪੈਦਾ ਕਰਨਾ, ਵਿਗਿਆਨਕ ਦ੍ਰਿਸ਼ਟੀਕੋਣ ਵਿਕਸਤ ਕਰਨਾ ਤੇ ਵਾਤਾਵਰਣ ਸੁਰੱਖਿਆ ਪ੍ਰਤੀ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨਾ ਸੀ।ਪ੍ਰਿੰਸੀਪਲ ਰਪਿੰਦਰ ਪਟਿਆਲ ਦੀ ਅਗਵਾਈ ਹੇਠ ਇਸ ਹਫ਼ਤੇ ਦੌਰਾਨ ਬਹੁਤ ਸਾਰੀਆਂ



ਰਚਨਾਤਮਕ ਤੇ ਵਿਦਿਅਕ ਗਤੀਵਿਧੀਆਂ ਕੀਤੀਆਂ ਗਈਆਂ।ਇਹ ਪ੍ਰੋਗਰਾਮ ਭਾਰਤੀ ਵਿਗਿਆਨ ਦੇ ਪਿਤਾ ਡਾ. ਪ੍ਰਫੁੱਲ ਚੰਦਰ ਰੇਅ ਨੂੰ ਸਮਰਪਿਤ ਸੀ।ਵਾਤਾਵਰਣ ਸੁਰੱਖਿਆ ਲਈ, ਰੁੱਖ ਲਗਾਉਣਾ, ਰੁੱਖ ਪੂਜਾ, ਈਕੋ ਇੱਟਾਂ ਦੀ ਉਸਾਰੀ, ਪੰਛੀਆਂ ਲਈ ਆਲ੍ਹਣੇ ਬਣਾਉਣਾ, ਵਾਤਾਵਰਣ ਸੰਭਾਲ ਸੰਬੰਧੀ ਸਹੁੰ ਚੁੱਕੀ ਗਈ।ਪੋਸਟਰ ਬਣਾਉਣਾ, ਵਿਗਿਆਨ ਕੁਇਜ਼, ਜੀਵਨ ਬਚਾਓ ਰੈਲੀ, ਕਾਗਜ਼/ਕੱਪੜੇ ਦੇ ਬੈਗ ਬਣਾਉਣ ਵਰਗੇ ਰਚਨਾਤਮਕ ਮੁਕਾਬਲੇ ਵੀ ਆਯੋਜਤ ਕੀਤੇ ਗਏ।ਵਿਗਿਆਨ ਕਾਰਨਰ, ਔਸ਼ਧੀ ਪੌਦਾ ਤੇ ਬੋਟੈਨੀਕਲ ਗਾਰਡਨ ਨਿਰਮਾਣ ਵਰਗੇ ਸਿੱਖਿਆ ਸ਼ਾਸਤਰੀ ਪ੍ਰਯੋਗਾਂ ਵਿੱਚ ਵਿਦਿਆਰਥੀਆਂ ਦੁਆਰਾ ਤੁਲਸੀ ਦੇ ਪੌਦੇ ਨੂੰ ਲਗਾਉਣਾ ਅਤੇ ਅਧਿਆਪਕਾਂ ਨੂੰ ਇਸਦੀ ਸੈਲਫੀ ਭੇਜਣਾ ਆਦਿ ਸ਼ਾਮਲ ਸੀ।ਬੱਚੇ ਪਾਣੀ, ਦੁੱਧ ਤੇ ਵਾਤਾਵਰਣ ਨਾਲ ਸਬੰਧਤ ਗਤੀਵਿਧੀਆਂ, ਏਟੀਐਲ ਲੈਬ ਵਿਜ਼ਿਟ, ਤੇ ਪਲਾਸਟਿਕ ਪ੍ਰਬੰਧਨ ਬਾਰੇ ਜਾਗਰੂਕਤਾ ਵਰਗੀਆਂ ਵੱਖ-ਵੱਖ ਗਤੀਵਿਧੀਆਂ ਵਿੱਚ ਸ਼ਾਮਲ ਸਨ।ਭਾਰਤੀ ਵਿਗਿਆਨੀਆਂ ’ਤੇ ਵਿਸ਼ੇਸ਼ ਚਰਚਾ, ਕੁਇਜ਼ ਮੁਕਾਬਲਾ ਅਤੇ ਵਿਗਿਆਨ ਭਾਸ਼ਣ ਵੀ ਆਯੋਜਤ ਕੀਤੇ ਗਏ। ਵਿਦਿਆਰਥੀਆਂ ਨੂੰ ਐਲੂਮੀਨੀਅਮ ਫੋਇਲ ਅਤੇ ਪਲਾਸਟਿਕ ਟਿਫਿਨ ਦੀ ਵਰਤੋਂ ਤੇ ਪਾਬੰਦੀ ਅਤੇ ਉਨ੍ਹਾਂ ਤੋਂ ਹੋਣ ਵਾਲੇ ਨੁਕਸਾਨ ਬਾਰੇ ਜਾਗਰੂਕ ਕੀਤਾ ਗਿਆ।

# ਸਿਲਾਈ, ਕਟਾਈ ਤੇ ਬਿਊਟੀ ਸੈਂਟਰ ਦੀਆਂ ਸਿਖਿਆਰਥਣਾਂ ਨੂੰ ਸਰਟੀਫਿਕੇਟ ਤਕਸੀਮ



**ਧੂਰੀ, (ਮੋਹਿਤ ਗਰਗ, ਬਿੰਨੀ ਗਰਗ)** ਧੋਬੀ ਘਾਟ ਰੋਡ ’ਤੇ ਸਰਵ ਭਾਰਤੀਯ ਸੇਵਾ ਸੰਮਤੀ (ਰਜਿ:) ਵੱਲੋਂ ਪ੍ਰਧਾਨ ਰਾਕੇਸ਼ ਕੁਮਾਰ ਗਰਗ ਦੀ ਅਗਵਾਈ ਹੇਠ ਚਲਾਏ ਜਾ ਰਹੇ ਵੱਖ-ਵੱਖ ਕਿੱਤਾ ਮੁਖੀ ਕੋਰਸਾਂ ਵਿੱਚੋਂ ਸਿਲਾਈ ਸੈਂਟਰ ਦੇ 40ਵੇਂ ਬੈਚ ਤੇ ਹੇਅਰ ਐਂਡ ਬਿਊਟੀ ਸਕਿੱਨ ਸੈਂਟਰ ਦੇ 13ਵੇਂ ਬੈਚ ਪੂਰਾ ਹੋਣ ’ਤੇ ਸੰਖੇਪ ਸਮਾਗਮ ਕਰਾਇਆ ਗਿਆ, ਜਿਸ ਵਿੱਚ ਜੈ ਸਿੰਘ ਮਡਾਹਰ ਨੇ ਸ਼ਿਰਕਤ ਕਰਦਿਆਂ ਸਿਖਿਆਰਥਣਾਂ ਸਿਲਾਈ ਮਸ਼ੀਨਾਂ ਤੇ ਸਰਟੀਫਿਕੇਟ ਤੇ ਹੇਅਰ ਐਂਡ ਬਿਊਟੀ ਸਕਿੱਨ ਸੈਂਟਰ ਦੀਆਂ ਲੜਕੀਆਂ ਲਈ ਬਿਊਟੀ ਕਿੱਟ ਤੇ ਸਰਟੀਫਿਕੇਟ ਤਕਸੀਮ ਕੀਤੇ। ਸੰਸਥਾਂ ਦੇ ਜਨਰਲ ਸਕੱਤਰ ਪਿਆਰ ਚੰਦ ਸੰਖਿਆਦ ਮੁਤਾਬਕ ਸਾਰੇ ਬੈਚਾਂ ਵਿੱਚ 25/25 ਲੜਕੀਆਂ ਹੁੰਦੀਆਂ ਹਨ ਤੇ ਹਰੇਕ ਬੈਚ 6 ਮਹੀਨਿਆਂ ਦਾ ਹੁੰਦਾ ਹੈ। ਬੁਲਾਰਿਆਂ ਨੇ ਸੰਸਥਾ ਵੱਲੋਂ ਮਾਨਵਤਾ ਦੀ ਸੇਵਾ ਵਿੱਚ ਪਾਏ ਜਾ ਰਹੇ ਵਡਮੁੱਲੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਮਾਜ ਸੇਵੀ ਸੰਸਥਾਵਾਂ ਦੇ ਜਿੰਮੇ ਹੀ ਸਮਾਜ ਸੇਵਾ ਹੈ ਅਤੇ ਕਿਹਾ ਕਿ ਲੜਕੀਆਂ ਨੂੰ ਲੜਕੀਆਂ ਰੁਜ਼ਗਾਰ ਯੋਗ ਹਿੱਤ ਹੋ ਕੇ ਭਵਿੱਖ ਵਿੱਚ ਆਪਣਾ ਅਤੇ ਆਪਣੇ ਪਰਵਾਰ ਦਾ ਪਾਲਣ-ਪੋਸ਼ਣ ਕਰਨ ਦੇ ਸਮਰੱਥ ਕਰਨਾ ਸ਼ਬਦਾਂ ਵਿੱਚ ਵਰਨਣ ਨਾ ਕੀਤੀ ਜਾਣ ਵਾਲੀ ਸਮਾਜ ਸੇਵਾ ਹੈ।

# ਹੋਲੀ ਹਾਰਟ ਸਕੂਲ ਅਜੀਤਵਾਲ ’ਚ ਰੱਖੜੀ ਦਾ ਤਿਉਹਾਰ ਮਨਾਇਆ

**ਅਜੀਤਵਾਲ (ਨਛੱਤਰ ਸੰਧੂ)** ਹੋਲੀ ਹਾਰਟ ਸਕੂਲ ਅਜੀਤਵਾਲ ਵਿੱਚ ਬੱਚਿਆਂ ਦੁਬਾਰਾ ਭੈਣ, ਭਰਾ ਦੇ ਅਟੁੱਟ ਪਿਆਰ ਤੇ ਵਿਸ਼ਵਾਸ ਦਾ ਪ੍ਰਤੀਕ ਰੱਖੜੀ ਦਾ ਤਿਉਹਾਰ ਮਨਾਇਆ ਗਿਆ।ਇਸ ਤਿਉਹਾਰ ਦੇ ਮੌਕੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਰੱਖੜੀ ਬਣਾਉਣ ਦੀ ਗਤੀਵਿਧੀ ਕਰਾਈ ਗਈ। ਤਿਉਹਾਰ ਦੀ ਮਹੱਤਤਾ ਨੂੰ ਸਮਝਦੇ ਹੋਏ ਉਨ੍ਹਾਂ ਨੇ ਬੜੇ ਚਾਅ ਨਾਲ ਰਕਸ਼ਾ ਸੂਤਰ ਤਿਆਰ ਕੀਤੇ। ਸਕੂਲ ਦੀਆਂ ਵਿਦਿਆਰਥੀਆਂ ਨੇ ਰੰਗ-ਬਿਰੰਗੀਆਂ ਤੇ ਆਕਰਸ਼ਕ ਰੱਖੜੀਆਂ ਤਿਆਰ ਕਰਨ ਤੋਂ ਬਾਅਦ



ਵਿਦਿਆਰਥੀਆਂ ਨੂੰ ਰੱਖੜੀਆਂ ਬੰਨ੍ਹੀਆਂ, ਜਿਸ ਵਿੱਚ ਉਨ੍ਹਾਂ ਨੇ ਆਪਣੇ ਭਰਾ ਪ੍ਰਤੀ ਸਨੇਹ ਦੀ ਭਾਵਨਾ ਜਗਾਈ।ਸਕੂਲ ਦੀਆਂ ਵਿਦਿਆਰਥਣਾਂ ਨੇ ਗੁੱਟ ’ਤੇ ਰੱਖੜੀ ਬੰਨ੍ਹ ਕੇ ਉਸਦੀ ਸਿਹਤ ਤੇ ਲੰਬੀ ਉਮਰ ਦੀ ਕਾਮਨਾ ਕੀਤੀ।ਇਸ ਦੇ ਨਾਲ ਹੀ ਵਿਦਿਆਰਥੀ ਭਰਾ ਨੇ ਵਿਦਿਆਰਥੀ ਭੈਣ ਦੀ ਹਰ ਕੀਮਤ ’ਤੇ ਸੁਰੱਖਿਆ ਕਰਨ ਦਾ ਪ੍ਰਮਾਣ ਲਿਆ। ਅਧਿਆਪਕਾਂ ਦੁਆਰਾ ਦੱਸਿਆ ਗਿਆ ਕਿ ਇਹ ਤਿਉਹਾਰ ਹਰ ਸਾਲ ਸਾਵਨ ਮਹੀਨੇ ਦੀ ਪੂਰਨਮਾਸ਼ੀ ਵਾਲੇ ਦਿਨ ਮਨਾਇਆ ਜਾਂਦਾ ਹੈ। ਪੌਰਾਣਿਕ ਕਥਾ ਅਨੁਸਾਰ ਸ਼ਿਸ਼ੂ ਪਾਲ ਨੂੰ ਮਾਰਨ ਸਮੇਂ ਭਗਵਾਨ ਕ੍ਰਿਸ਼ਨ ਦੀ ਉਂਗਲੀ ਜ਼ਖਮੀ ਹੋ ਗਈ, ਦਰੋਪਤੀ ਨੇ ਆਪਣੀ ਸਾੜੀ ਦਾ ਪੱਲਾ ਪਾੜ ਕੇ ਕ੍ਰਿਸ਼ਨ ਦੀ ਉਂਗਲੀ ਤੇ ਬੰਨ੍ਹ ਦਿੱਤਾ, ਉਦੋਂ ਹੀ ਰਕਸ਼ਾ ਬੰਧਨ ਦਾ ਤਿਉਹਾਰ ਮਨਾਇਆ ਜਾਂਦਾ ਹੈ। ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ ਤੇ ਸਕੂਲ ਪ੍ਰਿੰਸੀਪਲ ਸ਼ਾਕਸ਼ੀ ਗੁਲੇਰੀਆ ਨੇ ਰੱਖੜੀ ਨੇ ਤੇ ਹਾਰ ਦੀਆਂ ਸਮੂਹ ਸਟਾਫ ਅਤੇ ਵਿਦਿਆਰਥੀਆਂ ਨੂੰ ਹਾਰਦਿਕ ਵਧਾਈ ਦਿੱਤੀ।

# ਦੀਨਾ ਸਾਹਿਬ ’ਚ ਹੋਇਆ ਸਾਹਿਤਕ ਸਮਾਗਮ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)** ਟੈਲੀਵਿਜ਼ਨ ਤੇ ਇੰਟਰਨੈੱਟ ਜਿਹੇ ਵਸੀਲਿਆਂ ਨੇ ਸਾਡੀ ਨੌਜਵਾਨ ਪੀੜ੍ਹੀ ਨੂੰ ਅਨੇਕਾਂ ਮਾਰੂ ਬੁਰਾਈਆਂ ਵੱਲ ਧੱਕ ਕੇ ਰੱਖ ਦਿੱਤਾ ਹੈ।ਅਜਿਹੇ ਖਤਰਨਾਕ ਮੋੜ ’ਤੇ ਨੌਜਵਾਨ ਵਰਗ ਨੂੰ ਉਸਾਰੂ ਸੇਧ ਦੇਣ ਅਤੇ ਉਨ੍ਹਾਂ ’ਚ ਨਰੋਈਆਂ ਕਦਰਾਂ ਕੀਮਤਾਂ ਦੀ ਸੋਝੀ ਪੈਦਾ ਕਰਨ ਲਈ ਉਨ੍ਹਾਂ ਦਾ ਚੰਗੀਆਂ ਪੁਸਤਕਾਂ ਨਾਲ ਲਗਾਅ ਪੈਦਾ ਕਰਨਾ ਅਜੋਕੇ ਸਮੇਂ ’ਚ ਬੇਹੱਦ ਜ਼ਰੂਰੀ ਹੈ।ਇਹ ਵਿਚਾਰ ਪਿੰਡ ਦੀਨਾ ਸਾਹਿਬ ਦੇ ਪੰਚਾਇਤ ਘਰ ਵਿਖੇ ਇੱਕ ਸਾਹਿਤਕ ਸਮਾਗਮ ਦੌਰਾਨ ਨਾਮਵਰ ਸਾਹਿਤਕਾਰ ਯਸ਼ ਪੱਤੋ ਨੇ ਪ੍ਰਗਟ ਕੀਤੇ।ਉਨ੍ਹਾਂ ਅੱਗੇ ਆਖਿਆ ਕਿ ਸਾਹਿਤਕ ਜਾਂ ਚੰਗੀਆਂ ਪੁਸਤਕਾਂ ਮਨੁੱਖ ਦੀ ਜ਼ਿੰਦਗੀ ਦਾ ਰਾਹ ਦਸੇਰਾ ਬਣਦੀਆਂ ਹਨ। ਗੀਤਕਾਰ ਲੱਖੀ ਬਰਾੜ ਗਾਜੀਆਣਾ ਨੇ ਕਿਹਾ ਕਿ ਉਸਾਰੂ ਸਾਹਿਤ ਪੜ੍ਹਨ ਨਾਲ ਜਿੱਥੇ ਬੱਚਿਆਂ, ਨੌਜਵਾਨਾਂ ਦਾ ਚੰਗਾ ਚਰਿੱਤਰ ਨਿਰਮਾਣ ਹੋ ਸਕਦਾ ਹੈ, ਉੱਥੇ ਚੰਗੇ ਤੇ ਨਰੋਏ ਸਮਾਜ ਦੀ ਸਿਰਜਣਾ ਵੀ ਹੋਵੇਗੀ। ਉੱਘੀ ਸਾਹਿਤਕਾਰਾ ਅਮਨਦੀਪ ਕੌਰ ਹਾਕਮ ਸਿੰਘ ਵਾਲਾ ਨੇ ਕਿਹਾ ਕਿ ਲੇਖਕਾਂ, ਸਾਹਿਤਕਾਰਾਂ, ਅਧਿਆਪਕਾਂ ਤੇ ਸਮਾਜ ਪ੍ਰਤੀ ਚਿੰਤਤ ਲੋਕਾਂ ਨੂੰ ਨੌਜਵਾਨ ਵਰਗ ਨੂੰ ਉਸਾਰੂ ਸਾਹਿਤ ਪੜ੍ਹਨ ਲਈ ਰੁਚਿਤ ਕਰਨ ਲਈ ਵੱਡੇ ਯਤਨ ਕਰਨੇ ਚਾਹੀਦੇ ਹਨ। ਉਚੇਚੇ ਤੌਰ ’ਤੇ ਪਹੁੰਚੇ ਉੱਘੇ ਲੇਖਕ ਲਾਲੀ ਕਰਤਾਰਪੁਰੀ ਨੇ ਆਪਣੀ ਨਵ ਪ੍ਰਕਾਸ਼ਤ ਪੁਸਤਕ ‘ਵਾਵਰੋਲਿਆਂ ਦੇ ਦਰਮਿਆਨ’ ਯਸ਼ ਪੱਤੋ ਨੂੰ ਭੇਟ ਕੀਤੀ।

# ਗੈਰੀ ਬੜਿੰਗ ਵੱਲੋਂ 3 ਵਾਰਡਾਂ ’ਚ ਨਸ਼ਾ ਮੁਕਤੀ ਯਾਤਰਾ ’ਚ ਸ਼ਿਰਕਤ

**ਮੰਡੀ ਗੋਬਿੰਦਗੜ੍ਹ/ਅਮਲੋਹ (ਪ੍ਰਮੋਦ ਭਾਰਦਵਾਜ)**- ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਮੰ ਵਾਰਡ ਨੰਬਰ 13, 15 ਅਤੇ 27 ਵਿੱਚ ਆਯੋਜਤ ਜਨ ਸਭਾਵਾਂ ਦੌਰਾਨ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਨਸ਼ਿਆਂ ਦੇ ਖਾਤਮੇ ਲਈ ਆਪਣੇ ਆਲੇ-ਦੁਆਲੇ ਜਾਗਰੂਕਤਾ ਪੈਦਾ ਕਰਨ ਵਿੱਚ ਨਿੱਗਰ ਯੋਗਦਾਨ ਪਾਉਣ।ਵਿਧਾਇਕ ਨੇ ਵਾਰਡਾਂ ਦੇ ਨਿਵਾਸੀਆਂ ਨੂੰ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸੂਬੇ ਨੂੰ ਨਸ਼ਾ ਮੁਕਤ ਕਰਨ ਦਾ ਟੀਚਾ ਮਿੱਥਿਆ ਗਿਆ ਹੈ, ਜਿਸ ਨੂੰ ਪੂਰਾ ਕਰਨ ਲਈ ਦਿਨ-ਰਾਤ ਇੱਕ ਕਰਕੇ ਮਿਹਨਤ ਕੀਤੀ ਜਾ ਰਹੀ ਹੈ।ਉਨ੍ਹਾਂ ਨੇ ਦੱਸਿਆ ਕਿ ਨਸ਼ਾ ਤਸਕਰਾਂ ਵੱਲੋਂ



ਨਸ਼ਿਆਂ ਦੇ ਮਾੜੇ ਧੰਦੇ ਰਾਹੀਂ ਕਾਲੀ ਕਮਾਈ ਕਰਦਿਆਂ ਉਸਾਰੀਆਂ ਗਈਆਂ ਇਮਾਰਤਾਂ ਨੂੰ ਢਾਹਿਆ ਜਾ ਰਿਹਾ ਹੈ ਤੇ ਨਸ਼ਾ ਤਸਕਰਾਂ ਖਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਦਿਆਂ ਜੇਲ੍ਹਾਂ ’ਚ ਡੱਕਿਆ ਜਾ ਰਿਹਾ ਹੈ। ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਨੇ ਦੱਸਿਆ ਕਿ ਨਸ਼ਾ ਮੁਕਤੀ ਯਾਤਰਾ ਦੌਰਾਨ ਹਰ ਇੱਕ ਪਿੰਡ ਤੇ ਵਾਰਡ ’ਚ ਇਹ ਸੁਨੇਹਾ ਪੁਚਾਇਆ ਜਾ ਰਿਹਾ ਹੈ ਕਿ ਪੰਜਾਬ ਸਰਕਾਰ ਲੋਕਾਂ ਦੇ ਭਰਵੇਂ ਸਹਿਯੋਗ ਨਾਲ ਇਸ ਸਮਾਜਿਕ ਬੁਰਾਈ ਦੇ ਖਾਤਮੇ ਲਈ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਹਰੇਕ ਵਿਅਕਤੀ ਨੂੰ ਪੂਰੇ ਤਨ, ਮਨ ਦੇ ਨਾਲ ਇਸ ਮੁਹਿੰਮ ਦਾ ਹਿੱਸਾ ਬਣਨਾ ਚਾਹੀਦਾ ਹੈ ਤਾਂ ਜੁ ਆਪਣੇ ਬੱਚਿਆਂ ਨੂੰ ਇਸ ਕੋਹੜ ਤੋਂ ਬਚਾਇਆ ਜਾ ਸਕੇ।ਉਨ੍ਹਾਂ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਦੀਆਂ ਆਦਤਾਂ ਦਾ ਧਿਆਨ ਰੱਖਣ।ਵਿਧਾਇਕ ਵੱਲੋਂ ਵਾਰਡਾਂ ਦੇ ਨਿਵਾਸੀਆਂ ਨੂੰ ਨਸ਼ੇ ਨਾ ਕਰਨ ਦੀ ਸਹੁੰ ਚੁਕਾਈ ਗਈ।ਵਾਰਡਾਂ ਵਿੱਚ ਗਠਿਤ ਡਿਫੈਂਸ ਕਮੇਟੀਆਂ ਨੂੰ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਉਣ ਦਾ ਸੱਦਾ ਦਿੰਦਿਆਂ ਵਿਧਾਇਕ ਗੈਰੀ ਬੜਿੰਗ ਨੇ ਕਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਕੀਤੇ ਜਾਣ ਵਾਲੇ ਉੱਦਮ, ਭਵਿੱਖ ਨੂੰ ਸੁਰੱਖਿਅਤ ਬਣਾਉਣ ਵਿੱਚ ਕਾਮਯਾਬ ਸਾਬਤ ਹੋਣਗੇ।

# ਏਵੀਓਰ ਦੇ ਵਿਦਿਆਰਥੀਆਂ ਨੇ ਜ਼ੋਨਲ ਖੇਡਾਂ ’ਚ ਗੋਲਡ ਮੈਡਲਾਂ ਦੀ ਲਾਈ ਝੜੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)** - ਜ਼ੋਨਲ ਟੂਰਨਾਮੈਂਟ ਦੇ ਅਲੱਗ-ਅਲੱਗ ਵਰਗਾਂ ਵਿਚ ਏਵੀਓਰ ਕਾਨਵੈਂਟ ਸਕੂਲ ਦੇ ਵਿਦਿਆਰਥੀਆਂ ਨੇ ਗੋਲਡ ਅਤੇ ਸਿਲਵਰ ਦੇ ਮੈਡਲ ਜਿੱਤ ਕੇ ਸੰਸਥਾ ਦਾ ਨਾਮ ਚਮਕਾਇਆ ਹੈ। ਪ੍ਰਿੰਸੀਪਲ ਗੁਰਿੰਦਰ ਪਾਲ ਸਿੰਘ ਨੇ ਦੱਸਿਆ ਕਿ ਸਕੂਲ ਦੀ ਅੰਡਰ-14 ਲੜਕੀਆਂ ਦੀ ਟੀਮ ਨੇ ਵਾਲੀਬਾਲ ਵਿਚ ਗੋਲਡ ਮੈਡਲ, ਅੰਡਰ-14 ਲੜਕੀਆਂ ਦੀ ਟੀਮ ਨੇ ਹੈਂਡਬਾਲ ਵਿਚ ਗੋਲਡ ਮੈਡਲ, ਅੰਡਰ-14 ਤੇ ਅੰਡਰ-17 ਲੜਕਿਆਂ ਦੀ ਟੀਮ ਨੇ ਹੈਂਡਬਾਲ ਵਿਚ ਗੋਲਡ ਮੈਡਲ, ਅੰਡਰ-17 ਲੜਕੀਆਂ ਦੀ ਟੀਮ ਨੇ ਵਾਲੀਬਾਲ ਵਿਚ ਗੋਲਡ ਮੈਡਲ, ਸਕੂਲ ਦੀ ਅੰਡਰ-17 ਲੜਕਿਆਂ ਦੀ ਟੀਮ ਨੇ ਵੀ ਵਾਲੀਬਾਲ ਵਿੱਚ ਗੋਲਡ ਮੈਡਲ, ਅੰਡਰ-19 ਲੜਕਿਆਂ ਦੀ ਟੀਮ ਨੇ ਵਾਲੀਬਾਲ ਵਿੱਚ ਸਿਲਵਰ ਮੈਡਲ, ਅੰਡਰ-14 ਲੜਕਿਆਂ ਦੀ ਟੀਮ ਨੇ ਕੁਸ਼ਤੀਆਂ ਵਿੱਚ 2 ਗੋਲਡ ਮੈਡਲ ਪ੍ਰਾਪਤ ਕੀਤੇ। ਇਸ ਮੌਕੇ ਸਕੂਲ ਪ੍ਰਧਾਨ ਤੇਜਿੰਦਰ ਪਾਲ ਸਿੰਘ, ਵਾਈਸ ਪ੍ਰਧਾਨ ਹਰਿੰਦਰ ਪਾਲ ਸਿੰਘ, ਸੈਕੇਟਰੀ ਸਿਮਰਨਪ੍ਰੀਤ ਕੌਰ ਨੇ ਬੱਚਿਆਂ ਦੀਆਂ ਸ਼ਾਨਦਾਰ ਪ੍ਰਾਪਤੀਆਂ ’ਤੇ ਵਧਾਈਆਂ ਦਿੰਦਿਆਂ ਸਪੋਰਟਸ ਟੀਚਰਜ਼ ਅਮਰੀਕ ਸਿੰਘ, ਕਿਰਨਜੀਤ ਕੌਰ ਤੇ ਕਰਨਪ੍ਰੀਤ ਸਿੰਘ ਵਲੋਂ ਬੱਚਿਆਂ ਨੂੰ ਕਰਵਾਈ ਗਈ ਸਖ਼ਤ ਮਿਹਨਤ ਦੀ ਭਰਪੂਰ ਸ਼ਲਾਘਾ ਕੀਤੀ। ਇਸ ਮੌਕੇ ਕੋਆਰਡੀਨੇਟਰ ਮਨਦੀਪ ਕੌਰ ਸੇਖੋਂ, ਕੈਂਪਸ ਮੈਨੇਜਰ ਜਸਕਰਨ ਸਿੰਘ ਤੇ ਮਹਿਕਦੀਪ ਕੌਰ ਹਾਜ਼ਰ ਸਨ।

7-Aug-PAGE-11.qxd 8/6/2025 10:54 PM Page 1



## ਕਤਲ ਦਾ ਇਨਸਾਫ ਲੈਣ ਲਈ ਡੇਰਾ ਬਾਬਾ ਨਾਨਕ ਵਿਖੇ ਵਿਸ਼ਾਲ ਧਰਨਾ ਅੱਜ : ਲੰਗਾਹ



**ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)**- ਅਕਾਲੀ ਆਗੂ ਜਥੇਦਾਰ ਦਲਬੀਰ ਸਿੰਘ ਢਿਲਵਾਂ ਦੇ ਕਤਲ ਦਾ ਇਨਸਾਫ ਲੈਣ ਲਈ ਅੱਜ 7 ਅਗਸਤ ਨੂੰ ਕਸਬਾ ਡੇਰਾ ਬਾਬਾ ਨਾਨਕ ਦੇ ਮਹਾਰਾਜਾ ਰਣਜੀਤ ਸਿੰਘ ਚੌਕ ਵਿਖੇ ਇੱਕ ਵਿਸ਼ਾਲ ਰੋਸ ਧਰਨਾ ਦਿੱਤਾ ਜਾਵੇਗਾ, ਜਿਸ ਵਿੱਚ ਵੱਡੀ ਗਿਣਤੀ 'ਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਵਰਕਰਾਂ ਤੇ ਆਗੂ ਸਾਹਿਬਾਨ ਸਮੇਤ ਇਲਾਕੇ ਦੇ ਲੋਕ ਡੇਰਾ ਬਾਬਾ ਨਾਨਕ ਵਿਖੇ ਪੁੱਜ ਕੇ ਇਨਸਾਫ ਦੀ ਮੰਗ ਕਰਨਗੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਜ਼ਿਲ੍ਹਾ ਪ੍ਰਧਾਨ ਤੇ ਸਾਬਕਾ ਕੈਬਨਿਟ ਮੰਤਰੀ ਜਥੇਦਾਰ ਸੁੱਚਾ ਸਿੰਘ ਲੰਗਾਹ ਨੇ ਡੇਰਾ ਬਾਬਾ ਨਾਨਕ ਵਿਖੇ ਪ੍ਰੈੱਸ ਕਾਨਫਰੰਸ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਦੱਸਿਆ ਕਿ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ ਸੀਨੀਅਰ ਅਕਾਲੀ ਆਗੂ ਤੇ ਪਿੰਡ ਢਿਲਵਾਂ ਦੇ ਸਾਬਕਾ ਸਰਪੰਚ ਸਵਰਗੀ ਜਥੇਦਾਰ ਦਲਬੀਰ ਸਿੰਘ ਢਿਲਵਾਂ ਜਿਨ੍ਹਾਂ ਦਾ ਸਾਲ 2019 ਵਿੱਚ ਕੁਝ ਲੋਕਾਂ ਵੱਲੋਂ ਕਤਲ ਕਰ ਦਿੱਤਾ ਗਿਆ ਸੀ, ਉਨਾਂ ਦੇ ਅਸਲ ਕਾਤਲ ਨੂੰ ਫੜਨ ਤੇ ਉਸ ਦੇ ਖਿਲਾਫ ਪਰਚਾ ਦਰਜ ਕਰਨ ਤੇ ਇਨਸਾਫ ਲੈਣ ਵਾਸਤੇ 7 ਅਗਸਤ ਨੂੰ ਅਕਾਲੀ ਵਰਕਰਾਂ ਵੱਲੋਂ ਕਸਬਾ ਡੇਰਾ ਬਾਬਾ ਨਾਨਕ ਦੇ ਮਹਾਰਾਜਾ ਰਣਜੀਤ ਸਿੰਘ ਚੌਕ (ਪੁਰਾਣਾ ਬੱਸ ਸਟੈਂਡ) ਵਿਖੇ ਇੱਕ ਵਿਸ਼ਾਲ ਰੋਸ ਧਰਨਾ ਦਿੱਤਾ ਜਾਵੇਗਾ ਜਿਸ ਵਿੱਚ ਹਲਕਾ ਡੇਰਾ ਬਾਬਾ ਨਾਨਕ ਤੋਂ ਵੱਡੀ ਗਿਣਤੀ ਵਿੱਚ ਲੋਕ ਪੁੱਜ ਕੇ ਦਲਬੀਰ ਸਿੰਘ ਢਿੱਲਵਾਂ ਦੇ ਕਾਤਲ ਹਲਕੇ ਦੇ ਸਿਆਸੀ ਆਗੂ ਦੇ ਖਿਲਾਫ ਮੁਕੱਦਮਾ ਦਰਜ ਕਰਨ ਦੀ ਮੰਗ ਕਰਨਗੇ।ਉਨ੍ਹਾਂ ਦੱਸਿਆ ਕਿ ਇਹ ਰੋਸ ਧਰਨਾ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਤੱਕ ਦਿੱਤਾ ਜਾਵੇਗਾ।ਇਸ ਮੌਕੇ ਤੇਜਬੀਰ ਸਿੰਘ ਵਿਦ੍ਹੱਲ ਪੀਏ ਲੰਗਾਹ, ਚੇਅਰਮੈਨ ਸਰਬਜੀਤ ਸਿੰਘ ਸਾਬੀ ਫੱਤੂਪੁਰ, ਜਥੇਦਾਰ ਬਲਵਿੰਦਰ ਸਿੰਘ ਢਿਲਵਾਂ ਸਰਕਲ ਪ੍ਰਧਾਨ ਕਲਾਨੌਰ, ਅਮਰਿਕ ਸਿੰਘ ਲਾਲੀ, ਜਸਪਿੰਦਰ ਸਿੰਘ ਰੰਗੜ, ਬਲਜੀਤ ਸਿੰਘ ਖੰਨਾ, ਅੰਮ੍ਰਿਤ ਡਿੰਡਰ ਬੰਗਲ ਮੀਡੀਆ ਇੰਚਾਰਜ, ਸਤਨਾਮ ਸਿੰਘ ਠੇਠਰਕੇ, ਗੁਰਪ੍ਰੀਤ ਸਿੰਘ ਬਾਦਲ, ਡਾਕਟਰ ਬਲਰਾਜ ਸਿੰਘ ਕੋਟਲੀ ਸੂਰਤ ਮੱਲ੍ਹੀ, ਮਲਕੀਤ ਸਿੰਘ ਗਵਾਰਾ, ਨਿਰਮਲ ਸਿੰਘ ਹਰੂਵਾਲ, ਇੰਸਪੈਕਟਰ ਸਵਰਨ ਸਿੰਘ, ਪ੍ਰੀਤਮ ਸਿੰਘ ਕਲਿਆਣਪੁਰ, ਦਿਲਬਾਗ ਸਿੰਘ, ਜੱਗਾ ਤਲਵੰਡੀ ਗੋਰਾਇਆ ਆਦਿ ਵਰਕਰ ਹਾਜ਼ਰ ਸਨ।

## ਜੋਸ਼ੋ-ਖਰੋਸ਼ ਨਾਲ ਮਨਾਇਆ ਤੀਆਂ ਦਾ ਤਿਉਹਾਰ



**ਮਜੀਠਾ (ਸੋਇਮ ਆਨੰਦ)**-ਹਲਕਾ ਮਜੀਠਾ ਦੇ ਪਿੰਡ ਵਡਾਲਾ ਵੀਰਮ ਪੱਤੀ ਮਾਨ੍ਹ ਵਿਖੇ ਸੌਣ ਦੇ ਮਹੀਨੇ ਵਿੱਚ ਧੀਆਂ ਦਾ ਤਿਉਹਾਰ (ਤੀਆਂ) ਬੀਬੀ ਕੁਲਵੰਤ ਕੌਰ ਦੀ ਅਗਵਾਈ ਹੇਠ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਪਿੰਡ ਦੀਆਂ ਔਰਤਾਂ ਅਤੇ ਕੁੜੀਆਂ ਨੇ ਰਵਾਇਤੀ ਪੰਜਾਬੀ ਸਭਿਆਚਾਰ ਦੀ ਝਲਕ ਪੇਸ਼ ਕਰਦਿਆਂ ਗਿੱਧਾ, ਭੰਗੜਾ ਪਾਇਆ।ਤਿਉਹਾਰ ਦੀ ਸ਼ੁਰੂਆਤ ਪੰਜਾਬੀ ਸੱਭਿਆਚਾਰ ਦੀਆਂ ਰਵਾਇਤਾਂ ਅਨੁਸਾਰ ਔਰਤਾਂ ਅਤੇ ਕੁੜੀਆਂ ਨੇ ਰੰਗ-ਬਰੰਗੇ ਪੰਜਾਬੀ ਪਹਿਰਾਵਿਆਂ ਵਿੱਚ ਸੱਜ ਕੇ ਗਿੱਧੇ ਦੀਆਂ ਤਾਲਾਂ 'ਤੇ ਝੂਮ-ਝੂਮ ਕੇ ਨੱਚਿਆ। ਲੜਕੀਆਂ ਵੱਲੋਂ ਪੇਸ਼ ਕੀਤੇ ਗਿੱਧੇ ਦੀਆਂ ਬੋਲੀਆਂ ਅਤੇ ਭੰਗੜੇ ਨੇ ਸਮਾਗਮ ਵਿੱਚ ਪੰਜਾਬੀ ਵਿਰਸੇ ਦੀ ਸੁਗੰਧ ਘੋਲ ਦਿੱਤੀ।ਇਸ ਮੌਕੇ ਬੀਬੀ ਕੁਲਵੰਤ ਕੌਰ ਨੇ ਕਿਹਾ ਕਿ ਤੀਆਂ ਦਾ ਤਿਉਹਾਰ ਪੰਜਾਬੀ ਸਭਿਆਚਾਰ ਦਾ ਅਨਿੱਖੜਵਾਂ ਹਿੱਸਾ ਹੈ, ਜੋ ਔਰਤਾਂ ਦੀ ਸਮਾਜਿਕ ਅਤੇ ਸਭਿਆਚਾਰਕ ਮਹੱਤਤਾ ਨੂੰ ਦਰਸਾਉਂਦਾ ਹੈ।ਉਨ੍ਹਾਂ ਨੇ ਪਿੰਡ ਵਾਸੀਆਂ ਦੇ ਸਹਿਯੋਗ ਅਤੇ ਉਤਸ਼ਾਹ ਦੀ ਸ਼ਲਾਘਾ ਕੀਤੀ।ਇਸ ਮੌਕੇ ਮੈਡਮ ਓਨਮ ਮਲਹੋਤਰਾ, ਗੁਰਪ੍ਰੀਤ ਕੌਰ, ਸਰਬੀਨ ਕੌਰ, ਜਸਲੀਨ ਕੌਰ, ਰਮਨਦੀਪ ਕੌਰ, ਹਰਦੀਪ ਕੌਰ, ਹਰਜਸਪ੍ਰੀਤ ਕੌਰ, ਕਮਲਦੀਪ ਕੌਰ, ਵਰਿੰਦਰ ਕੌਰ, ਸ਼ਰਨਜੀਤ ਕੌਰ ਅਤੇ ਹੋਰ ਬਹੁਤ ਸਾਰੇ ਪਤਵੰਤੇ ਸ਼ਾਮਲ ਸਨ, ਜਿਨ੍ਹਾਂ ਨੇ ਸਮਾਗਮ ਨੂੰ ਸਫਲ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ।ਇਸ ਸਮਾਗਮ ਨੇ ਨਾ ਸਿਰਫ਼ ਪਿੰਡ ਦੇ ਲੋਕਾਂ ਨੂੰ ਇਕੱਠੇ ਹੋਣ ਦਾ ਮੌਕਾ ਪ੍ਰਦਾਨ ਕੀਤਾ, ਸਗੋਂ ਅਲੋਪ ਹੋ ਰਹੇ ਪੰਜਾਬੀ ਸਭਿਆਚਾਰ ਅਤੇ ਰਵਾਇਤਾਂ ਨੂੰ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਦਾ ਕੰਮ ਵੀ ਕੀਤਾ।

## ਮਰਿਆਦਾ ਦੀ ਉਲੰਘਣਾ ਦੇ ਮੱਦੇਨਜ਼ਰ ਸਿੱਖਿਆ ਮੰਤਰੀ ਬੈਂਸ ਵੱਖ-ਵੱਖ ਗੁਰਦੁਆਰਾ ਸਾਹਿਬ 'ਚ ਹੋਏ ਨਤਮਸਤਕ





**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**-ਬੀਤੇ ਦਿਨੀਂ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਸ੍ਰੀਨਗਰ ਵਿਖੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਸ੍ਰੀ ਦਿਆਲਾ, ਭਾਈ ਮਤੀ ਦਾਸ ਅਤੇ ਭਾਈ ਸਤੀ ਦਾਸ ਦੇ 350 ਸਾਲਾ ਸ਼ਹੀਦੀ ਦਿਹਾੜੇ ਸਬੰਧੀ ਕਰਵਾਏ ਪ੍ਰੋਗਰਾਮ ਵਿੱਚ ਹੋਈ ਮਰਿਆਦਾ ਦੀ ਉਲੰਘਣਾ ਦੇ ਸਬੰਧ ਵਿੱਚ ਅੱਜ ਪੰਜ ਸਿੰਘ ਸਾਹਿਬਾਨ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਸੁਣਾਈ ਗਈ ਸਜ਼ਾ ਦੇ ਮੱਦੇਨਜ਼ਰ ਸਿੱਖਿਆ, ਸੂਚਨਾ ਤੇ ਲੋਕ ਸੰਪਰਕ ਮੰਤਰੀ ਹਰਜੋਤ ਸਿੰਘ ਬੈਂਸ ਨੇ ਗੁਰਦੁਆਰਾ ਗੁਰੂ ਕਾ ਮਹਿਲ ਅੰਮ੍ਰਿਤਸਰ, ਗੁਰਦੁਆਰਾ ਕੋਠਾ ਸਾਹਿਬ ਵੱਲਾ ਅਤੇ ਗੁਰਦੁਆਰਾ ਬਾਬਾ ਬਕਾਲਾ ਸਾਹਿਬ ਵਿਖੇ ਨੰਗੇ ਪੈਰੀਂ ਨਤਮਸਤਕ ਹੋ ਕੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ ਅਤੇ ਅਰਦਾਸ ਬੇਨਤੀ ਕੀਤੀ।ਉਨ੍ਹਾਂ ਸ੍ਰੀ ਦਰਬਾਰ ਸਾਹਿਬ ਤੋਂ ਗੁਰੂ ਕੇ ਮਹਿਲ ਨੂੰ ਜਾਂਦਿਆਂ ਰਸਤੇ ਦੀ ਸਫਾਈ ਵੀ ਕੀਤੀ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਮੇਰੇ ਲਈ ਸ੍ਰੀ ਅਕਾਲ ਤਖਤ ਸਾਹਿਬ ਤੋਂ ਉਪਰ ਕੋਈ ਹੋਰ ਹਸਤੀ ਨਹੀਂ ਹੈ।ਇਥੇ ਆਇਆ ਫੁਰਮਾਨ ਮੇਰੇ ਲਈ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਫੁਰਮਾਨ ਹੈ ਅਤੇ ਮੈਂ ਇਸ ਫੈਸਲੇ ਅੱਗੇ ਖੜੇ ਮੱਥੇ ਸਿਰ ਝੁਕਾਉਂਦਾ ਹੋਇਆ ਹਰ ਹੁਕਮ ਦੀ ਪਾਲਣਾ ਕਰਾਂਗਾ। ਉਨ੍ਹਾਂ ਕਿਹਾ ਕਿ ਉਹ ਸ੍ਰੀ ਅੰਮ੍ਰਿਤਸਰ ਸਾਹਿਬ ਜ਼ਿਲ੍ਹੇ ਦੇ ਗੁਰਦੁਆਰਾ ਸਾਹਿਬਾਨ ਵਿੱਚ ਨਤਮਸਤਕ ਹੋ ਕੇ ਖਿਮਾ ਜਾਚਨਾ ਕਰ ਰਹੇ ਹਨ ਅਤੇ ਛੇਤੀ ਹੀ ਸਿੰਘ ਸਾਹਿਬਾਨ ਦੇ ਫੈਸਲੇ ਅਨੁਸਾਰ ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ ਜਾ ਕੇ ਆਪਣੀ ਭੁੱਲ ਬਖਸ਼ਾਉਣਗੇ।ਉਨ੍ਹਾਂ ਕਿਹਾ ਕਿ ਜੋ ਵੀ ਆਦੇਸ਼ ਸਿੰਘ ਸਾਹਿਬਾਨ ਨੇ ਦਿੱਤੇ ਹਨ, ਉਹ ਉਨ੍ਹਾਂ ਨੂੰ ਪਹਿਰਾ ਦੇਣਗੇ।ਦੱਸਣਯੋਗ ਹੈ ਕਿ ਅੱਜ ਸਵੇਰੇ ਕੈਬਨਟ ਮੰਤਰੀ ਹਰਜੋਤ ਸਿੰਘ ਬੈਂਸ ਸਾਰਾਗੜ੍ਹੀ ਪਾਰਕਿੰਗ ਵਿੱਚ ਆਪਣੀ ਗੱਡੀ ਤੋਂ ਉਤਰ ਕੇ ਪਹਿਲਾਂ ਪੈਦਲ ਗੁਰਦੁਆਰਾ ਗੁਰੂ ਕਾ ਮਹਿਲ ਦਰਸ਼ਨ ਕਰਨ ਲਈ ਗਏ ਸਨ, ਉਪਰੰਤ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਏ। ਪਹਿਲਾਂ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿੱਚ ਉਹ ਸਿੰਘ ਸਾਹਿਬਾਨ ਅੱਗੇ ਪੇਸ਼ ਹੋਏ।ਉਸ ਤੋਂ ਬਾਅਦ ਸਿੰਘ ਸਾਹਿਬਾਨ ਨੇ ਉਨ੍ਹਾਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੋਂ ਸਾਰੇ ਦੋਸ਼ ਪੜ੍ਹ ਕੇ ਸੁਣਾਏ ਅਤੇ ਫਿਰ ਫੈਸਲਾ ਦਿੱਤਾ, ਜਿਸ ਨੂੰ ਉਨ੍ਹਾਂ ਨੇ ਪ੍ਰਵਾਨ ਕਰਦੇ ਹੋਏ ਅੱਜ ਤੋਂ ਹੀ ਇਸ ਫੈਸਲੇ ਅਨੁਸਾਰ ਸੇਵਾ ਸ਼ੁਰੂ ਕਰ ਦਿੱਤੀ। ਫੈਸਲਾ ਅੱਗੇ ਸਿਰ ਝੁਕਾਉਂਦੇ ਉਹ ਪਹਿਲਾਂ ਗੁਰਦੁਆਰਾ ਗੁਰੂ ਕਾ ਮਹਿਲ ਨੰਗੇ ਪੈਰੀਂ ਚੱਲ ਕੇ ਗਏ।ਉਪਰੰਤ ਗੁਰਦੁਆਰਾ ਕੋਠਾ ਸਾਹਿਬ ਵੱਲਾ ਵਿਖੇ ਨਤਮਸਤਕ ਹੋਏ ਅਤੇ ਫਿਰ ਬਾਬਾ ਬਕਾਲਾ ਸਾਹਿਬ ਵਿਖੇ ਨੰਗੇ ਪੈਰ ਚੱਲ ਕੇ ਨਤਮਸਤਕ ਹੋਏ।

## ਬਜ਼ੁਰਗਾਂ ਦੇ ਵਿਹੜੇ 'ਚ ਬੀ ਐੱਡ ਦੇ ਵਿਦਿਆਰਥੀਆਂ ਦੀ ਫੇਰੀ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਸੁਆਮੀ ਸਰਵਾਨੰਦ ਗਰੁੱਪ ਆਫ ਇੰਸਟੀਚਿਊਟ ਕਾਲਜ (ਮੱਠ) ਦੀਨਾਨਗਰ ਦੇ ਵਿਦਿਆਰਥੀਆਂ ਨੇ ਬਜ਼ੁਰਗਾਂ ਦੇ ਵਿਹੜੇ ਵਿੱਚ ਦੌਰਾ ਕੀਤਾ। ਉਨ੍ਹਾਂ ਬਜ਼ੁਰਗਾਂ ਦੇ ਨਾਲ ਦੁੱਖ ਸਾਂਝੇ ਕੀਤੇ, ਹਾਲ ਚਾਲ ਜਾਣਿਆ ਅਤੇ ਬਜ਼ੁਰਗਾਂ ਦਾ ਅਸ਼ੀਰਵਾਦ ਲਿਆ। ਆਸ਼ਰਮ ਸੁਪਰਡੈਂਟ ਮੈਡਮ ਅੰਜਲੀ ਸ਼ਰਮਾ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਸਾਨੂੰ ਹਮੇਸ਼ਾ ਆਪਣੇ ਮਾਂ ਬਾਪ ਦਾ ਸਤਿਕਾਰ ਕਰਨਾ ਚਾਹੀਦਾ ਹੈ ਕਿਉਂਕਿ ਜਿਸ ਬੱਚੇ ਕੋਲ ਮਾਂ ਬਾਪ ਨਹੀਂ ਹੁੰਦੇ ਉਸ ਨੂੰ ਪੁੱਛ ਕੇ ਦੇਖੋ ਕਿ ਮਾਪਿਆਂ ਦੀ ਕੀ ਅਹਿਮੀਅਤ ਹੈ। ਬਜ਼ੁਰਗਾਂ ਦਾ ਨਿਰਾਦਰ ਨਹੀਂ ਕਰਨਾ ਚਾਹੀਦਾ। ਉਨ੍ਹਾਂ ਆਏ ਹੋਏ ਸਾਰੇ ਮਹਿਮਾਨਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਆਸ਼ਰਮ ਸਟਾਫ ਸਵਿਤਾ, ਕਮਲੇਸ਼ ਕੁਮਾਰੀ, ਵਿਜੈ ਕੁਮਾਰੀ, ਰਾਜ ਰਾਣੀ, ਜਸਵੀਰ ਕੌਰ, ਰੂਪ ਰਾਣੀ, ਰਮੇਸ਼ ਚੰਦਰ, ਵਿਪਨ ਕੁਮਾਰ, ਰੂਹੀ ਸ਼ਰਮਾ, ਹੇਮਲਤਾ, ਹਰੀਸ਼ ਕੁਮਾਰ ਆਦਿ ਮੌਜੂਦ ਸਨ।

## ਮਲਟੀਪਰਪਜ਼ ਕੇਡਰ ਦੀ ਨਾਂਅ ਬਦਲੀ ਨੂੰ ਲੈ ਕੇ 'ਮਲਟੀਪਰਪਜ਼ ਜੁਆਇੰਟ ਐਕਸ਼ਨ ਕਮੇਟੀ' ਦਾ ਗਠਨ



**ਵੇਰਕਾ (ਰਾਣਾ)**-ਸਿਹਤ ਵਿਭਾਗ ਦੇ ਵਿੱਚ ਕੰਮ ਕਰਦੇ ਮਲਟੀਪਰਪਜ਼ ਕੇਡਰ ਦੀ ਨਾਂਅ ਬਦਲੀ ਦੇ ਮੁੱਦੇ ਨੂੰ ਲੈ ਕੇ ਇੱਕ ਵਿਸ਼ੇਸ਼ ਮੀਟਿੰਗ ਹਰੀਕੇ ਪੱਤਣ (ਤਰਨਤਾਰਨ) ਹੋਈ ਜਿਸ ਵਿੱਚ ਪਿਛਲੇ ਲੰਬੇ ਸਮੇਂ ਤੋਂ ਮਲਟੀਪਰਪਜ਼ ਕੇਡਰ ਦੇ ਅਹੁਦੇ ਦਾ ਨਾਮ ਬਦਲੀ ਦੀ ਮੰਗ ਨੂੰ ਲੈ ਕੇ ਇੱਕ ਜੁਆਇੰਟ ਐਕਸ਼ਨ ਕਮੇਟੀ ਦਾ ਗਠਨ ਕੀਤਾ ਗਿਆ ਜੋ ਸਾਂਝੇ ਰੂਪ ਦੇ ਵਿੱਚ ਮਲਟੀਪਰਪਜ਼ ਕੇਡਰ ਦੇ ਨਾਂ ਬਦਲੀ ਦੀ ਮੰਗ ਤੇ ਕੰਮ ਕਰੇਗੀ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਕੁਲਬੀਰ ਸਿੰਘ ਮੋਗਾ ਅਤੇ ਪ੍ਰਭਜੀਤ ਸਿੰਘ ਉਪਲ, ਮਨਜੀਤ ਕੌਰ ਫਰੀਦਕੋਟ ਨੇ ਦੱਸਿਆ ਕਿ ਨਾਂ ਬਦਲੀ ਦੇ ਮੁੱਦੇ ਤੇ ਬਣੀ ਸਹਿਮਤੀ ਤੇ ਮਲਟੀਪਰਪਜ਼ ਜੁਆਇੰਟ ਐਕਸ਼ਨ ਕਮੇਟੀ ਪੰਜਾਬ ਦਾ ਗਠਨ ਕੀਤਾ ਗਿਆ ਹੈ ਜਿਸ ਵਿੱਚ ਕੁਲਬੀਰ ਸਿੰਘ ਮੋਗਾ ਕਨਵੀਨਰ, ਮਨਜੀਤ ਕੌਰ ਫਰੀਦਕੋਟ ਕਨਵੀਨਰ ਪ੍ਰਭਜੀਤ ਸਿੰਘ ਕਨਵੀਨਰ, ਜਸਵਿੰਦਰ ਸਿੰਘ ਅੰਮ੍ਰਿਤਸਰ ਕੋ ਕਨਵੀਨਰ, ਰਮਨਜੀਤ ਕੌਰ ਗੁਰਦਾਸਪੁਰ ਕੋ ਕਨਵੀਨਰ, ਰਜਿੰਦਰ ਸਿੰਘ ਮੋਹਾਲੀ ਨੂੰ ਕੋ ਕਨਵੀਨਰ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਉਨ੍ਹਾਂ ਨੇ ਦੱਸਿਆ ਕਿ ਇਸ ਐਕਸ਼ਨ ਕਮੇਟੀ ਦੀ ਅਗਲੀ ਮੀਟਿੰਗ 19 ਅਗਸਤ ਨੂੰ ਲੁਧਿਆਣਾ ਵਿਖੇ ਹੋਵੇਗੀ ਜਿਸ ਵਿੱਚ ਉਨ੍ਹਾਂ ਨੇ ਸਿਹਤ ਵਿਭਾਗ ਵਿੱਚ ਮਲਟੀਪਰਪਜ਼ ਕੇਡਰ ਦੇ ਲਈ ਕੰਮ ਕਰਦੀਆਂ ਹੋਰ ਭਾਈਵਾਲ ਜਥੇਬੰਦੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਮਲਟੀਪਰਪਜ਼ ਕੇਡਰ ਦੇ ਨਾਮ ਬਦਲੀ ਸਿਹਤ ਵਿਭਾਗ ਦੇ ਸਮੁੱਚੇ ਮਲਟੀਪਰਪਜ਼ ਕੇਡਰ ਦੀ ਪ੍ਰਮੁੱਖ ਮੰਗ ਹੈ ਜਿਸ ਨੂੰ ਲੈ ਕੇ ਇਹ ਸਾਂਝੀ ਐਕਸ਼ਨ ਕਮੇਟੀ ਗਠਿਤ ਕਰਕੇ ਇੱਕ ਹੋ ਕੇ ਲੜਨ ਦਾ ਉਪਰਾਲਾ ਕੀਤਾ ਗਿਆ ਹੈ। 19 ਅਗਸਤ ਨੂੰ ਹੋਣ ਵਾਲੀ ਮੀਟਿੰਗ ਵਿੱਚ ਹੋਰ ਜਥੇਬੰਦੀਆਂ ਨੂੰ ਵੀ ਐਕਸ਼ਨ ਕਮੇਟੀ ਵਿੱਚ ਸ਼ਾਮਿਲ ਕੀਤਾ ਜਾਵੇਗਾ। ਇਸ ਮੌਕੇ ਗੁਰਪ੍ਰੀਤ ਸਹਿਣਾ ਬਰਨਾਲਾ, ਰਣਧੀਰ ਸਿੰਘ ਸੰਗਰੂਰ, ਕੰਵਲਜੀਤ ਸਿੰਘ ਅੰਮ੍ਰਿਤਸਰ, ਗੁਰਵੀਰ ਸਿੰਘ ਤਰਨਤਾਰਨ, ਰਾਜਵਿੰਦਰ ਕੌਰ ਬਾਜਾਖਾਨਾ, ਅਮਰਜੀਤ ਕੌਰ ਬਾਜਾਖਾਨਾ, ਰਾਜੇਸ਼ ਰਾਣੀ ਜੰਡ ਸਾਹਿਬ, ਰਵਿੰਦਰ ਕੌਰ ਤਰਨਤਾਰਨ, ਰਣਜੀਤ ਕੌਰ ਤਰਨਤਾਰਨ, ਮਨਜੀਤ ਕੌਰ ਕੈਰੋਂ, ਗੁਰਮੀਤ ਕੌਰ ਤਰਨਤਾਰਨ, ਰਜਿੰਦਰ ਸਿੰਘ, ਕੁਲਵੀਰ ਸਿੰਘ ਲੋਪੋਕੇ, ਤੇਜਿੰਦਰ ਸਿੰਘ, ਗੁਰਬੀਰ ਸਿੰਘ, ਮੁੱਖਤਿਆਰ ਸਿੰਘ ਅਤੇ ਸੰਦੀਪ ਸਿੰਘ ਰਮਦਾਸ ਵੀ ਹਾਜ਼ਰ ਸਨ।

## ਸਿਮਰਨਜੀਤ ਕੌਰ ਤੇ ਅਭਿਜੋਤ ਸਿੰਘ ਦਾ ਕਰਾਟੇ ਮੁਕਾਬਲਿਆਂ 'ਚ ਪਹਿਲੇ ਸਥਾਨਾਂ 'ਤੇ ਕਬਜ਼ਾ




**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-76ਵੀਆਂ ਖੇਤਰੀ ਖੇਡਾਂ ਦੇ ਸੱਤਵੇਂ ਦਿਨ ਨੇੜਲੇ ਪਿੰਡ ਤੁਗਲਵਾਲ ਦੇ ਬਾਬਾ ਆਇਆ ਸਿੰਘ ਰਿਆੜਕੀ ਸਕੂਲ ਵਿੱਚ ਜ਼ੋਨਲ ਹੈੱਡ ਪ੍ਰਿੰਸੀਪਲ ਲਖਵਿੰਦਰ ਸਿੰਘ ਦੀ ਅਗਵਾਈ ਅਤੇ ਸਕੂਲ ਡਾਇਰੈਕਟਰ ਗਗਨਦੀਪ ਸਿੰਘ ਰਿਆੜ ਅਤੇ ਇੰਦਰਜੀਤ ਕੌਰ ਦੀ ਨਿਗਰਾਨੀ ਹੇਠ ਕਰਾਟੇ ਮੁਕਾਬਲੇ ਹੋਏ, ਜਿਨ੍ਹਾਂ ਦਾ ਉਦਘਾਟਨ ਬੀਐਨਓ ਵਿਜੇ ਕੁਮਾਰ ਨੇ ਕੀਤਾ। ਇਸ ਮੌਕੇ ਖੇਤਰੀ ਖੇਡ ਸਕੱਤਰ ਅਮਰਜੀਤ ਸਿੰਘ, ਵਿੱਤ ਸਕੱਤਰ ਅੰਮ੍ਰਿਤਪਾਲ ਸਿੰਘ, ਲੈਕਚਰਾਰ ਰਾਜਵਿੰਦਰ ਕੌਰ, ਪ੍ਰਿੰਸੀਪਲ ਜਸਪਾਲ ਸਿੰਘ ਆਦਿ ਮੌਜੂਦ ਸਨ। ਬੀਐੱਨਓ ਵਿਜੇ ਕੁਮਾਰ ਅਤੇ ਸਕੱਤਰ ਅਮਰਜੀਤ ਸਿੰਘ ਨੇ ਕਰਾਟੇ ਖਿਡਾਰੀਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ। ਅੰਡਰ 14 ਵਰਗ ਵਿੱਚ ਸਰਕਾਰੀ ਹਾਈ ਸਕੂਲ ਬਸਰਾਏ ਦੀ ਸਿਮਰਨਜੀਤ ਕੌਰ, ਮਨਪ੍ਰੀਤ ਕੌਰ ਅਤੇ ਸਰਕਾਰੀ ਹਾਈ ਸਕੂਲ ਜੋਗੀ ਚੀਮਾ ਦੀ ਜਸਮੀਤ ਕੌਰ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਰਹੀਆਂ। ਇਸੇ ਤਰ੍ਹਾਂ ਅੰਡਰ 17 ਵਰਗ ਵਿੱਚ ਸਰਕਾਰੀ ਹਾਈ ਸਕੂਲ ਬਸਰਾਏ ਦੇ ਅਭਿਜੋਤ ਸਿੰਘ ਅਤੇ ਅੰਮ੍ਰਿਤਪਾਲ ਸਿੰਘ ਕ੍ਰਮਵਾਰ ਪਹਿਲੇ ਅਤੇ ਦੂਜੇ ਸਥਾਨ 'ਤੇ ਰਹੇ। ਇਸੇ ਤਰ੍ਹਾਂ ਅੰਡਰ-19 ਵਰਗ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀ ਸਹਿਜ ਪ੍ਰੀਤ ਕੌਰ ਅਤੇ ਸੁਖਮਨਪ੍ਰੀਤ ਕਰ ਨੇ ਕ੍ਰਮਵਾਰ ਪਹਿਲਾ ਅਤੇ ਦੂਜਾ ਸਥਾਨ ਪ੍ਰਾਪਤ ਕੀਤਾ। ਖੇਡਾਂ ਦੇ ਅੰਤ ਵਿੱਚ ਬੀਐੱਨਓ ਵਿਜੇ ਕੁਮਾਰ ਨੇ ਜੇਤੂਆਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਸਕੱਤਰ ਅਮਰਜੀਤ ਸਿੰਘ ਅਤੇ ਰਾਜਵਿੰਦਰ ਕੌਰ ਵੀ ਮੌਜੂਦ ਸਨ। ਲੈਕਚਰਾਰ ਮੁਨੀਸ਼ ਕੁਮਾਰ, ਡੀਪੀਈ ਹਰਜੀਤ ਕੌਰ, ਡੀਪੀਈ ਗੁਰਮੇਜ ਸਿੰਘ, ਡੀਪੀਈ ਅਜੈ ਕੁਮਾਰ, ਡੀਪੀਈ ਸਿਮਰਨਜੀਤ ਕੌਰ, ਡੀਪੀਈ ਭੁਪਿੰਦਰ ਸਿੰਘ, ਡੀਪੀਈ ਸੰਦੀਪ ਕੌਰ, ਲੈਕਚਰਾਰ ਦਵਿੰਦਰ ਜੀਤ ਕੌਰ, ਡੀਪੀਈ ਜਤਿੰਦਰ ਸਿੰਘ ਅਤੇ ਮੁਕੇਸ਼ ਕੁਮਾਰ, ਕੋਚ ਅਜਮਲ ਮਸੀਹ, ਸੁਖਚੈਨ ਸਿੰਘ, ਰਾਮ ਆਦਿ ਇਸ ਮੌਕੇ ਮੌਜੂਦ ਸਨ।

## ਤ੍ਰਿਪਤ ਬਾਜਵਾ, ਬੁਲਾਰੀਆ, ਬੱਸੀ ਤੇ ਅਮਨ ਜੈਂਤੀਪੁਰ ਨੇ ਸੱਚਰ ਪਰਿਵਾਰ ਨਾਲ ਕੀਤਾ ਦੁੱਖ ਸਾਂਝਾ



**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਸੀਨੀਅਰ ਕਾਂਗਰਸੀ ਆਗੂ ਤੇ ਹਲਕਾ ਮਜੀਠਾ ਦੇ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਦੇ ਸੱਸ ਮਾਤਾ ਸੁਰਿੰਦਰ ਪਾਲ ਕੌਰ ਅਕਾਲ ਚਲਾਣਾ ਕਰ ਗਏ ਸਨ। ਸਾਬਕਾ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਅੰਮ੍ਰਿਤਸਰ ਦੱਖਣੀ ਸਾਬਕਾ ਦੇ ਸਾਬਕਾ ਵਿਧਾਇਕ ਤੇ ਪਾਰਲੀਮਾਨੀ ਸਕੱਤਰ ਇੰਦਰਬੀਰ ਬੀਰ ਸਿੰਘ ਬੁਲਾਰੀਆ, ਅੰਮ੍ਰਿਤਸਰ ਇੰਮਪਰੂਮੈਂਟ ਟਰੱਸਟ ਦੇ ਚੇਅਰਮੈਨ ਦਿਨੇਸ਼ ਬੱਸੀ, ਕਾਂਗਰਸੀ ਆਗੂ ਅਮਨ ਜੈਂਤੀਪੁਰ ਵੱਲੋਂ ਉਨ੍ਹਾਂ ਦੇ ਘਰ ਜਾ ਕੇ ਅਫ਼ਸੋਸ ਪ੍ਰਗਟ ਕੀਤਾ ਗਿਆ। ਗੱਲਬਾਤ ਕਰਦਿਆਂ ਆਗੂਆਂ ਨੇ ਕਿਹਾ ਕਿ ਮਾਂ ਬਾਪ ਦੇ ਤੁਰ ਜਾਣ ਦਾ ਦੁੱਖ ਕਦੇ ਵੀ ਨਹੀਂ ਭੁੱਲਦਾ। ਇਸ ਮੌਕੇ ਭਰੇ ਮਨ ਨਾਲ ਸੱਚਰ ਨੇ ਕਿਹਾ ਕਿ ਜਦ ਏਹੋ ਜਿਹੀਆਂ ਨਿਤਨੇਮੀ, ਗੁਰੂ ਘਰ ਨੂੰ ਮੰਨਣ ਵਾਲੀਆਂ ਮਾਵਾਂ ਤੁਰ ਜਾਂਦੀਆਂ ਹਨ ਤਾਂ ਉਸ ਘਰ ਵਿੱਚ ਹੀ ਨਹੀਂ ਸਮਾਜ ਵਿੱਚ ਵੀ ਇੱਕ ਖ਼ਲਾਅ ਪੈਦਾ ਹੋ ਜਾਂਦਾ ਹੈ ਖ਼ੈਰ, ਵਾਹਿਗੁਰੂ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ। ਮਾਤਾ ਨਮਿਤ ਕੀਰਤਨ ਤੇ ਅੰਤਿਮ ਅਰਦਾਸ 7 ਅਗਸਤ ਵੀਰਵਾਰ 12.30 ਤੋਂ 1.30 ਵਜੇ ਤੱਕ ਗੁਰਦੁਆਰਾ ਛੇਵੀਂ ਪਾਤਸ਼ਾਹੀ ਬੀ ਬਲਾਕ ਅੰਮ੍ਰਿਤਸਰ ਵਿਖੇ ਹੋਵੇਗੀ।

## ਅਮਨਦੀਪ ਸੰਧੂ ਜ਼ਿਲ੍ਹਾ ਪਲਾਨਿੰਗ ਬੋਰਡ ਦੇ ਚੇਅਰਮੈਨ ਨਿਯੁਕਤ



**ਪਠਾਨਕੋਟ (ਦਵਿੰਦਰ ਸਿੰਘ)**-ਪੰਜਾਬ ਦੀ ਮਾਨ ਸਰਕਾਰ ਵੱਲੋਂ ਜ਼ਿਲ੍ਹਾ ਪਲੈਨਿੰਗ ਬੋਰਡ ਦੀਆਂ ਲਿਸਟਾਂ ਜਾਰੀ ਕੀਤੀਆਂ ਗਈਆਂ, ਜਿਸ ਅਨੁਸਾਰ ਅਮਨਦੀਪ ਸਿੰਘ ਸੰਧੂ ਨੂੰ ਜ਼ਿਲਾ ਪਲੈਨਿੰਗ ਬੋਰਡ ਪਠਾਨਕੋਟ ਦਾ ਚੇਅਰਮੈਨ, ਅਸ਼ੋਕ ਕੁਮਾਰ ਅਤੇ ਵਿਸ਼ੇਸ਼ ਸ਼ਰਮਾ ਨੂੰ ਬਤੌਰ ਮੈਂਬਰ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਜਾਣਕਾਰੀ ਦਿੰਦਿਆਂ ਪਲਾਨਿੰਗ ਬੋਰਡ ਦੇ ਨਵ-ਨਿਯੁਕਤ ਚੇਅਰਮੈਨ ਅਮਨਦੀਪ ਸੰਧੂ ਅਤੇ ਅਸ਼ੋਕ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਦਿੱਤੀ ਇਸ ਜ਼ਿੰਮੇਵਾਰੀ ਨੂੰ ਬੜੀ ਨਿਸ਼ਠਾ ਅਤੇ ਇਮਾਨਦਾਰੀ ਦੇ ਨਾਲ ਨਿਭਾਉਣਗੇ। ਅਮਨਦੀਪ ਸੰਧੂ ਅਤੇ ਅਸ਼ੋਕ ਨੇ ਕਿਹਾ ਕਿ ਉਹ ਲੋਕਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕਣ ਵਾਸਤੇ ਹਮੇਸ਼ਾ ਤਤਪਰ ਹਨ ਅਤੇ ਉਨ੍ਹਾਂ ਵੱਲੋਂ ਜ਼ਿਲ੍ਹੇ ਦੇ ਵਿਕਾਸ ਕਾਰਜਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਵੀ ਕਸਰ ਨਹੀਂ ਛੱਡੀ ਜਾਵੇਗੀ। ਇਸ ਮੌਕੇ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਸ਼ੈਰੀ ਕਲਸੀ, ਪੰਜਾਬ ਦੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚਕ, ਹਲਕਾ ਇੰਚਾਰਜ ਪਠਾਨਕੋਟ ਵਿਭੂਤੀ ਸ਼ਰਮਾ, ਹਲਕਾ ਇੰਚਾਰਜ ਸੁਜਾਨਪੁਰ ਅਮਿਤ ਮੰਟੂ ਵੱਲੋਂ ਉਕਤ ਨਿਯੁਕਤ ਅਹੁਦੇਦਾਰਾਂ ਨੂੰ ਜਿੱਥੇ ਵਧਾਈ ਦਿੱਤੀ ਉੱਥੇ ਇਹ ਵੀ ਆਸ ਪ੍ਰਗਟਾਈ ਕਿ ਉਕਤ ਅਧਿਕਾਰੀ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਦੇ ਨਾਲ ਨਿਭਾਉਣਗੇ।

## ਪਿੰਡ ਦਾ ਹਰ ਕੀਮਤ 'ਤੇ ਹੋਵੇਗਾ ਸਰਬਪੱਖੀ ਵਿਕਾਸ : ਸਰਪੰਚ ਸਾਧਪੁਰ

**ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)**-ਵਿਧਾਨ ਸਭਾ ਮਜੀਠਾ ਦੇ ਅਧੀਨ ਆਉਂਦੇ ਪਿੰਡ ਸਾਧਪੁਰ ਦਾ ਸਰਬਪੱਖੀ ਵਿਕਾਸ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਦੀ ਰਹਿਨੁਮਾਈ ਹੇਠ ਕਰਵਾਇਆ ਜਾਵੇਗਾ ਤੇ ਕਿਸੇ ਵੀ ਵਿਅਕਤੀ ਨੂੰ ਕੋਈ ਮੁਸ਼ਕਿਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।ਇਨ੍ਹਾਂ ਸ਼ਬਦਾ ਦਾ ਪ੍ਰਗਟਾਵਾ ਸਰਪੰਚ ਥਾਣੇਦਾਰ ਸਰਬਜੀਤ ਸਿੰਘ ਸਾਧਪੁਰ ਨੇ ਪਿੰਡ ਵਿੱਚ ਹੋਣ ਵਾਲੇ ਵਿਕਾਸ ਕਾਰਜ ਸ਼ੁਰੂ ਕਰਾਉਣ ਮੌਕੇ ਵਿਸ਼ੇਸ਼ ਤੌਰ 'ਤੇ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਅੰਦੋਲਨ 'ਚ ਨਿਕਲੀ ਹੋਈ ਕ੍ਰਾਂਤੀਕਾਰੀ ਪਾਰਟੀ ਹੈ, ਜਿਸ ਦਾ ਮੁੱਖ ਉਦੇਸ਼ ਲੋਕ ਸੇਵਾ ਹੈ।ਉਨ੍ਹਾਂ ਕਿਹਾ ਕਿ ਤਲਬੀਰ ਸਿੰਘ ਗਿੱਲ ਜੋ ਕਿ ਹਲਕੇ ਦੀਆਂ ਮੁਸ਼ਕਿਲਾਂ ਤੋਂ ਚੰਗੀ ਤਰ੍ਹਾਂ ਜਾਣੂ ਹਨ, ਨੂੰ ਪਿੰਡ ਨਾਲ ਸੰਬੰਧਿਤ ਵਿਕਾਸ ਕੰਮਾਂ ਤੋਂ ਜਾਣੂ ਕਰਵਾ ਦਿੱਤਾ ਗਿਆ ਹੈ। ਇਸ ਮੌਕੇ ਮੈਂਬਰ ਪੰਚਾਇਤ ਜਸਵਿੰਦਰ ਕੌਰ ਪਾਲੋ, ਨਿਰਮਲਜੀਤ ਕੌਰ, ਪਰਦੁਮਨ ਸਿੰਘ ਮੱਲੀ, ਦਲਬੀਰ ਸਿੰਘ ਟੀਟਾ, ਯੂਥ ਆਗੂ ਯੋਗਰਾਜ ਸਿੰਘ ਬਾਠ ਅਤੇ ਜਗਦੀਪ ਸਿੰਘ ਆਦਿ ਵੀ ਹਾਜ਼ਰ ਸਨ।



## ਸੈਂਟ ਸੋਲਜਰ ਸਕੂਲ ਜੰਡਿਆਲਾ ਗੁਰੂ 'ਚ ਇਨਵੈਸਟੀਚਰ ਸੈਰੇਮਨੀ ਕਰਵਾਈ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਸੇਂਟ ਸੋਲਜਰ ਇਲੀਟ ਕੌਨਵੈਂਟ ਸਕੂਲ ਜੰਡਿਆਲਾ ਗੁਰੂ ਵਿਖੇ ਇਨਵੈਸਟੀਚਰ ਸੈਰੇਮਨੀ ਸਮਾਰੋਹ ਦਾ ਆਯੋਜਨ ਕੀਤਾ ਗਿਆ।ਇਹ ਪ੍ਰੋਗਰਾਮ ਸਕੂਲ ਦੇ ਸ਼ਾਨਦਾਰ ਆਡੀਟੋਰੀਅਮ ਵਿੱਚ ਬੜੇ ਜੋਸ਼ੋ ਖਰੋਸ਼ ਅਤੇ ਉਤਸ਼ਾਹ ਨਾਲ ਕੀਤਾ ਗਿਆ।ਇਸ ਸਮਾਰੋਹ ਵਿੱਚ ਬੱਚਿਆਂ ਦੇ ਮਾਤਾ ਪਿਤਾ ਵੀ ਹੁੰਮਹੁਮਾ ਕੇ ਸ਼ਾਮਿਲ ਹੋਏ! ਸਮਾਗਮ ਵਿੱਚ ਸਕੂਲ ਦੇ ਗਤੀਸ਼ੀਲ ਵਿਦਿਆਰਥੀਆਂ ਨੂੰ ਅਧਿਕਾਰਿਤ ਤੌਰ ਤੇ ਉਨ੍ਹਾਂ ਦੀਆਂ ਲੀਡਰਸ਼ਿਪ ਭੂਮਿਕਾਵਾਂ ਸੌਂਪੀਆਂ ਗਈਆਂ।ਇਸ ਸਮਾਰੋਹ ਵਿੱਚ ਮੁੱਖ ਮਹਿਮਾਨ ਦੇ ਤੌਰ 'ਤੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ: ਮੰਗਲ ਸਿੰਘ ਕਿਸ਼ਨਪੁਰੀ ਅਤੇ ਪ੍ਰਿੰਸੀਪਲ ਅਮਰਪ੍ਰੀਤ ਕੌਰ ਵੀ ਸ਼ਾਮਲ ਹੋਏ। ਇਸ ਸਮਾਰੋਹ ਵਿੱਚ ਨਵੇਂ ਚੁਣੇ ਗਏ ਵਿਦਿਆਰਥੀ ਕੌਂਸਲ ਮੈਂਬਰਾਂ ਜਿਨ੍ਹਾਂ ਵਿੱਚ ਹੈੱਡ ਬੁਆਏ, ਹੈੱਡ ਗਰਲ, ਡਿਪਟੀ ਹੈੱਡ ਬੁਆਏ, ਡਿਪਟੀ ਹੈੱਡ ਗਰਲ, ਸਪੀਕਰ, ਹਾਊਸ ਕਪਤਾਨ, ਵਾਈਸ ਕਪਤਾਨ ਨੇ ਇਕ ਆਪਸੀ ਤਾਲਮੇਲ ਦੇ ਨਾਲ ਪਰੇਡ ਕਰਦੇ ਹੋਏ ਸਟੇਜ ਵੱਲ ਮਾਰਚ ਪਾਸਟ ਕੀਤਾ।ਉਨ੍ਹਾਂ ਨੂੰ ਸਨਮਾਨ ਅਤੇ ਜ਼ਿੰਮੇਵਾਰੀ ਦੇ ਚਿੰਨ੍ਹ ਵਜੋਂ ਆਪਣੀਆਂ ਆਪਣੀਆਂ ਜ਼ਿੰਮੇਵਾਰੀਆਂ ਦ ਟੈਗ ਪ੍ਰਦਾਨ ਕੀਤੇ ਗਏ।ਇਸ ਮੌਕੇ ਉਨ੍ਹਾਂ ਨੂੰ ਜ਼ਿੰਮੇਵਾਰੀ ਅਤੇ ਲਗਨ ਨਾਲ ਆਪਣੇ ਅਹੁਦੇ 'ਤੇ ਬਰਕਰਾਰ ਰਹਿਣ ਦੀ ਸਹੁੰ ਚੁਕਾਈ ਗਈ।ਇਸ ਮੌਕੇ ਮੈਨੇਜਿੰਗ ਡਾਇਰੈਕਟਰ ਡਾ: ਮੰਗਲ ਸਿੰਘ ਕਿਸ਼ਨਪੁਰੀ ਨੇ ਕਿਹਾ ਕਿ ਅੱਜ ਲੋੜ ਹ ਸਮਾਜ ਨੂੰ ਇੱਕ ਇਮਾਨਦਾਰ ਭਰੋਸੇਯੋਗ ਅਤੇ ਲਗਨ ਨਾਲ ਕੰਮ ਕਰਨ ਵਾਲੇ ਲੀਡਰਾਂ ਦੀ। ਇਸ ਮੌਕੇ ਪ੍ਰਿੰਸੀਪਲ ਅਮਰਪ੍ਰੀਤ ਕੌਰ ਨੇ ਵਿਦਿਆਰਥੀ ਨੇਤਾਵਾਂ ਨੂੰ ਰੋਲ ਮਾਡਲ ਬਣਨ ਅਤੇ ਅਨੁਸ਼ਾਸਨ ਅਤੇ ਹਮਦਰਦੀ ਨਾਲ ਅਗਵਾਈ ਕਰਨ ਦੀ ਅਪੀਲ ਕੀਤੀ।ਸਮਾਰੋਹ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਕੀਤੀ ਗਈ।ਇਸ ਮੌਕੇ ਵਾਈਸ ਪ੍ਰਿੰ. ਗੁਰਪ੍ਰੀਤ ਕੌਰ, ਸ਼ਿਲਪਾ ਸ਼ਰਮਾ ਕੁਆਡੀਨੇਟਰ, ਨੀਲਾਕਸ਼ੀ ਗੁਪਤਾ ਕੁਆਡੀਨੇਟਰ, ਸਮੂਹ ਸਟਾਫ ਅਤੇ ਬੱਚੇ ਹਾਜ਼ਰ ਸਨ।

## ਲੈਂਡ ਪੂਲਿੰਗ ਤੇ ਪ੍ਰੀਪੇਡ ਮੀਟਰਾਂ ਦੀ ਨੀਤੀ ਖਿਲਾਫ਼ ਸਰਕਾਰ ਵਿਰੁੱਧ ਨਾਅਰੇਬਾਜ਼ੀ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ੋਨ ਬੁਰਜ ਸਾਹਿਬ ਧਾਰੀਵਾਲ ਦੀ ਮੀਟਿੰਗ ਇਥੇ ਇਤਿਹਾਸਕ ਗੁਰਦੁਆਰਾ ਬੁਰਜ ਸਾਹਿਬ ਦੇ ਦੀਵਾਨ ਹਾਲ ਵਿੱਚ ਹੋਈ। ਜ਼ੋਨ ਪ੍ਰਧਾਨ ਹਰਚਰਨ ਸਿੰਘ ਧਾਰੀਵਾਲ ਕਲਾਂ ਤੇ ਸਕੱਤਰ ਸਤਨਾਮ ਸਿੰਘ ਖਾਨਮਲਕ ਦੀ ਅਗਵਾਈ ਹੇਠ ਮੀਟਿੰਗ ਵਿੱਚ ਜ਼ੋਨ ਅਧੀਨ ਪੈਂਦੇ ਸਾਰੇ ਪਿੰਡਾਂ ਦੀਆਂ ਇਕਾਈਆਂ ਦੇ ਅਹੁਦੇਦਾਰ ਸਾਮਲ ਹੋਏ। ਮੀਟਿੰਗ ਮਗਰੋਂ ਕਿਸਾਨਾਂ ਨੇ ਗੁਰਦੁਆਰਾ ਬੁਰਜ ਸਾਹਿਬ ਤੋਂ ਰੋਸ ਮਾਰਚ ਕਰਦੇ ਹੋਏ ਸ਼ਹਿਰ ਦੇ ਖੁੰਡਾ ਰੋਡ 'ਤੇ ਨੈਸ਼ਨਲ ਹਾਈਵੇਅ ਬਾਈਪਾਸ ਪੁਲ ਹੇਠਾਂ ਮੁੱਖ ਮੰਤਰੀ ਭਗਵੰਤ ਮਾਨ ਅਤੇ ਕੇਜਰੀਵਾਲ ਦਾ ਪੁਤਲਾ ਫੂਕਿਆ ਅਤੇ ਨਾਅਰੇਬਾਜ਼ੀ ਕੀਤੀ। ਕਿਸਾਨ ਆਗੂਆਂ ਕਿਹਾ ਪੰਜਾਬ ਸਰਕਾਰ ਕਾਰਪੋਰੇਟਾਂ ਦੇ ਇਸ਼ਾਰੇ 'ਤੇ ਪੰਜਾਬ ਦੀਆਂ ਬਹੁ-ਫਸਲੀ ਉਪਜਾਊ ਜ਼ਮੀਨ ਨੂੰ ਲੈਂਡ ਪੂਲਿੰਗ ਨੀਤੀ ਤਹਿਤ ਦੱਬ ਕੇ ਅਰਬਨ ਸਟੇਟ ਬਣਾਉਣ ਦੇ ਨਾਂ 'ਤੇ ਕਿਸਾਨਾਂ ਨੂੰ ਲੁੱਟਣ ਲਈ ਉਤਾਵਲੀ ਹੈ। ਉਨ੍ਹਾਂ ਕਿਹਾ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵਲੋਂ ਸਰਕਾਰ ਦੀ ਨੀਤੀਆਂ ਦੇ ਵਿਰੋਧ ਵਿੱਚ 'ਜ਼ਮੀਨ ਬਚਾਓ ਪਿੰਡ ਬਚਾਓ ਪੰਜਾਬ ਬਚਾਓ ਛੋਟੇ ਕਾਰੋਬਾਰੀ ਦੁਕਾਨਦਾਰ ਬਚਾਓ' ਤਹਿਤ ਰੋਸ ਰੈਲੀਆ ਕੀਤੀਆਂ ਜਾਣਗੀਆਂ। ਇਸ ਤੋਂ ਇਲਾਵਾ ਬਿਜਲੀ ਦੇ ਨਿੱਜੀਕਰਨ, ਪ੍ਰੀਪੇਡ ਮੀਟਰਾਂ ਲਗਾਉਣ ਅਤੇ ਲੈਂਡ ਪੂਲਿੰਗ ਨੀਤੀ ਰੱਦ ਕਰਵਾਉਣ ਲਈ ਪਿੰਡ ਪਿੰਡ ਫਲੈਕਸ/ਬੈਨਰ ਲਗਾ ਕੇ ਆਮ ਆਦਮੀ ਪਾਰਟੀ ਦੇ ਲੀਡਰਾਂ ਦਾ ਪਿੰਡਾਂ ਵਿੱਚ ਆਉਣ ਦਾ ਵਿਰੋਧ ਕੀਤਾ ਜਾਵੇਗਾ। ਕਿਸਾਨਾਂ ਆਗੂਆਂ ਕਿਹਾ ਲੈਂਡ ਪੂਲਿੰਗ ਲਈ ਬਿਲਕੁਲ ਜ਼ਮੀਨ ਨਹੀਂ ਦਿਆਂਗੇ ਤੇ ਨਾ ਹੀ ਪ੍ਰੀਪੇਡ ਮੀਟਰ ਲੱਗਣ ਦਿਆਂਗੇ। ਆਗੂਆਂ ਨੇ ਸਰਕਾਰ ਦੀ ਕਿਸਾਨ ਮਜ਼ਦੂਰ ਮਾਰੂ ਨੀਤੀਆਂ ਦੇ ਵਿਰੋਧ ਵਿੱਚ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵਲੋਂ ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ 11 ਅਗਸਤ ਨੂੰ ਪੂਰੇ ਪੰਜਾਬ ਅੰਦਰ ਜ਼ਿਲ੍ਹਾ ਪੱਧਰੀ ਮੋਟਰਸਾਈਕਲ ਰੈਲੀਆਂ ਕੀਤੀਆਂ ਜਾਣਗੀਆਂ ਅਤੇ ਕਿਸਾਨ ਮਜ਼ਦੂਰ ਮੋਰਚੇ ਵੱਲੋਂ 20 ਅਗਸਤ ਨੂੰ ਪਿੰਡ ਕੁੱਕੜ (ਜਲੰਧਰ) ਵਿਖੇ ਸੂਬਾ ਪੱਧਰੀ ਰੈਲੀ ਕੀਤੀ ਜਾਵੇਗੀ। ਮੀਟਿੰਗ ਵਿੱਚ ਕਿਸਾਨ ਆਗੂ ਬੀਰ ਸਿੰਘ, ਬਲਵਿੰਦਰ ਕੌਰ, ਮਨਜੀਤ ਕੌਰ, ਜੋਗਿੰਦਰ ਕੌਰ, ਸਪਨਾ, ਗੁਰਮੀਤ ਕੌਰ, ਭੋਲੀ, ਜੋਤੀ, ਰਾਜੀ, ਜਸਬੀਰ ਕੌਰ, ਦਵਿੰਦਰ ਸਿੰਘ, ਹੇਮ ਸਿੰਘ, ਅਮਰੀਕ ਸਿੰਘ, ਅਜੀਤ ਸਿੰਘ, ਸਰਬਜੀਤ ਕੌਰ, ਪ੍ਰਗਟ ਸਿੰਘ, ਰਜਿੰਦਰ ਸਿੰਘ, ਕੁਲਬੀਰ ਪਿੰਕੀ, ਵਿਜੇ ਕੁਮਾਰ, ਬੀਰ ਸਿੰਘ, ਮਹਿਲ ਸਿੰਘ, ਗੁਰਦੇਵ ਸਿੰਘ ਆਦਿ ਸ਼ਾਮਲ ਸਨ।

## ਧਾਰਮਿਕ ਪ੍ਰੀਖਿਆ 'ਚੋਂ ਅੱਵਲ ਆਏ ਰੇਵੰਨ ਇੰਟਰਨੈਸ਼ਨਲ ਸਕੂਲ ਦੇ ਬੱਚਿਆਂ ਦਾ ਸਨਮਾਨ



**ਮਜੀਠਾ (ਸੋਇਮ ਆਨੰਦ)**-ਸਰਕਲ ਕੱਥੂਨੰਗਲ ਅਧੀਨ ਆਉਂਦੇ ਰੇਵੰਨ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਹਰੀਆਂ ਰੋਡ ਮਜੀਠਾ ਦੇ ਵਿਦਿਆਰਥੀਆਂ ਨੇ ਵੀ ਧਾਰਮਿਕ ਪ੍ਰੀਖਿਆ 'ਚ ਭਾਗ ਲਿਆ ਸੀ। ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਵੱਲੋਂ ਇਸ ਪ੍ਰੀਖਿਆ ਵਿਚ ਅੱਵਲ ਆਏ ਵਿਦਿਆਰਥੀਆਂ ਲਈ ਭੇਜੇ ਇਨਾਮ ਵਿਦਿਆਰਥੀਆਂ ਵਿੱਚ ਤਕਸੀਮ ਕੀਤੇ ਗਏ। ਇਸ ਮੌਕੇ ਗੱਲਬਾਤ ਕਰਦਿਆਂ ਜੋਗਾ ਸਿੰਘ ਅਠਵਾਲ ਨੇ ਦੱਸਿਆ ਕਿ ਕਾਲਜ ਵੱਲੋਂ ਇਹ ਧਾਰਮਿਕ ਪ੍ਰੀਖਿਆ ਹਰ ਸਾਲ ਨਵੰਬਰ ਮਹੀਨੇ ਵਿਚ ਲਈ ਜਾਂਦੀ ਹੈ। ਇਸ ਮੌਕੇ ਸਕੂਲ ਐੱਮ ਡੀ ਅਮਰਪ੍ਰੀਤ ਸਿੰਘ ਨੇ ਵਿਦਿਆਰਥੀਆਂ ਲਈ ਭੇਜੇ ਸਨਮਾਨ ਚਿੰਨ੍ਹ ਲਈ ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਦੀ ਟੀਮ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਸ ਧਾਰਮਿਕ ਪ੍ਰੀਖਿਆ ਵਿੱਚੋਂ ਵਿਦਿਆਰਥੀਆਂ ਨੂੰ ਸਿੱਖ ਧਰਮ ਦੀ ਵਿਆਖਿਆ ਸਹਿਤ ਵੱਡੀ ਜਾਣਕਾਰੀ ਮਿਲਦੀ ਹੈ। ਇਸ ਮੌਕੇ ਸਕੂਲ ਐੱਮ ਡੀ ਅਮਰਪ੍ਰੀਤ ਸਿੰਘ ਗਿੱਲ, ਜੋਗਾ ਸਿੰਘ ਅਠਵਾਲ, ਮੈਡਮ ਗੁਰਪ੍ਰੀਤ ਕੌਰ, ਪ੍ਰਿੰ. ਵਰਿੰਦਰ ਕੁਮਾਰ, ਰਮਨਦੀਪ ਕੌਰ, ਪਰਮਪ੍ਰੀਤ ਸਿੰਘ, ਸਰਨਜੀਤ ਕੌਰ, ਕਵਲਜੀਤ ਕੌਰ, ਸੋਨਮ ਸ਼ਰਮਾ, ਮਨਦੀਪ ਕੌਰ, ਰਾਜਵਿੰਦਰ ਕੌਰ, ਰਮਨਜੀਤ ਕੌਰ, ਅਮਨਦੀਪ ਕੌਰ, ਜਸ਼ਨਪ੍ਰੀਤ ਕੌਰ, ਗੁਰਿੰਦਰ ਕੌਰ, ਅਮਨਬੀਰ ਕੌਰ, ਪ੍ਰਭਜੋਤ ਕੌਰ, ਕੋਮਲ, ਸੀਮਾ, ਗੁਰਸ਼ਰਨ ਕੌਰ ਤੋਂ ਇਲਾਵਾ ਸਟਾਫ ਮੈਂਬਰ ਅਤੇ ਵਿਦਿਆਰਥੀ ਹਾਜ਼ਰ ਸਨ।

## ਕੰਨਿਆ ਭਰੂਣ ਹੱਤਿਆ ਨੂੰ ਰੋਕਣ ਸੰਬੰਧੀ ਕਰਵਾਇਆ ਜਾਗਰੂਕਤਾ ਸੈਮੀਨਾਰ

**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਪੀ. ਐੱਮ. ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਵਿਖੇ ਸਕੂਲ ਮੁਖੀ ਡਾ. ਸੁਨੀਤਾ ਕੌਸ਼ਲ ਦੀ ਆਗਵਾਈ ਹੇਠ ਕੰਨਿਆ ਭਰੂਣ ਹੱਤਿਆ ਨੂੰ ਰੋਕਣ ਸਬੰਧੀ ਜਾਗਰੂਕਤਾ ਸੈਮੀਨਰ ਲਗਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਪ੍ਰਿੰਸੀਪਲ ਡਾ. ਕੌਸ਼ਲ ਨੇ ਕਿਹਾ ਕਿ ਭਰੂਣ ਹੱਤਿਆ ਨੂੰ ਰੋਕਣ ਲਈ ਨੈਤਿਕ ਕਦਰਾਂ-ਕੀਮਤਾਂ ਦੇ ਨਾਲ-ਨਾਲ ਸਮਾਜਿਕ ਜਾਗ੍ਰਿਤੀ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਧੀਆਂ ਮਾਪਿਆਂ ਦਾ ਸਾਥ ਕਬਰਾਂ ਤੱਕ ਨਿਭਾਉਂਦੀਆਂ ਹਨ। ਡਾ. ਕੌਸ਼ਲ ਨੇ ਕਿਹਾ ਕਿ ਕਾਨੂੰਨ ਬਣਾਉਣ ਨਾਲ ਭਰੂਣ ਹੱਤਿਆ ਖ਼ਤਮ ਨਹੀਂ ਹੋਵੇਗੀ, ਸਗੋਂ ਸਾਨੂੰ ਆਪਣੀ ਸੋਚ ਬਦਲਣੀ ਪਵੇਗੀ।ਇਸੇ ਨਰੋਈ ਸੋਚ ਨਾਲ ਨਰੋਆ ਸਮਾਜ ਉਸਰੇਗਾ ਜਿਸ 'ਚ ਭਰੂਣ ਹੱਤਿਆ ਵਰਗੀਆਂ ਸਮਾਜਿਕ ਅਲਾਮਤਾਂ ਲਈ ਕੋਈ ਥਾਂ ਨਹੀਂ ਹੋਵੇਗੀ।ਉਨ੍ਹਾਂ ਵਿਦਿਆਰਥੀਆਂ ਨੂੰ ਕਦੇ ਵੀ ਲਾਲਚ ਨਾ ਕਰਨ, ਦਾਜ ਨਾ ਮੰਗਣ ਅਤੇ ਭਰੂਣ ਹੱਤਿਆ ਤੋਂ ਦੂਰ ਰਹਿਣ ਦਾ ਪ੍ਰਣ ਕਰਨ ਦਾ ਸੱਦਾ ਦਿੱਤਾ।ਇਸ ਤੋਂ ਪਹਿਲਾਂ ਵਿਦਿਆਰਥੀਆਂ ਵੱਲੋਂ ਕੰਨਿਆ ਭਰੂਣ ਹੱਤਿਆ ਵਿਰੁੱਧ ਨਾਟਕ ਦਾ ਮੰਚਨ ਕੀਤਾ ਗਿਆ।

## ਸਮਾਜ ਸੇਵੀ ਸਵਿੰਦਰ ਸਿੰਘ ਵਡਾਲਾ ਨੇ ਲੋਕਾਂ ਨੂੰ ਰੁੱਖ ਲਗਾਉਣ ਲਈ ਕੀਤਾ ਜਾਗਰੂਕ



**ਮਜੀਠਾ (ਸੋਇਮ ਆਨੰਦ)**-ਵਾਤਾਵਰਨ ਨੂੰ ਸ਼ੁੱਧ ਅਤੇ ਹਰਿਆ-ਭਰਿਆ ਬਣਾਉਣ ਦੇ ਮਕਸਦ ਨਾਲ ਐੱਸਡੀਐੱਮ ਮਜੀਠਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਮਾਜ ਸੇਵੀ ਨੰਬਰਦਾਰ ਸਵਿੰਦਰ ਸਿੰਘ ਕਾਕਾ ਵਡਾਲਾ ਦੀ ਅਗਵਾਈ ਹੇਠ ਵਡਾਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿੱਚ ਰੁੱਖ ਲਗਾਓ ਮੁਹਿੰਮ ਮੁਹਿੰਮ ਚਲਾਈ ਗਈ।ਇਸ ਮੌਕੇ ਸਮਾਜ ਸੇਵੀ ਨੰਬਰਦਾਰ ਸਵਿੰਦਰ ਸਿੰਘ ਵਡਾਲਾ ਨੇ ਲੋਕਾਂ ਨੂੰ ਰੁੱਖਾਂ ਦੀ ਮਹੱਤਤਾ ਬਾਰੇ ਜਾਗਰੂਕ ਕਰਦਿਆਂ ਕਿਹਾ ਕਿ ਇਸ ਮੁਹਿੰਮ ਦਾ ਮੁੱਖ ਉਦੇਸ਼ ਲੋਕਾਂ ਵਿੱਚ ਵਾਤਾਵਰਨ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਅਤੇ ਵੱਧ ਤੋਂ ਵੱਧ ਰੁੱਖ ਲਗਾ ਕੇ ਧਰਤੀ ਨੂੰ ਹਰਿਆ-ਭਰਿਆ ਬਣਾਉਣਾ ਹੈ।ਉਨ੍ਹਾਂ ਕਿਹਾ ਕਿ ਰੁੱਖ ਨਾ ਸਿਰਫ਼ ਸਾਨੂੰ ਸਾਫ਼ ਹਵਾ ਅਤੇ ਛਾਂ ਪ੍ਰਦਾਨ ਕਰਦੇ ਹਨ, ਸਗੋਂ ਵਾਤਾਵਰਨ ਸੰਤੁਲਨ ਨੂੰ ਕਾਇਮ ਰੱਖਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਨੇ ਸਮਾਜ ਦੇ ਹਰ ਵਰਗ ਨੂੰ ਇਸ ਮੁਹਿੰਮ ਵਿੱਚ ਸ਼ਾਮਲ ਹੋ ਕੇ ਰੁੱਖ ਲਗਾਉਣ ਦੀ ਅਪੀਲ ਕੀਤੀ।ਉਨ੍ਹਾਂ ਇਸ ਮੁਹਿੰਮ ਦੌਰਾਨ ਵੱਖ-ਵੱਖ ਪ੍ਰਕਾਰ ਦੇ ਪੌਦੇ ਜਿਵੇਂ ਕਿ ਨਿੰਮ, ਪਿੱਪਲ, ਬੋਹੜ ਅਤੇ ਹੋਰ ਸਥਾਨਕ ਰੁੱਖ ਲਗਾਏ ਗਏ। ਇਸ ਮੌਕੇ ਸਥਾਨਕ ਲੋਕਾਂ ਨੇ ਵੀ ਸਹਿਯੋਗ ਦਿੰਦਿਆਂ ਵੱਡੀ ਗਿਣਤੀ ਵਿੱਚ ਹਿੱਸਾ ਲਿਆ ਅਤੇ ਰੁੱਖਾਂ ਦੀ ਸੰਭਾਲ ਦਾ ਵੀ ਪ੍ਰਣ ਕੀਤਾ।ਇਸ ਸਮਾਗਮ ਵਿੱਚ ਬਾਬਾ ਬਲਜੀਤ ਸਿੰਘ ਭੋਮਾ, ਡਾ. ਸੋਮਾ ਭੋਮਾ, ਬਾਬਾ ਹਰਪ੍ਰੀਤ ਸਿੰਘ ਭੋਮਾ, ਮਨਪ੍ਰੀਤ ਸਿੰਘ ਭੋਮਾ, ਅੰਮ੍ਰਿਤਪਾਲ ਸਿੰਘ ਭੋਮਾ, ਮੈਂਬਰ ਲਾਟੀ ਮਸੀਹ ਵਡਾਲਾ, ਸ਼ਮਸ਼ੇਰ ਮਸੀਹ, ਹਰਜਿੰਦਰ ਸਿੰਘ ਵਡਾਲਾ, ਬਲਵਿੰਦਰ ਸਿੰਘ ਵਡਾਲਾ, ਨਿਰਮਲ ਸਿੰਘ, ਹਰਮਨ ਸਿੰਘ ਗਿੱਲ, ਬਚਿੱਤਰ ਸਿੰਘ, ਚਰਨਜੀਤ ਸਿੰਘ ਵਡਾਲਾ, ਰਿੰਕੂ ਵਡਾਲਾ, ਜਸ਼ਨ ਵਡਾਲਾ, ਰਾਹੁਲ ਵਡਾਲਾ, ਕਵਲਜੀਤ ਸਿੰਘ ਆਦਿ ਨੇ ਸਰਗਰਮੀ ਨਾਲ ਹਿੱਸਾ ਲਿਆ।

## ਡਾਇਸਨ ਨੇ ਦਿ ਡਿਫਰੈਂਸ ਇਜ਼ ਡਾਇਸਨ ਕੈਂਪੇਨ ਦੀ ਸ਼ੁਰੂਆਤ ਕੀਤੀ

**ਜਲੰਧਰ**-ਗਲੋਬਲ ਟੈਕਨਾਲੋਜੀ ਕੰਪਨੀ ਡਾਇਸਨ ਨੇ ਆਪਣੀ ਨਵੀਂ ਮੁਹਿੰਮ 'ਦਿ ਡਿਫਰੈਂਸ ਇਜ਼ ਡਾਇਸਨ' ਦੀ ਸ਼ੁਰੂਆਤ ਕੀਤੀ ਹੈ।ਇਸ ਮੁਹਿੰਮ ਵਿੱਚ ਡਾਇਸਨ ਬਿਊਟੀ ਦੀ ਬ੍ਰਾਂਡ ਅੰਬੈਸਡਰ ਦੀਪਿਕਾ ਪਾਦੁਕੋਣ ਹੈ।ਇਸ ਪਹਿਲਕਦਮੀ ਦੇ ਤਹਿਤ ਡਾਇਸਨ ਵੱਖ-ਵੱਖ ਵਾਲਾਂ ਦੀਆਂ ਕਿਸਮਾਂ ਲਈ ਆਪਣੇ ਵਿਲੱਖਣ ਉਤਪਾਦਾਂ ਦਾ ਪ੍ਰਦਰਸ਼ਨ ਕਰ ਰਿਹਾ ਹੈ ਜੋ ਹੀਟ ਦੇ ਨੁਕਸਾਨ ਤੋਂ ਬਿਨਾਂ ਸਭ ਤੋਂ ਵਧੀਆ ਸਟਾਈਲਿੰਗ ਅਨੁਭਵ ਪ੍ਰਦਾਨ ਕਰਦੇ ਹਨ।ਡਾਇਸਨ ਇੰਡੀਆ ਦੇ ਮੈਨੇਜਿੰਗ ਡਾਇਰੈਕਟਰ ਅੰਕਿਤ ਜੈਨ ਨੇ ਦੱਸਿਆ ਕਿ ਇਸ ਮੁਹਿੰਮ ਦਾ ਉਦੇਸ਼ ਵੱਖ-ਵੱਖ ਸ਼ਖਸੀਅਤਾਂ ਨੂੰ ਇਕ ਮੰਚ 'ਤੇ ਲਿਆਉਣਾ ਅਤੇ ਉਨ੍ਹਾਂ ਨੂੰ ਉਤਸ਼ਾਹਿਤ ਕਰਨਾ ਹੈ ਜੋ ਨਵੀਨਤਾ ਪ੍ਰਤੀ ਸਾਡੀ ਵਚਨਬੱਧਤਾ ਨੂੰ ਦਰਸਾਉਂਦਾ ਹੈ।ਸਾਡੇ ਉਤਪਾਦ ਗਾਹਕਾਂ ਨੂੰ ਇੱਕ ਸਿਹਤਮੰਦ ਅਤੇ ਵਧੀਆ ਸਟਾਈਲਿੰਗ ਅਨੁਭਵ ਦੇਣ ਲਈ ਲਈ ਡਿਜ਼ਾਈਨ ਕੀਤੇ ਗਏ ਹਨ ਤਾਂ ਜੋ ਗਾਹਕਾਂ ਨੂੰ ਸਿਹਤਮੰਦ ਅਤੇ ਬਿਹਤਰੀਨ ਸਟਾਇਲਿੰਗ ਦਾ ਅਨੁਭਵ ਮਿਲ ਸਕੇ।

## ਬਾਬਾ ਦਿੱਤ ਮੱਲ ਸ਼ਹੀਦ ਦੀ ਯਾਦ 'ਚ 3 ਰੋਜ਼ਾ ਸ਼ਹੀਦੀ ਜੋੜ ਮੇਲਾ ਭਲਕੇ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**-ਪਿੰਡ ਖਿਆਲਾ ਕਲਾਂ/ਖੁਰਦ ਵਿਖੇ ਬਾਬਾ ਦਿੱਤ ਮੱਲ ਸ਼ਹੀਦ ਦੀ ਯਾਦ ਵਿੱਚ ਤਿੰਨ ਰੋਜ਼ਾ ਸਾਲਾਨਾ ਸ਼ਹੀਦੀ ਜੋੜ ਮੇਲਾ 8 ਤੋਂ 10 ਅਗਸਤ ਤੱਕ ਬੜੀ ਸ਼ਰਧਾ ਭਾਵਨਾ ਸਹਿਤ ਮਨਾਇਆ ਜਾ ਰਿਹਾ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਲਖਵਿੰਦਰ ਸਿੰਘ ਖਿਆਲਾ, ਹੈੱਡ ਗ੍ਰੰਥੀ ਬਾਬਾ ਦਇਆ ਸਿੰਘ, ਸਰਪੰਚ ਮੰਗਵਿੰਦਰ ਸਿੰਘ ਖਿਆਲਾ ਕਲਾਂ ਅਤੇ ਸਰਪੰਚ ਹਰਵਿੰਦਰ ਸਿੰਘ ਖਿਆਲਾ ਖੁਰਦ ਨੇ ਦੱਸਿਆ ਕਿ ਬਾਬਾ ਦਿੱਤ ਮੱਲ, ਪਿਪਲੀ ਸਾਹਿਬ ਦੀ ਜੰਗ ਸਮੇਂ ਮੁਗਲਸ ਖਾਂ ਜਰਨੈਲ ਦੀ 8 ਹਜ਼ਾਰ ਫੌਜ ਨਾਲ ਆਪਣੇ ਸਾਥੀ ਸਿੰਘਾਂ ਸਮੇਤ ਲੜਦੇ ਹੋਏ ਮੈਦਾਨ ਜੰਗ ਵਿੱਚ ਸ਼ਹੀਦੀ ਜਾਮ ਪੀ ਗਏ ਸਨ।ਇਸ ਅਮਰ ਸ਼ਹੀਦ ਦੀ ਯਾਦ 'ਚ ਗੁਰਦੁਆਰਾ ਬਾਬਾ ਦਿੱਤ ਮੱਲ ਜੀ ਸ਼ਹੀਦ ਪਿੰਡ ਖਿਆਲਾ ਵਿਖੇ ਸੁਸ਼ੋਭਿਤ ਹੈ।ਇਸ ਸਥਾਨ 'ਤੇ 8 ਅਗਸਤ ਨੂੰ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਜਾਣਗੇ।9 ਅਗਸਤ ਦੀ ਰਾਤ ਨੂੰ ਸ਼ਾਮ ਸਾਢੇ 7 ਵਜੇ ਸਜਾਏ ਜਾਣ ਵਾਲੇ ਸਮਾਗਮ ਵਿੱਚ ਬਾਬਾ ਕਸ਼ਮੀਰ ਸਿੰਘ ਕੀਰਤਨੀ ਜਥਾ, ਪੰਥਕ ਕਵੀ ਭਾਈ ਕੁਲਦੀਪ ਸਿੰਘ ਦਰਾਜਕੇ, ਮਾਤਾ ਗੁਜਰੀ ਦਲ ਸੇਵਕ ਕੀਰਤਨੀ ਜਥਾ, ਭਾਈ ਗੁਰਪ੍ਰੀਤ ਸਿੰਘ ਖਾਲਸਾ ਇੰਟਰਨੈਸ਼ਨਲ ਕਵੀਸ਼ਰੀ ਜਥਾ ਹਾਜ਼ਰੀਆਂ ਭਰਨਗੇ।]

10 ਅਗਸਤ ਨੂੰ ਅਖੰਡ ਪਾਠ ਦੇ ਭੋਗ ਉਪਰੰਤ ਸਜਾਏ ਜਾਣ ਵਾਲੇ ਦੀਵਾਨ ਵਿੱਚ ਭਾਈ ਸਤਨਾਮ ਸਿੰਘ ਲਾਲੂ ਘੁੰਮਣ, ਭਾਈ ਕੇਵਲ ਸਿੰਘ ਮਹਿਤਾ ਸੋਹੀ ਬ੍ਰਦਰਜ਼, ਭਾਈ ਕਸ਼ਮੀਰ ਸਿੰਘ ਰੜਾਲਾ, ਭਾਈ ਅਵਤਾਰ ਸਿੰਘ ਖਿਆਲਾ ਦੇ ਢਾਡੀ ਅਤੇ ਕਵਸ਼ਰੀ ਜਥੇ ਸੰਗਤਾਂ ਨੂੰ ਗੁਰਮਤਿ ਇਤਿਹਾਸ ਨਾਲ ਜੋੜਨਗੇ।

ਸ਼ਾਮ ਨੂੰ ਚਾਰ ਤੋਂ ਪੰਜ ਵਜੇ ਤੱਕ ਭਾਈ ਲਖਬੀਰ ਸਿੰਘ ਕਬੱਡੀ ਕਲੱਬ ਘਰਿਆਲਾ ਅਤੇ ਬਾਬਾ ਨਾਮਦੇਵ ਕਬੱਡੀ ਕਲੱਬ ਘੁਮਾਣ ਦਰਮਿਆਨ ਕਬੱਡੀ ਮੁਕਾਬਲੇ ਕਰਵਾਏ ਜਾਣਗੇ।

## ਆਰਚਰੀ ਮੁਕਾਬਲਿਆਂ 'ਚ ਵਧੀਆ ਪ੍ਰਦਰਸ਼ਨ ਕਰਨ ਵਾਲੇ ਬੱਚੇ ਤੇ ਸਟਾਫ ਸਨਮਾਨਿਤ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸਰਕਾਰੀ ਪੀਐੱਮਸ੍ਰੀ ਸੀਨੀਅਰ ਸੈਕੰਡਰੀ ਸਕੂਲ ਬਹਾਦਰਪੁਰ ਰਜੋਆ ਵਿਖੇ ਬੀਐੱਨਓ ਪ੍ਰਿੰਸੀਪਲ ਰਾਮ ਲਾਲ ਦੀ ਯੋਗ ਰਹਿਨੁਮਾਈ ਹੇਠ ਜ਼ਿਲ੍ਹਾ ਗੁਰਦਾਸਪੁਰ ਦੇ ਸਟੇਟ ਲੈਵਲ ਲਈ ਵਿਦਿਆਰਥੀਆਂ ਦੇ ਆਰਚਰੀ ਦੇ ਮੁਕਾਬਲੇ ਕਰਾਏ ਗਏ ਜਿਸ ਵਿੱਚ ਆਰਪੀ ਐੱਸ ਸਕੂਲ ਤੁਗਲਵਾਲ, ਡੀ. ਐੱਸ. ਸਕੂਲ ਕਲੀਚਪੁਰ, (ਦੀਨਾਨਗਰ) ਸਰਕਾਰੀ ਹਾਈ ਸਕੂਲ ਗਿੱਲਾਂ ਵਾਲੀ ਅਤੇ ਹੋਰ ਬਹੁਤ ਸਾਰੇ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਸਕੂਲ ਦੇ ਖੇਡ ਕੋਆਰਡੀਨੇਟਰ ਲੈਕਚਰਾਰ ਅਮਰਿੰਦਰ ਸਿੰਘ, ਸਿਮਰਜੀਤ ਕੌਰ, ਡੀਪੀਈ ਸਰਕਾਰੀ ਹਾਈ ਸਕੂਲ ਭਾਮ, ਗੁਰਇਕਬਾਲ ਸਿੰਘ ਡੀਪੀਈ ਅਤੇ ਸਕੋਰਰ ਲਖਬੀਰ ਕੌਰ ਦੀ ਪਾਰਖੂ ਜੱਜਮੈਂਟ ਹੇਠ ਆਰਚਰੀ ਦੇ ਮੁਕਾਬਲੇ ਕਰਾਏ ਗਏ।

ਪ੍ਰਿੰਸੀਪਲ ਨੇ ਅੰਡਰ -14, ਅੰਡਰ -17, ਅੰਡਰ -19 ਦੇ ਲੜਕੇ ਤੇ ਲੜਕੀਆਂ ਦੇ ਮੁਕਾਬਲਿਆਂ ਵਿੱਚੋਂ ਸਟੇਟ ਲੈਵਲ ਤੇ ਸਿਲੈਕਟ ਹੋਏ ਬੱਚਿਆਂ ਨੂੰ ਅਤੇ ਸਟਾਫ ਨੂੰ ਸਨਮਾਨਿਤ ਕੀਤਾ। ਉਨ੍ਹਾਂ ਭਵਿੱਖ ਲਈ ਚੰਗੇ ਪ੍ਰਦਰਸ਼ਨ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

## ਅਰਥਸ਼ਾਸਤਰੀ ਸਾਕਸ਼ੀ ਗੁਪਤਾ ਵੱਲੋਂ ਆਰਬੀਆਈ ਕ੍ਰੈਡਿਟ ਨੀਤੀ 'ਤੇ ਟਿੱਪਣੀ

**ਅੰਮ੍ਰਿਤਸਰ**-ਮੁਦਰਾਸਫੀਤੀ ਦੇ ਪੂਰਵ ਅਨੁਮਾਨਾਂ ਵਿੱਚ ਮਹੱਤਵਪੂਰਨ ਗਿਰਾਵਟ, ਪਹਿਲੀ ਤਿਮਾਹੀ ਵਿੱਚ ਹੁਣ ਤੱਕ ਦੇ ਮਿਸ਼ਰਤ ਮੈਕਰੋ ਰੁਝਾਨਾਂ ਅਤੇ ਟੈਰਿਫ-ਸਬੰਧਤ ਚੁਣੌਤੀਆਂ ਦੇ ਬਾਵਜੂਦ ਆਰਬੀਆਈ ਨੇ ਆਪਣੀ ਨੀਤੀਗਤ ਦਰ ਨੂੰ 5.5% ਤੇ ਬਿਨਾਂ ਕਿਸੇ ਬਦਲਾਅ ਦੇ ਰੱਖਣ ਦਾ ਫੈਸਲਾ ਕੀਤਾ, ਜਿਵੇਂ ਕਿ ਉਮੀਦ ਕੀਤੀ ਜਾਂਦੀ ਹੈ ਅਤੇ ਆਪਣਾ ਰੁਖ਼ ਨਿਰਪੱਖ ਰੱਖਿਆ।ਐੱਮਪੀਸੀ ਦਾ ਇਹ ਫੈਸਲਾ ਸਰਬਸੰਮਤੀ ਨਾਲ ਲਿਆ ਗਿਆ ਜਦੋਂਕਿ ਨਿਰਪੱਖ ਰੁਖ਼ ਹੋਰ ਢਿੱਲ ਦੇਣ ਲਈ ਸੀਮਤ ਗੁੰਜਾਇਸ਼ ਨੂੰ ਦਰਸਾਉਂਦਾ ਹੈ, ਗਵਰਨਰ ਨੇ ਸੰਕੇਤ ਦਿੱਤਾ ਕਿ ਭਵਿੱਖ ਦੀ ਕਾਰਵਾਈ ਵਿਕਾਸ ਪ੍ਰਦਰਸ਼ਨ 'ਤੇ ਨਿਰਭਰ ਕਰੇਗੀ। ਇਸ ਲਈ ਹੋਰ ਨੀਤੀਗਤ ਦਰਾਂ ਵਿੱਚ ਕਟੌਤੀਆਂ 'ਤੇ ਦਰਵਾਜ਼ੇ ਨੂੰ ਪੂਰੀ ਤਰ੍ਹਾਂ ਬੰਦ ਨਹੀਂ ਕੀਤਾ ਜਾ ਰਿਹਾ ਹੈ।ਮਹਿੰਗਾਈ ਦੇ ਅਨੁਮਾਨਾਂ ਨੂੰ ਦੇਖਦੇ ਹੋਏ 25-50 ਆਧਾਰ ਅੰਕਾਂ ਦੀ ਇੱਕ ਹੋਰ ਦਰ ਕਟੌਤੀ ਦੀ ਗੁੰਜਾਇਸ਼ ਰਹਿੰਦੀ ਹੈ, ਹਾਲਾਂਕਿ ਆਰਬੀਆਈ ਅਜਿਹਾ ਸਿਰਫ਼ ਤਾਂ ਹੀ ਕਰੇਗਾ ਜੇਕਰ ਵਿਕਾਸ ਲਈ ਮਹੱਤਵਪੂਰਨ ਨੁਕਸਾਨਦੇਹ ਜੋਖਮ ਹਨ।

## ਜੋਬਨ ਰੰਧਾਵਾ ਨੂੰ ਚੇਅਰਮੈਨ ਨਿਯੁਕਤ ਕਰਨ 'ਤੇ ਡਾ. ਕੇਜੇ ਸਿੰਘ ਵੱਲੋਂ ਪਾਰਟੀ ਹਾਈਕਮਾਂਡ ਦਾ ਧੰਨਵਾਦ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਆਮ ਆਦਮੀ ਪਾਰਟੀ ਵੱਲੋਂ ਪੰਜਾਬ ਸਰਕਾਰ ਵਿੱਚ ਵੱਖ-ਵੱਖ ਸੰਗਠਨਾਂ ਅਤੇ ਵਿਭਾਗਾਂ ਦੇ ਚੇਅਰਮੈਨ ਤੇ ਹੋਰ ਅਹੁਦੇਦਾਰ ਨਿਯੁਕਤ ਕੀਤੇ ਜਾ ਰਹੇ ਹਨ। ਇਸੇ ਤਹਿਤ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਜੋਬਨ ਰੰਧਾਵਾ ਨੂੰ ਹੁਣ ਪਾਰਟੀ ਹਾਈਕਮਾਂਡ ਵੱਲੋਂ ਜ਼ਿਲ੍ਹਾ ਯੋਜਨਾ ਬੋਰਡ ਗੁਰਦਾਸਪੁਰ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਪਾਰਟੀ ਹਾਈਕਮਾਂਡ ਵੱਲੋਂ ਜੋਬਨ ਰੰਧਾਵਾ ਨੂੰ ਜ਼ਿਲ੍ਹਾ ਯੋਜਨਾ ਬੋਰਡ ਗੁਰਦਾਸਪੁਰ ਦਾ ਚੇਅਰਮੈਨ ਨਿਯੁਕਤ 'ਤੇ ਡਾਕਟਰ ਕੇਜੇ ਸਿੰਘ ਸਾਬਕਾ ਅਬਜਰਵਰ ਤੇ ਸੀਨੀਅਰ ਆਗੂ ਆਮ ਆਦਮੀ ਪਾਰਟੀ ਹਲਕਾ ਸ੍ਰੀ ਹਰਗੋਬਿੰਦਪੁਰ ਸਾਹਿਬ ਨੇ ਜੋਬਨ ਰੰਧਾਵਾ ਨੂੰ ਅਹਿਮ ਜ਼ਿੰਮੇਵਾਰੀ ਮਿਲਣ 'ਤੇ ਵਧਾਈ ਤੇ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਪਾਰਟੀ ਨੈਸ਼ਨਲ ਕਨਵੀਨਰ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਪ੍ਰਭਾਰੀ ਮਨੀਸ਼ ਸਿਸੋਦੀਆ, ਪੰਜਾਬ ਪ੍ਰਧਾਨ ਅਮਨ ਅਰੋੜਾ, ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਲੋਕ ਸਭਾ ਇੰਚਾਰਜ ਗੁਰਦਾਸਪੁਰ ਰਾਜੀਵ ਸ਼ਰਮਾ ਅਤੇ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕੀਤਾ ਹੈ। ਡਾ: ਕੇਜੇ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਜੋਬਨ ਰੰਧਾਵਾ ਜਿਵੇਂ ਜ਼ਿਲ੍ਹਾ ਪ੍ਰਧਾਨਗੀ ਬੜੀ ਮਿਹਨਤ, ਇਮਾਨਦਾਰੀ ਅਤੇ ਲਗਨ ਨਾਲ ਨਿਭਾ ਕੇ ਜ਼ਿਲ੍ਹਾ ਗੁਰਦਾਸਪੁਰ ਦਾ ਸੰਗਠਨ ਮਜ਼ਬੂਤ ਕਰ ਰਹੇ ਹਨ, ਉਸੇ ਹੀ ਤਰ੍ਹਾਂ ਹੁਣ ਉਹ ਇਹ ਜ਼ਿੰਮੇਵਾਰੀ ਨੂੰ ਵੀ ਮਿਹਨਤ ਅਤੇ ਤਨਦੇਹੀ ਨਾਲ ਨਿਭਾਉਂਦੇ ਹੋਏ ਜ਼ਿਲ੍ਹਾ ਗੁਰਦਾਸਪੁਰ ਦੀ ਤਰੱਕੀ ਅਤੇ ਖੁਸ਼ਹਾਲੀ ਵਿੱਚ ਵਡਮੁੱਲਾ ਯੋਗਦਾਨ ਪਾਉਣਗੇ।

**ਜਨਮ ਦਿਨ ਮੁਬਾਰਕ**



ਅਵਨੀਤ ਕੌਰ
ਹੁਸ਼ਿਆਰਪੁਰ

# ਮੋਦੀ ਸਰਕਾਰ ਵੱਲੋਂ ਆਦਿਵਾਸੀਆਂ ਤੇ ਘੱਟ ਗਿਣਤੀਆਂ 'ਤੇ ਕੀਤੇ ਜਾ ਰਹੇ ਫਾਸ਼ੀ ਹਮਲਿਆਂ ਦੀ ਵਿਰੋਧਤਾ ਦਾ ਸੱਦਾ

**ਜਲੰਧਰ (ਕੇਸਰ, ਗਿਆਨ ਸੈਦਪੁਰੀ)**

ਇਥੇ ਫਾਸ਼ੀਵਾਦੀ ਹਮਲਿਆਂ ਵਿਰੋਧੀ ਫਰੰਟ, ਜਿਸ ਵਿੱਚ ਸ਼ਾਮਲ ਭਾਰਤੀ ਕਮਿਊਨਿਸਟ ਪਾਰਟੀ, ਇਨਕਲਾਬੀ ਮਾਰਕਸਵਾਦੀ ਪਾਰਟੀ ਆਫ ਇੰਡੀਆ ਅਤੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ ਲੈਨਿਨਵਾਦੀ) ਨਿਊ ਡੈਮੋਕਰੇਸੀ ਵਲੋਂ ਦੇਸ਼ ਅੰਦਰ ਵੱਧ ਰਹੇ ਫਾਸ਼ੀ ਹਮਲਿਆਂ ਅਤੇ ਪੰਜਾਬ ਅੰਦਰ ਵੱਧ ਰਹੇ ਪੰਜਾਬ ਜ਼ਬਰ ਖਿਲਾਫ਼ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਜ਼ਿਲ੍ਹਾ ਪੱਧਰੀ ਕਨਵੈਨਸ਼ਨ ਕੀਤੀ ਗਈ। ਕਨਵੈਨਸ਼ਨ ਦੀ ਪ੍ਰਧਾਨਗੀ ਕਾਮਰੇਡ ਸੰਤੋਸ਼ ਬਰਾੜ, ਕਾਮਰੇਡ ਹੰਸ ਰਾਜ ਪੱਬਵਾਂ ਅਤੇ ਸੰਤੋਖ ਸਿੰਘ ਬਿਲਗਾ ਨੇ ਕੀਤੀ। ਸਮਾਪਤੀ ਉਪਰੰਤ ਸ਼ਹਿਰ ਵਿੱਚ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਮੋਦੀ ਹਕੂਮਤ ਵਲੋਂ ਆਪਣੇ ਪਹਿਲੇ ਕਾਰਜ਼ਕਾਲ ਦੌਰਾਨ ਉੱਚ ਸੰਸਥਾਵਾਂ ਉੱਤੇ ਆਪਣੀ ਹਿੰਦੂਤਵ ਵਿਚਾਰਧਾਰਾ ਵਾਲੇ ਮੁੱਖੀਆਂ ਨੂੰ ਲਗਾਇਆ ਗਿਆ। ਇਤਿਹਾਸ ਨੂੰ ਵਿਗਾੜ ਕੇ ਮਿਥਿਹਾਸ ਲਿਖਣ ਵਾਲਿਆਂ ਨੂੰ ਲਗਾਇਆ ਗਿਆ। ਘੱਟ ਗਿਣਤੀਆਂ ਖਾਸਕਰ ਮੁਸਲਮਾਨ ਭਾਈਚਾਰੇ ਉੱਪਰ ਬੀਜੇਪੀ ਦੇ ਆਗੂਆਂ ਵਲੋਂ ਨਫਰਤੀ ਭਾਸ਼ਣਬਾਜ਼ੀ ਕੀਤੀ ਜਾਂਦੀ ਹੈ,ਗਊ ਰੱਖਿਆ ਦੇ ਨਾਂਅ 'ਤੇ ਭੀੜ ਵਲੋਂ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰਨਾ ਆਦਿ ਘਟਨਾਵਾਂ ਸ਼ਾਮਲ ਹਨ। ਨਾਗਰਿਕਤਾ ਸੋਧ ਕਾਨੂੰਨ ਨੂੰ ਲੈ ਕੇ ਆਉਣ ਦੇ ਪਿੱਛੇ ਵੀ ਮੁਸਲਮਾਨ ਭਾਈਚਾਰੇ ਨੂੰ ਟਾਰਗੇਟ ਕੀਤਾ ਗਿਆ ਹੈ। ਬਿਹਾਰ ਵਿੱਚ ਚੋਣਾਂ ਵਿੱਚ ਵੋਟਾਂ ਦਾ ਨਿਰੀਖਣ ਕਰਨ ਦੇ ਨਾਮ ਹੇਠ ਵੱਡੇ ਪੱਧਰ 'ਤੇ ਵੋਟਾਂ ਨੂੰ ਕੱਟਣਾ ਵੀ ਇਕ ਫਾਸ਼ੀ ਹਮਲਾ ਹੈ। ਜੰਮੂ ਕਸ਼ਮੀਰ ਵਿੱਚ ਧਾਰਾ 370 ਤੋੜਨਾ, ਸੂਬੇ ਦਾ ਦਰਜਾ ਖਤਮ ਕਰਨਾ, ਆਪਣੇ ਹਿੱਤਾਂ ਅਨੁਸਾਰ ਸੁਪਰੀਮ ਕੋਰਟ ਤੋਂ ਫੈਸਲੇ ਕਰਵਾਉਣਾ , ਅਦਾਲਤਾਂ ਅੰਦਰ ਜੱਜਾਂ ਦੀਆਂ ਨਿਯੁਕਤੀਆਂ ਨੂੰ ਪ੍ਰਭਾਵਿਤ ਕਰਨਾ ਆਦਿ ਫਾਸ਼ੀ ਹਮਲੇ ਹਨ। ਗ੍ਰਹਿ ਮੰਤਰੀ ਅਮਿਤ ਸ਼ਾਹ ਵਲੋਂ ਮਾਓਵਾਦੀਆਂ ਨੂੰ 2026 ਤੱਕ ਮਾਰ ਮੁਕਾਉਣ ਦੀ ਨੀਤੀ ਆਪਣੇ ਦੇਸ਼ ਦੇ ਹੀ ਲੋਕਾਂ ਨੂੰ ਜਲ,ਜੰਗਲ ਅਤੇ ਜ਼ਮੀਨ ਖੋਹ ਕੇ ਕਾਰਪੋਰੇਟ ਘਰਾਣਿਆਂ ਹਵਾਲੇ ਕਰਨ ਲਈ ਖਤਮ ਕਰਨ ਦੀ ਨੀਤੀ ਹੈ। ਮਤਲਬ ਸਾਫ਼ ਹੈ ਕਿ ਹਰ ਵਿਰੋਧ ਦੀ ਆਵਾਜ਼ ਨੂੰ ਡੰਡੇ ਤੇ ਗੋਲੀ ਨਾਲ ਦਬਾਉਣ ਦਾ ਢੰਗ ਵਰਤਿਆ ਜਾਵੇਗਾ। ਆਦਿਵਾਸੀਆਂ ਦੇ ਹੱਕ ਵਿੱਚ ਅਤੇ ਜਮਹੂਰੀ ਹੱਕਾਂ ਦੀ ਗੱਲ ਕਰਨ ਵਾਲੇ ਬੁੱਧੀਜੀਵੀ, ਪੱਤਰਕਾਰ, ਲੇਖਕਾਂ ਨੂੰ ਝੂਠੇ ਕੇਸਾਂ ਵਿੱਚ ਫਸਾ ਕੇ ਨਜਾਇਜ਼ ਜੇਲ੍ਹਾਂ ਵਿੱਚ ਡੱਕਿਆ ਹੋਇਆ। ਪੰਜਾਬ ਅੰਦਰ ਕਾਰਪੋਰੇਟ ਘਰਾਣਿਆਂ ਦੀ ਸੇਵਾ ਕਰਨ ਖਾਤਰ ਕਿਸਾਨਾਂ ਮਜ਼ਦੂਰਾਂ ਨੂੰ ਉਜਾੜਨ ਲਈ ਲੈਂਡ ਪੂਲਿੰਗ ਸਕੀਮ ਲਾਗੂ ਕੀਤੀ ਜਾ ਰਹੀ ਹੈ ਅਤੇ ਪੰਜਾਬ ਨੂੰ ਪੁਲਿਸ ਰਾਜ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ।ਇਸ ਮੌਕੇ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ)ਨਿਊ ਡੈਮੋਕਰੇਸੀ ਦੇ ਸੂਬਾ ਆਗੂ ਅਜਮੇਰ ਸਿੰਘ, ਕਸ਼ਮੀਰ ਸਿੰਘ ਘੁੱਗਸ਼ੋਰ, ਇਨਕਲਾਬੀ ਮਾਰਕਸਵਾਦੀ ਪਾਰਟੀ ਆਫ ਇੰਡੀਆ ਦੇ ਪ੍ਰੋਫ਼ੈਸਰ ਜੈ ਪਾਲ, ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਰਛਪਾਲ ਕੈਲੇ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਭੈਣ ਜੀ ਸੁਰਿੰਦਰ ਕੁਮਾਰੀ ਕੋਛੜ ਆਦਿ ਨੇ ਸੰਬੋਧਨ ਕੀਤਾ।




# ਦਰੀਏਵਾਲ 'ਚ 10 ਮੋਟਰਾਂ ਤੋਂ ਸਟਾਰਟਰ ਤੇ ਤਾਰ ਚੋਰੀ

**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲਪੁਰੀ)**- ਬੀਤੀ ਰਾਤ ਸੁਲਤਾਨਪੁਰ ਹਲਕੇ ਦੇ ਪਿੰਡ ਦਰੀਏਵਾਲ ਵਿੱਚ ਇੱਕੋ ਰਾਤ ਚੋਰਾਂ ਨੇ ਲੱਗਭਗ 10 ਕਿਸਾਨਾਂ ਦੀਆਂ ਮੋਟਰਾਂ ਤੋਂ ਬਿਜਲੀ ਦੀਆਂ ਤਾਰਾਂ ਅਤੇ ਸਟਾਰਟਰ ਚੋਰੀ ਕਰਕੇ ਉਨ੍ਹਾਂ ਨੂੰ ਭਾਰੀ ਆਰਥਿਕ ਨੁਕਸਾਨ ਪਹੁੰਚਾਇਆ ਹੈ। ਪ੍ਰਭਾਵਿਤ ਕਿਸਾਨ ਦਵਿੰਦਰਪਾਲ ਸਿੰਘ ਲਾਡੀ, ਸਾਬਕਾ ਸਰਪੰਚ ਅਵਤਾਰ ਸਿੰਘ ਲਾਡੀ, ਗੁਰਪ੍ਰੀਤ ਸਿੰਘ, ਅਮਰਜੀਤ ਸਿੰਘ, ਬਲਵੰਤ ਸਿੰਘ, ਮਨਦੀਪ ਸਿੰਘ, ਲੈਕਚਰਾਰ ਸੁਖਦੇਵ ਸਿੰਘ, ਰੇਸ਼ਮ ਸਿੰਘ, ਜਗਮੋਹਣ ਸਿੰਘ ਆਦਿ ਨੇ ਦੱਸਿਆ ਕਿ ਚੋਰਾਂ ਵੱਲੋਂ ਬੀਤੀ ਰਾਤ ਅਤੇ ਇਸ ਤੋਂ ਇੱਕ ਦਿਨ ਪਹਿਲਾਂ ਉਨ੍ਹਾਂ ਦੀਆਂ ਮੋਟਰਾਂ ਤੋਂ ਤਾਰਾਂ ਅਤੇ ਸਟਾਰਟਰ ਚੋਰੀ ਕਰ ਲਏ ਹਨ ਜਿਸ ਨਾਲ ਉਨ੍ਹਾਂ ਦਾ 10 ਹਜਾਰ ਦੇ ਕਰੀਬ ਪ੍ਰਤੀ ਮੋਟਰ ਨੁਕਸਾਨ ਹੋ ਗਿਆ ਹੈ। ਕਿਸਾਨਾਂ ਨੇ ਦੱਸਿਆ ਕਿ ਸਟਾਰਟਰ ਚੋਰੀ ਹੋਣ ਕਰਕੇ ਪਾਣੀ ਦੀ ਘਾਟ ਕਾਰਨ ਝੋਨੇ ਦੀ ਫ਼ਸਲ ਨੂੰ ਵੀ ਨੁਕਸਾਨ ਹੋ ਰਿਹਾ ਹੈ। ਕਈਆਂ ਕਿਸਾਨਾਂ ਦੀਆਂ ਮੋਟਰਾਂ ਤੋਂ ਪਹਿਲਾਂ ਵੀ ਚੋਰੀ ਹੋ ਚੁੱਕੀ ਹੈ। ਕਿਸਾਨਾਂ ਨੇ ਕਿਹਾ ਕਿ ਪੁਲਸ ਪ੍ਰਸ਼ਾਸਨ ਪੂਰੀ ਮੁਸਤੈਦੀ ਵਰਤੇ ਤਾਂ ਜੋ ਚੋਰੀਆਂ ਨਾ ਹੋਣ। ਇਲਾਕੇ ਅੰਦਰ ਰਾਤ ਸਮੇਂ ਪੁਲਸ ਦੀ ਗਸ਼ਤ ਨਾ ਹੋਣ ਕਰਕੇ ਚੋਰਾਂ ਦੇ ਹੌਂਸਲੇ ਬੁਲੰਦ ਹਨ। ਇਸ ਮੌਕੇ ਸਯੁੰਕਤ ਕਿਸਾਨ ਮੋਰਚੇ ਦੇ ਆਗੂਆਂ ਐਡਵੋਕੇਟ ਰਾਜਿੰਦਰ ਸਿੰਘ ਰਾਣਾ, ਅਮਰਜੀਤ ਸਿੰਘ ਟਿੱਬਾ, ਮੁਕੰਦ ਸਿੰਘ, ਸੁੱਚਾ ਸਿੰਘ ਮਿਰਜਾਪੁਰ, ਉੱਘੇ ਸ਼ਾਇਰ ਮੁਖਤਾਰ ਚੰਦੀ, ਨਰਿੰਦਰ ਸਿੰਘ ਸੋਨੀਆ ਆਦਿ ਨੇ ਮੰਗ ਕੀਤੀ ਹੈ ਕਿ ਰਾਤ ਸਮੇਂ ਪੁਲਸ ਦੀ ਗਸ਼ਤ ਤੇਜ ਕੀਤੀ ਜਾਵੇ ਅਤੇ ਚੋਰਾਂ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਵੇ।

# ਪ੍ਰਗਤੀਸ਼ੀਲ ਲੇਖਕ ਸੰਘ ਵੱਲੋਂ ਸੈਮੀਨਾਰ 10 ਨੂੰ



**ਨਵਾਂਸ਼ਹਿਰ (ਅਵਤਾਰ ਕਲੇਰ)**

ਸਾਹਿਤ ਸਿਰਜਣਾ ਅਤੇ ਚਿੰਤਨ ਨੂੰ ਸਮਰਪਿਤ ਵਿਸ਼ਵ ਪ੍ਰਸਿੱਧ ਪ੍ਰਗਤੀਸ਼ੀਲ ਲੇਖਕ ਸੰਘ ਦੀ ਜ਼ਿਲ੍ਹਾ ਇਕਾਈ ਸ਼ਹੀਦ ਭਗਤ ਸਿੰਘ ਨਗਰ ਅਤੇ ਪੰਜਾਬੀ ਸਾਹਿਤ ਅਕਾਡਮੀ ਵੱਲੋਂ ਕਾਲਜ ਦੇ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ ਦੇ ਸਹਿਯੋਗ ਨਾਲ ਆਰ ਕੇ ਆਰੀਆ ਕਾਲਜ ਨਵਾਂਸ਼ਹਿਰ ਵਿਚ ਮਿਤੀ 10 ਅਗਸਤ ਨੂੰ ਸਵੇਰੇ 10.00 ਵਜੇ 'ਪੰਜਾਬੀ ਕਹਾਣੀਧਾਰਾ' ਵਿਸ਼ੇ ਉੱਤੇ ਵਿਸ਼ੇਸ਼ ਸੈਮੀਨਾਰ ਦਾ ਆਯੋਜਨ ਕੀਤਾ ਜਾ ਰਿਹਾ ਹੈ।ਇਸ ਸੰਬੰਧੀ ਡਾਕਟਰ ਸਰਬਜੀਤ ਸਿੰਘ, ਪ੍ਰਧਾਨ ਅਕਾਡਮੀ ਅਤੇ ਪ੍ਰਿੰਸੀਪਲ ਗੁਰਜੰਟ ਸਿੰਘ, ਪ੍ਰਧਾਨ ਜ਼ਿਲ੍ਹਾ ਇਕਾਈ ਸੰਘ ਨੇ ਸਾਂਝੇ ਤੌਰ 'ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਸੈਮੀਨਾਰ ਇਸ ਖਿੱਤੇ ਵਿੱਚ ਪੰਜਾਬੀ ਕਹਾਣੀ ਦੀ ਸਿਰਜਨਾਤਮਕ ਅਤੇ ਆਲੋਚਨਾਤਮਕ ਪ੍ਰਕਿਰਿਆ ਉੱਤੇ ਵਿਚਾਰ ਵਿਮਰਸ਼ ਕਰਨ ਵਾਲਾ ਨਿਵੇਕਲਾ ਉੱਦਮ ਹੋਵੇਗਾ ਜਿਸ ਦੀ ਪ੍ਰਧਾਨਗੀ ਪ੍ਰਬੁੱਧ ਸਾਹਿਤ ਚਿੰਤਕ ਡਾਕਟਰ ਸੁਖਦੇਵ ਸਿੰਘ ਸਿਰਸਾ, ਜਨਰਲ ਸਕੱਤਰ, ਪ੍ਰਗਤੀਸ਼ੀਲ ਲੇਖਕ ਸੰਘ (ਭਾਰਤ) ਕਰਨਗੇ। ਸੈਮੀਨਾਰ ਵਿੱਚ ਮੁੱਖ ਮਹਿਮਾਨ ਵਿਨੋਦ ਭਾਰਦਵਾਜ, ਪ੍ਰਧਾਨ ,ਸਥਾਨਕ ਕਾਲਜ ਅਤੇ ਪ੍ਰਿੰਸੀਪਲ ਪੁਨੀਤ ਅਨੇਜਾ, ਵਿਸ਼ੇਸ਼ ਮਹਿਮਾਨ ਹੋਣਗੇ।ਮੁੱਢੀ ਪੰਜਾਬੀ ਕਹਾਣੀ ਉੱਤੇ ਡਾਕਟਰ ਗੁਰਮੀਤ ਸਿੰਘ ਕੱਲਰਮਾਜਰੀ ਮੁੱਖ ਭਾਸ਼ਣ ਦੇਣਗੇ।ਇਸ ਸੈਮੀਨਾਰ ਦੀ ਵਿਸ਼ੇਸ਼ ਪ੍ਰਾਪਤੀ ਇਹ ਹੋਵੇਗੀ ਕਿ ਇੱਕੋ ਮੰਚ ਉੱਤੇ ਪੰਜਾਬੀ ਦੇ ਨਾਮਵਰ ਸੱਤ ਕਹਾਣੀਕਾਰ ਆਪਣੇ ਸਿਰਜਨਾਤਮਕ ਅਨੁਭਵ ਸਾਂਝੇ ਕਰਨਗੇ। ਇਨ੍ਹਾਂ ਕਹਾਣੀਕਾਰਾਂ ਵਿਚ ਸਰਵਸ਼੍ਰੀ ਬਲਬੀਰ ਪਰਵਾਨਾ, ਭਗਵੰਤ ਰਸੂਲਪੁਰੀ, ਜਤਿੰਦਰ ਹਾਂਸ, ਬਲਵਿੰਦਰ ਗਰੇਵਾਲ, ਜਸਵੀਰ ਸਿੰਘ ਰਾਣਾ, ਤ੍ਰਿਪਤਾ ਕੇ ਸਿੰਘ ਅਤੇ ਸਰਘੀ ਤਸ਼ਰੀਫ਼ ਫਰਮਾ ਹੋਣਗੇ।ਇਸ ਤੋਂ ਇਲਾਵਾ ਪ੍ਰੋਫੈਸਰ ਸੁਰਜੀਤ ਸਿੰਘ ਜੱਜ, ਪ੍ਰਧਾਨ ਪੰਜਾਬ ਸੰਘ, ਗੁਲਜ਼ਾਰ ਸਿੰਘ ਪੰਧੇਰ, ਜਨਰਲ ਸਕੱਤਰ, ਅਕਾਡਮੀ, ਡਾਕਟਰ ਪਾਲ ਕੌਰ, ਸੀਨੀਅਰ ਮੀਤ ਪ੍ਰਧਾਨ ਅਕਾਦਮੀ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਣਗੇ।

# ਇੰਸਪੈਕਟਰ ਰਵਿੰਦਰ ਪਾਲ ਸਿੰਘ ਨੇ ਥਾਣਾ ਆਦਮਪੁਰ ਦਾ ਚਾਰਜ ਸੰਭਾਲਿਆ



**ਆਦਮਪੁਰ, (ਪਰਮਜੀਤ ਸਿੰਘ)**-ਜ਼ਿਲ੍ਹਾ ਪੁਲਸ ਮੁਖੀ (ਦਿਹਾਤੀ) ਹਰਵਿੰਦਰ ਸਿੰਘ ਵਿਰਕ ਵੱਲੋਂ ਇੰਸਪੈਕਟਰ ਰਵਿੰਦਰ ਪਾਲ ਸਿੰਘ ਦੀਆਂ ਵਧੀਆ ਸੇਵਾਵਾਂ ਨੂੰ ਦੇਖਦਿਆਂ ਦੂਜੀ ਵਾਰ ਥਾਣਾ ਆਦਮਪੁਰ ਵਿਖੇ ਤਾਇਨਾਤ ਕੀਤਾ ਗਿਆ ਹੈ। ਥਾਣਾ ਮੁਖੀ ਹਰਦੇਵ ਪ੍ਰੀਤ ਸਿੰਘ ਸੇਵਾ ਮੁਕਤੀ ਤੋਂ ਬਾਅਦ ਥਾਣਾ ਭੋਗਪੁਰ ਵਿਖੇ ਸੇਵਾਵਾਂ ਨਿਭਾਅ ਰਹੇ ਇੰਸਪੈਕਟਰ ਰਵਿੰਦਰ ਪਾਲ ਸਿੰਘ ਨੂੰਮਥਾਣਾ ਆਦਮਪੁਰ ਵਿਖੇ ਦੂਜੀ ਵਾਰ ਨਿਯੁਕਤ ਕੀਤਾ ਗਿਆ ਹੈ। ਜਾਣਕਾਰੀ ਦਿੰਦੇ ਥਾਣਾ ਮੁਖੀ ਰਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਇਲਾਕੇ 'ਚ ਨਸ਼ਾ ਖਤਮ ਕਰਨਾ ਤੇ ਲੋਕਾਂ ਨੂੰ ਇਨਸਾਫ ਦੇਣਾ ਮੇਰਾ ਮੁੱਖ ਮਕਸਦ ਹੈ।

## 15 ਨੂੰ ਸ਼ਹਿਰ 'ਚ ਕਾਲ਼ੇ ਝੰਡੇ ਲੈ ਕੇ ਵਿਸ਼ਾਲ ਮਾਰਚ ਦੀ ਤਿਆਰੀ

**ਫਿਲੌਰ, (ਨਿਰਮਲ)** – ਲੋਕ ਇਨਸਾਫ਼ ਮੰਚ ਵਲੋਂ ਡੇਰਾ ਮਈਆ ਭਗਵਾਨ ਦੇ ਗੇਟ ਸਾਹਮਣੇ ਪੈਂਦੇ ਗੰਦੇ ਪਾਣੀ ਦੀ ਨਿਕਾਸੀ ਦੇ ਹੱਲ ਲਈ ਬੀ ਡੀ ਪੀ ਓ ਦਫਤਰ ਫਿਲੌਰ ਸਾਹਮਣੇ ਪੱਕਾ ਧਰਨਾ 31ਵੇਂ ਦਿਨ ਵੀ ਜਾਰੀ ਰਿਹਾ। ਭਾਰੀ ਮੀਂਹ ਦੇ ਬਾਵਜੂਦ ਵੀ ਵੱਖ ਵੱਖ ਪਿੰਡਾਂ ਦੇ ਲੋਕਾਂ ਵਲੋਂ ਵੱਡੀ ਸ਼ਮੂਲੀਅਤ ਕੀਤੀ ਗਈ।ਇਸ ਮੌਕੇ ਆਗੂਆਂ ਲੋਕ ਇਨਸਾਫ਼ ਮੰਚ ਅਤੇ ਭਰਾਤਰੀ ਜਥੇਬੰਦੀਆਂ ਨੂੰ ਨਾਲ ਲੈ ਕੇ 15 ਅਗਸਤ ਨੂੰ ਅਜ਼ਾਦੀ ਦਿਹਾੜੇ ਤੇ ਕਾਲ਼ੇ ਝੰਡੇ ਲੈ ਕੇ ਸ਼ਹਿਰ ਫਿਲੌਰ ਵਿੱਚ ਵਿਸ਼ਾਲ ਰੋਸ ਮਾਰਚ ਕਰਨ ਦੀ ਤਿਆਰੀ ਵੱਡੇ ਪੱਧਰ 'ਤੇ ਸ਼ੁਰੂ ਕੀਤੀ ਗਈ। ਆਗੂਆਂ ਨੇ ਕਿਹਾ ਕਿ ਜਲਦੀ ਹੀ ਬੀ ਡੀ ਪੀ ਓ ਫ਼ਿਲੌਰ ਦੇ ਘਰ ਸਾਹਮਣੇ ਰਾਤ ਦਾ ਜਗਰਾਤਾ ਕੀਤਾ ਜਾਵੇਗਾ। ਧਰਨੇ ਵਿੱਚ ਪਿੰਡਾਂ ਦੇ ਪੰਚ ਸਰਪੰਚ ਅਤੇ ਹੋਰ ਆਗੂ ਹਾਜ਼ਰ ਸਨ।ਇਸ ਮੌਕੇ ਧਰਨੇ ਦੀ ਅਗਵਾਈ ਲੋਕ ਇਨਸਾਫ਼ ਮੰਚ ਦੇ ਪ੍ਰਧਾਨ ਜਰਨੈਲ ਫਿਲੌਰ ਨੇ ਕੀਤੀ।

## ਮੇਲਾ ਤੀਆਂ ਦਾ ਅੱਜ

**ਫਗਵਾੜਾ ( ਜਸਵਿੰਦਰ ਢੱਡਾ )** ਨੌਜਵਾਨ ਸਭਾ ਰਜਿ. ਫਗਵਾੜਾ ਤੇ ਸਰਬ ਨੌਜਵਾਨ ਵੈਲਫੇਅਰ ਸੁਸਾਇਟੀ ਰਜਿ. ਫਗਵਾੜਾ ਵੱਲੋਂ ਮੇਲਾ ਤੀਆਂ ਦਾ 7 ਅਗਸਤ, ਦਿਨ ਵੀਰਵਾਰ ਨੂੰ ਆਰੀਆ. ਆਈ. ਐਮ. ਟੀ. ਕਾਲਜ ਸਕੀਮ ਨੰਬਰ - 3 ਪਲਾਹੀ ਰੋਡ ਵਿਖੇ ਬੜੀ ਧੂਮ-ਧਾਮ ਨਾਲ ਮਨਾਇਆ ਜਾ ਰਿਹਾ ਹੈ। ਪ੍ਰਧਾਨ ਸੁਖਵਿੰਦਰ ਸਿੰਘ, ਨਰਿੰਦਰ ਸੈਣੀ, ਆਰ. ਪੀ . ਸ਼ਰਮਾ, ਪਰਮਜੀਤ ਰਾਏ, ਮੈਡਮ ਲਕਸ਼ਮੀ, ਮੋਨਿਕਾ,ਦੀਪਿਕਾ,ਕਾਜਲ, ਵੰਸ਼ਿਕਾ, ਅੰਜਲੀ, ਰਜੀਆ, ਮੋਨਿਕਾ, ਮਨੀਸ਼ਾ,ਸਿੰਮੀ, ਮੌਨਿਕਾ , ਟੀਨਾ, ਜਪਪ੍ਰਭਾ, ਸੰਜਨਾ ਤੇ ਭੁਪਿੰਦਰ ਆਦਿ ਨੇ ਇਸ ਦਾ ਸੱਦਾ ਪੱਤਰ ਸੋਮ ਪ੍ਰਕਾਸ਼ ਕੈਂਥ ਸਾਬਕਾ ਕੇਂਦਰੀ ਮੰਤਰੀ ਤੇ ਸਮਾਜ ਸੇਵਿਕਾ ਮੈਡਮ ਅਨੀਤਾ ਸੋਮ ਪ੍ਰਕਾਸ਼ ਕੈਂਥ ਨੂੰ ਦਿੱਤਾ।

# ਜਬਰ,ਜ਼ੁਲਮ ਦੇ ਸਤਾਏ ਲੋਕ 2027 'ਚ ਹੁਕਮਰਾਨਾਂ ਨੂੰ ਸਬਕ ਸਿਖਾਉਣਗੇ : ਕਰੀਮਪੁਰੀ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**

ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਡਾ. ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਵਿਧਾਨ ਸਭਾ ਹਲਕਾ ਚੱਬੇਵਾਲ ਦੇ ਪਿੰਡ ਹਾਰਟਾ ਪਹੁੰਚੇ, ਜਿਥੇ ਕੁੱਝ ਦਿਨ ਪਹਿਲਾਂ ਇਕ ਪਰਿਵਾਰ ਅਤੇ ਪੰਚਾਇਤ ਵਿਚ ਚੱਲ ਰਹੇ ਤਣਾਅ ਦੇ ਬਾਰੇ ਕਰਕੇ ਪੁਲਸ ਅਤੇ ਸਿਵਲ ਪ੍ਰਸ਼ਾਸਨ ਵਲੋਂ ਇਕ ਮਹਿਲਾ ਅਤੇ ਦੋ ਨਾਬਾਲਗ ਧੀਆਂ ਨੂੰ ਜਬਰੀ ਚੁੱਕ ਕੇ ਠਾਣੇ ਲੈ ਜਾਣ ਦਾ ਮਾਮਲਾ ਸਾਹਮਣੇ ਆਇਆ ਸੀ। ਇਸ ਮੌਕੇ ਡਾ. ਕਰੀਮਪੁਰੀ ਨੇ ਪਿੰਡ ਵਾਸੀਆਂ ਨਾਲ ਗੱਲਬਾਤ ਕੀਤੀ ਅਤੇ ਪੁਲਸ ਪ੍ਰਸ਼ਾਸਨ ਵਲੋਂ ਕਥਿਤ ਧੱਕੇਸ਼ਾਹੀ ਦੀ ਸਖ਼ਤ ਆਲੋਚਨਾ ਕਰਦਿਆਂ ਕਿਹਾ ਅਜ਼ਾਦੀ ਦੇ 78 ਵਰ੍ਹੇ ਬੀਤ ਜਾਣ ਬਾਅਦ ਵੀ ਨਾਬਾਲਗ ਧੀਆਂ, ਔਰਤਾਂ, ਗਰੀਬਾਂ ਮਜ਼ਲੂਮਾਂ 'ਤੇ ਜ਼ੁਲਮ ਲੋਕ ਰਾਜ ਨਹੀਂ ਹੈ। ਮੌਜੂਦਾ ਸਰਕਾਰ ਦਾ ਮੁਖੀਆ, ਇਲਾਕੇ ਦਾ ਐਸ ਪੀ, ਐਮ ਐਲ ਏ ਜੇਕਰ ਆਪਣੇ ਹੀ ਲੋਕਾਂ 'ਤੇ ਜਬਰ ਜ਼ੁਲਮ ਢਾਹੁੰਦਾ ਹੈ ਤਾਂ ਉਹ ਦੁਬਾਰਾ ਚੁਣਨ ਦੇ ਕਾਬਿਲ ਨਹੀਂ ਰਹਿੰਦਾ। ਕਰੀਮਪੁਰੀ ਨੇ ਕਿਹਾ ਜ਼ੁਲਮ ਪੁਲਸ ਨਹੀਂ ਕਰਦੀ ਬਲਕਿ ਸਰਕਾਰ ਪੁਲਸ ਨੂੰ ਲੋਕਾਂ ਦੇ ਡੰਡਾ ਚਾੜਨ ਦੇ ਹੁਕਮ ਦਿੰਦੀ ਹੈ।ਉਨ੍ਹਾਂ ਕਿਹਾ ਕਿ ਪੰਜਾਬ ਦੀ ਜਾਲਮ ਸਰਕਾਰ ਇਹ ਯਾਦ ਰੱਖੇ ਪੁਲਸ ਸਰਕਾਰ ਨਹੀਂ ਬਚਾ ਸਕਦੀ ਅਤੇ ਨਾ ਹੀ ਬਣਾ ਸਕਦੀ ਹੈ ਸਰਕਾਰ ਲੋਕ ਬਣਾਉਂਦੇ ਹਨ। 2022 ਵਿਚ ਪੰਜਾਬ ਦੇ ਲੋਕਾਂ ਨੇ ਆਪ ਦੇ 93 ਵਿਧਾਇਕ ਜਿਤਾਏ ਪਰ ਅਕਾਲੀਆਂ ਦੇ ਤਿੰਨ ਹੀ ਜਿੱਤੇ , ਹੁਣ 2027 ਵਿਚ ਆਪ ਪਾਰਟੀ ਦੇ ਤਿੰਨ ਵੀ ਨਹੀਂ ਜਿੱਤਣੇ , ਜਬਰ ਜ਼ੁਲਮ ਦੇ ਸਤਾਏ ਲੋਕ 2027 ਵਿਚ ਜਾਬਰ ਹੁਕਮਰਾਨ ਨੂੰ ਸਤਾ ਤੋਂ ਬਾਹਰ ਕਰਕੇ ਸਬਕ ਸਿਖਾਉਣਗੇ। ਉਨਾਂ ਕਿਹਾ ਆਮ ਆਦਮੀ ਪਾਰਟੀ ਦੀ ਸਰਕਾਰ, ਕਾਂਗਰਸ, ਅਕਾਲੀ ਅਤੇ ਭਾਜਪਾ ਸਰਕਾਰਾਂ ਵਲੋਂ ਚਲਾਏ ਡਰੱਗ ਮਾਫੀਏ ਦੇ ਜਾਲ ਨੂੰ ਤੋੜ ਨਹੀਂ ਸਕੀ ਜਿਸ ਕਰਕੇ ਦੋ ਲੱਖ ਨੌਜਵਾਨ ਚਿੱਟੇ ਦੀ ਭੇਟ ਚੜ ਗਿਆ। ਕਰੀਮਪੁਰੀ ਨੇ ਕਿਹਾ ਡਰੱਗ ਮਾਫੀਆ ਨੂੰ ਰੋਕਣ ਵਿੱਚ ਆਪ ਸਰਕਾਰ ਬੁਰੀ ਤਰ੍ਹਾਂ ਫੇਲ੍ਹ ਸਾਬਿਤ ਹੋਈ ਹੈ। ਪੰਜਾਬ ਅੰਦਰ ਕਾਂਗਰਸ, ਅਕਾਲੀ, ਭਾਜਪਾ ਤੇ ਆਪ ਦੀਆਂ ਸਰਕਾਰਾਂ ਨੇ ਦੋ ਲੱਖ ਮਾਵਾਂ ਦੇ ਪੁੱਤ , ਭੈਣਾਂ ਦੇ ਭਰਾ ਨਸ਼ਿਆਂ ਦੀ ਭੇਟ ਚੜ੍ਹਾ ਦਿੱਤੇ ਜਿਸਦਾ ਖਮਿਆਜ਼ਾ ਇਨ੍ਹਾਂ ਪਾਰਟੀਆਂ ਨੂੰ 2027 ਵਿੱਚ ਭੁਗਤਣਾ ਪਵੇਗਾ। ਕਰੀਮਪੁਰੀ ਨੇ ਬਸਪਾ ਲੀਡਰਸ਼ਿਪ ਅਤੇ ਵਰਕਰਾਂ ਨੂੰ ਲਗਨ , ਇਮਾਨਦਾਰੀ ਤੇ ਜਿੰਮੇਵਾਰੀ ਨਾਲ ਪਾਰਟੀ ਦੇ ਕੰਮ ਵਿਚ ਡਟਣ ਦੀ ਅਪੀਲ ਕਰਦਿਆਂ 2027 ਵਿਚ ਪੰਜਾਬ ਅੰਦਰ ਬਸਪਾ ਦੀ ਸਰਕਾਰ ਬਣਾਉਣ ਲਈ ਸੱਦਾ ਦਿੱਤਾ। ਕਰੀਮਪੁਰੀ ਨੇ ਕਿਹਾ ਕਿ ਹਲਕਾ ਚੱਬੇਵਾਲ ਅੰਦਰ ਬਹੁਜਨ ਸਮਾਜ ਪਾਰਟੀ ਲੋਕਾਂ ਦੇ ਨਾਲ ਖੜ੍ਹੀ ਹੈ । ਉਨਾਂ ਐਲਾਨ ਕੀਤਾ ਕਿ 23 ਅਗਸਤ ਨੂੰ ਲੀਡਰਸ਼ਿਪ ਨਾਲ ਸਲਾਹ ਮਸ਼ਵਰਾ ਕਰਕੇ ਪੰਜਾਬ ਸੰਭਾਲੋ ਮੁਹਿੰਮ ਤਹਿਤ ਬਸਪਾ ਸਰਕਾਰੀ ਜਬਰ ਵਿਰੁੱਧ ਰੈਲੀ ਕਰੇਗੀ। ਇਸ ਮੌਕੇ ਪੰਜਾਬ ਦੇ ਕੋਆਰਡੀਨੇਟਰ ਗੁਰਨਾਮ ਚੌਧਰੀ, ਜ਼ਿਲ੍ਹਾ ਪ੍ਰਧਾਨ ਦਲਜੀਤ ਰਾਏ, ਹਲਕਾ ਚੱਬੇਵਾਲ ਇੰਚਾਰਜ ਐਡਵੋਕੇਟ ਪਲਵਿੰਦਰ ਮਾਨਾ, ਹਲਕਾ ਪ੍ਰਧਾਨ ਯਸ਼ ਭੱਟੀ ਵੀ ਹਾਜਰ ਸਨ।



# ਬੱਚਿਆਂ ਨੂੰ ਚੰਗਾ ਖਾਣ ਬਾਰੇ ਕੀਤਾ ਪ੍ਰੇਰਿਤ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)** —ਸਰਕਾਰੀ ਪ੍ਰਾਇਮਰੀ ਸਕੂਲ ਸਨੋਰਾ ਵਿਖੇ ਬੱਚਿਆਂ ਨੂੰ ਸਿਹਤਮੰਦ ਅਤੇ ਗੈਰ ਸਿਹਤਮੰਦ ਵਸਤੂਆਂ ਬਾਰੇ ਜਾਗਰੂਕ ਕਰਵਾਇਆ ਗਿਆ। ਸਕੂਲ ਦੇ ਇੰਚਾਰਜ ਸ਼ੁੱਭਮ ਨੇ ਬੱਚਿਆਂ ਨੂੰ ਕੋਕ, ਹਿਲ, ਰੈਡ ਬੁਲ, ਸਟਿੰਗ, ਵਰਗੀਆਂ ਕੋਲਡ ਡਰਿੰਕਸ ਦਾ ਸੇਵਨ ਬਿਲਕੁਲ ਬੰਦ ਕਰਨ ਲਈ ਪ੍ਰੇਰਿਤ ਕੀਤਾ। ਉਹਨਾਂ ਕਿਹਾ ਕਿ ਇਹਨਾਂ ਵਸਤੂਆਂ ਵਿੱਚ ਭਾਰੀ ਮਾਤਰਾ ਵਿੱਚ ਕੈਫੀਨ ਦੀ ਮਾਤਰਾ ਹੁੰਦੀ ਹੈ, ਜੋ ਬਹੁਤ ਸਾਰੀਆਂ ਸਰੀਰਕ ਅਤੇ ਮਾਨਸਿਕ ਸਮੱਸਿਆ ਦਾ ਕਾਰਨ ਬਣਦੀ ਹੈ। ਉਹਨਾਂ ਕਿਹਾ ਕਿ ਬੱਚਿਆਂ ਨੂੰ ਇਹਨਾਂ ਦੀ ਜਗ੍ਹਾ ਘਰੇਲੂ ਦੁੱਧ ਅਤੇ ਨਿੰਬੂ ਪਾਣੀ ਜਾਂ ਕੁਦਰਤੀ ਤਰੀਕੇ ਨਾਲ ਬਣਿਆ ਹੋਇਆ ਜਲ ਜੀਰਾ ਪੀਣਾ ਚਾਹੀਦਾ ਹੈ। ਇਸ ਮੌਕੇ ਸਕੂਲ ਇੰਚਾਰਜ ਨੇ ਕਿਹਾ ਕਿ ਕੋਲਡ ਡਰਿੰਕ ਬੱਚਿਆਂ ਵਿੱਚ ਸ਼ੂਗਰ, ਚੱਕਰ ਆਉਣਾ, ਧੜਕਣ ਦਾ ਵਧਣਾ, ਨੀਂਦ ਨਾ ਆਉਣਾ, ਚਿੜਚੜਾਪਨ ਦਾ ਕਾਰਨ ਬਣਦੀਆਂ ਹਨ। ਇਸ ਦੇ ਨਾਲ - ਨਾਲ ਬੱਚਿਆਂ ਨੂੰ ਪੈਕਟ ਫੂਡ ਜਿਵੇਂ ਲੇਸ, ਕੁਰਕੁਰੇ, ਬਿਸਕੁੱਟ, ਭੁਜੀਆ, ਮਠਿਆਈਆਂ, ਅਤੇ ਹੋਰ ਅਜਿਹੀਆਂ ਵਸਤੂਆਂ ਦੀ ਜਗ੍ਹਾ 'ਤੇ ਸਲਾਦ, ਫਲ ਫਰੂਟ, ਜੂਸ ਖਾਣ ਪੀਣ ਲਈ ਪ੍ਰੇਰਿਤ ਕੀਤਾ ਗਿਆ। ਸਕੂਲ ਦੇ ਸਟਾਫ ਅਧਿਆਪਕ ਅਸਵਿੰਕਲ ਕੁਮਾਰ ਅਤੇ ਮੈਡਮ ਜਸਪ੍ਰੀਤ ਕੌਰ ਹੋਰ ਆਦਿ ਸ਼ਾਮਲ ਸਨ।

# ਵਿਕਟੋਰੀਆ ਇੰਟਰਨੈਸ਼ਨਲ ਸਕੂਲ ਵਿਖੇ ਮਨਾਇਆ ਤੀਆਂ ਦਾ ਤਿਉਹਾਰ

**ਅੱਡਾ ਸਰਾਂ, (ਜਸਵੀਰ ਕਾਜਲ)**

ਵਿਕਟੋਰੀਆ ਇੰਟਰਨੈਸ਼ਨਲ ਸਕੂਲ, ਟਾਂਡਾ ਵਿਖੇ ਤੀਆਂ ਦੇ ਵਿਰਾਸਤੀ ਤਿਉਹਾਰ ਨੂੰ ਮਨਾਉਣ ਲਈ ਦੋ ਰੋਜਾ ਸਮਾਗਮ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਪੰਜਾਬੀ ਸੱਭਿਆਚਾਰ, ਪਰੰਪਰਾ ਅਤੇ ਜਸ਼ਨ ਦਾ ਰੰਗੀਨ ਸੰਗਮ ਦੇਖਣ ਨੂੰ ਮਿਲਿਆ। ਇਹ ਸਮਾਗਮ ਸਕੂਲ ਡਾਇਰੈਕਟਰਾਂ ਪ੍ਰੋ. ਜੀ.ਐੱਸ ਮੁਲਤਾਨੀ, ਨੀਰੂ ਮੁਲਤਾਨੀ ਅਤੇ ਪ੍ਰਿੰਸੀਪਲ ਸ੍ਰੀਮਤੀ ਪੂਜਾ ਪਟਿਆਲ ਦੀ ਯੋਗ ਅਗਵਾਈ ਅਤੇ ਅਗਵਾਈ ਹੇਠ ਸਫਲਤਾਪੂਰਵਕ ਸੰਪੂਰਨ ਹੋਇਆ। ਮੁੱਖ ਮਹਿਮਾਨ ਡੀ.ਸੀ. ਆਸ਼ਿਕਾ ਜੈਨ, ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਅਤੇ ਸਾਬਕਾ ਚੇਅਰਮੈਨ ਇੰਪਰੂਵਮੈਂਟ ਟਰੱਸਟ ਹਰਮੀਤ ਸਿੰਘ ਔਲਖ ਅਤੇ ਆਮ ਆਦਮੀ ਪਾਰਟੀ ਦੇ ਹੋਰ ਮੈਂਬਰਾਂ ਦੀ ਵਿਸੇਸ ਮੌਜੂਦਗੀ ਨਾਲ ਪ੍ਰੋਗਰਾਮ ਦੀ ਸ਼ੋਭਾ ਵਧੀ। ਉਨ੍ਹਾਂ ਦੇ ਪ੍ਰੇਰਨਾਦਾਇਕ ਸਬਦਾਂ ਨੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ ਅਤੇ ਸਮਾਗਮ ਨੂੰ ਮਾਣਮੱਤਾ ਬਣਾਇਆ। ਇਸ ਦੋ-ਰੋਜਾ ਸੱਭਿਆਚਾਰਕ ਸਮਾਗਮ ਵਿੱਚ ਪ੍ਰਾਇਮਰੀ ਤੋਂ ਲੈ ਕੇ ਸੀਨੀਅਰ ਕਲਾਸਾਂ ਤੱਕ ਦੇ ਵਿਦਿਆਰਥੀਆਂ ਨੇ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਗਿੱਧਾ ਅਤੇ ਭੰਗੜਾ ਵਰਗੇ ਰਵਾਇਤੀ ਪੰਜਾਬੀ ਲੋਕ ਨਾਚਾਂ ਨੇ ਸਟੇਜ ਨੂੰ ਜੀਵੰਤ ਕਰ ਦਿੱਤਾ। ਇਸ ਤੋਂ ਇਲਾਵਾ, "ਸੁਹਾਗ", "ਘੋੜੀਆਂ" ਅਤੇ ਵਿਸ਼ੇਸ਼ ਸਾਜਾਂ ਦੀਆਂ ਪੇਸ਼ਕਾਰੀਆਂ ਨੇ ਦਰਸਕਾਂ ਨੂੰ ਮੰਤਰਮੁਗਧ ਕਰ ਦਿੱਤਾ। ਵਿਦਿਆਰਥੀਆਂ ਨੇ ਸਟੇਜ 'ਤੇ ਪੰਜਾਬੀ ਸਭਿਆਚਾਰ ਦੀ ਝਾਕੀ ਪੇਸ਼ ਕੀਤੀ। ਇਸ ਪ੍ਰੋਗਰਾਮ ਦਾ ਵਿਸ਼ੇਸ਼ ਆਕਰਸ਼ਣ "ਮਿਸ ਤੀਜ ਮੁਕਾਬਲਾ" ਸੀ ਜਿਸ ਵਿਚ ਵਿਦਿਆਰਥੀਆਂ ਦੀਆਂ ਮਾਵਾਂ ਨੇ ਰੈਂਪ ਵਾਕ ਰਾਹੀਂ ਹਿੱਸਾ ਲਿਆ। ਭਾਗੀਦਾਰਾਂ ਨੇ ਆਪਣੇ ਰਵਾਇਤੀ ਪਹਿਰਾਵੇ ਅਤੇ ਆਤਮਵਿਸ਼ਵਾਸੀ ਪ੍ਰਦਰਸਨਾਂ ਨਾਲ ਦਰਸ਼ਕਾਂ ਨੂੰ ਪ੍ਰਭਾਵਿਤ ਕੀਤਾ। ਮੁਕਾਬਲੇ ਦੇ ਜੇਤੂ ਨੂੰ "ਤੀਜ ਕਵੀਨ' ਦੇ ਸਲੈਸ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਬੰਧਨ ਪ੍ਰੋ. ਮੁਲਤਾਨੀ ਨੇ ਡੀ.ਸੀ. ਜੈਨ, ਵਿਧਾਇਕ ਰਾਜਾ, ਹਰਮੀਤ ਔਲਖ ਅਤੇ ਹੋਰ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ।



# ਦਰੱਖਤ ਲਗਾਉਣ ਦੀ ਏ ਜੀ ਆਈ ਇਨਫਰਾ ਲਿਮਟਿਡ ਵੱਲੋਂ ਸ਼ਾਨਦਾਰ ਪਹਿਲ

**ਜਲੰਧਰ (ਰਾਜੇਸ਼ ਥਾਪਾ)**

ਅੱਜ ਦੇ ਸਮੇਂ ਵਿੱਚ ਵਾਤਾਵਰਣ ਦੀ ਰੱਖਿਆ ਕਰਨੀ ਬਹੁਤ ਜਰੂਰੀ ਹੋ ਗਈ ਹੈ। ਹਰ ਦਿਨ ਦਰੱਖਤਾਂ ਦੀ ਕੱਟਾਈ ਹੋ ਰਹੀ ਹੈ, ਹਵਾ ਗੰਦੀ ਹੋ ਰਹੀ ਹੈ ਅਤੇ ਤਾਪਮਾਨ ਵੱਧ ਰਿਹਾ ਹੈ। ਐਸੇ ਵਿੱਚ ਏ.ਜੀ.ਆਈ. ਇੰਫਰਾ ਲਿਮਟਿਡ, ਜੋ ਜਲੰਧਰ ਦੀ ਮਸ਼ਹੂਰ ਰੀਅਲ ਅਸਟੇਟ ਅਤੇ ਨਿਰਮਾਣ ਕੰਪਨੀ ਹੈ, ਨੇ ਇੱਕ ਵੱਡਾ ਤੇ ਕਾਬਲ-ਏ-ਤਾਰੀਫ ਕੰਮ ਕੀਤਾ ਹੈ।ਕੰਪਨੀ ਨੇ ਵੱਖ-ਵੱਖ ਥਾਵਾਂ 'ਤੇ 20,000 ਪੌਦੇ ਲਗਾਏ ਹਨ। ਇਹ ਸਿਰਫ ਇੱਕ ਛੋਟੀ ਜਿਹੀ ਕਸਰਤ ਨਹੀਂ, ਸਗੋਂ ਇੱਕ ਵੱਡਾ ਅਤੇ ਸੋਚ ਸਮਝ ਕੇ ਚੁੱਕਿਆ ਗਿਆ ਕਦਮ ਹੈ ਜੋ ਭਵਿੱਖ ਨੂੰ ਹਰਾ-ਭਰਾ ਅਤੇ ਸਾਫ ਬਣਾਏਗਾ। ਏ.ਜੀ.ਆਈ. ਇੰਫਰਾ ਲਿਮਟਿਡ ਨੇ ਸਿਰਫ ਪੌਦੇ ਹੀ ਨਹੀਂ ਲਗਾਏ, ਸਗੋਂ 1 ਏਕੜ ਜਮੀਨ 'ਤੇ ਇੱਕ ਸ਼ਹਿਰੀ ਜੰਗਲ ਬਣਾਉਣ ਦੀ ਸ਼ੁਰੂਆਤ ਵੀ ਕੀਤੀ ਹੈ। ਇਹ ਜੰਗਲ "ਮਿਆਵਾਕੀ ਤਰੀਕੇ" ਨਾਲ ਬਣਾਇਆ ਜਾ ਰਿਹਾ ਹੈ, ਜੋ ਜਾਪਾਨ ਦੀ ਇੱਕ ਖਾਸ ਤਕਨੀਕ ਹੈ। ਇਸ ਤਰੀਕੇ ਨਾਲ ਲਗਾਏ ਪੌਦੇ ਦਸ ਗੁਣਾ ਤੇਜੀ ਨਾਲ ਵਧਦੇ ਹਨ ਅਤੇ ਬਹੁਤ ਘਣੇ ਹੋ ਜਾਂਦੇ ਹਨ। ਇਹ ਤਰੀਕਾ ਆਮ ਤਰੀਕਿਆਂ ਨਾਲੋਂ ਕਈ ਗੁਣਾ ਵਧੀਆ ਨਤੀਜੇ ਦਿੰਦਾ ਹੈ। ਏ.ਜੀ.ਆਈ. ਇੰਫਰਾ ਲਿਮਟਿਡ ਦੇ ਪ੍ਰਬੰਧਕ ਨਿਰਦੇਸਕ ਸਰਦਾਰ ਸੁਖਦੇਵ ਸਿੰਘ ਨੇ ਦੱਸਿਆ ਕਿ "ਸਾਡੀ ਕੰਪਨੀ ਲਈ ਵਿਕਾਸ ਦਾ ਮਤਲਬ ਸਿਰਫ ਇਮਾਰਤਾਂ ਬਣਾਉਣਾ ਨਹੀਂ, ਸਗੋਂ ਭਵਿੱਖ ਸਵਾਰਣਾ ਵੀ ਹੈ। ਅਸੀਂ ਚਾਹੁੰਦੇ ਹਾਂ ਕਿ ਲੋਕਾਂ ਨੂੰ ਹਰੇ-ਭਰੇ ਇਲਾਕੇ ਮਿਲਣ, ਸਾਫ ਹਵਾ ਮਿਲੇ ਅਤੇ ਕੁਦਰਤ ਨਾਲ ਤਾਲਮੇਲ ਬਣੀ ਰਹੇ। ਇਹ ਵ੍ਰਿਕਸਾਰੋਪਣ ਉਮੀਦ ਭਰਿਆ ਇੱਕ ਕਦਮ ਹੈ।"



# 'ਵਰਸਿਟੀ ਕਾਲਜ ਵਿਖੇ ਨਵੇਂ ਸੈਸ਼ਨ ਦੀ ਆਰੰਭਤਾ

**ਗੁਰਾਇਆ (ਬਿੰਦਰ ਸੁਮਨ)**

ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਸਿੱਧੇ ਪ੍ਰਬੰਧਾਂ ਹੇਠ ਆਉਂਦੇ ਗੁਰੂ ਗੋਬਿੰਦ ਸਿੰਘ ਯੂਨੀਵਰਸਿਟੀ ਕਾਲਜ ਜੰਡਿਆਲਾ ਮੰਜਕੀ (ਜਲੰਧਰ) ਵਿਖੇ ਉਪ- ਕੁਲਪਤੀ ਪ੍ਰੋਫ਼ੈਸਰ ਡਾਕਟਰ ਕਰਮਜੀਤ ਸਿੰਘ ਦੀ ਰਹਿਨੁਮਾਈ ਤੇ ਪ੍ਰਿੰਸੀਪਲ ਡਾਕਟਰ ਜਗਸੀਰ ਸਿੰਘ ਬਰਾੜ ਦੀ ਯੋਗ ਅਗਵਾਈ ਹੇਠ ਇਲਾਕੇ ਭਰ ਵਿਚ ਵਿੱਦਿਆ ਦਾ ਚਾਨਣ ਵੰਡ ਰਹੇ ਕਾਲਜ ਵਿਖੇ ਨਵੇਂ ਅਕਾਦਮਿਕ ਵਰ੍ਹੇ 2025- 26 ਦਾ ਆਗਾਜ਼ ਕੀਤਾ ਗਿਆ। ਕਾਲਜ ਵਿਖੇ ਬੀ.ਏ, ਬੀ.ਸੀ.ਏ, ਬੀਕਾਮ, ਕਾਸਮੈਟੋਲੋਜੀ ਅਤੇ ਨੈਨੀ ਦੇ ਪਹਿਲੇ ਸਾਲ ਦੇ ਵਿਦਿਆਰਥੀਆਂ ਦਾ ਭਰਵਾਂ ਉਤਸ਼ਾਹ ਦੇਖਣ ਨੂੰ ਮਿਲਿਆ। ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ ਮੁਖੀਆਂ ਵੱਲੋਂ ਕਾਲਜ ਵਿੱਚ ਆਯੋਜਿਤ ਕੀਤੀਆਂ ਜਾਂਦੀਆਂ ਅਕਾਦਮਿਕ, ਸਾਹਿਤਿਕ, ਸੱਭਿਆਚਾਰਕ, ਧਾਰਮਿਕ ਤੇ ਖੇਡਾਂ ਨਾਲ ਸੰਬੰਧਤਿ ਗਤੀਵਧੀਆਂ ਬਾਰੇ ਕਾਲਜ ਵਿੱਚ ਦਾਖ਼ਲ ਹੋਏ ਨਵੇਂ ਵਿਦਿਆਰਥੀਆਂ ਨੂੰ ਜਾਣਕਾਰੀ ਪ੍ਰਦਾਨ ਕੀਤੀ ਗਈ।ਕਾਲਜ ਦੇ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਵਿਦਿਆਰਥੀ ਜੀਵਨ ਜ਼ਿੰਦਗੀ ਦਾ ਇੱਕ ਅਹਿਮ ਹਿੱਸਾ ਹੁੰਦਾ ਹੈ ਜਿਸ ਵਿੱਚ ਵਿਦਿਆਰਥੀਆਂ ਨੂੰ ਪੂਰੀ ਤਨਦੇਹੀ ਨਾਲ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਲਈ ਜੁੱਟ ਜਾਣਾ ਚਾਹੀਦਾ ਹੈ। ਉਹਨਾਂ ਵਿਦਿਆਰਥੀਆਂ ਨੂੰ ਚੰਗੇ ਭਵਿੱਖ ਲਈ ਵਧਾਈ ਦਿੱਤੀ ਅਤੇ ਉਹਨਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।



# ਰਿਆਤ ਬਾਹਰਾ ਪ੍ਰੋਫੈਸ਼ਨਲ 'ਵਰਸਿਟੀ ਵਿਖੇ ਨਵੇਂ ਯੁੱਗ ਦੇ ਨੌਕਰੀ-ਮੁਖੀ ਕੋਰਸ ਪੇਸ਼ ਕੀਤੇ ਜਾਣਗੇ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਦੇ ਚਾਂਸਲਰ ਅਤੇ ਰਿਆਤ ਬਾਹਰਾ ਗਰੁੱਪ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਨੇ ਹੁਸ਼ਿਆਰਪੁਰ ਵਿਖੇ ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਸਥਾਪਤ ਕਰਨ ਦੇ ਪੰਜਾਬ ਸਰਕਾਰ ਦੇ ਫੈਸਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਹ ਸੂਬੇ ਦੇ ਵਿਦਿਆਰਥੀਆਂ ਨੂੰ ਮਿਆਰੀ ਉੱਚ ਸਿੱਖਿਆ ਪ੍ਰਦਾਨ ਕਰਨ ਦੇ ਉਦੇਸ ਨਾਲ ਇੱਕ ਮਹੱਤਵਪੂਰਨ ਫੈਸਲਾ ਹੈ। ਬਾਹਰਾ ਨੇ ਕਿਹਾ ਇਹ ਸਵੈ-ਵਿੱਤੀ ਵਿਦਿਅਕ ਸੰਸਥਾ ਹੁਸ਼ਿਆਰਪੁਰ ਵਿੱਚ ਮਿਆਰੀ ਸਿੱਖਿਆ ਪ੍ਰਦਾਨ ਕਰਨ ਵਿੱਚ ਇੱਕ ਉਤਪ੍ਰੇਰਕ ਵਜੋਂ ਕੰਮ ਕਰੇਗੀ ਅਤੇ ਨਾਲ ਹੀ ਖੇਤਰ ਦੇ ਸਮੁੱਚੇ ਵਿਕਾਸ ਨੂੰ ਹੁਲਾਰਾ ਦੇਣ ਲਈ ਇੱਕ ਉਤਪ੍ਰੇਰਕ ਵਜੋਂ ਕੰਮ ਕਰੇਗੀ । ਉਨ੍ਹਾਂ ਕਿਹਾ ਕਿ ਇਸ ਫੈਸਲੇ ਨਾਲ ਹੁਸ਼ਿਆਰਪੁਰ ਅਤੇ ਇਸ ਦੇ ਨਾਲ ਲੱਗਦੇ ਇਲਾਕਿਆਂ ਵਿੱਚ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇ ਪ੍ਰਸਾਰ ਨੂੰ ਹੁਲਾਰਾ ਮਿਲੇਗਾ ਅਤੇ ਵਿਦਿਆਰਥੀਆਂ ਦੀ ਰੁਜਗਾਰ ਦੀ ਸੰਭਾਵਨਾ ਵਧੇਗੀ। ਉਨ੍ਹਾਂ ਖੁਲਾਸਾ ਕੀਤਾ ਕਿ ਵਿਦਿਆਰਥੀਆਂ ਦੀ ਰੁਜਗਾਰ ਦੀ ਸੰਭਾਵਨਾ ਨੂੰ ਵਧਾਉਣ ਲਈ ਪ੍ਰਮੁੱਖ ਬਹੁ-ਰਾਸ਼ਟਰੀ ਕੰਪਨੀਆਂ ਦੇ ਸਹਿਯੋਗ ਨਾਲ ਰਿਆਤ ਬਾਹਰਾ ਪ੍ਰੋਫੈਸ਼ਨਲ ਯੂਨੀਵਰਸਿਟੀ ਵਿੱਚ ਕਈ ਨਵੇਂ ਯੁੱਗ ਦੇ ਕੋਰਸ ਸ਼ੁਰੂ ਕੀਤੇ ਜਾਣਗੇ। ਇਸ ਮੌਕੇ ਰਿਆਤ ਬਾਹਰਾ ਪ੍ਰੋਫੈਸਨਲ ਯੂਨੀਵਰਸਿਟੀ ਦੇ ਕਾਰਜਕਾਰੀ ਵਾਈਸ-ਚਾਂਸਲਰ ਡਾ. ਚੰਦਰ ਮੋਹਨ ਤੋਂ ਇਲਾਵਾ ਹੋਰ ਸੀਨੀਅਰ ਫੈਕਲਟੀ ਮੈਂਬਰ ਮੌਜੂਦ ਸਨ।




# ਪੰਜਾਬ ਸਬ-ਜੂਨੀਅਰ ਰਾਸ਼ਟਰੀ ਹਾਕੀ ਚੈਂਪੀਅਨਸ਼ਿਪ ਦੇ ਫਾਇਨਲ 'ਚ



**ਜਲੰਧਰ (ਸ਼ੈਲੀ ਐਲਬਰਟ)**

ਪੰਜਾਬ ਸਬ ਜੂਨੀਅਰ ਲੜਕਿਆਂ ਦੀ ਟੀਮ 15ਵੀਂ ਹਾਕੀ ਇੰਡੀਆ ਸਬ ਜੂਨੀਅਰ ਰਾਸ਼ਟਰੀ ਹਾਕੀ ਚੈਂਪੀਅਨਸ਼ਿਪ ਦੇ ਫਾਇਨਲ ਵਿੱਚ ਪ੍ਰਵੇਸ਼ ਕਰ ਗਈ ਹੈ। ਸੈਮੀਫਾਇਨਲ ਵਿੱਚ ਪੰਜਾਬ ਦੀ ਟੀਮ ਨੇ ਖਿਤਾਬ ਦੀ ਦਾਅਵੇਦਾਰ ਉੱਤਰ ਪ੍ਰਦੇਸ਼ ਨੂੰ ਸਖਤ ਮੁਕਾਬਲੇ ਮਗਰੋਂ 4-3 ਦੇ ਫਰਕ ਨਾਲ ਹਰਾਇਆ। ਚੇਨਈ ਦੇ ਮੇਅਰ ਰਾਧਾ ਕ੍ਰਿਸ਼ਨ ਸਟੇਡੀਅਮ ਵਿੱਚ ਹਾਕੀ ਇੰਡੀਆ ਵਲੋਂ ਕਰਵਾਈ ਜਾ ਰਹੀ ਚੈਂਪੀਅਨਸ਼ਿਪ ਦਾ ਫਾਇਨਲ ਮੁਕਾਬਲਾ 8 ਅਗਸਤ ਨੂੰ ਖੇਡਿਆ ਜਾਵੇਗਾ। ਫਾਇਨਲ ਵਿੱਚ ਪੰਜਾਬ ਦਾ ਮੁਕਾਬਲਾ ਮੱਧ ਪ੍ਰਦੇਸ਼ ਅਤੇ ਝਾਰਖੰਡ ਦਰਮਿਆਨ ਖੇਡੇ ਜਾਣ ਵਾਲੇ ਮੁਕਾਬਲੇ ਮਗਰੋਂ ਜੇਤੂ ਟੀਮ ਨਾਲ ਹੋਵੇਗਾ।ਹਾਕੀ ਪੰਜਾਬ ਦੇ ਪ੍ਰਧਾਨ ਨਿਤਨ ਕੋਹਲੀ ਅਤੇ ਜਨਰਲ ਸਕੱਤਰ ਅਮਰੀਕ ਸਿੰਘ ਪੁਆਰ ਨੇ ਦੱਸਿਆ ਕਿ ਪੰਜਾਬ ਵਲੋਂ ਸੁਖਦੇਵ ਸਿੰਘ ਨੇ ਦੋ, ਮਨਦੀਪ ਸਿੰਘ ਅਤੇ ਵਰਿੰਦਰ ਸਿੰਘ ਨੇ ਇਕ-ਇਕ ਗੋਲ ਕੀਤਾ। ਜਦਕਿ ਉਤਰ ਪ੍ਰਦੇਸ਼ ਵਲੋਂ ਹਰਸ਼ਪ੍ਰਤਾਪ ਸਿੰਘ, ਸਾਹਰੁੱਖ ਅਲੀ ਅਤੇ ਕੇਤਨ ਖੁਸ਼ਵਾਹਾ ਨੇ ਕੀਤੇ।ਪੰਜਾਬ ਦੇ ਸੁਖਦੇਵ ਸਿੰਘ ਨੂੰ ਮੈਚ ਦਾ ਸਰਵੋਤਮ ਖਿਡਾਰੀ ਐਲਾਨਿਆ ਗਿਆ।

# ਲੈਂਡ ਪੂਲਿੰਗ ਨੀਤੀ ਰਾਹੀਂ ਸਰਕਾਰ ਕਿਸਾਨਾਂ ਤੇ ਖੇਤੀਬਾੜੀ ਨੂੰ ਕਰਨਾ ਚਾਹੁੰਦੀ ਹੈ ਤਬਾਹ : ਪਰਗਟ ਸਿੰਘ

**ਜਲੰਧਰ (ਰਾਜੇਸ਼ ਥਾਪਾ)**

ਪੰਜਾਬ ਕਾਂਗਰਸ ਦਫਤਰ ਵਿਖੇ ਹੋਈ ਇੱਕ ਪ੍ਰੈਸ ਕਾਨਫਰੰਸ ਵਿੱਚ, ਵਿਧਾਇਕ ਅਤੇ ਆਲ ਇੰਡੀਆ ਕਾਂਗਰਸ ਕਮੇਟੀ ਦੇ ਸਕੱਤਰ, ਪਦਮਸ੍ਰੀ ਪਰਗਟ ਸਿੰਘ ਨੇ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ 'ਤੇ ਭਾਰਤੀ ਜਨਤਾ ਪਾਰਟੀ ਨਾਲ ਮਿਲ ਕੇ ਲੈਂਡ ਪੂਲਿੰਗ ਨੀਤੀ ਦੇ ਮਾਮਲੇ ਵਿੱਚ ਪੰਜਾਬ ਦੀ ਜਮੀਨ ਲੁੱਟਣ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਗਾਇਆ। ਉਨ੍ਹਾਂ ਕਿਹਾ ਕਿ ਖੇਤੀਬਾੜੀ ਨੀਤੀ ਨੂੰ ਲਾਗੂ ਨਾ ਕਰਕੇ ਅਤੇ ਲੈਂਡ ਪੂਲਿੰਗ ਨੀਤੀ ਨੂੰ ਨੋਟੀਫਾਈ ਕਰਕੇ, 'ਆਪ' ਸਰਕਾਰ ਨੀਤੀ ਰਾਹੀਂ ਪੰਜਾਬ ਦੇ ਕਿਸਾਨ ਭਾਈਚਾਰੇ ਅਤੇ ਖੇਤੀਬਾੜੀ ਨੂੰ ਪੂਰੀ ਤਰ੍ਹਾਂ ਤਬਾਹ ਕਰਨ ਦਾ ਉਦੇਸ ਰੱਖਦੀ ਹੈ। ਪਰਗਟ ਸਿੰਘ ਨੇ ਖੁਲਾਸਾ ਕੀਤਾ ਕਿ ਹੁਣ ਤੱਕ 65,033 ਏਕੜ ਜਮੀਨ ਨੋਟੀਫਾਈ ਕੀਤੀ ਜਾ ਚੁੱਕੀ ਹੈ, ਅਤੇ ਸਰਕਾਰ ਦਾ ਟੀਚਾ ਇਸਨੂੰ 1 ਲੱਖ ਏਕੜ ਤੱਕ ਲਿਜਾਣਾ ਹੈ। ਉਨ੍ਹਾਂ ਕਿਹਾ ਕਿ 1955 ਤੋਂ ਹੁਣ ਤੱਕ ਕੁੱਲ 28,000 ਏਕੜ ਜਮੀਨ ਐਕੁਆਇਰ ਕੀਤੀ ਗਈ ਸੀ, ਪਰ ਹੁਣ ਇੱਕ ਸਾਲ ਵਿੱਚ 43,000 ਏਕੜ ਹੋਰ ਜੋੜ ਦਿੱਤੀ ਗਈ ਹੈ। ਪਰਗਟ ਸਿੰਘ ਨੇ ਆਲੋਚਨਾ ਕੀਤੀ ਕਿ ਭਗਵੰਤ ਮਾਨ ਸਰਕਾਰ ਨੇ ਸੱਤਾ ਵਿੱਚ ਆਉਣ ਤੋਂ ਬਾਅਦ ਇੱਕ ਨਵੀਂ ਖੇਤੀਬਾੜੀ ਨੀਤੀ ਦਾ ਐਲਾਨ ਕੀਤਾ ਸੀ, ਜਿਸ ਨਾਲ ਕਿਸਾਨਾਂ ਵਿੱਚ ਉਮੀਦਾਂ ਜਾਗੀਆਂ ਸਨ। ਉਸ ਸਮੇਂ ਮੰਤਰੀ ਕੁਲਦੀਪ ਧਾਲੀਵਾਲ ਨੇ ਵੀ ਭਰੋਸਾ ਦਿੱਤਾ ਸੀ ਕਿ ਇਹ ਨੀਤੀ ਕਿਸਾਨਾਂ ਦੇ ਹਿੱਤ ਵਿੱਚ ਹੋਵੇਗੀ। ਪਰ ਹੁਣ ਸਰਕਾਰ ਨੇ ਇਸਨੂੰ ਮੁਲਤਵੀ ਕਰ ਦਿੱਤਾ ਹੈ ਅਤੇ ਲੱਗਦਾ ਹੈ ਕਿ ਉਨ੍ਹਾਂ ਦਾ ਇਰਾਦਾ ਕਿਸਾਨਾਂ ਦੀ ਜਮੀਨ ਖੋਹਣ ਦਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਇਸ ਨੀਤੀ ਪਿੱਛੇ ਕਾਰਪੋਰੇਟ ਸੈਕਟਰ ਦੀ ਲਾਬੀ ਸਰਗਰਮ ਹੈ, ਜੋ ਲੈਂਡ ਪੂਲਿੰਗ ਅਤੇ ਲੈਂਡ ਐਕੁਆਇਰ ਰਾਹੀਂ ਪੰਜਾਬ ਦੀਆਂ ਜਮੀਨਾਂ ਹੜੱਪਣਾ ਚਾਹੁੰਦੀ ਹੈ। ਪਰਗਟ ਸਿੰਘ ਨੇ ਕਿਹਾ ਕਿ ਅਜਿਹੀਆਂ ਨੀਤੀਆਂ ਛੇ ਰਾਜਾਂ ਵਿੱਚ ਲਾਗੂ ਕੀਤੀਆਂ ਗਈਆਂ ਹਨ, ਪਰ ਕਿਸਾਨ ਉੱਥੇ ਵੀ ਵਿਰੋਧ ਕਰ ਰਹੇ ਹਨ। ਉਨ੍ਹਾਂ ਯਾਦ ਦਿਵਾਇਆ ਕਿ ਰਾਹੁਲ ਗਾਂਧੀ ਨੇ ਉੱਤਰ ਪ੍ਰਦੇਸ਼ ਵਿੱਚ ਇਸਦਾ ਵਿਰੋਧ ਕੀਤਾ ਸੀ ਅਤੇ 2013 ਦਾ ਭੂਮੀ ਪ੍ਰਾਪਤੀ ਕਾਨੂੰਨ ਲਾਗੂ ਕਰਨ ਦੀ ਸੁਰੂਆਤ ਕੀਤੀ ਸੀ। ਉਨ੍ਹਾਂ ਦੋਸ਼ ਲਾਇਆ ਕਿ ਇਹ ਸਭ ਕਿਸਾਨਾਂ ਨਾਲ ਇੱਕ ਵੱਡਾ ਧੋਖਾ ਹੈ। ਉਨ੍ਹਾਂ ਕਿਹਾ ਕਿ ਸਭ ਤੋਂ ਪਹਿਲਾਂ ਕਟੜਾ ਹਾਈਵੇਅ ਦੇ ਆਲੇ-ਦੁਆਲੇ ਜਮੀਨ ਐਕੁਆਇਰ ਕੀਤੀ ਜਾ ਰਹੀ ਹੈ, ਅਤੇ ਇਹ ਯੋਜਨਾ ਨਾ ਤਾਂ ਪੰਜਾਬ ਦੇ ਕਿਸਾਨਾਂ ਦੇ ਹਿੱਤ ਵਿੱਚ ਹੈ, ਨਾ ਹੀ ਸਥਾਨਕ ਵਪਾਰੀਆਂ ਦੇ। ਸਰਕਾਰ ਦਿੱਲੀ ਤੋਂ ਵਪਾਰੀਆਂ ਨੂੰ ਲਿਆ ਕੇ ਸਥਾਨਕ ਕਾਰੋਬਾਰ ਨੂੰ ਵੀ ਖਤਮ ਕਰਨਾ ਚਾਹੁੰਦੀ ਹੈ।



# ਮਨੀਸ਼ਵਰ ਸ਼ਰਮਾ ਐੱਨ ਐੱਸ ਯੂ ਆਈ ਪੰਜਾਬ ਦੇ ਇੰਚਾਰਜ ਨਿਯੁਕਤ

**ਗੁਰਾਇਆ (ਬਿੰਦਰ ਸੁਮਨ)**

ਕਾਂਗਰਸ ਹਾਈਕਮਾਂਡ ਵਲੋਂ ਪਾਰਟੀ ਦੀ ਮਜ਼ਬੂਤੀ ਲਈ ਅਹਿਮ ਨਿਯੁਕਤੀਆਂ ਕੀਤੀਆ ਜਾ ਰਹੀਆਂ ਹਨ ਅਤੇ ਨੌਜਵਾਨਾਂ ਅੰਦਰ ਉਤਸ਼ਾਹ ਭਰਨ ਲਈ ਵੱਡੇ ਪੱਧਰ ਤੇ ਨੌਜਵਾਨਾਂ ਨੂੰ ਅਹੁਦੇਦਾਰੀਆਂ ਵੀ ਦਿੱਤੀਆ ਜਾ ਰਹੀਆ ਹਨ, ਜਿਸ ਦੇ ਤਹਿਤ ਐੱਨ ਐੱਸ ਯੂ. ਆਈ ਆਲ ਇੰਡੀਆ ਦੇ ਪ੍ਰਧਾਨ ਵਰੁਣ ਚੌਧਰੀ ਵਲੋਂ ਪਾਰਟੀ ਦੀ ਮਜ਼ਬੂਤੀ ਲਈ ਮਨੀਸ਼ਵਰ ਸ਼ਰਮਾ ਤੇ ਵਿਸ਼ਵਾਸ਼ ਪ੍ਰਗਟਾਉਦਿਆ ਅਤੇ ਪਾਰਟੀ ਵਿੱਚ ਦਿੱਤੀਆ ਗਈ ਵਧੀਆ ਸੇਵਾਵਾਂ ਦੇ ਚੱਲਦਿਆ ਮਨੀਸ਼ਵਰ ਸ਼ਰਮਾ ਨੂੰ ਐੱਨ ਐੱਸ ਯੂ ਆਈ ਪੰਜਾਬ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਗੁਰਸਿਮਰਨ ਸਿੰਘ ਤੱਖਰ ਜੋ ਕਿ ਜਲੰਧਰ 'ਚ ਲਾਅ ਦੇ ਵਿਦਿਆਰਥੀ ਹਨ, ਨੇ ਐੱਨ ਐੱਸ ਯੂ ਆਈ ਪੰਜਾਬ ਦੇ ਇੰਚਾਰਜ ਮਨੀਸ਼ਵਰ ਸ਼ਰਮਾ ਨਾਲ ਵਿਸ਼ੇਸ਼ ਮੁਲਾਕਤ ਕਰ ਜਿਥੇ ਉਨ੍ਹਾਂ ਨੂੰ ਵਧਾਈ ਦਿੱਤੀ, ਉਥੇ ਹੀ ਉਨ੍ਹਾਂ ਵਿਦਿਅਕ ਅਦਾਰਿਆ ਅੰਦਰ ਨੌਜਵਾਨ ਵਿਦਿਆਰਥੀਆਂ ਨੂੰ ਆ ਰਹੀਆ ਮੁਸ਼ਿਕਲਾਂ ਸਬੰਧੀ ਵਿਚਾਰ ਵਟਾਂਦਰਾ ਵੀ ਕੀਤਾ। ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆ ਗੁਰਸਿਮਰਨ ਸਿੰਘ ਤੱਖਰ ਨੇ ਕਿਹਾ ਕਿ ਆਉਣ ਵਾਲੀਆ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀਆਂ ਚੋਣਾਂ 'ਚ ਐਨ.ਐਸ.ਯੂ.ਆਈ ਵਲੋਂ ਪਾਰਟੀ ਦੇ ਉਮੀਦਵਾਰਾ ਦਾ ਸਹਿਯੋਗ ਕੀਤਾ ਜਾਵੇਗਾ।



# ਕਾਲਜੀਏਟ ਸਕੂਲ 'ਚ ਅਧਿਆਪਕ-ਮਾਪੇ ਮਿਲਣੀ

**ਮਾਹਿਲਪੁਰ, (ਸ਼ਫ਼ਰੀ)**

ਇੱਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜੀਏਟ ਸਕੂਲ ਮਾਹਿਲਪੁਰ ਵਿੱਚ ਸਾਲਾਨਾ ਅਧਿਆਪਕ ਮਾਪੇ ਮਿਲਣੀ ਦਾ ਆਯੋਜਨ ਕੀਤਾ ਗਿਆ, ਜਿਸ ਮੌਕੇ ਗਿਆਰ੍ਹਵੀਂ ਅਤੇ ਬਾਰ੍ਹਵੀਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਮਾਪਿਆਂ ਨੇ ਕਾਲਜੀਏਟ ਸਕੂਲ ਵਿੱਚ ਪੁੱਜ ਕੇ ਅਧਿਆਪਕਾਂ ਨਾਲ ਵਿਸ਼ੇਸ਼ ਮੁਲਾਕਾਤ ਕੀਤੀ। ਕਾਲਜ ਦੇ ਪ੍ਰਿੰਸੀਪਲ ਡਾ. ਪਰਵਿੰਦਰ ਸਿੰਘ ਨੇ ਦੱਸਿਆ ਕਿ ਹਰ ਸਾਲ ਕਾਲਜੀਏਟ ਸਕੂਲ ਦੇ ਸਟਾਫ ਵੱਲੋਂ ਵਿਦਿਆਰਥੀਆਂ ਦੇ ਮਾਪਿਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਜਾਂਦੀ ਹੈ ਜਿਸ ਨਾਲ ਸੰਸਥਾ ਵਿੱਚ ਪੜ੍ਹਦੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਨੂੰ ਮਾਪਿਆਂ ਨਾਲ ਸਾਂਝੀ ਕੀਤੀ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਕਾਲਜੀਏਟ ਸਕੂਲ ਵਿੱਚ ਕਾਮਰਸ, ਸਾਇੰਸ ਅਤੇ ਆਰਟਸ ਦੀ ਪੜ੍ਹਾਈ ਸ਼ਾਨਦਾਰ ਢੰਗ ਨਾਲ ਚੱਲ ਰਹੀ ਹੈ ਅਤੇ ਵਿਦਿਆਰਥੀਆਂ ਦੇ ਬਹੁਪੱਖੀ ਵਿਕਾਸ ਲਈ ਵਿਸ਼ੇਸ਼ ਕਦਮ ਚੁੱਕੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਇਸ ਅਧਿਆਪਕ ਮਾਪੇ ਮਿਲਣੀ ਵਿੱਚ ਮਾਪਿਆਂ ਨੇ ਸੰਸਥਾ ਦੀ ਕਾਰਗੁਜ਼ਾਰੀ 'ਤੇ ਤਸੱਲੀ ਦਾ ਪ੍ਰਗਟਾਵਾ ਕੀਤੇ ਅਤੇ ਹਰ ਵਿਸ਼ੇ ਦੇ ਟੀਚਰ ਨਾਲ ਮੀਟਿੰਗ ਕਰਕੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਬਾਰੇ ਜਾਣਕਾਰੀ ਹਾਸਿਲ ਕੀਤੀ ਅਤੇ ਆਪਣੇ ਸੁਝਾਅ ਵੀ ਦਿੱਤੇ। ਇਸ ਮੌਕੇ ਹਾਜ਼ਰ ਅਧਿਆਪਕਾਂ ਵਿੱਚ ਪ੍ਰੋ. ਕਮਲਪ੍ਰੀਤ ਕੌਰ, ਪ੍ਰੋ. ਜਸਦੀਪ ਕੌਰ, ਪ੍ਰੋ. ਅਸ਼ੋਕ ਕੁਮਾਰ, ਪ੍ਰੋ. ਹਰਪ੍ਰੀਤ ਕੌਰ, ਪ੍ਰੋ. ਗਣੇਸ਼, ਪ੍ਰੋ. ਰਜਿੰਦਰ ਕੌਰ, ਪ੍ਰੋ. ਰਮਨਦੀਪ ਕੌਰ ਆਦਿ ਸਮੇਤ ਹੋਰ ਅਧਿਆਪਕ , ਮਾਪੇ ਅਤੇ ਵਿਦਿਆਰਥੀ ਹਾਜ਼ਰ ਸਨ।



# ਤੀਜ-ਕਮ-ਫਰੈਸ਼ਰ ਪਾਰਟੀ 'ਚ ਸਿਮਰਨ ਬਾਜਵਾ ਬਣੀ ਤੀਆਂ ਦੀ ਰਾਣੀ



**ਕਪੂਰਥਲਾ, (ਹਨੀ)**

ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਪ੍ਰਭਦੀਪ ਕੌਰ ਮੋਂਗਾ ਦੀ ਅਗਵਾਈ ਵਿੱਚ ਤੀਜ ਕਮ ਫਰੈਸ਼ਰ ਪਾਰਟੀ ਦਾ ਆਯੋਜਨ ਕੀਤਾ ਗਿਆ।ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਬਤੌਰ ਮੁੱਖ ਮਹਿਮਾਨ ਅਤੇ ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ ਤੇ ਪ੍ਰਸਾਸ਼ਕ ਇੰਜੀਨੀਅਰ ਨਿਮਰਤਾ ਕੌਰ ਸਮਾਗਮ 'ਚ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ, ਜਿਨ੍ਹਾਂ ਦਾ ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਵੱਲੋਂ ਫੁਲਕਾਰੀ ਦੀ ਛਾਂ ਹੇਠ ਨਿੱਘਾ ਸਵਾਗਤ ਕੀਤਾ ਗਿਆ । ਇਸ ਦੌਰਾਨ ਵਿਦਿਆਰਥੀਆਂ ਵੱਲੋਂ ਸ਼ਾਨਦਾਰ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਦਕਿ ਤੀਜ ਕੁਈਨ ਦਰਮਿਆਨ ਹੋਇਆ ਮੁਕਾਬਲਾ ਸਮਾਗਮ ਦਾ ਮੁੱਖ ਆਕਰਸ਼ਣ ਰਿਹਾ। ਵੱਖ-ਵੱਖ ਰਾਊਂਡ 'ਚੋਂ ਗੁਜ਼ਰਦਿਆਂ ਸਿਮਰਨ ਬਾਜਵਾ ਮਿਸ ਤੀਜ ਦੇ ਖਿਤਾਬ 'ਤੇ ਕਬਜ਼ਾ ਕਰਨ ਵਿੱਚ ਸਫਲ ਰਹੀ ।ਜਸਲੀਨ ਫਸਟ ਅਤੇ ਨਵਰੂਪ ਕੌਰ ਸੈਕਿੰਡ ਰਨਰਅਪ ਰਹੀ । ਗੁਰਲੀਨ ਕੌਰ ਮਿਸ ਬਬਲੀ ਸਮਾਈਲ ਤੇ ਪ੍ਰਭਜੋਤ ਕੌਰ ਮਿਸ ਗ੍ਰੇਸਫੁਲ ਦਾ ਖਿਤਾਬ ਹਾਸਲ ਕਰਨ ਵਿੱਚ ਸਫਲ ਰਹੀ, ਜਦਕਿ ਸਾਹਿਬਪ੍ਰੀਤ ਸਿੰਘ ਮਿਸਟਰ ਫਰੈਸ਼ਰ ਦਾ ਖਿਤਾਬ ਹਾਸਲ ਕਰਨ 'ਚ ਸਫਲ ਰਿਹਾ ।ਮਾਨਵ ਫਸਟ ਤੇ ਆਜ਼ਾਦ ਸਿੰਘ ਸੈਕਿੰਡ ਰਨਰਅਪ ਰਿਹਾ ।ਪਰਮਵੀਰ ਸਿੰਘ ਮਿਸਟਰ ਹੈਂਡਸਮ ਤੇ ਹਰਰਾਜ ਸਿੰਘ ਬੈਸਟ ਟਰਬਨ ਦਾ ਖਿਤਾਬ ਹਾਸਲ ਕਰਨ 'ਚ ਸਫਲ ਰਹੇ।ਜੱਜਾਂ ਦੀ ਭੂਮਿਕਾ ਅਨੀਤਾ ਸਹਿਗਲ ਅਤੇ ਮੈਡਮ ਹਰਪ੍ਰੀਤ ਕੌਰ ਨੇ ਨਿਭਾਈ । ਸਮਾਗਮ ਦੇ ਅੰਤ 'ਚ ਬੀਬੀ ਗੁਰਪ੍ਰੀਤ ਕੌਰ, ਇੰਜੀਨੀਅਰ ਹਰਨਿਆਮਤ ਕੌਰ, ਇੰਜੀਨੀਅਰ ਨਿਮਰਤਾ ਕੌਰ, ਪ੍ਰਿੰਸੀਪਲ ਪ੍ਰਭਦੀਪ ਕੌਰ ਮੋਂਗਾ ਅਤੇ ਸਟਾਫ ਮੈਂਬਰਾਂ ਜੇਤੂ ਰਹੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ।

# ਘਰੋਂ ਲਾਪਤਾ ਹੋਇਆ ਬੱਚਾ 48 ਘੰਟਿਆਂ 'ਚ ਬ੍ਰਾਮਦ

**ਫਿਲੌਰ (ਨਿਰਮਲ)**- ਨਜਦੀਕੀ ਪਿੰਡ ਬੱਛੋਵਾਲ ਵਿੱਚ 3 ਤਰੀਕ ਨੂੰ 11 ਸਾਲਾਂ ਦਾ ਬੱਚਾ ਲਾਲਾ ਉਰਫ਼ ਲੱਡੂ ਪੁੱਤਰ ਗੱਬਰ ਲਾਪਤਾ ਹੋ ਗਿਆ ਸੀ। ਪੁਲਸ ਨੂੰ ਦਰਖਸਤ ਦੇਣ ਤੋਂ ਬਾਅਦ ਥਾਣਾ ਮੁਖੀ ਫਿਲੌਰ ਸਬ ਇੰਸਪੈਕਟਰ ਭੂਸ਼ਨ ਕੁਮਾਰ ਦੀ ਅਗਵਾਈ ਹੇਠ ਥਾਣੇਦਾਰ ਸੰਜੀਵ ਦੀ ਟੀਮ ਨੇ ਸੀ.ਸੀ.ਟੀ.ਵੀ ਕੈਮਰਿਆਂ ਅਤੇ ਲੋਕਾਂ ਦੀ ਮੱਦਦ ਦੇ ਨਾਲ ਬੱਚੇ ਨੂੰ ਲੁਧਿਆਣੇ ਤੱਕ ਟਰੇਸ ਕਰਕੇ ਫਿਲੌਰ ਲਿਆ ਕੇ ਪਰਵਾਰ ਦੇ ਹਵਾਲੇ ਕਰ ਦਿੱਤਾ। ਬੱਚੇ ਦੇ ਪਰਵਾਰਕ ਮੈਂਬਰਾਂ ਨੇ ਪੁਲਸ ਪ੍ਰਸ਼ਾਸਨ ਦਾ ਧੰਨਵਾਦ ਕੀਤਾ।



# ਇਨੋਸੈਂਟ ਹਾਰਟਸ ਗਰੁੱਪ ਆਫ ਇੰਸਟੀਚਿਊਸ਼ਨਜ਼ ਲੋਹਾਰਾਂ ਦੇ ਵਿਦਿਆਰਥੀਆਂ ਦਾ 'ਵਰਸਿਟੀ ਨਤੀਜਿਆਂ 'ਚ ਸ਼ਾਨਦਾਰ ਪ੍ਰਦਰਸ਼ਨ

**ਜਲੰਧਰ (ਸ਼ੈਲੀ ਐਲਬਰਟ)**

ਇਨੋਸੈਂਟ ਹਾਰਟਸ ਗਰੁੱਪ ਆਫ ਇੰਸਟੀਚਿਊਸ਼ਨਜ਼ ਲੋਹਾਰਾਂ ਦੇ ਵਿਦਿਆਰਥੀਆਂ ਨੇ ਅਪ੍ਰੈਲ 2025 ਦੀ ਯੂਨੀਵਰਸਿਟੀ ਪ੍ਰੀਖਿਆ ਵਿੱਚ ਵਧੀਆ ਨਤੀਜੇ ਹਾਸਲ ਕਰਕੇ ਇੱਕ ਵਾਰ ਫਿਰ ਆਪਣੀ ਅਕਾਦਮਿਕ ਮਹਾਨਤਾ ਸਾਬਤ ਕੀਤੀ ਹੈ। ਵਿਦਿਆਰਥੀਆਂ ਦੀ ਲਗਨ ਅਤੇ ਸੰਸਥਾ ਦੀ ਉੱਚ-ਮਿਆਰੀ ਪਾਠਕ੍ਰਮ ਪ੍ਰਤੀ ਵਚਨਬੱਧਤਾ ਇਸ ਦੀ ਝਲਕ ਹੈ।ਮੈਡੀਕਲ ਵਿਗਿਆਨ ਵਿਭਾਗ 'ਚ ਐੱਮ ਐੱਲ ਐੱਸ 4ਵੇਂ ਸਮੈਸਟਰ ਦੀ ਚਾਹਤ ਨੇ 9.38 CGPA ਨਾਲ ਟੌਪ ਕੀਤਾ। ਡੌਲੀ (8.9) ਅਤੇ ਪਲਕ ਚੰਦੇਲ (8.67) ਨੇ ਵੀ ਵਧੀਆ ਪ੍ਰਦਰਸ਼ਨ ਕੀਤਾ। ਨਿਊਟ੍ਰੀਸ਼ਨ ਐਂਡ ਡਾਈਟੇਟਿਕਸ 'ਚ ਕਿਰਣ (8.73), ਕਸ਼ਿਸ਼ (8.64) ਅਤੇ ਸਿਮਰਨਜੀਤ ਕੌਰ (8.26) ਅੱਗੇ ਰਹੇ। ਮਾਈਕ੍ਰੋਬਾਇਓਲੋਜੀ 'ਚ ਭਾਵਿਕਾ (8.72), ਜੌਇਸ (8.6) ਅਤੇ ਸ਼ਿਵਾਨੀ (8.52) ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਐੱਮ ਐੱਲ ਐੱਸ 2ਵੇਂ ਸਮੈਸਟਰ ਵਿੱਚ ਕ੍ਰਿਪਾ (9.1), ਹਰਨਾਮ ਕੁਮਾਰੀ (8.95) ਅਤੇ ਨਿਧੀ (8.57) ਨੇ ਉਤਕ੍ਰਿਸ਼ਟਤਾ ਦਰਸਾਈ।ਆਈ ਟੀ ਵਿਭਾਗ 'ਚ 231 4ਵੇਂ ਸਮੈਸਟਰ ਦੀ ਮਨਪ੍ਰੀਤ ਕੌਰ (9.48) ਨੇ ਪਹਿਲਾ ਸਥਾਨ ਹਾਸਲ ਕੀਤਾ। ਅਵਨੀਤ ਕੌਰ, ਕਿਰਣ, ਸਿਲਕੀ ਅਤੇ ਸੁਮਨਦੀਪ ਕੌਰ ਨੇ 9.35 CGP1 ਹਾਸਲ ਕੀਤੇ। ਤੁਸ਼ਾਰ ਹਨਾ (9.17) ਅਤੇ ਮੁਸਕਾਨ (9.00) ਵੀ ਸ਼ਾਨਦਾਰ ਰਹੇ। 231 3ਰੇ ਸਮੈਸਟਰ ਵਿੱਚ ਕੋਮਲਪ੍ਰੀਤ ਕੌਰ (9.62), ਕਾਰਤਿਕ ਜੈਨ (9.43), ਜਸਲੀਨ (9.14), ਸਚਿਨ (9.05) ਅਤੇ ਲਵਪ੍ਰੀਤ ਸਿੰਘ (9.33) ਨੇ ਪ੍ਰਦਰਸ਼ਨ ਕੀਤਾ। MCA 2ਵੇਂ ਸਮੈਸਟਰ ਵਿੱਚ ਡੇਜ਼ੀ ਅਤੇ ਹਰਸ਼ਦੀਪ ਕੌਰ (9.54), ਆਕਾਸ਼ ਕੁਮਾਰ ਅਤੇ ਏਕਤਾ (9.08), ਵਿਸ਼ਾਲੀ (8.69) ਅਤੇ ਮੁਸਕਾਨ ਜੱਸਲ (8.62) ਅੱਗੇ ਰਹੇ।ਮੈਨੇਜਮੈਂਟ ਵਿਭਾਗ ਤੋਂ MBA 2ਵੇਂ ਸਮੈਸਟਰ ਦੀ ਖੁਸ਼ਬੂ (9.07), ਕੋਮਲ (9.0) ਅਤੇ ਸੰਜਨਾ (8.93) ਨੇ ਚਮਤਕਾਰੀ ਨਤੀਜੇ ਦਿੱਤੇ। 221 2ਰੇ ਸਮੈਸਟਰ ਵਿੱਚ ਰਾਜਦੀਪ ਕੌਰ (8.68), ਨਵਜੀਤ ਕੌਰ, ਸਿਮਰਨਪ੍ਰੀਤ ਕੌਰ (8.38) ਅਤੇ ਜਸਕੀਰਤ ਕੌਰ ਹੇਅਰ (8.33) ਰਹੇ। 221 4ਵੇਂ ਸਮੈਸਟਰ ਦੀਆਂ ਮਨਿਸ਼ਾ (9.48), ਜੈਸਮੀਨ ਕੌਰ (9.26), ਮਨਜੋਤ ਕੌਰ (9.19), ਲੀਜ਼ਾ (8.81) ਅਤੇ ਕਾਜਲਪ੍ਰੀਤ (8.52) ਨੇ ਵਧੀਆ ਪ੍ਰਦਰਸ਼ਨ ਕੀਤਾ।B.Com ਵਿਭਾਗ ਵਿੱਚ ਸਿਮਰਪ੍ਰੀਤ ਕੌਰ (9.33), ਸਿਦਕਪ੍ਰੀਤ ਕੌਰ, ਏਕਤਾ (8.76), ਕੋਮਲਪ੍ਰੀਤ ਕੌਰ ਅਤੇ ਮਨੁਪ੍ਰੀਆ (8.48) ਅੱਗੇ ਰਹੇ। 4ਵੇਂ ਸਮੈਸਟਰ ਵਿੱਚ ਹਰਨੀਤ ਕੌਰ (8.81), ਸੋਨਿਕਾ ਸ਼ਰਮਾ (8.52), ਰਿਤਿਸ਼ ਜੋਸ਼ੀ (7.96) ਅਤੇ ਗੁਰਮਿੰਦਰ ਕੌਰ (7.85) ਨੇ ਵਧੀਆ ਅੰਕ ਹਾਸਲ ਕੀਤੇ।ਹੋਟਲ ਮੈਨੇਜਮੈਂਟ (BHMCT) ਵਿਭਾਗ ਤੋਂ ਰਾਧਿਕਾ (9.00), ਪੂਜਾ ਕਨਵਰ (8.9), ਸਰਬਜੀਤ ਕੌਰ (8.86), ਜਸ਼ਨਦੀਪ ਕੌਰ (8.33) ਅਤੇ ਵਿਸ਼ਾਲ ਭੱਟੀ (8.24) ਅੱਗੇ ਰਹੇ। 4ਵੇਂ ਸਮੈਸਟਰ ਵਿੱਚ ਦੀਆ (8.95), ਨਤਾਸ਼ਾ, ਲਵਜੋਤ ਸਿੰਘ, ਪ੍ਰਣਵ ਚੌਧਰੀ (8.67), ਉਦੈ ਧੀਰ (8.57) ਨੇ ਆਪਣੀ ਯੋਗਤਾ ਸਾਬਤ ਕੀਤੀ। 2ਰੇ ਸਮੈਸਟਰ 'ਚ ਹਰਪ੍ਰੀਤ ਸਿੰਘ (9.48), ਪ੍ਰੀਆ (9.24), ਸੋਨੀਆ (9.05) ਅਤੇ ਭਾਵਨਾ (9.00) ਨੇ ਅੱਗੇ ਰਹੇ।BVoc (HCM) ਵਿੱਚ ਧੀਰਜ ਕੁਮਾਰ, ਰੋਹਿਤ ਅਤੇ ਉਰਵਸ਼ੀ ਨੇ 10 1 ਹਾਸਲ ਕਰਕੇ ਕਮਾਲ ਕਰ ਦਿੱਤਾ। ਅਮ੍ਰਿਤਪਾਲ ਸਿੰਘ ਅਤੇ ਮਾਨਿਕ ਮਹਾਇ (9.0) ਨੇ ਵੀ ਚਮਤਕਾਰੀ ਪ੍ਰਦਰਸ਼ਨ ਕੀਤਾ। 2ਰੇ ਸਮੈਸਟਰ ਵਿੱਚ ਹਰਲੀਨ ਕੌਰ (9.53), ਇਸ਼ਾ ਸਹੋਤਾ (8.93), ਦੀਪਸ਼ਿਖਾ (8.87) ਅਤੇ ਕਿਰਣਦੀਪ ਕੌਰ (8.80) ਨੇ ਉਤਕ੍ਰਿਸ਼ਟਤਾ ਦਰਸਾਈ।ਇਸ ਮੌਕੇ 'ਤੇ ਡਾ. ਅਨੂਪ ਬੌਰੀ, ਚੇਅਰਮੈਨ ਇਨੋਸੈਂਟ ਹਾਰਟਸ ਗਰੁੱਪ ਨੇ ਸਭ ਵਿਦਿਆਰਥੀਆਂ ਨੂੰ ਮੁਬਾਰਕਾਂ ਦਿੰਦਿਆਂ ਅਧਿਆਪਕਾਂ ਦੀ ਭੂਮਿਕਾ ਦੀ ਵੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਕਿਹਾ, 'ਇਹ ਸ਼ਾਨਦਾਰ ਨਤੀਜੇ ਸਾਡੀ ਸਾਂਝੀ ਵਚਨਬੱਧਤਾ ਨੂੰ ਦਰਸਾਉਂਦੇ ਹਨ ਕਿ ਅਸੀਂ ਵਿਦਿਆਰਥੀਆਂ 'ਚ ਪ੍ਰਤਿਭਾ, ਗਿਆਨ ਅਤੇ ਅਨੁਸ਼ਾਸਨ ਨੂੰ ਨਿਖਾਰਦੇ ਹਾਂ।

